PANJAB TIMES

# ਪੰਜਾਬ ਟਾਈਮਜ਼

£2

ਪੰਜਾਬੀਆਂ ਦੇ ਹੱਕਾਂ ਦਾ ਪਹਿਰੇਦਾਰ

29th Aug - 5th Sep 2024 • Issue No. 3045

Europe's Leading Panjabi Weekly Since 1965

Panjab Times, Bridle Gate Lane, Derby, DE24 0QW (UK) • Tel: 01332 372851 or 07966 388388 • www.panjabtimes.uk • Email: panjabtimes@aol.com

IMMIGRATION ADVICE BUREAU
SPECIALISTS ESTD 1989
FOR FREE INITIAL ADVICE
Contact:
S.S.RAI



ਇਮੀਗ੍ਰੇਸ਼ਨ ਸਬੰਧੀ ਸਲਾਹ ਲਈ ਅੱਜ ਹੀ ਸੁਖਜਿੰਦਰ ਸਿੰਘ ਰਾਏ ਨੂੰ ਫੋਨ ਕਰੋ!
Tel: 020 8571 6680
India:+91-181 5086389

# ਸੁਖਬੀਰ ਵੱਲੋਂ ਜ਼ਿਮਨੀ ਚੋਣ ਗਿਦੜਬਾਹਾ ਤੋਂ ਲੜਨ ਦੀ ਸੰਭਾਵਨਾ ਘੱਟ

ਗਿੱਦੜਬਾਹਾ ਦੇ ਅਕਾਲੀ ਆਗੂ ਹਰਦੀਪ ਸਿੰਘ ਡਿੰਪੀ ਢਿਲੋਂ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਸੁਪਨਿਆਂ 'ਤੇ ਪਾਣੀ ਫੇਰ ਦਿੱਤਾ ਹੈ। ਸਿਆਸੀ ਹਲਕਿਆਂ ਵਿਚ ਇਹ ਅਟਕਲਾਂ ਲਾਈਆਂ ਜਾ ਰਹੀਆਂ ਸਨ ਕਿ ਸੁਖਬੀਰ ਬਾਦਲ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲੜਨਗੇ ,ਕਿਉਂਕਿ ਉਹਨਾਂ ਨੇ ਪਿਛਲੇ ਕਈ ਦਿਨਾਂ ਤੋਂ ਹਲਕੇ ਵਿਚ ਆਪਣੀਆਂ ਸਰਗਮੀਆਂ ਵਧਾਈਆਂ ਹੋਈਆਂ ਸਨ। ਸੁਖਬੀਰ ਬਾਦਲ ਦੇ ਭਰੋਸੇਮੰਦ ਰਹੇ ਡਿੰਪੀ ਢਿੱਲੋਂ ਵਲੋਂ ਪਾਰਟੀ ਨੂੰ ਅਲਵਿਦਾ ਕਹੇ ਜਾਣ ਕਾਰਨ ਸੁਖਬੀਰ ਸਿੰਘ ਬਾਦਲ ਲਈ ਵੱਡੀ ਚੁਣੌਤੀ ਖੜ੍ਹੀ ਹੋ ਗਈ ਹੈ। ਸੂਤਰਾਂ ਅਨੁਸਾਰ ਸੁਖਬੀਰ ਸਿੰਘ ਬਾਦਲ ਨੇ ਡਿੰਪੀ ਢਿਲੋਂ ਵਲੋਂ ਵੱਖਰਾ ਰਾਹ ਅਖਤਿਆਰ ਕੀਤੇ ਜਾਣ ਕਾਰਨ ਚੋਣ ਲੜਨ ਦਾ ਫੈਸਲਾ ਫਿਲਹਾਲ ਵਾਪਸ ਲੈ ਲਿਆ ਹੈ।

*ਖਬਰ ਦਾ ਬਾਕੀ ਹਿਸਾ 3 ਸਫ਼ੇ ਤੇ ਪੜ੍ਹੋ*



## ਸੰਪਾਦਕੀ

## ਭਾਜਪਾ ਨੇ ਕੰਗਨਾ ਰਣੌਤ ਨੂੰ ਕਿਉਂ ਕੀਤਾ ਤਲਬ ?



ਕਿਸਾਨਾਂ ਬਾਰੇ ਕਾਤਲ, ਬਲਾਤਕਾਰੀ ਵਾਲੇ ਵਿਵਾਦਿਤ ਬਿਆਨ ਦੇਣ ਕਰਕੇ ਭਾਜਪਾ ਨੇ ਕੰਗਨਾ ਰਣੌਤ ਨੂੰ ਤਲਬ ਕੀਤਾ ਹੈ। ਇਸ ਮੀਟਿੰਗ ਵਿਚ ਕੰਗਨਾ ਰਣੌਤ ਨੂੰ ਮੁਲਾਕਾਤ ਲਈ ਸੱਦਿਆ ਗਿਆ ਹੈ। ਭਾਜਪਾ ਨੇ ਕੰਗਨਾ ਰਣੌਤ ਨੂੰ ਸਖ਼ਤ ਹਦਾਇਤ ਦਿੰਦੇ ਹੋਏ ਕਿਹਾ ਸੀ ਕਿ ਉਹ ਭਵਿੱਖ ਵਿੱਚ ਅਜਿਹਾ ਕੋਈ ਬਿਆਨ ਨਾ ਦੇਣ। ਕੰਗਨਾ ਦੇ ਫਿਰਕੂ ਬਿਆਨਾਂ ਕਾਰਣ ਭਾਜਪਾ ਘਿਰੀ ਹੋਈ ਹੈ। ਕੰਗਨਾ ਤੇ ਭਾਜਪਾ ਦਾ ਵਿਰੋਧ ਕਿਸਾਨਾਂ ਵਲੋਂ ਜਾਰੀ ਹੈ। ਕੰਗਨਾ ਰਣੌਤ ਨੇ ਹਾਲ ਹੀ 'ਚ ਇੱਕ ਅਖ਼ਬਾਰ ਨੂੰ ਦਿੱਤੇ ਇੰਟਰਵਿਊ ਵਿਚ ਕਿਹਾ ਸੀ, "ਜੋ ਕੁਝ ਬੰਗਲਾਦੇਸ਼ ਵਿਚ ਹੋਇਆ ਹੈ, ਇਹ ਇੱਥੇ (ਭਾਰਤ) ਹੁੰਦੇ ਵੀ ਦੇਰ ਨਹੀਂ ਲੱਗਦੀ ਜੇਕਰ ਸਾਡੀ ਚੋਟੀ ਦੀ ਲੀਡਰਸ਼ਿਪ ਮਜ਼ਬੂਤ ਨਾ ਹੁੰਦੀ।" ਕੰਗਨਾ ਨੇ ਬੰਗਲਾਦੇਸ਼ ਵਿੱਚ ਹਾਲ ਹੀ ਦੇ ਅੰਦੋਲਨ ਅਤੇ ਸੱਤਾ ਪਰਿਵਰਤਨ ਨੂੰ ਭਾਰਤ ਵਿੱਚ ਕਿਸਾਨ ਅੰਦੋਲਨ ਨਾਲ ਜੋੜਿਆ ਅਤੇ ਕਿਹਾ, "ਇੱਥੇ ਜੋ ਕਿਸਾਨ ਅੰਦੋਲਨ ਹੋਏ, ਉੱਥੇ ਲਾਸ਼ਾਂ ਲਟਕੀਆਂ ਸਨ, ਉੱਥੇ ਬਲਾਤਕਾਰ ਹੋ ਰਹੇ ਸਨ...ਕਿਸਾਨਾਂ ਦੀ ਇੱਕ ਲੰਬੀ ਯੋਜਨਾ ਸੀ, ਜਿਵੇਂ ਬੰਗਲਾਦੇਸ਼ ਵਿੱਚ ਵਾਪਰਿਆ। ਅਜਿਹੀਆਂ ਸਾਜ਼ਿਸ਼ਾਂ... ਤੁਹਾਨੂੰ ਕੀ ਲੱਗਦਾ ਹੈ ਕਿਸਾਨੋਂ...? ਚੀਨ, ਅਮਰੀਕਾ... ਅਜਿਹੀਆਂ ਵਿਦੇਸ਼ੀ ਤਾਕਤਾਂ ਇੱਥੇ ਕੰਮ ਕਰ ਰਹੀਆਂ ਹਨ।" ਦੱਸ ਦੇਈਏ ਕਿ ਬਾਲੀਵੁੱਡ ਅਦਾਕਾਰਾ ਅਤੇ ਭਾਜਪਾ ਸੰਸਦ ਮੈਂਬਰ ਕੰਗਨਾ ਰਣੌਤ ਕਿਸੇ ਨਾ ਕਿਸੇ ਵਿਵਾਦਿਤ ਬਿਆਨ ਨੂੰ ਲੈ ਕੇ ਘਿਰੀ ਹੀ ਰਹਿੰਦੀ ਹੈ। ਹੁਣ ਐਮਰਜੈਂਸੀ ਫਿਲਮ ਕਾਰਣ ਕੰਗਨਾ ਦਾ ਸਿਖਾਂ ਵਲੋਂ ਵਿਰੋਧ ਜਾਰੀ ਹੈ। ਸ਼੍ਰੋਮਣੀ ਕਮੇਟੀ ਉਸਨੂੰ ਕਨੂੰਨੀ ਨੋਟਿਸ ਭੇਜ ਚੁਕੀ ਹੈ।

ਰਾਜ ਸਭ ਮੈਂਬਰ ਰਵਨੀਤ ਬਿੱਟੂ ਨੇ ਦੱਸਿਆ ਕਿ ਹਾਈ ਕਮਾਨ ਵਲੋਂ ਸਪੱਸ਼ਟ ਸ਼ਬਦਾਂ 'ਚ ਕਿਹਾ ਗਿਆ ਹੈ ਕਿ ਕੰਗਨਾ ਭਵਿੱਖ ਵਿਚ ਅਜਿਹੀ ਬਿਆਨਬਾਜ਼ੀ ਤੋਂ ਗੁਰੇਜ ਕਰੇ। ਜੇਕਰ ਦੁਬਾਰਾ ਅਜਿਹਾ ਕੋਈ ਭੜਕਾਊ ਬਿਆਨ ਸਾਹਮਣੇ ਆਉਂਦਾ ਹੈ ਤਾਂ ਕੰਗਨਾ 'ਤੇ ਕਾਰਵਾਈ ਕੀਤੀ ਜਾ ਸਕਦੀ ਹੈ।

ਕੰਗਨਾ ਦੇ ਗਲਤ ਬਿਆਨ ਕਾਰਨ ਹਰਿਆਣਾ ਵਿਚ ਪਾਰਟੀ ਦਾ ਨੁਕਸਾਨ ਹੋਇਆ ਹੈ। ਇਸ ਤੋਂ ਇਲਾਵਾ ਕੰਗਨਾ ਦੀ ਨਵੀਂ ਫ਼ਿਲਮ ਐਮਰਜੈਂਸੀ ਸਬੰਧੀ ਵੀ ਰਵਨੀਤ ਬਿੱਟੂ ਨੇ ਸਪੱਸ਼ਟ ਕੀਤਾ ਹੈ ਕਿ ਅਜਿਹਾ ਕੋਈ ਵੀ ਦ੍ਰਿਸ਼ ਨਹੀਂ ਵਿਖਾਇਆ ਜਾਵੇਗਾ ਜਿਸ ਨਾਲ ਸਿੱਖ ਧਰਮ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੇ। ਇੱਥੇ ਦੱਸਣਾ ਲਾਜ਼ਮੀ ਹੋਵੇਗਾ ਕਿ ਕੰਗਨਾ ਦੀ ਨਵੀਂ ਫਿਲਮ ਐਮਰਜੈਂਸੀ 6 ਸਤੰਬਰ ਨੂੰ ਸਿਨੇਮਾ ਘਰਾਂ 'ਚ ਰੀਲੀਜ਼ ਕੀਤੀ ਜਾਵੇਗੀ। ਪਰ ਇਸ ਤੋਂ ਪਹਿਲਾਂ ਹੀ ਐੱਸਜੀਪੀਸੀ ਅਤੇ ਸਿੱਖ ਜਥੇਬੰਦੀਆਂ ਵਲੋਂ ਫ਼ਿਲਮ ਦਾ ਸਖ਼ਤ ਵਿਰੋਧ ਕੀਤਾ ਜਾ ਰਿਹਾ ਹੈ। ਇਸ ਫ਼ਿਲਮ ਨੂੰ ਪਾਬੰਦੀ ਲਗਾਉਣ ਲਈ ਵਕੀਲ ਈਮਾਨ ਸਿੰਘ ਖਾਰਾ ਦੁਆਰਾ ਹਾਈਕੋਰਟ 'ਚ ਪਟੀਸ਼ਨ ਵੀ ਦਾਇਰ ਕੀਤੀ ਗਈ ਹੈ।

ਸੁਆਲ ਤਾਂ ਇਹ ਹੈ ਕਿ ਭਾਜਪਾ ਕੰਗਨਾ ਦੇ ਜ਼ਹਿਰੀਲੇ ਬਿਆਨਾਂ ਉਪਰ ਚੁੱਪ ਕਿਉਂ ਰਹੀ। ਹੁਣ ਚੋਣਾਂ ਵਿਚ ਭਾਜਪਾ ਦਾ ਨੁਕਸਾਨ ਹੁੰਦਾ ਦਿਖ ਰਿਹਾ ਹੈ ਤਾਂ ਹੀ ਉਹ ਹਰਕਤ ਵਿਚ ਆਈ ਹੈ। ਕੰਗਨਾ ਵਰਗੇ ਫਿਰਕੂ ਅਨਸਰ ਰਾਜਨੀਤੀ ਵਿਚ ਨਹੀਂ ਸ਼ੋਭਦੇ ਜੋ ਮਨੁੱਖਤਾ ਦੇ ਖ਼ੂਨ ਤੇ ਦੰਗਿਆਂ ਉਪਰ ਆਪਣੀ ਕੁਰਸੀ ਡਾਹੁਣਾ ਚਾਹੁੰਦੇ ਹਨ। ਇਹਨਾਂ ਦਾ ਲੋਕਾਂ ਵਲੋਂ ਸਖਤ ਵਿਰੋਧ ਹੋਣਾ ਚਾਹੀਦਾ ਹੈ।

- ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਕਾਰਣ, ਅਦਾਕਾਰਾ ਕੰਗਨਾ ਨੂੰ ਭੇਜਿਆ ਕਾਨੂੰਨੀ ਨੋਟਿਸ
- ਭਾਈ ਭਿਉਰਾ ਦੀ ਅਦਾਲਤ ਨੇ ਜੇਲ੍ਹ ਤੋਂ ਰਿਹਾਈ ਦੀ ਅਰਜ਼ੀ ਕੀਤੀ ਖਾਰਜ
- ਦਰਬਾਰ ਸਾਹਿਬ ਸਰ੍ਹਾਂ ਵਿਚ ਕਮਰਾ ਬੁਕਿੰਗ ਦੇ ਨਾਂ 'ਤੇ ਫਿਰ ਠੱਗੀ ਦਾ ਮਾਮਲਾ ਸਾਹਮਣੇ ਆਇਆ, ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਤੱਕ ਕੀਤੀ ਪਹੁੰਚ

*ਪੂਰੀ ਰਿਪੋਰਟ ਅੰਦਰ ਦੇਖੋ*

## ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਂਚੇਵਾਲ ਵਾਲੇ ਇੰਗਲੈਂਡ ਵਿੱਚ



ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਂਚੇਵਾਲ ਵਾਲੇ ਕੁਝ ਦਿਨਾਂ ਲਈ ਇੰਗਲੈਂਡ ਵਿੱਚ ਆਏ ਹੋਏ ਹਨ। ਸੀਂਚੇਵਾਲ ਵਾਲੇ ਪਿਛਲੇ ਕੁਝ ਸਮੇਂ ਤੋਂ ਵਾਤਾਵਰਨ ਵਿੱਚ ਸੁਧਾਰ ਕਰਨ ਲਈ ਬਹੁਤ ਕੋਸ਼ਿਸ਼ਾਂ ਕਰ ਰਹੇ ਹਨ ਤੇ ਸਾਊਦੀ ਅਰਬ, ਡੁੱਬਈ ਆਦਿ ਦੇਸ਼ਾਂ ਵਿੱਚ ਬੱਚਿਆਂ ਨੂੰ ਕੋਈ ਵੀ ਸਮੱਸਿਆ ਆਉਂਦੀ ਹੈ ਉਸ ਦੀ ਮਦਦ ਕਰਦੇ ਹਨ।

# ਨਾਨਕਸ਼ਾਹੀ ਕੈਲੰਡਰ ਦਾ ਕਤਲ, ਆਰ ਐਸ ਐਸ, ਬੀ ਜੇ ਪੀ ਕਿਸ ਲੀਡਰ ਦੇ ਕਹਿਣ 'ਤੇ ਕੀਤਾ ਗਿਆ


## ਸ਼੍ਰੋਮਣੀ ਕਮੇਟੀ ਵੱਲੋਂ ਜਿਹੜੀ ਕੁਝ ਮੈਂਬਰਾਂ ਦੀ ਨਾਨਕਸ਼ਾਹੀ ਸੋਧ ਕਮੇਟੀ ਬਣਾਈ ਸੀ ਉਸ ਦੀ ਰਿਪੋਰਟ ਨਸ਼ਰ ਕੀਤੀ ਜਾਵੇ



ਸ: ਰਘਬੀਰ ਸਿੰਘ, ਸ: ਰਾਜਿੰਦਰ ਸਿੰਘ ਪੁਰੇਵਾਲ, ਪ੍ਰੋ: ਦਲਜੀਤ ਸਿੰਘ ਵਿਰਕ, ਸ: ਹਰਦਿਆਲ ਸਿੰਘ ਧਮੜੈਤ, ਜਥੇ: ਬਲਬੀਰ ਸਿੰਘ, ਭਾਈ ਬਲਬੀਰ ਸਿੰਘ ਬੈਂਸ, ਜਥੇ: ਅਤਵਾਰ ਸਿੰਘ ਸੰਘੇੜਾ, ਪ੍ਰਮਿੰਦਰਪਾਲ ਸਿੰਘ ਖਾਲਸਾ, ਗਿ: ਗੁਰਬਖਸ਼ ਸਿੰਘ ਗੁਲਸ਼ਨ

ਡਰਬੀ-(ਪੰਜਾਬ ਟਾਈਮਜ਼)-ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਜੋ ਮੁਆਫ਼ੀ ਨਾਮਾ ਅਕਾਲ ਤਖਤ ਸਾਹਿਬ ਵੱਲੋਂ ਦਿੱਤਾ ਗਿਆ ਉਸ ਦੀ ਸੁਣਵਾਈ 30 ਤਰੀਕ ਨੂੰ ਅਕਾਲ ਤਖਤ ਸਾਹਿਬ ਤੋਂ ਹੋ ਰਹੀ ਹੈ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਫ਼ੈਸਲੇ ਦੀ ਸ਼ਲਾਘਾ ਕਰਦਿਆਂ ਗੁਰਦੁਆਰਾ ਸਿੰਘ ਸਭਾ ਡਰਬੀ ਦੇ ਪ੍ਰਧਾਨ ਸ: ਰਘਬੀਰ ਸਿੰਘ, ਸਿੱਖ ਵਿਰਾਸਤ ਕੇਂਦਰ ਅਤੇ ਘੱਲੂਘਾਰਾ ਅਜਾਇਬਘਰ ਡਰਬੀ ਦੇ ਚੇਅਰਮੈਨ ਸ: ਰਾਜਿੰਦਰ ਸਿੰਘ ਪੁਰੇਵਾਲ, ਅਖੰਡ ਕੀਰਤਨੀ ਜਥਾ ਯੂ ਕੇ ਦੇ ਜਨਰਲ ਸਕੱਤਰ ਪ੍ਰੋਫੈਸਰ ਦਲਜੀਤ ਸਿੰਘ ਡਾ:, ਖਾਲਸਾ ਦਰਬਾਰ ਗੁਰ-ਦੁਆਰਾ ਡਰਬੀ ਦੇ ਮੁੱਖ ਸੇਵਾਦਾਰ ਸ: ਹਰਦਿ-ਆਲ ਸਿੰਘ ਧਮੜੈਤ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਗਰੇਟ ਬਾਰ ਬ੍ਰਮਿੰਘਮ ਦੇ ਪ੍ਰਧਾਨ ਬਲਬੀਰ ਸਿੰਘ ਸਾਬਕਾ ਜਥੇਦਾਰ ਬੱਬਰ ਖਾਲਸਾ ਯੂ ਕੇ, ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ, ਸਿੱਖ ਰਿਲੀਫ਼ ਦੇ ਸੇਵਾਦਾਰ ਭਾਈ ਬਲਬੀਰ ਸਿੰਘ ਬੈਂਸ, ਕਾਰਸੇਵਾ ਕਮੇਟੀ ਪਾਕਿਸਤਾਨ ਗੁਰਧਾਮ ਦੇ ਸੇਵਾਦਾਰ ਭਾਈ ਅਵਤਾਰ ਸਿੰਘ ਸੰਘੇੜਾ ਅਤੇ ਇੰਟਰਨੈਸ਼ਨਲ ਸਿੱਖ ਸੇਵਕ ਸੁਸਾਇਟੀ ਪੰਜਾਬ ਦੇ ਪ੍ਰਧਾਨ ਭਾਈ ਪ੍ਰਮਿੰਦਰਪਾਲ ਸਿੰਘ ਖਾਲਸਾ ਨੇ ਇੱਕ ਸਾਂਝੇ ਬਿਆਨ 'ਚ ਕਿਹਾ ਹੈ ਸ਼੍ਰੋਮਣੀ ਕਮੇਟੀ ਦਾ ਨਿਸ਼ਾਨ ਸਾਹਿਬਾਂ ਦੇ ਰੰਗ ਵਾਰੇ ਜੋ ਫੈਸਲਾ ਲਿਆ ਗਿਆ ਹੈ ਉਸ ਦੀ ਪੰਥ ਦੇ ਵੱਡੇ ਹਿੱਸੇ ਵੱਲੋਂ ਕਾਫੀ ਸਰਾਹਨਾ ਹੋ ਰਹੀ ਹੈ। ਫੈਸਲਾ ਦੇਰੀ ਨਾਲ ਲਾਗੂ ਹੋਇਆ ਹੈ ਪਰ ਪੰਥਕ ਮਰਿਆਦਾ ਅਨੁਸਾਰ ਹੋਇਆ ਹੈ। ਇਸੇ ਤਰ੍ਹਾਂ ਨਾਨਕਸ਼ਾਹੀ ਕੈਲੰਡਰ ਜੋ 2003 ਵਿੱਚ ਤਖਤ ਦਮਦਮਾ ਸਾਹਿਬ ਵਿਖੇ ਲੱਖਾਂ ਦੇ ਇਕੱਠ ਪਾਸ ਹੋਇਆ ਸੀ ਉਸ ਵਿੱਚ ਜਿਥੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਕਮੇਟੀ ਅਤੇ ਤਖਤਾਂ ਦੇ ਜਥੇਦਾਰ ਸ਼ਾਮਲ ਸਨ, ਉਸੇ ਦਿਨ ਪਾਸ ਹੋਇਆ ਤੇ ਲਾਗੂ ਕੀਤਾ ਗਿਆ ਸੀ। ਪਰ 6-7 ਸਾਲਾਂ ਬਾਅਦ ਮੁੜ ਪਹਿਲਾਂ ਕੁਝ ਸੋਧਾਂ ਕੀਤੀਆਂ ਬਾਅਦ ਵਿੱਚ ਸਾਰਾ ਕੁਝ ਬਾਦਲ ਦਿੱਤਾ ਗਿਆ ਤੇ ਪਹਿਲਾਂ ਵਾਲਾ ਕੈਲੰਡਰ ਹੀ ਲਾਗੂ ਕਰ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਵੱਲੋਂ ਕੁਝ ਆਗੂਆਂ ਦੀ ਕਮੇਟੀ ਬਣਾਈ ਗਈ ਉਪਰੰਤ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਪਹਿਲਾਂ ਵਾਲਾ ਕੈਲੰਡਰ ਲਾਗੂ ਕਰ ਦਿੱਤਾ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸ: ਅਵਤਾਰ ਸਿੰਘ ਮੱਕੜ ਨੂੰ ਜਦੋਂ ਪੁੱਛਿਆ ਗਿਆ ਉਨ੍ਹਾਂ ਕਿਹਾ ਕਿ ਉਪਰੋਂ ਹੁਕਮ ਆਇਆ ਹੈ। ਸ: ਸੁਖਦੇਵ ਸਿੰਘ ਭੌਰ ਜਨਰਲ ਸਕੱਤਰ ਨੇ ਜਦੋਂ ਪ੍ਰਧਾਨ ਨੂੰ ਪੁੱਛਿਆ ਉਨ੍ਹਾਂ ਕਿਹਾ ਕਿ ਉਹ ਕੁਝ ਨਹੀਂ ਕਰ ਸਕਦੇ ਉਪਰੋਂ ਸਖਤ ਹੁਕਮ ਆਏ ਹਨ। ਸਤਿਕਾਰਯੋਗ ਹੁਣ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਸਾਹਿਬ ਸਿੱਖ ਪੰਥ ਨੂੰ ਦੱਸਣ ਕਿ ਉਪਰੋਂ ਕਿਸ ਦਾ ਹੁਕਮ ਆਇਆ ਸੀ। ਬੀ ਜੇ ਪੀ, ਕਾਂਗਰਸ, ਆਰ ਐਸ ਐਸ ਜਾਂ ਜਿਸ ਕਰਕੇ ਨਾਨਕਸ਼ਾਹੀ ਕੈਲੰਡਰ ਬਦਲਿਆ ਗਿਆ। ਜਿਹੜੀ ਰਿਪੋਰਟ ਸੋਧ ਕਮੇਟੀ ਨੇ ਬਣਾਈ ਸੀ ਉਹ ਰਿਪੋਰਟ ਸਿੱਖ ਸੰਗਤਾਂ ਅੱਗੇ ਨਸ਼ਰ ਕੀਤੀ ਜਾਵੇ ਕਿ ਨਾਨਕਸ਼ਾਹੀ ਕੈਲੰਡਰ ਵਿੱਚ ਕਿਹੜੀਆਂ ਕਮੀਆਂ ਸਨ। ਪੰਥਕ ਵਿਦਵਾਨ ਉਨ੍ਹਾਂ ਨੂੰ ਠੀਕ ਕਰ ਸਕਣ। ਇਹ ਰਿਪੋਰਟ ਸ਼੍ਰੋਮਣੀ ਕਮੇਟੀ ਤੋਂ ਇਲਾਵਾ ਅਕਾਲ ਤਖਤ ਸਾਹਿਬ ਤੇ ਵੀ ਹੋਵੇਗੀ। ਇਹ ਮੀਡੀਆ ਵਿੱਚ ਆਉਣੀ ਚਾਹੀਦੀ ਹੈ ਤਾਂ ਜੋ ਸਮੂਹ ਪੰਥਕ ਵਿਦਵਾਨ ਤੇ ਸੰਸਥਾਵਾਂ ਉਸ ਤੇ ਵਿਚਾਰ ਕਰਕੇ ਨਾਨਕਸ਼ਾਹੀ ਕੈਲੰਡਰ ਫਿਰ ਤੋਂ ਲਾਗੂ ਕੀਤਾ ਜਾ ਸਕੇ। ਆਰ ਐਸ ਐਸ ਨੇ ਤਾਂ 2003 ਵਿੱਚ ਬਿਆਨ ਜਾਰੀ ਕੀਤਾ ਸੀ ਕਿ ਅਸੀਂ ਨਾਨਕਸ਼ਾਹੀ ਕੈਲੰਡਰ ਹਰ ਹਾਲਤ ਵਿੱਚ ਨਹੀਂ ਚੱਲਣ ਦਿਆਂਗੇ।


*Excludes some accounts, such as the HSBC Basic Bank Account. For mobile banking app users only. Non-HSBC fees may apply.
Issued by HSBC UK Bank plc, 1 Centenary Square, Birmingham, B1 1HQ, United Kingdom. ©HSBC Group 2024. AC65124

# ਸੁਖਬੀਰ ਵੱਲੋਂ ਜ਼ਿਮਨੀ ਚੋਣ ਗਿਦੜਬਾਹਾ ਤੋਂ ਲੜਨ ਦੀ ਸੰਭਾਵਨਾ ਘੱਟ

## ✪ ਡਿੰਪੀ ਢਿੱਲੋਂ ਦੀ ਬਗਾਵਤ ਕਾਰਣ ਡਗਮਗਾਇਆ ਬਾਦਲ ਅਕਾਲੀ ਦਲ ✪ ਬਾਦਲ ਦਲ ਲਈ ਗਿਦੜਬਾਹਾ ਸੀਟ ਕੱਢਣਾ ਖਾਲਾ ਜੀ ਦਾ ਵਾੜਾ ਨਹੀਂ

**ਖਾਸ ਖਬਰ**



*ਮੁੱਖ ਸਫ਼ੇ ਦੀ ਖ਼ਬਰ ਦਾ ਬਾਕੀ ਹਿਸਾ*

ਅਕਾਲੀ ਦਲ ਅੰਦਰ ਪਹਿਲਾਂ ਹੀ ਸੁਖਬੀਰ ਬਾਦਲ ਦੀ ਲੀਡਰਸ਼ਿਪ ਨੂੰ ਲੈ ਕੇ ਵਿਰੋਧ ਚੱਲ ਰਿਹਾ ਹੈ। ਪਾਰਟੀ ਦੇ ਕਈ ਸੀਨੀਅਰ ਸੁਖਦੇਵ ਸਿੰਘ ਢੀਂਡਸਾ, ਬੀਬੀ ਜਗੀਰ ਕੌਰ, ਗੁਰਪ੍ਰਤਾਪ ਸਿੰਘ ਵਡਾਲਾ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ ਵਰਗੇ ਨੇਤਾ ਸੁਖਬੀਰ ਸਿੰਘ ਬਾਦਲ ਦਾ ਸਾਥ ਛੱਡ ਚੁੱਕੇ ਹਨ ਅਤੇ ਉਹ ਲਗਾਤਾਰ ਲੀਡਰਸ਼ਿਪ ਵਿਚ ਬਦਲਾਅ ਲਈ ਦਬਾਅ ਬਣਾ ਰਹੇ ਹਨ। ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਨਾਮ ਹੇਠ ਬਾਗੀ ਅਕਾਲੀ ਆਗੂਆਂ ਨੇ ਆਪਣੀ ਮੁਹਿੰਮ ਸ਼ੁਰੂ ਕੀਤੀ ਹੋਈ ਹੈ। ਇਸ ਕਾਰਣ ਦੁਆਬਾ ਅਤੇ ਮਾਲਵਾ ਦੇ ਕਈ ਜ਼ਿਲਿਆਂ ਵਿਚ ਅਕਾਲੀ ਦਲ ਦੇ ਕੇਡਰ ਨੂੰ ਕਾਫ਼ੀ ਖੋਰਾ ਲੱਗਿਆ ਹੈ।

ਦੂਜੇ ਪਾਸੇ ਬਾਦਲ ਦੇ ਜੱਦੀ ਜ਼ਿਲੇ ਵਿਚ ਤੇ ਉਹਨਾਂ ਦੇ ਖਾਸਮਖਾਸ ਡਿੰਪੀ ਢਿੱਲੋਂ ਵਲੋਂ ਬਗਾਵਤ ਕੀਤੇ ਜਾਣ ਕਾਰਨ ਸਿਆਸੀ ਹਾਲਾਤ ਬਦਲ ਗਏ ਹਨ। ਇਹਨਾਂ ਹਾਲਾਤ ਵਿਚ ਸੁਖਬੀਰ ਬਾਦਲ ਦਾ ਜ਼ਿਮਨੀ ਚੋਣ ਲੜਨਾ ਖ਼ਤਰੇ ਤੋਂ ਖਾਲੀ ਨਹੀਂ ਹੋਵੇਗਾ। ਜੇਕਰ ਜ਼ਿਮਨੀ ਚੋਣ ਦੇ ਨਤੀਜ਼ੇ ਉਮੀਦ ਤੋਂ ਉਲਟ ਆ ਗਏ ਤਾਂ ਸੁਖਬੀਰ ਬਾਦਲ ਲਈ ਹੋਰ ਵੀ ਵੱਡਾ ਸੰਕਟ ਖੜ੍ਹਾ ਹੋ ਸਕਦਾ ਹੈ। ਇਸ ਕਰਕੇ ਪਾਰਟੀ ਅੰਦਰ ਚੱਲ ਰਹੀ ਖਾਨਾਜੰਗੀ ਨੂੰ ਦੇਖਦੇ ਹੋਏ ਫਿਲਹਾਲ ਸੁਖਬੀਰ ਬਾਦਲ ਨੇ ਚੋਣ ਲੜਨ ਦਾ ਫੈਸਲਾ ਬਦਲ ਲਿਆ ਹੈ। ਹਾਲਾਂਕਿ ਇਸ ਵਾਰ ਸੁਖਬੀਰ ਬਾਦਲ ਨੂੰ ਵਿਰੋਧੀ ਬਾਗੀ ਅਕਾਲੀ ਧਿਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਅੰਮ੍ਰਿਤਪਾਲ ਸਿੰਘ ਗਰੁਪ ਆਪਣੇ ਉਮੀਦਵਾਰ ਖੜੇ ਕਰ ਦਿੰਦਾ ਹੈ ਤਾਂ ਅਕਾਲੀ ਦਲ ਬਾਦਲ ਲਈ ਹੋਰ ਦਿਕਤਾਂ ਵਧ ਜਾਣਗੀਆਂ।

ਹਲਕੇ ਦੇ ਬਦਲਦੇ ਸਿਆਸੀ ਸਮੀਕਰਨਾਂ ਨੂੰ ਦੇਖਦੇ ਹੋਏ ਸੁਖਬੀਰ ਬਾਦਲ ਨੇ ਡਿੰਪੀ ਢਿੱਲੋਂ ਨੂੰ ਆਪਣਾ ਫੈਸਲਾ ਬਦਲਣ ਲਈ ਦਸ ਦਿਨਾਂ ਦਾ ਸਮਾਂ ਦਿੱਤਾ ਹੈ। ਸੁਖਬੀਰ ਨੇ ਢਿਲੋਂ ਨੂੰ ਅਪੀਲ ਕੀਤੀ ਹੈ ਕਿ ਉਹ ਪਾਰਟੀ ਦੇ ਜ਼ਿਮਨੀ ਚੋਣ ਵਿਚ ਉਮੀਦਵਾਰ ਹੋਣਗੇ ਪਰ ਆਪਣਾ ਫੈਸਲਾ ਬਦਲ ਲੈਣ। ਦੂਜੇ ਪਾਸੇ ਅਕਾਲੀ ਹਲਕਿਆਂ ਵਿਚ ਚਰਚਾ ਹੈ ਕਿ ਹੁਣ ਡਿੰਪੀ ਢਿੱਲੋਂ ਵਾਪਸ ਨਹੀਂ ਮੁੜਨਗੇ ਅਤੇ ਬਕਾਇਦਾ ਉਹ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਣਗੇ।

ਸਿਆਸੀ ਹਲਕਿਆਂ ਵਿਚ ਚਰਚਾ ਹੈ ਕਿ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਡਿੰਪੀ ਢਿੱਲੋਂ ਨੂੰ ਜ਼ਿਮਨੀ ਚੋਣ ਲੜਾਉਣ ਦਾ ਭਰੋਸਾ ਦੇ ਦਿੱਤਾ ਹੈ ਅਤੇ ਉਹੀ ਗਿੱਦੜਬਾਹਾ ਤੋਂ ਉਮੀਦਵਾਰ ਹੋਣਗੇ। ਭਰੋਸੇਯੋਗ ਸੂਤਰ ਦੱਸਦੇ ਹਨ ਕਿ ਆਮ ਆਦਮੀ ਪਾਰਟੀ ਦੇ ਪੁਰਾਣੇ ਵਲੰਟੀਅਰਜ਼ ਡਿੰਪੀ ਢਿੱਲੋਂ ਨੂੰ ਉਮੀਦਵਾਰ ਬਣਾਏ ਜਾਣ ਦੀਆਂ ਕਨਸੋਆਂ ਤੋਂ ਨਾਖੁਸ਼ ਹਨ। ਦੱਸਿਆ ਜਾਂਦਾ ਹੈ ਕਿ ਕੁੱਝ ਅਹੁਦੇਦਾਰਾਂ, ਵਲੰਟੀਅਰ ਨੇ ਪਾਰਟੀ ਦੇ ਕਈ ਸੀਨੀਅਰ ਅਹੁਦੇਦਾਰਾਂ ਕੋਲ ਆਪਣਾ ਵਿਰੋਧ ਵੀ ਦਰਜ ਕਰਵਾਇਆ ਹੈ ਪਰ ਆਮ ਆਦਮੀ ਪਾਰਟੀ ਹਰ ਹਾਲਤ ਵਿਚ ਇਹ ਚੋਣ ਜਿੱਤਣਾ ਚਾਹੁੰਦੀ ਹੈ। ਪਾਰਟੀ ਦੇ ਸੀਨੀਅਰ ਆਗੂਆਂ ਨੇ ਇਹਨਾਂ ਵਲੰਟੀਅਰਾਂ ਨੂੰ ਬਹੁਤੀ ਤਵੱਜੋ ਨਹੀਂ ਦਿੱਤੀ।

ਹੁਣ ਦੇਖਣ ਵਾਲੀ ਗੱਲ ਹੋਵੇਗੀ ਕਿ ਜ਼ਿਮਨੀ ਚੋਣ ਵਿਚ ਅਕਾਲੀ ਦਲ ਕਿਹੜੇ ਆਗੂ ਨੂੰ ਉਮੀਦਵਾਰ ਬਣਾਏਗਾ ਪਰ ਇਹ ਤੈਅ ਹੈ ਕਿ ਸੁਖਬੀਰ ਹੁਣ ਜ਼ਿਮਨੀ ਚੋਣ ਨਹੀਂ ਲੜਨਗੇ। ਪੰਜਾਬ ਵਿੱਚ ਹੋਣ ਵਾਲੀਆਂ ਚਾਰ ਵਿਧਾਨ ਸਭਾ ਸੀਟਾਂ ਦੀਆਂ ਜ਼ਿਮਨੀ ਚੋਣਾਂ ਲਈ ਸ਼੍ਰੋਮਣੀ ਅਕਾਲੀ ਦਲ ਸਰਗਰਮ ਹੋ ਚੁਕਾ ਹੈ। ਇਹ ਜ਼ਿਮਨੀ ਚੋਣਾਂ ਪਾਰਟੀ ਪ੍ਰਧਾਨ ਸੁਖਬੀਰ ਬਾਦਲ ਦਾ ਭਵਿੱਖ ਤੈਅ ਕਰਨਗੀਆਂ। ਜੇਕਰ ਲੋਕ ਸਭਾ ਚੋਣਾਂ ਵਾਂਗ ਇਨ੍ਹਾਂ ਸੀਟਾਂ ਉਪਰ ਵੀ ਸ਼੍ਰੋਮਣੀ ਅਕਾਲੀ ਦਲ ਦੀ ਮਾੜੀ ਕਾਰਗੁਜਾਰੀ ਰਹਿੰਦੀ ਹੈ ਤਾਂ ਸੁਖਬੀਰ ਬਾਦਲ ਦੀ ਪ੍ਰਧਾਨਗੀ ਨੂੰ ਖਤਰਾ ਹੋਰ ਵਧ ਜਾਏਗਾ। ਇਸ ਲਈ ਸ਼੍ਰੋਮਣੀ ਅਕਾਲੀ ਦਲ ਦਾ ਸੰਸਦੀ ਬੋਰਡ ਸਰਗਰਮ ਨਜ਼ਰ ਆ ਰਿਹਾ ਹੈ। ਸੰਸਦੀ ਬੋਰਡ ਜ਼ਿਮਨੀ ਚੋਣਾਂ ਲਈ ਉਮੀਦਵਾਰਾਂ ਦੀ ਚੋਣ ਕਰਨ ਲਈ ਸਾਰੇ ਚਾਰ ਹਲਕਿਆਂ ਦਾ ਦੌਰਾ ਕਰੇਗਾ ਤੇ ਵਿਧਾਨ ਸਭਾ ਹਲਕਿਆਂ ਤੋਂ ਫੀਡਬੈਕ ਲਵੇਗਾ।

ਦੱਸ ਦਈਏ ਕਿ ਪੰਜਾਬ ਦੀਆਂ ਚਾਰ ਵਿਧਾਨ ਸਭਾ ਸੀਟਾਂ 'ਤੇ ਜ਼ਿਮਨੀ ਚੋਣਾਂ ਹੋਣੀਆਂ ਹਨ। ਇਨ੍ਹਾਂ ਸੀਟਾਂ ਦੇ ਵਿਧਾਇਕ ਲੋਕ ਸਭਾ ਚੋਣਾਂ ਜਿੱਤ ਕੇ ਸੰਸਦ ਮੈਂਬਰ ਬਣ ਗਏ ਹਨ। ਇਨ੍ਹਾਂ ਸੀਟਾਂ ਵਿੱਚ ਬਰਨਾਲਾ, ਗਿੱਦੜਬਾਹਾ, ਡੇਰਾ ਬਾਬਾ ਨਾਨਕ ਤੇ ਚੱਬੇਵਾਲ ਸ਼ਾਮਲ ਹਨ। ਇਨ੍ਹਾਂ ਆਗੂਆਂ ਨੇ ਵਿਧਾਨ ਸਭਾ ਤੋਂ ਅਸਤੀਫਾ ਵੀ ਦੇ ਦਿੱਤਾ ਹੈ। ਗੁਰਮੀਤ ਸਿੰਘ ਮੀਤ ਹੇਅਰ ਸੰਗਰੂਰ ਤੋਂ ਸੰਸਦ ਮੈਂਬਰ ਬਣ ਗਏ ਹਨ। ਜਦਕਿ ਰਾਜ ਕੁਮਾਰ ਚੱਬੇਵਾਲ ਹੁਸ਼ਿਆਰਪੁਰ ਤੇ ਸੁਖਜਿੰਦਰ ਸਿੰਘ ਰੰਧਾਵਾ ਗੁਰਦਾਸਪੁਰ ਤੋਂ ਸੰਸਦ ਮੈਂਬਰ ਬਣੇ ਹਨ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਲੁਧਿਆਣਾ ਤੋਂ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਬਾਅਦ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਸੀਟ ਖਾਲ਼ੀ ਹੋਈ ਹੈ।

**ਬਾਕੀ ਹਿਸਾ ਸਫਾ 49 ਤੇ ਪੜ੍ਹੋ**

# ਸੁਖਬੀਰ ਸਿੰਘ ਬਾਦਲ ਡਿੰਪੀ ਦੀਆਂ ਮਿੰਨਤਾਂ ਕਰਨ ਲਗੇ

## ✪ ਸ਼੍ਰੋਮਣੀ ਅਕਾਲੀ ਦਲ ਨੇ ਡਿੰਪੀ ਢਿੱਲੋਂ ਵੱਲੋਂ ਪਾਰਟੀ ਨੂੰ ਛੱਡਣ ਦੇ ਫੈਸਲੇ ਉੱਪਰ ਡੂੰਘੀ ਚਿੰਤਾ ਦਾ ਪ੍ਰਗਟਾਵਾ

ਪਾਰਟੀ ਦੇ ਮੁੱਖ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਕਿਸੇ ਦੂਸਰੇ ਪਾਰਟੀ ਦੇ ਲੀਡਰ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਕੇ ਉਸ ਨੂੰ ਗਿੱਦੜਬਾਹਾ ਤੋਂ ਚੋਣ ਲੜਾਉਣ ਦੀਆਂ ਗੱਲਾਂ ਝੂਠੀਆਂ ਅਤੇ ਨਿਰ-ਆਧਾਰ ਹਨ। ਉਹ ਕਹਿੰਦੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਹਰ ਮੀਟਿੰਗ ਵਿੱਚ ਗਿੱਦੜਬਾਹਾ ਜ਼ਿਮਨੀ ਚੋਣ ਲਈ ਡਿੰਪੀ ਢਿੱਲੋਂ ਨੂੰ ਹੀ ਵਧੀਆ ਤੇ ਯੋਗ ਉਮੀਦਵਾਰ ਕਰਾਰ ਦਿੰਦੇ ਰਹੇ ਹਨ।

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਵਾਪਸ ਅਕਾਲੀ ਦਲ ਵਿੱਚ ਆਉਣ ਦੀ ਅਪੀਲ ਕੀਤੀ ਸੀ। ਅਕਾਲੀ ਦਲ ਦੇ ਪ੍ਰਧਾਨ ਨੇ ਕਿਹਾ ਕਿ ਉਹ ਗਿੱਦੜਬਾਹਾ ਵਿਧਾਨ ਸਭਾ ਹਲਕੇ ਵਿੱਚ ਜੋ ਪਬਲਿਕ ਮੀਟਿੰਗਾਂ ਕਰ ਰਹੇ ਹਨ, ਉਹ ਸਭ ਡਿੰਪੀ ਢਿੱਲੋਂ ਵੱਲੋਂ ਹੀ ਤੈਅ ਕੀਤੀਆਂ ਗਈਆਂ ਸਨ। ਉਨ੍ਹਾਂ ਨੇ ਭਾਰਤੀ ਜਨਤਾ ਪਾਰਟੀ ਦੇ ਆਗੂ ਅਤੇ ਆਪਣੇ ਚਚੇਰੇ ਭਰਾ ਮਨਪ੍ਰੀਤ ਸਿੰਘ ਬਾਦਲ ਦੇ ਸ਼੍ਰੋਮਣੀ ਅਕਾਲੀ ਦਲ ਵਿੱਚ ਆਉਣ ਦੀਆਂ ਗੱਲਾਂ ਨੂੰ ਵੀ ਮੁੱਢ ਤੋਂ ਨਕਾਰਿਆ। ਉਨ੍ਹਾਂ ਕਿਹਾ ਕਿ ਗਿੱਦੜਬਾਹਾ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਲਈ ਪਾਰਟੀ ਵੱਲੋਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੂੰ ਹੀ ਉਮੀਦਵਾਰ ਬਣਾਇਆ ਗਿਆ ਹੈ।

ਦੂਜੇ ਪਾਸੇ ਮਨਪ੍ਰੀਤ ਸਿੰਘ ਬਾਦਲ ਨੇ ਹਰਦੀਪ ਸਿੰਘ ਡਿੰਪੀ ਢਿੱਲੋਂ ਵੱਲੋਂ ਕਹੀਆਂ ਗਈਆਂ ਗੱਲਾਂ ਨੂੰ ਮੁੱਢੋਂ ਰੱਦ ਕੀਤਾ ਹੈ ਉਨ੍ਹਾਂ ਕਿਹਾ ਭਾਰਤੀ ਜਨਤਾ ਪਾਰਟੀ ਦਾ ਪੰਜਾਬ ਅੰਦਰ ਜਨ-ਆਧਾਰ ਦਿਨ-ਬ-ਦਿਨ ਵੱਧ ਰਿਹਾ ਹੈ। ਭਾਜਪਾ ਦੀ ਲੋਕਾਂ ਵਿੱਚ ਵੱਧ ਰਹੀ ਲੋਕਪ੍ਰਿਅਤਾ ਕਾਰਨ ਗਿੱਦੜਬਾਹਾ ਦੀ ਜ਼ਿਮਨੀ ਚੋਣ ਵਿੱਚ ਅਕਾਲੀ ਦਲ ਨੂੰ ਸਿਆਸੀ ਖੋਰਾ ਲੱਗਣ ਦੀ ਸੰਭਾਵਨਾ ਹੈ। ਇਸ ਕਾਰਨ ਡਿੰਪੀ ਢਿੱਲੋਂ ਪਰੇਸ਼ਾਨ ਹਨ ਅਤੇ ਉਹ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਲਈ ਪਿਛਲੇ ਲੰਮੇ ਸਮੇਂ ਤੋਂ ਉਤਾਵਲੇ ਹਨ। ਉਨ੍ਹਾਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਮੇਰਾ ਪੱਕਾ ਘਰ ਹੈ ਤੇ ਮੈਂ ਬੀਜੇਪੀ ਵਿੱਚ ਹੀ ਰਹਾਂਗਾ।

ਬੋਧਿਕ ਹਲਕੇ ਮੰਨਦੇ ਹਨ ਕਿ ਅਸਲ ਵਿੱਚ ਸ਼੍ਰੋਮਣੀ ਅਕਾਲੀ ਦਲ ਪਿਛਲੇ ਸਮੇਂ ਤੋਂ ਜਥੇਬੰਦਕ ਤੌਰ 'ਤੇ ਅੰਦਰੂਨੀ ਝਗੜਿਆਂ ਦਾ ਸ਼ਿਕਾਰ ਹੈ। ਦੂਜਾ, ਅਕਾਲੀ ਦਲ ਪੰਜਾਬ ਦੀ ਰਾਜਸੀ ਸੱਤਾ ਉੱਪਰ ਕਾਬਜ਼ ਹੋਣ ਵਿੱਚ ਲਗਾਤਾਰ ਦੋ ਵਾਰ ਅਸਫ਼ਲ ਰਿਹਾ ਹੈ। ਜਦੋਂ ਵੀ ਕੋਈ ਪਾਰਟੀ ਲੰਮਾ ਸਮਾਂ ਸੱਤਾ ਤੋਂ ਬਾਹਰ ਰਹੀ ਹੈ ਤਾਂ ਉਸ ਵਿੱਚ ਟੁੱਟ-ਭੱਜ ਦੇਖਣ ਨੂੰ ਮਿਲਦੀ ਹੈ। ਅਜੋਕੇ ਦੌਰ ਵਿੱਚ ਰਾਜਨੀਤਕ ਆਗੂਆਂ ਲਈ ਸਿਆਸਤ ਦਾ ਮਤਲਬ ਲੋਕ ਸੇਵਾ ਨਹੀਂ, ਸਗੋਂ ਰਾਜਸੀ ਤਾਕਤ ਹਾਸਲ ਕਰਨਾ ਹੈ।

ਅਕਾਲੀ ਦਲ ਦੀ ਸਭ ਤੋਂ ਵੱਡੀ ਕਮਜ਼ੋਰੀ ਇਸ ਵੇਲੇ ਇਹ ਹੈ ਕੇ ਉਸ ਦੇ ਆਗੂ ਪੰਜਾਬ ਨੂੰ ਦਰਪੇਸ਼ ਸਮੱਸਿਆਵਾਂ ਦਾ ਮੁੱਦਾ ਲੈ ਕੇ ਕੇਂਦਰ ਅਤੇ ਪੰਜਾਬ ਸਰਕਾਰ ਖਿਲਾਫ਼ ਕੋਈ ਠੋਸ ਮੁਹਿੰਮ ਨਹੀਂ ਛੇੜ ਸਕੇ ਹਨ। ਇਹੀ ਕਾਰਨ ਹੈ ਕਿ ਪਿਛਲੇ ਸਮੇਂ ਵਿੱਚ ਅਕਾਲੀ ਦਲ ਦਾ ਵਰਕਰ ਪਾਰਟੀ ਤੋਂ ਦੂਰ ਹੋਇਆ ਹੈ। ਇਸੇ ਰੁਝਾਨ ਦਾ ਨਤੀਜਾ ਹੈ ਕੇ ਪਾਰਟੀ ਦੇ ਅਕਾਲੀ ਦਲ ਦੇ ਆਗੂ ਰਾਜਸੀ ਤਾਕਤ ਹਾਸਲ ਕਰਨ ਲਈ ਕੇਂਦਰ ਜਾਂ ਪੰਜਾਬ ਦੀ ਸੱਤਾਧਾਰੀ ਪਾਰਟੀ ਵਿੱਚ ਸ਼ਾਮਲ ਹੋਣ ਨੂੰ ਤਰਜ਼ੀਹ ਦੇ ਰਹੇ ਹਨ।

ਅਕਾਲੀ ਦਲ ਦੀ ਸੀਨੀਅਰ ਲੀਡਰਸ਼ਿਪ ਦਾ ਕਾਫੀ ਹਿੱਸਾ ਪਹਿਲਾਂ ਹੀ ਸੁਖਬੀਰ ਸਿੰਘ ਬਾਦਲ ਖਿਲਾਫ਼ ਝੰਡਾ ਬੁਲੰਦ ਕਰ ਚੁੱਕਾ ਹੈ, ਜਿਸ ਨਾਲ ਹੇਠਲੇ ਪੱਧਰ ਦੀਆਂ ਅਕਾਲੀ ਸਫ਼ਾਂ ਵਿੱਚ ਮਾਯੂਸੀ ਦੇਖਣ ਨੂੰ ਮਿਲ ਰਹੀ ਹੈ।

ਦੂਜਾ ਜ਼ਿਮਨੀ ਚੋਣਾਂ ਮੌਕੇ ਅਕਾਲੀ ਦਲ ਦੇ ਸੰਭਾਵੀ ਉਮੀਦਵਾਰਾਂ ਦੇ ਪਾਰਟੀ ਨੂੰ ਛੱਡਣ ਨਾਲ ਅਕਾਲੀ ਦਲ ਨੂੰ ਸਿਆਸੀ ਨੁਕਸਾਨ ਹੋਣਾ ਲਾਜ਼ਮੀ ਹੈ। ਜੇਕਰ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਤੇ ਹੋਰ ਪੰਥਕ ਧੜਿਆਂ ਨੂੰ ਨਾਲ ਲੈ ਕੇ ਲੋਕ ਮੁੱਦਿਆਂ ਪ੍ਰਤੀ ਕੇਂਦਰ ਅਤੇ ਪੰਜਾਬ ਸਰਕਾਰ ਖ਼ਿਲਾਫ਼ ਸੰਘਰਸ਼ ਛੇੜਦੇ ਹਨ ਤਾਂ ਸਮਾਂ ਪਾ ਕੇ ਅਕਾਲੀ ਦਲ ਸਿਆਸੀ ਨੁਕਸਾਨ ਦੀ ਭਰਪਾਈ ਕਰਨ ਦੇ ਸਮਰੱਥ ਹੋ ਸਕਦਾ ਹੈ।

## -ਮਾਮਲਾ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਕਤਲ ਦਾ-

# ਭਾਈ ਭਿਉਰਾ ਦੀ ਅਦਾਲਤ ਨੇ ਜੇਲ੍ਹ ਤੋਂ ਰਿਹਾਈ ਦੀ ਅਰਜ਼ੀ ਕੀਤੀ ਖਾਰਜ

ਚੰਡੀਗੜ੍ਹ-ਚੰਡੀਗੜ੍ਹ ਪ੍ਰਸ਼ਾਸਨ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਕਤਲ ਕੇਸ ਵਿੱਚ ਸਜ਼ਾ ਕੱਟ ਰਹੇ ਪਰਮਜੀਤ ਸਿੰਘ ਭਿਉਰਾ ਦੀ ਸਜ਼ਾ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਹੈ। ਅਜਿਹੇ 'ਚ ਜ਼ਿਲ੍ਹਾ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ।

ਭਾਈ ਭਿਉਰਾ ਤੇ ਉਸ ਦੇ ਸਾਥੀਆਂ ਨੇ ਸਾਬਕਾ ਮੁੱਖ ਮੰਤਰੀ ਦਾ ਬੰਬ ਧਮਾਕੇ ਨਾਲ ਕਤਲ ਕਰ ਦਿੱਤਾ ਸੀ। ਭਿਓਰਾ ਇਸ ਮਾਮਲੇ ਵਿੱਚ 1997 ਤੋਂ ਜੇਲ੍ਹ ਵਿੱਚ ਬੰਦ ਹੈ। ਉਸ ਨੇ ਜੇਲ੍ਹ ਤੋਂ ਰਿਹਾਈ ਲਈ ਅਰਜ਼ੀ ਦਾਖ਼ਲ ਕੀਤੀ ਸੀ। ਪਰ ਜਦੋਂ ਪ੍ਰਸ਼ਾਸਨ ਨੇ ਕਈ ਮਹੀਨਿਆਂ ਤੱਕ ਉਸ ਬਾਰੇ ਕੋਈ ਫੈਸਲਾ ਨਹੀਂ ਲਿਆ ਤਾਂ ਉਸ ਦੇ ਵਕੀਲ ਨੇ ਉਸ ਨੂੰ ਅੰਤਰਿਮ ਜ਼ਮਾਨਤ ਦੇਣ ਦੀ ਮੰਗ ਕੀਤੀ।

ਪਰ ਹੁਣ ਬੁੜੈਲ ਜੇਲ੍ਹ ਦੇ ਵਧੀਕ ਸੁਪਰਡੈਂਟ ਨੇ ਅਦਾਲਤ ਵਿੱਚ ਪ੍ਰਸ਼ਾਸਨ ਦੇ ਫੈਸਲੇ ਦੀ ਕਾਪੀ ਪੇਸ਼ ਕੀਤੀ, ਜਿਸ ਵਿੱਚ ਦੱਸਿਆ ਗਿਆ ਕਿ ਪ੍ਰਸ਼ਾਸਨ ਨੇ ਭਿਉਰਾ ਦੀ ਜੇਲ੍ਹ ਵਿੱਚੋਂ ਰਿਹਾਈ ਦੀ ਮੰਗ ਨੂੰ ਰੱਦ ਕਰ



ਦਿੱਤਾ ਹੈ। ਅਜਿਹੇ ਵਿਚ ਅਦਾਲਤ ਨੇ ਦੋਸ਼ੀ ਦੇ ਜ਼ਮਾਨਤ ਬਾਂਡ ਨੂੰ ਸਵੀਕਾਰ ਕਰਨ ਤੋਂ ਇਨਕਾਰ ਕਰ ਦਿੱਤਾ।

ਜ਼ਿਕਰਯੋਗ ਹੈ ਕਿ 31 ਅਗਸਤ 1995 ਨੂੰ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਪੰਜਾਬ ਸਿਵਲ ਸਕੱਤਰੇਤ ਦੇ ਬਾਹਰ ਬੰਬ ਧਮਾਕੇ ਵਿੱਚ ਹੱਤਿਆ ਕਰ ਦਿੱਤੀ ਗਈ ਸੀ। ਇਸ ਘਟਨਾ ਨੂੰ ਬੱਬਰ ਖਾਲਸਾ ਇੰਟਰਨੈਸ਼ਨਲ ਨੇ ਅੰਜਾਮ ਦਿੱਤਾ ਸੀ। ਪੁਲਿਸ ਨੇ ਭਿਉਰਾ ਸਮੇਤ ਉਸ ਦੇ ਸਾਥੀਆਂ ਜਗਤਾਰ ਸਿੰਘ ਹਵਾਰਾ, ਜਗਤਾਰ ਸਿੰਘ ਤਾਰਾ ਅਤੇ ਕਈ ਹੋਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਇਹ ਸਾਰੇ ਇਸ ਸਮੇਂ ਜੇਲ੍ਹ ਵਿੱਚ ਸਜ਼ਾ ਕੱਟ ਰਹੇ ਹਨ।

## ਦਰਬਾਰ ਸਾਹਿਬ ਸਰ੍ਹਾਂ ਵਿਚ ਕਮਰਾ ਬੁਕਿੰਗ ਦੇ ਨਾਂ 'ਤੇ ਫਿਰ ਠੱਗੀ ਦਾ ਮਾਮਲਾ ਸਾਹਮਣੇ ਆਇਆ

### ○ ਸ਼੍ਰੋਮਣੀ ਕਮੇਟੀ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਤੱਕ ਕੀਤੀ ਪਹੁੰਚ




ਅੰਮ੍ਰਿਤਸਰ-ਸ੍ਰੀ ਦਰਬਾਰ ਸਾਹਿਬ ਆਉਣ ਵਾਲੇ ਸ਼ਰਧਾਲੂਆਂ ਲਈ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਗਈ ਸਾਰਾਗੜ੍ਹੀ ਸਰ੍ਹਾਂ ਨੂੰ ਲੈਕੇ ਇੱਕ ਵਾਰ ਮੁੜ ਤੋਂ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ। ਜਿਸ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਵੱਲੋਂ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਹੈ। ਸਾਈਬਰ ਠੱਗਾਂ ਦੇ ਵੱਲੋਂ ਸਾਰਾਗੜ੍ਹੀ ਸਰ੍ਹਾਂ ਦੀ ਜਾਅਲੀ ਵੈੱਬਸਾਈਟ ਬਣਾਈ ਗਈ ਹੈ ਜਿਸ ਦੇ ਜ਼ਰੀਏ ਸੰਗਤਾਂ ਨੂੰ ਲੁਟਿਆ ਜਾ ਰਿਹਾ ਹੈ। 6 ਮਹੀਨੇ ਪਹਿਲਾਂ ਵੀ ਇਹ ਮਾਮਲਾ ਸਾਹਮਣੇ ਆਇਆ ਸੀ ਜਿਸ ਤੋਂ ਬਾਅਦ ਕਮੇਟੀ ਵੱਲੋਂ ਪੁਲਿਸ ਨੂੰ ਸ਼ਿਕਾਇਤ ਕੀਤੀ ਗਈ ਸੀ ਪਰ ਹੁਣ ਮੁੜ ਤੋਂ ਠੱਗੀ ਦਾ ਮਾਮਲਾ ਸਾਹਮਣੇ ਆਇਆ ਹੈ।

ਸ਼੍ਰੋਮਣੀ ਕਮੇਟੀ ਦਾ ਕਹਿਣਾ ਹੈ ਠੱਗ ਜਾਅਲੀ ਵੈੱਬਸਾਈਟ 'ਤੇ ਬੁਕਿੰਗ ਕਰਦਾ ਹੈ ਅਤੇ ਫਿਰ ਪੈਸੇ ਲੈਂਦਾ ਹੈ, ਪਹਿਲਾਂ ਵੀ ਉਸ ਦੀ ਵੈੱਬਸਾਈਟ ਨੂੰ ਬਲਾਕ ਕੀਤਾ ਗਿਆ ਸੀ ਪਰ ਹੁਣ ਮੁੜ ਤੋਂ ਉਸ ਨੇ ਇਹ ਕੰਮ ਸ਼ੁਰੂ ਕਰ ਦਿੱਤਾ ਹੈ। ਸੰਗਤਾਂ ਦੀ ਸ਼ਿਕਾਇਤ ਤੋਂ ਬਾਅਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਮ੍ਰਿਤਸਰ ਦੇ ਪੁਲਿਸ ਕਮਿਸ਼ਨਰ ਤੱਕ ਪਹੁੰਚ ਕੀਤੀ ਜਿੰਨਾਂ ਨੇ ਕਾਰਵਾਈ ਕਰਨ ਦਾ ਭਰੋਸਾ ਦਿੱਤਾ ਹੈ। ਸਰ੍ਹਾਂ ਨੂੰ ਆਨਲਾਈਨ ਇਸ ਲਈ ਕੀਤਾ ਗਿਆ ਸੀ ਤਾਂ ਕਿ ਸੰਗਤਾਂ ਨੂੰ ਕੋਈ ਪਰੇਸ਼ਾਨੀ ਨਾ ਹੋਵੇ ਅਤੇ ਸਿਰਫਿਰੇ ਅਤੇ ਲਾਲਚੀ ਲੋਕ ਗੁਰੂ ਘਰ ਵਿੱਚ ਵੀ ਠੱਗੀ ਮਾਰਨ ਤੋਂ ਬਾਜ਼ ਨਹੀਂ ਆ ਰਹੇ ਹਨ।

## ਬੇਅਦਬੀ ਦਾ ਇਨਸਾਫ ਨਾ ਮਿਲਣ ਕਾਰਨ ਸਿੱਖ ਜਥੇਬੰਦੀਆਂ ਵਿਖੇ 1 ਸਤੰਬਰ ਨੂੰ ਰੋਸ ਮਾਰਚ ਕਰਨਗੀਆਂ



ਜਲੰਧਰ-ਸਿੱਖ ਸੰਗਤਾਂ ਨੂੰ ਬਰਗਾੜੀ ਬੇਅਦਬੀ ਮਾਮਲੇ ਅਤੇ ਕੋਟਕਪੂਰਾ ਤੇ ਬਹਿਬਲ ਗੋਲੀਕਾਂਡ ਦੇ ਮਾਮਲਿਆਂ ਨੂੰ ਲੈ ਕੇ ਸੁਖਜੀਤ ਸਿੰਘ, ਭਾਈ ਮੱਖਣ ਸਿੰਘ ਮੁਸਾਫਿਰ, ਭਾਈ ਰੁਪਿੰਦਰ ਸਿੰਘ ਪੰਜਗਰਾਈ ਵੱਲੋਂ ਪ੍ਰੈਸ ਕਾਨਫਰੰਸ ਕਰਦਿਆਂ ਐਲਾਨ ਕੀਤਾ ਕਿ 1 ਸਤੰਬਰ ਤੋਂ ਕੋਟਕਪੂਰਾ ਦੇ ਬੱਤੀਆਂ ਵਾਲਾ ਚੌਕ ਵਿਖੇ ਰੋਸ ਕੀਤਾ ਜਾਵੇਗਾ। ਇਹ ਉਹੀ ਜਗਾ ਹੈ ਜਿੱਥੇ ਇਹ ਕੋਟਕਪੂਰਾ ਗੋਲੀਕਾਂਡ ਵਾਪਰਿਆ ਸੀ। 1 ਸਤੰਬਰ ਨੂੰ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਹੈ, ਜਿਸ ਦਿਨ ਰੋਸ ਜਤਾਉਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਵੀ ਪਿਛਲੀਆਂ ਸਰਕਾਰਾਂ ਵਾਂਗ ਹੀ ਨਿਕਲੀ ਹੈ। ਇਹ ਸਰਕਾਰ ਵੀ ਸਿੱਖਾਂ ਨੂੰ ਇਨਸਾਫ ਨਹੀਂ ਦਵਾ ਸਕੀ ਹੈ। ਇਸ ਸਰਕਾਰ ਨੇ ਇਨਸਾਫ ਲਈ ਕੋਈ ਵੀ ਕਦਮ ਨਹੀਂ ਚੁੱਕਿਆ ਹੈ। ਇਸ ਦੇ ਉੱਲਟ ਡੇਰਾ ਸੱਚਾ ਸੌਦਾ ਦੇ ਮੁੱਖੀ ਤੋਂ ਪੁੱਛਗਿੱਛ ਦੀ ਕੋਈ ਮਨਜ਼ੂਰੀ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਪ੍ਰਦੀਪ ਕਲੇਰ ਨੂੰ ਕਰੀਬ 9 ਸਾਲਾ ਬਾਅਦ ਗ੍ਰਿਫਤਾਰ ਕਰਕੇ ਇਕ ਹੀਰੋ ਦੀ ਤਰ੍ਹਾਂ ਪੇਸ਼ ਕੀਤਾ ਹੈ। ਉਨ੍ਹਾਂ ਕਿਹਾ ਕਿ ਦੋ ਹੋਰ ਭਗੌੜੇ ਹਰਸ਼ ਧੂਰੀ ਅਤੇ ਸੰਦੀਪ ਬਰੇਟਾ ਨੂੰ ਗ੍ਰਿਫਤਾਰ ਨਹੀਂ ਕੀਤਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਦੀ ਸੁਣਵਾਈ ਚੰਡੀਗੜ੍ਹ ਤਬਦੀਲ ਕਰ ਦਿੱਤੀ ਗਈ ਹੈ ਪਰ ਪੰਜਾਬ ਸਰਕਾਰ ਦੇ ਵਕੀਲਾਂ ਨੇ ਇਸ ਦੇ ਕੋਈ ਵਿਰੋਧ ਨਹੀਂ ਕੀਤਾ। ਉਨ੍ਹਾਂ ਪੰਥ ਦਰਦੀਆਂ ਨਾਲ ਵਿਚਾਰਾਂ ਕਰਕੇ ਇਨਸਾਫ ਲਈ ਇਕ ਜੁੱਟ ਹੋ ਕੇ ਅਗਲੇ ਸੰਘਰਸ਼ ਦੀ ਰੂਪਰੇਖਾ ਤਿਆਰ ਕਰਨ ਦੀ ਵੀ ਗੱਲ ਕਹੀ ਹੈ। ਉਨ੍ਹਾਂ ਨੇ ਪੰਥ ਦਰਦੀਆਂ ਨੂੰ ਇਸ ਰੋਸ ਸਮਾਗਮ ਵਿੱਚ ਸ਼ਾਮਲ ਹੋਣ ਦੀ ਅਪੀਲ ਕੀਤੀ ਹੈ।

# ਰਾਜ ਸਭਾ ਵਿਚ ਭਾਜਪਾ ਦੀ ਤਾਕਤ ਵਧੀ

### ○ ਚੋਣਾਂ ਤੋਂ ਪਹਿਲਾਂ ਪੰਜ ਉਮੀਦਵਾਰ ਬਿਨਾਂ ਮੁਕਾਬਲਾ ਜਿੱਤੇ; ਬਿੱਟੂ ਵੀ ਬਣੇ ਰਾਜ ਸਭਾ ਦੇ ਮੈਂਬਰ

ਜੈਪੁਰ-ਕੇਂਦਰੀ ਰਾਜ ਮੰਤਰੀ ਅਤੇ ਭਾਜਪਾ ਆਗੂ ਰਵਨੀਤ ਸਿੰਘ ਬਿੱਟੂ ਨੇ ਰਾਜ ਸਭਾ ਚੋਣ ਬਿਨਾਂ ਮੁਕਾਬਲਾ ਜਿੱਤ ਲਈ ਹੈ। 27 ਅਗਸਤ ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ ਸੀ। ਰਾਜ ਸਭਾ ਉਪ ਚੋਣ ਲਈ ਤਿੰਨ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਦਾਖ਼ਲ ਕੀਤੇ ਸਨ। ਇਨ੍ਹਾਂ ਵਿੱਚੋਂ ਇੱਕ ਭਾਜਪਾ ਦਾ ਡਮੀ ਉਮੀਦਵਾਰ ਸੀ।

ਆਜ਼ਾਦ ਉਮੀਦਵਾਰ ਬਬੀਤਾ ਵਾਧਵਾਨੀ ਦੇ ਨਾਮਜ਼ਦਗੀ ਪੱਤਰ 22 ਅਗਸਤ ਨੂੰ ਪੜਤਾਲ ਦੌਰਾਨ ਰੱਦ ਕਰ ਦਿੱਤੇ ਗਏ ਸਨ। ਭਾਜਪਾ ਦੇ ਡੰਮੀ ਉਮੀਦਵਾਰ ਸੁਨੀਲ ਕੋਠਾਰੀ ਨੇ ਬੀਤੇ ਸ਼ੁੱਕਰਵਾਰ ਨੂੰ ਆਪਣਾ ਨਾਮਜ਼ਦਗੀ ਪੱਤਰ ਵਾਪਸ ਲੈ ਲਿਆ। ਇਸ ਤੋਂ ਬਾਅਦ ਰਵਨੀਤ ਸਿੰਘ ਬਿੱਟੂ ਨੂੰ ਜੇਤੂ ਐਲਾਨਿਆ ਗਿਆ।

### ਕਾਂਗਰਸ ਨੇ ਉਮੀਦਵਾਰ ਨਹੀਂ ਖੜ੍ਹਾ ਕੀਤਾ

ਰਾਜਸਥਾਨ ਵਿਧਾਨ ਸਭਾ ਦੇ ਪ੍ਰਮੁੱਖ ਸਕੱਤਰ ਅਤੇ ਚੋਣ ਅਧਿਕਾਰੀ ਮਹਾਵੀਰ ਪ੍ਰਸਾਦ ਸ਼ਰਮਾ ਨੇ ਬੀਤੇ ਮੰਗਲਵਾਰ ਨੂੰ ਬਿੱਟੂ ਦੇ ਅਧਿਕਾਰਤ ਚੋਣ ਏਜੰਟ ਯੋਗੇਂਦਰ ਸਿੰਘ ਤੰਵਰ ਨੂੰ ਸਰਟੀਫਿਕੇਟ ਭੇਟ ਕੀਤਾ। ਵਿਰੋਧੀ



ਧਿਰ ਕਾਂਗਰਸ ਨੇ ਉਪ ਚੋਣ ਵਿੱਚ ਆਪਣਾ ਉਮੀਦਵਾਰ ਨਾ ਉਤਾਰਨ ਦਾ ਫੈਸਲਾ ਕੀਤਾ ਸੀ।

### ਰਾਜਸਥਾਨ ਵਿੱਚ ਰਾਜ ਸਭਾ ਦੀਆਂ ਕੁੱਲ 10 ਸੀਟਾਂ ਹਨ

ਤੁਹਾਨੂੰ ਦੱਸ ਦੇਈਏ ਕਿ ਇਹ ਚੋਣ ਕਾਂਗਰਸ ਦੇ ਕੇਸੀ ਵੇਣੂਗੋਪਾਲ ਵੱਲੋਂ ਲੋਕ ਸਭਾ ਚੋਣਾਂ ਜਿੱਤਣ ਤੋਂ ਬਾਅਦ ਰਾਜ ਸਭਾ ਮੈਂਬਰ ਦੇ ਅਹੁਦੇ ਤੋਂ ਅਸਤੀਫਾ ਦੇਣ ਤੋਂ ਬਾਅਦ ਖਿਲੀ ਹੋਈ ਹੈ। ਰਾਜਸਥਾਨ ਦੀ ਇਸ ਸੀਟ 'ਤੇ ਮੈਂਬਰਸ਼ਿਪ ਦਾ ਕਾਰਜਕਾਲ 21 ਜੂਨ 2026 ਤੱਕ ਹੋਵੇਗਾ। ਰਾਜਸਥਾਨ ਵਿੱਚ ਰਾਜ ਸਭਾ ਦੀਆਂ ਕੁੱਲ 10 ਸੀਟਾਂ ਹਨ। ਬਿੱਟੂ ਦੀ ਚੋਣ ਤੋਂ ਬਾਅਦ ਹੁਣ ਭਾਜਪਾ ਅਤੇ ਕਾਂਗਰਸ ਕੋਲ ਪੰਜ-ਪੰਜ ਰਾਜ ਸਭਾ ਮੈਂਬਰ ਹਨ।

### ਕੌਣ ਕਿੱਥੋਂ ਜਿੱਤਿਆ

ਹਰਿਆਣਾ ਵਿੱਚ ਕਿਰਨ ਚੌਧਰੀ, ਬਿਹਾਰ ਵਿੱਚ ਉਪੇਂਦਰ ਕੁਸ਼ਵਾਹਾ, ਮਨਨ ਮਿਸ਼ਰਾ ਅਤੇ ਮੱਧ ਪ੍ਰਦੇਸ਼ ਤੋਂ ਭਾਜਪਾ ਆਗੂ ਜਾਰਜ ਕੁਰੀਅਨ ਬਿਨਾਂ ਮੁਕਾਬਲਾ ਚੋਣ ਜਿੱਤ ਗਏ ਹਨ। ਸਾਰਿਆਂ ਨੂੰ ਚੋਣ ਸਰਟੀਫਿਕੇਟ ਮਿਲ ਚੁੱਕੇ ਹਨ। ਨੌਂ ਰਾਜਾਂ ਦੀਆਂ ਕੁੱਲ 12 ਰਾਜ ਸਭਾ ਸੀਟਾਂ 'ਤੇ 3 ਸਤੰਬਰ ਨੂੰ ਉਪ ਚੋਣਾਂ ਹੋਣੀਆਂ ਹਨ। ਅਸਾਮ, ਮਹਾਰਾਸ਼ਟਰ ਅਤੇ ਬਿਹਾਰ ਦੀਆਂ ਦੋ-ਦੋ ਸੀਟਾਂ ਅਤੇ ਹਰਿਆਣਾ, ਮੱਧ ਪ੍ਰਦੇਸ਼, ਤ੍ਰਿਪੁਰਾ, ਰਾਜਸਥਾਨ, ਉੜੀਸਾ ਅਤੇ ਤੇਲੰਗਾਨਾ ਦੀ ਇੱਕ-ਇੱਕ ਸੀਟ 'ਤੇ ਚੋਣਾਂ ਹੋਣੀਆਂ ਹਨ।

# ਡਿੰਪੀ ਢਿੱਲੋਂ ਆਪ ਪਾਰਟੀ ਦੇ ਹੋਏ, ਭਗਵੰਤ ਮਾਨ ਨੇ ਕੀਤਾ ਸਵਾਗਤ-*ਸੁਖਬੀਰ ਦੀਆਂ ਸਿਆਸੀ ਮੁਸ਼ਕਲਾਂ ਵਧੀਆ





ਗਿੱਦੜਬਾਹਾ : ਪੰਜਾਬ ਦੇ ਗਿੱਦੜਬਾਹਾ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿਣ ਵਾਲੇ ਸੁਖਬੀਰ ਬਾਦਲ ਦੇ ਹਲਕਾ ਇੰਚਾਰਜ ਅਤੇ ਨਜ਼ਦੀਕੀ ਹਰਦੀਪ ਸਿੰਘ ਡਿੰਪੀ ਢਿੱਲੋਂ ਆਮ ਆਦਮੀ ਪਾਰਟੀ (ਆਪ) ਵਿੱਚ ਸ਼ਾਮਲ ਹੋ ਗਏ ਹਨ। ਉਨ੍ਹਾਂ ਨੂੰ ਪਾਰਟੀ ਵਿੱਚ ਸ਼ਾਮਲ ਕਰਵਾਉਣ ਲਈ ਸੀਐਮ ਭਗਵੰਤ ਮਾਨ ਖੁਦ ਗਿੱਦੜਬਾਹਾ ਪੁੱਜੇ ਸਨ।

ਇਸ ਮੌਕੇ ਡਿੰਪੀ ਨੇ ਕਿਹਾ ਕਿ ਉਨ੍ਹਾਂ ਨੇ 38 ਸਾਲ ਪੰਥ ਦੀ ਸੇਵਾ ਕੀਤੀ ਹੈ। ਉਨ੍ਹਾਂ ਨੇ ਕਿਹਾ ਕਿ ਹੁਣ ਮੇਰੇ 'ਤੇ ਕਈ ਤਰ੍ਹਾਂ ਦੇ ਦੋਸ਼ ਲਗਾਏ ਜਾ ਰਹੇ ਹਨ। ਉਨ੍ਹਾਂ ਨੇ ਕਿਹਾ ਕਿ ਕਿਹਾ ਜਾ ਰਿਹਾ ਹੈ ਕਿ ਦੋ ਮਹੀਨਿਆਂ ਤੋਂ ਆਮ ਆਦਮੀ ਪਾਰਟੀ ਨਾਲ ਉਨ੍ਹਾਂ ਦੀਆਂ ਮੀਟਿੰਗਾਂ ਚੱਲ ਰਹੀਆਂ ਸਨ।

ਡਿੰਪੀ ਨੇ ਦੱਸਿਆ ਕਿ 5 ਦਿਨ ਪਹਿਲਾਂ ਉਸ ਨੂੰ ਸੀਐਮ ਸਾਹਿਬ ਦੇ ਓਐਸਡੀ ਰਾਜਬੀਰ ਸਿੰਘ ਦਾ ਫੋਨ ਆਇਆ ਸੀ। ਉਨ੍ਹਾਂ ਨਾਲ ਗੱਲਬਾਤ ਕਰਨ ਤੋਂ ਬਾਅਦ ਮੈਂ 'ਆਪ' ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਕਿਹਾ ਕਿ ਪੰਜ ਦਿਨ ਪਹਿਲਾਂ ਹੀ ਮੇਰੀ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੁਲਾਕਾਤ ਹੋਈ ਸੀ।

ਉਨ੍ਹਾਂ ਨੇ ਕਿਹਾ ਕਿ ਮੈਂ ਬਿਨ੍ਹਾਂ ਲੋਭ ਲਾਲਚ ਤੋਂ ਪੰਥ ਦੀ ਸੇਵਾ ਕੀਤੀ ਨਾ ਹੀ ਮੇਰੀ ਸਿਆਸਤ ਕਰਨ ਦੀ ਕੋਈ ਇੱਛਾ ਸੀ। ਉਨ੍ਹਾਂ ਨੇ ਕਿਹਾ ਹੈ ਕਿ ਮੈ ਹੇਠਲੇ ਪੱਧਰ ਤੋਂ ਉੱਠ ਕੇ ਆਇਆ ਹਾਂ।

ਉਨ੍ਹਾਂ ਨੇ ਕਿਹਾ ਹੈ ਕਿ ਅਕਾਲੀ ਦਲ ਨੇ ਮੇਰੇ ਉੱਤੇ ਤੋਹਮਤਾਂ ਲਗਾਈਆਂ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਮਨਪ੍ਰੀਤ ਬਾਦਲ ਕਰਕੇ ਪਾਰਟੀ ਛੱਡੀ । ਉਨ੍ਹਾਂ ਨੇ ਕਿਹਾ ਹੈ ਕਿ ਮੇਰੇ ਸਾਰੇ ਵਰਕਰ ਵੀ ਆਮ ਆਦਮੀ ਪਾਰਟੀ ਵਿੱਚ ਸਾਮਿਲ ਹੋ ਗਏ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਮੈਨੂੰ ਤਾਂ ਤਿੰਨ ਹੀ ਨਾਮ ਆਉਂਦੇ ਸੀ। ਉਨ੍ਹਾਂ ਨੇ ਕਿਹਾ ਹੈ ਕਿ ਮਾਨ ਸਾਬ ਮੇਰੇ ਵਰਕਰਾਂ ਨੂੰ ਸੰਭਾਲ ਕੇ ਰੱਖਿਓ।

**ਮਨਪ੍ਰੀਤ ਬਾਦਲ 'ਤੇ ਸਾਧਿਆ ਨਿਸ਼ਾਨਾ**

ਇਸ ਦੌਰਾਨ ਮੁੱਖ ਮੰਤਰੀ ਮਾਨ ਨੇ ਸੁਖਬੀਰ ਸਿੰਘ ਬਾਦਲ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਬਾਦਲ ਕਦੇ 25 ਸਾਲ ਰਾਜ ਕਰਨ ਦੀਆਂ ਗੱਲਾਂ ਕਰਿਆ ਕਰਦੇ ਸਨ ਪਰ ਅੱਜ ਉਨ੍ਹਾਂ ਦੇ ਕੋਲ 25 ਬੰਦੇ ਵੀ ਨਹੀਂ ਹਨ।

ਉਨ੍ਹਾਂ ਨੇ ਕਿਹਾ ਹੈ ਕਿ ਜਦੋਂ ਮਨਪ੍ਰੀਤ ਸਿੰਘ ਬਾਦਲ ਨੇ ਪਾਰਟੀ ਬਣਾਈ ਸੀ ਤਾਂ ਉਨ੍ਹਾਂ ਨੇ ਕਿਹਾ ਹੈ ਕਿ ਜੋ ਪੰਜਾਬ ਨੂੰ ਬਚਾਉਣਾ ਚਾਹੁੰਦੇ ਹਨ ਤਾਂ ਪਾਰਟੀ ਵਿੱਚ ਆਓ। ਉਨ੍ਹਾਂ ਨੇ ਕਿਹਾ ਇਸੇ ਕਰਕੇ ਮੈਂ ਪੀਪਲਜ਼ ਪਾਰਟੀ ਵਿੱਚ ਗਿਆ ਸੀ। ਮਾਨ ਨੇ ਕਿਹਾ ਹੈ ਕਿ ਮਨਪ੍ਰੀਤ ਬਾਦਲ ਫਿਰ ਆਪਣੀ ਪਾਰਟੀ ਖਤਮ ਕਰਕੇ ਕਾਂਗਰਸ ਵਿੱਚ ਚਲੇ ਗਏ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਆਮ ਆਦਮੀ ਪਾਰਟੀ ਵਿੱਚ ਆ ਕੇ ਕੰਮ ਕੀਤਾ ਫਿਰ ਲੋਕਾਂ ਨੇ ਮੈਨੂੰ ਐੱਮਪੀ ਜਿਤਾ ਕੇ ਭੇਜਿਆ। ਉਨ੍ਹਾਂ ਨੇ ਕਿ ਸਾਡੀ ਪਾਰਟੀ ਲੋਕਾਂ ਨਾਲ ਜੁੜੀ ਹੋਈ ਹੈ। ਉਨ੍ਹਾਂ ਨੇ ਕਿਹਾ ਹੈ ਕਿ ਮੈਂ ਹੇਠਲੇ ਪੱਧਰ ਤੋਂ ਆਇਆ ਹਾਂ।

ਉਨ੍ਹਾਂ ਨੇ ਕਿਹਾ ਹੈ ਕਿ ਡਿੰਪੀ ਢਿੱਲੋਂ ਹੇਠਲੇ ਪੱਧਰ ਤੋਂ ਉੱਠ ਕੇ ਆਇਆ ਹੈ ਹੁਣ ਇਹ ਸੇਵਾ ਕਰਨਾ ਚਾਹੁੰਦਾ ਹੈ। ਪੰਜਾਬ ਦੇ ਰਾਜਨੀਤਕ ਹਲਕਿਆਂ ਦਾ ਮੰਨਣਾ ਹੈ ਕਿ ਸੁਖਬੀਰ ਬਾਦਲ ਲਈ ਰਾਜਨੀਤਿਕ ਮੁਸ਼ਕਲਾਂ ਵਧ ਜਾਣਗੀਆਂ। ਪਾਰਟੀ ਹੋਰ ਕਮਜ਼ੋਰ ਹੋਵੇਗੀ।

## ਐਡਵੋਕੇਟ ਸ੍ਰ: ਸਿਮਰਨਜੀਤ ਸਿੰਘ ਦਾ ਡਰਬੀ ਦੇ ਗੁਰੂ ਘਰਾਂ ਵੱਲੋਂ ਸਨਮਾਨ







**ਡਰਬੀ-ਐਡਵੋਕੇਟ ਸ੍ਰ ਸਿਮਰਨਜੀਤ ਸਿੰਘ ਜੀ ਨੂੰ ਸ੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਯੂ ਕੇ ਯੂਨਿਟ ਵਲੋ ਡਰਬੀ ਗੁਰੂ ਅਰਜਨ ਦੇਵ ਸਾਹਿਬ ਅਤੇ ਸ੍ਰੀ ਗੁਰੂ ਸਿੰਘ ਸਭਾ, ਗੁਰਦੁਆਰਾ ਸਾਹਿਬ ਵਿਖੇ ਸਨਮਾਨਿਤ ਕੀਤਾ ਗਿਆ। ਤਸਵੀਰ ਵਿੱਚ ਖੜੇ ਸੱਜਣ ਸ੍ਰ ਤਰਸੇਮ ਸਿੰਘ ਮੰਡੇਰ, ਸ੍ਰ ਭੁਪਿੰਦਰ ਸਿੰਘ ਜੌਹਲ, ਸ੍ਰ ਮਨਜੀਤ ਸਿੰਘ ਸਮਰਾ, ਐਡਵੋਕੇਟ ਸਾਬ੍ਹ, ਸ੍ਰ ਇਕਬਾਲ ਸਿੰਘ, ਸ੍ਰ ਜਸਪਾਲ ਸਿੰਘ ਵਡਾਲਾ ਸਾਬ੍ਹ, ਸ੍ਰ ਸਰਬਜੀਤ ਸਿੰਘ ਕੁਨਰ ਅਤੇ ਸ੍ਰ ਸਤਿੰਦਰਪਾਲ ਸਿੰਘ ਜੀ। ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਐਡਵੋਕੇਟ ਸ੍ਰ ਸਿਮਰਨਜੀਤ ਸਿੰਘ ਨੂੰ ਸਨਮਾਨਿਤ ਕਰਦੇ ਹੋਏ ਸ੍ਰ: ਰਾਜਿੰਦਰ ਸਿੰਘ ਪੁਰੇਵਾਲ, ਸ: ਹਰਚਰਨ ਸਿੰਘ ਬੋਲਾ, ਜਥੇਦਾਰ ਗੁਰਦੇਵ ਸਿੰਘ ਹਰੀਆਂਵੇਲਾਂ ਵਾਲੇ ਤੇ ਹੋਰ ।ਪਾਰਟੀ ਦੀ ਭਵਿੱਖਤ ਰਾਜਨੀਤੀ ਅਤੇ ਰਣਨੀਤੀ ਅਤੇ ਪੰਥਕ ਮਸਲਿਆ ਵਾਰੇ ਖੁੱਲ ਕੇ ਪਾਰਦਰਸ਼ੀ ਮਾਹੌਲ ਵਿੱਚ ਵਿਚਾਰਾ ਕੀਤੀਆ ਗਈਆ। Thetford Elveden State of ਮਹਾਰਾਜ ਦਲੀਪ ਸਿੰਘ ਦੀ ਸਮਾਧ ਉਪਰ ਸਰਧਾ ਫੁੱਲ ਭੇਟ ਕਰਨ ਵਕਤ ਦੀ ਤਸਵੀਰ।**

## ਸਾਬਕਾ ਸੰਸਦ ਤਰਲੋਚਨ ਸਿੰਘ ਦਾ ਲੰਡਨ ਵਿੱਚ ਸਨਮਾਨ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਬਕਾ ਰਾਜ ਸਭਾ ਮੈਂਬਰ ਅਤੇ ਘੱਟ ਗਿਣਤੀ ਕਮਿਸ਼ਨ ਦੇ ਸਾਬਕਾ ਚੇਅਰਮੈਨ ਤਰਲੋਚਨ ਸਿੰਘ ਇੰਗਲੈਂਡ ਦੇ ਨਿੱਜੀ ਦੌਰੇ 'ਤੇ ਹਨ। ਇਸ ਦੌਰਾਨ ਉਹਨਾਂ ਦਾ ਲੰਡਨ ਵਿੱਚ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਹ ਸਨਮਾਨ ਲਾਰਡ ਰੰਮੀ ਰੇਂਜ਼ਰ ਵੱਲੋਂ ਹਾਊਸ ਆਫ ਲਾਰਡ ਦਾ ਸਕਾਰਫ ਭੇਂਟ ਕਰਕੇ ਕੀਤਾ ਗਿਆ। ਲਾਰਡ ਰੇਂਜ਼ਰ ਨੇ ਇਸ ਨਿੱਜੀ ਮੁਲਾਕਾਤ ਸਬੰਧੀ ਅਜੀਤ ਨਾਲ ਗੱਲ ਕਰਦਿਆਂ ਕਿਹਾ ਕਿ ਸ: ਤਰਲੋਚਨ ਸਿੰਘ ਉਹ ਆਗੂ ਹਨ ਜਿਹਨਾਂ ਨੇ ਹਮੇਸ਼ਾਂ ਸਿੱਖ ਕੌਮ ਦੀ ਚੜ੍ਹਦੀ ਕਲਾ ਦੀ ਗੱਲ ਕੀਤੀ ਹੈ ਅਤੇ ਭਾਈਚਾਰਕ ਸਾਂਝਾਂ ਨੂੰ ਮਜ਼ਬੂਤ ਰੱਖਣ ਦਾ ਸੁਨੇਹਾ ਦਿੱਤਾ ਹੈ। ਸ: ਤਰਲੋਚਨ ਸਿੰਘ ਨੇ ਕਿਹਾ ਕਿ ਸਾਡੇ ਲਈ ਮਾਣ ਵਾਲੀ ਗੱਲ ਹੈ ਕਿ ਅੱਜ ਬਰਤਾਨੀਆਂ ਦੀ ਸੰਸਦ ਦੇ ਦੋਵੇਂ ਸਦਨਾਂ ਵਿੱਚ ਸਿੱਖ ਮੈਂਬਰ ਹਨ।



ਸ: ਤਰਲੋਚਨ ਸਿੰਘ ਦਾ ਸਨਮਾਨ ਕਰਦੇ ਹੋਏ ਲਾਰਡ ਰੰਮੀ ਰੇਂਜ਼ਰ

## ਕੈਨੇਡਾ ਵਿਚ ਖਾਲਿਸਤਾਨੀ ਦੀ ਜਾਨ ਨੂੰ ਖਤਰਾ ਪੁਲੀਸ ਨੇ ਨਿੱਝਰ ਦੇ ਸਾਥੀ ਗੋਸਲ ਨੂੰ ਕੀਤਾ ਸਾਵਧਾਨ



ਚੰਡੀਗੜ੍ਹ-ਕੈਨੇਡੀਅਨ ਪੁਲੀਸ ਨੇ ਸਿੱਖ ਵੱਖਵਾਦੀ ਆਗੂ ਹਰਦੀਪ ਸਿੰਘ ਨਿੱਝਰ ਦੇ ਸਾਥੀ ਰਹੇ ਇੰਦਰਜੀਤ ਸਿੰਘ ਗੋਸਲ ਨੂੰ ਉਸ ਦੀ ਜਾਨ ਨੂੰ ਖ਼ਤਰੇ ਦੀ ਚਿਤਾਵਨੀ ਦਿੱਤੀ ਹੈ। ਗੋਸਲ ਨੂੰ ਇਸ ਹਫਤੇ 'ਡਿਊਟੀ ਟੂ ਵਾਰਨ' ਨੋਟਿਸ ਜਾਰੀ ਕੀਤਾ ਗਿਆ। ਗੋਸਲ ਸਿੱਖ ਵੱਖਵਾਦੀ ਖਾਲਿਸਤਾਨੀ ਨੇਤਾ ਹਰਦੀਪ ਸਿੰਘ ਨਿੱਝਰ ਦਾ ਸਹਿਯੋਗੀ ਸੀ, ਜਿਸ ਨੂੰ ਜੂਨ 2023 ਵਿੱਚ ਗੋਲੀ ਮਾਰ ਦਿੱਤੀ ਗਈ ਸੀ। ਨਿੱਝਰ ਦੀ ਹੱਤਿਆ ਤੋਂ ਬਾਅਦ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕਤਲ ਵਿੱਚ ਭਾਰਤ ਸਰਕਾਰ ਦੀ ਸ਼ਮੂਲੀਅਤ ਦੇ ਦੋਸ਼ਾਂ ਕਾਰਨ ਕੈਨੇਡਾ ਅਤੇ ਭਾਰਤ ਦਰਮਿਆਨ ਤਣਾਅ ਵਧ ਗਿਆ। ਪੁਲੀਸ ਨੇ ਇਸ ਤੋਂ ਬਾਅਦ ਚਾਰ ਵਿਅਕਤੀਆਂ 'ਤੇ ਹੱਤਿਆ ਦਾ ਦੋਸ਼ ਲਗਾਇਆ ਸੀ। ਭਾਰਤ ਨੇ ਗੋਲੀਬਾਰੀ ਨਾਲ ਕਿਸੇ ਵੀ ਤਰ੍ਹਾਂ ਦੇ ਸਬੰਧ ਹੋਣ ਤੋਂ ਇਨਕਾਰ ਕੀਤਾ ਸੀ।

# ਜਥੇਦਾਰ ਗੁਰਦੇਵ ਸਿੰਘ ਬਾਬਾ ਫ਼ਤਹਿ ਸਿੰਘ ਅਖਾੜਾ ਹਰੀਆਂ ਵੇਲਾ ਵਾਲੇ ਵੱਲੋਂ ਨੈਸ਼ਨਲ ਸਿੱਖ ਮਿਊਜ਼ੀਅਮ ਵਿਚ ਸਿੱਖ ਇਤਿਹਾਸ ਨੂੰ ਸੰਭਾਲਣ ਦੇ ਉੱਦਮ ਦੀ ਸ਼ਲਾਘਾ





ਡਰਬੀ-(ਪੰਜਾਬ ਟਾਈਮਜ਼)- ਜਥੇਦਾਰ ਗੁਰਦੇਵ ਸਿੰਘ ਹਰੀਆਂਵੇਲਾ ਵਾਲੇ ਪਿਛਲੇ ਹਫ਼ਤੇ ਸਿੰਘ ਸਭਾ ਗੁਰਦੁਆਰਾ ਡਰਬੀ ਵਿਖੇ ਪਹੁੰਚੇ। ਉਹਨਾਂ ਨੇ ਪਹਿਲਾਂ ਸਿੱਖ ਮਿਊਜ਼ੀਅਮ ਦੇਖਿਆ ਉਪਰੰਤ ਐਤਵਾਰ ਵਾਲੇ ਦੀਵਾਨ ਵਿੱਚ ਪੁਰਾਤਨ ਸਿੱਖ ਇਤਿਹਾਸ ਤੇ 1984 ਤੋਂ ਬਾਅਦ ਕੀਤੀਆਂ ਸੇਵਾਵਾਂ ਬਾਰੇ ਜਾਣਕਾਰੀ ਸਾਂਝੀ ਕੀਤੀ। ਉਹਨਾਂ ਦੱਸਿਆ ਕਿ ਲੰਮਾ ਸਮਾਂ ਜੇਲ੍ਹ ਵਿੱਚ ਰਹਿਣਾ ਪਿਆ। ਪੁਲੀਸ ਵੱਲੋਂ ਬਹੁਤ ਜ਼ੁਲਮ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਸਮੂਹ ਸਿੱਖ ਸੰਸਥਾਵਾਂ ਨੂੰ ਪੰਥ ਦੀ ਚੜ੍ਹਦੀ ਕਲਾ ਲਈ ਇਕੱਠੇ ਹੋਣ ਦੀ ਅਪੀਲ ਕੀਤੀ। ਭਾਰਤ ਸਰਕਾਰ ਦੀਆਂ ਏਜੰਸੀਆਂ ਝੂਠੀਆਂ ਖਬਰਾਂ ਲਾ ਕੇ ਦੂਰੀਆਂ ਵਧਾ ਰਹੀਆਂ ਹਨ। ਉਸ ਤੋਂ ਬਾਅਦ ਉਨ੍ਹਾਂ ਨੇ ਖਾਲਸਾ ਦਰਬਾਰ ਗੁਰੂਘਰ ਵਿਖੇ ਕਥਾ ਰਾਹੀ ਸੰਗਤਾਂ ਨੂੰ ਗੁਰਬਾਣੀ ਤੇ ਇਤਿਹਾਸ ਨਾਲ ਜੋੜਿਆ।

# ਅਮਰੀਕਾ ਦੀ ਗਰੀਨ ਕਾਰਡ ਯੋਜਨਾ ਤੇ ਅਦਾਲਤ ਨੇ ਲਾਈ ਰੋਕ

ਟੈਕਸਸ : ਪੰਜ ਲੱਖ ਤੋਂ ਵੱਧ ਗੈਰਕਾਨੂੰਨੀ ਪ੍ਰਵਾਸੀਆਂ ਲਈ ਗਰੀਨ ਕਾਰਡ ਦਾ ਰਾਹ ਪੱਧਰਾ ਕਰਦੀ ਯੋਜਨਾ ਫ਼ਰਸਤੁੱਤੇ ਟੈਕਸਸ ਦੀ ਅਦਾਲਤ ਨੇ 14 ਦਿਨ ਦੀ ਰੋਕ ਲਾ ਦਿਤੀ ਹੈ ਜਿਸ ਨੂੰ ਅੱਗੇ ਵਧਾਇਆ ਜਾ ਸਕਦਾ ਹੈ। ਟੈਕਸਸ ਦੀ ਜ਼ਿਲ੍ਹਾ ਅਦਾਲਤ ਦੇ ਜੱਜ ਜੇ. ਕੈਂਪਬੈਲ ਬਾਰਕਰ ਨੇ ਆਪਣੇ ਹੁਕਮਾਂ ਵਿਚ ਲਿਖਿਆ ਕਿ ਰਿਪਬਲਿਕਨ ਪਾਰਟੀ ਦੇ ਵਕੀਲਾਂ ਵੱਲੋਂ ਕੀਤੇ ਦਾਅਵਿਆਂ ਵਿਚ ਵਜ਼ਨ ਮਹਿਸੂਸ ਹੁੰਦਾ ਹੈ ਜਿਸ ਦੇ ਮੱਦੇਨਜ਼ਰ ਮਾਮਲੇ ਦੇ ਹਰ ਪਹਿਲੂ ਤੇ ਡੂੰਘਾਈ ਨਾਲ ਵਿਚਾਰ ਕਰਨਾ ਹੋਵੇਗਾ।

ਜੱਜ ਨੇ ਅੱਗੇ ਲਿਖਿਆ ਕਿ ਜ਼ਰੂਰਤ ਮਹਿਸੂਸ ਹੋਣ ਤੇ ਪ੍ਰਸ਼ਾਸਕੀ ਨੂੰ ਰੋਕ ਨੂੰ ਅਕਤੂਬਰ ਦੇ ਅੱਧ ਤੱਕ ਵਧਾਇਆ ਜਾ ਸਕਦਾ ਹੈ ਅਤੇ ਇਸ ਦੌਰਾਨ ਅਦਾਲਤੀ ਸੁਣਵਾਈ ਕਾਫੀ ਕੁਝ ਸਪੱਸ਼ਟ ਹੋ ਜਾਵੇਗਾ। ਉਧਰ ਟੈਕਸਸ ਦੇ ਅਟਾਰਨੀ ਜਨਰਲ ਕੈਨ ਪੈਕਸਟਨ ਨੇ ਕਿਹਾ ਕਿ ਇਹ ਸਿਰਫ ਪਹਿਲਾ ਕਦਮ ਹੈ ਅਤੇ ਉਹ ਆਪਣੇ ਸੂਬੇ, ਮੁਲਕ ਅਤੇ ਕਾਨੂੰਨ ਦੇ ਰਾਜ ਲਈ ਸੰਘਰਸ਼ ਜਾਰੀ ਰੱਖਣਗੇ। ਇਥੇ ਦਸਣਾ ਬਣਦਾ ਹੈ ਕਿ ਟੈਕਸਸ ਦੇ ਅਗਵਾਈ ਹੇਠ 16 ਰਾਜਾਂ ਵੱਲੋਂ ਦਾਇਰ ਮੁਕੱਦਮੇ ਵਿਚ ਦਲੀਲ ਦਿਤੀ ਗਈ ਹੈ ਕਿ ਗੈਰਕਾਨੂੰਨੀ ਪ੍ਰਵਾਸੀਆਂ ਗਰੀਨ ਕਾਰਡ ਮਿਲਣ ਨਾਲ ਸੂਬਾ ਸਰਕਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਵੇਗਾ ਅਤੇ ਅਜਿਹੇ ਵਿਚ ਫੈਡਰਲ ਸਰਕਾਰ ਦੀ ਯੋਜਨਾ ਰੱਦ ਕਰ ਦਿਤੀ ਜਾਵੇ। ਟੈਕਸਸ ਦੇ ਉਤਰੀ ਜ਼ਿਲ੍ਹੇ ਦੀ ਅਦਾਲਤ ਵਿਚ ਦਾਇਰ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਲਿਆਂਦੀ ਯੋਜਨਾ ਸਰਾਸਰ ਗੈਰਕਾਨੂੰਨੀ ਹੈ ਅਤੇ ਅਮਰੀਕਾ ਸਰਕਾਰ ਦਾ ਆਪਣਾ ਕਾਨੂੰਨ ਨਾਜਾਇਜ਼ ਤਰੀਕੇ ਨਾਲ ਮੁਲਕ ਵਿਚ ਦਾਖਲ ਹੋਏ ਪ੍ਰਵਾਸੀਆਂ ਨੂੰ ਕਿਸੇ ਵੀ ਕਿਸਮ ਦਾ ਇੰਮੀਗ੍ਰੇਸ਼ਨ ਲਾਭ ਹਾਸਲ ਕਰਨ ਤੋਂ ਰੋਕਦਾ ਹੈ। ਯੂ.ਐਸ. ਸਿਟੀਜ਼ਨਜ਼ ਨਾਲ ਵਿਆਹ ਕਰਵਾਉਣ ਵਾਲੇ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਸਭ ਤੋਂ ਪਹਿਲਾਂ ਅਮਰੀਕਾ ਤੋਂ ਬਾਹਰ ਕੀਤਾ ਜਾਵੇ ਅਤੇ ਫਿਰ ਉਹ ਵਿਆਹ ਦੇ ਆਧਾਰ ਤੇ ਮੁਲਕ ਵਿਚ ਦਾਖਲ ਹੋਣ ਦੀ ਇਜਾਜ਼ਤ ਮੰਗਣ।

# ਅਮਰੀਕਾ ਵਿਚ ਭਾਰਤੀ ਮੂਲ ਦੇ ਡਾਕਟਰ ਦੀ ਅਣਪਛਾਤੇ ਹਮਲਾਵਰਾਂ ਵੱਲੋਂ ਗੋਲੀਆਂ ਮਾਰ ਕੇ ਹੱਤਿਆ * ਮੂਲ ਰੂਪ ਵਿਚ ਆਂਧਰਾ ਪ੍ਰਦੇਸ਼ ਤੋਂ ਸਨ ਮ੍ਰਿਤਕ ਡਾਕਟਰ


ਡਾ ਪੇਰਮਸੈਟੀ ਰਮੇਸ਼ ਬਾਬੂ


ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ ਦੇ ਅਲਾਬਾਮਾ ਰਾਜ ਦੇ ਟਸਕਾਲੋਸਾ ਸ਼ਹਿਰ ਵਿਚ ਅਣਪਛਾਤੇ ਹਮਲਾਵਰਾਂ ਵੱਲੋਂ ਭਾਰਤੀ ਮੂਲ ਦੇ ਡਾਕਟਰ ਪੇਰਮਸੈਟੀ ਰਮੇਸ਼ ਬਾਬੂ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦੇਣ ਦੀ ਖਬਰ ਹੈ। ਡਾ ਬਾਬੂ ਕ੍ਰਿਮਸਨ ਕੇਅਰ ਨੈੱਟਵਰਕ ਦੇ ਸੰਸਥਾਪਕ ਤੇ ਮੈਡੀਕਲ ਡਾਇਰੈਕਟਰ ਸਨ ਜਿਸ ਨੈੱਟਵਰਕ ਤਹਿਤ ਅਨੇਕਾਂ ਸਥਾਨਕ ਕਲੀਨਿਕਾਂ ਦਾ ਪ੍ਰਬੰਧ ਚਲਾਇਆ ਜਾਂਦਾ ਹੈ। ਡਾਕਟਰੀ ਭਾਈਚਾਰੇ ਵਿਚ ਜਾਣੇ ਪਛਾਣੇ ਡਾ ਬਾਬੂ ਨੂੰ ਗੋਲੀਆਂ ਵੱਜਣ ਉਪਰੰਤ ਘਟਨਾ ਸਥਾਨ 'ਤੇ ਪੁੱਜੇ ਪੁਲਸ ਅਫਸਰ ਤੇ ਡਾਕਟਰੀ ਅਮਲੇ ਵੱਲੋਂ ਉਨਾਂ ਨੂੰ ਮੌਕੇ ਉਪਰ ਹੀ ਮ੍ਰਿਤਕ ਐਲਾਨ ਦਿੱਤਾ ਗਿਆ। ਅਧਿਕਾਰੀਆਂ ਨੇ ਕਿਹਾ ਹੈ ਕਿ ਘਟਨਾ ਸਬੰਧੀ ਹੋਰ ਵੇਰਵਾ ਜਾਂਚ ਉਪਰੰਤ ਹੀ ਜਾਰੀ ਕੀਤਾ ਜਾਵੇਗਾ। ਡਾ ਬਾਬੂ ਦਾ ਪਿਛੋਕੜ ਤਿਰੂਪਤੀ (ਆਂਧਰਾ ਪ੍ਰਦੇਸ਼) ਨਾਲ ਜੁੜਿਆ ਹੋਇਆ ਹੈ। ਉਨਾਂ ਨੂੰ ਡਾਕਟਰੀ ਖੇਤਰ ਵਿਚ ਤਕਰੀਬਨ 4 ਦਹਾਕਿਆਂ ਦਾ ਤਜ਼ਰਬਾ ਸੀ। ਡਾ ਬਾਬੂ ਦੀ ਮੌਤ ਉਪਰੰਤ ਭਾਰਤੀ ਭਾਈਚਾਰੇ ਵਿਚ ਡਰ ਤੇ ਰੋਸ ਦੀ ਭਾਵਨਾ ਪਾਈ ਜਾ ਰਹੀ ਹੈ। 1986 ਵਿਚ ਸ੍ਰੀ ਵੈਂਕਟੇਸਵਾੜਾ ਮੈਡੀਕਲ ਕਾਲਜ ਤੋਂ ਗਰੈਜੂਏਟ ਦੀ ਡਿਗਰੀ ਕਰਨ ਵਾਲੇ ਡਾ ਬਾਬੂ ਆਪਣੇ ਪਿੱਛੇ ਦੋ ਪੁੱਤਰ ਤੇ ਦੋ ਧੀਆਂ ਛੱਡ ਗਏ ਹਨ। ਟਸਕਾਲੋਸਾ ਸਿਟੀ ਕੌਂਸਲ ਦੇ ਪ੍ਰਧਾਨ ਕਿਪ ਟਾਇਨਰ ਨੇ ਡਾਕਟਰ ਦੀ ਮੌਤ ਉਪਰ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਹੈ ਕਿ ਉਹ ਇਕ ਬਹੁਤ ਪਿਆਰੇ ਤੇ ਨਜਦੀਕੀ ਮਿੱਤਰ ਸਨ ਤੇ ਉਹ ਪੂਰੀ ਤਰਾਂ ਅਮਰੀਕੀ ਲੋਕਾਂ ਨੂੰ ਸਮਰਪਿਤ ਸਨ। ਡਾਕਰ ਪੇਰਮਸੈਟੀ ਤੇਲਗੂ ਦੇਸਮ ਪਾਰਟੀ ਦੇ ਆਗੂ ਪੇਰਮਸੈਟੀ ਰਮਈਆਹ ਦੇ ਭਰਾ ਸਨ।

# ਅਮਰੀਕਾ ਵਿਚ ਕਾਲੇ ਫੌਜੀ ਦੀ ਹੱਤਿਆ ਦੇ ਮਾਮਲੇ ਵਿਚ ਸਾਬਕਾ ਪੁਲਿਸ ਅਫਸਰ ਗ੍ਰਿਫਤਾਰ * ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ


ਅਮਰੀਕੀ ਫੌਜੀ ਰੋਜਰ ਫੋਰਟਸਨ ਦੀਆਂ ਕੁਝ ਫਾਈਲ ਤਸਵੀਰਾਂ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)ਅਮਰੀਕਾ ਦੇ ਫਲੋਰਿਡਾ ਰਾਜ ਦੇ ਇਕ ਸਾਬਕਾ ਡਿਪਟੀ ਨੂੰ ਯੂ ਐਸ ਏਅਰ ਫੋਰਸ ਦੇ ਇਕ ਸੀਨੀਅਰ ਕਾਲੇ ਅਧਿਕਾਰੀ ਦੀ ਇਸ ਸਾਲ ਮਈ ਮਹੀਨੇ ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਅਸਿਸਟੈਂਟ ਸਟੇਟ ਅਟਾਰਨੀ ਗਰੇ ਮੈਰਸੀਲੇ ਨੇ ਐਲਾਨ ਕੀਤਾ ਕਿ ਓਕਾਲੋਸਾ ਕਾਊਂਟੀ ਦੇ ਸਾਬਕਾ ਡਿਪਟੀ ਏਡੀ ਡੂਰਾਨ (38) ਵਿਰੁੱਧ 23 ਸਾਲਾ ਰੋਜਰ ਫੋਰਟਸਨ ਨੂੰ ਗੋਲੀਆਂ ਮਾਰ ਕੇ ਮਾਰ ਦੇਣ ਦੇ ਮਾਮਲੇ ਵਿਚ ਪਹਿਲਾ ਦਰਜਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਉਸ ਨੂੰ 30 ਸਾਲ ਤੱਕ ਕੈਦ ਹੋ ਸਕਦੀ ਹੈ। ਅਧਿਕਾਰੀਆਂ ਅਨੁਸਾਰ ਡੂਰਾਨ ਨੂੰ ਫੋਰਟਸਨ ਦੇ ਫੋਰਟ ਵਾਲਟਨ ਬੀਚ ਅਪਾਰਟਮੈਂਟ ਵਿਚ ਘਰੇਲੂ ਗੜਬੜੀ ਦੀ ਸੂਚਨਾ ਮਿਲਣ 'ਤੇ ਮੌਕੇ 'ਤੇ ਭੇਜਿਆ ਗਿਆ ਸੀ। ਹਾਲਾਂ ਕਿ ਇਹ ਸੂਚਨਾ ਗਲਤ ਨਿਕਲੀ ਸੀ। ਡੂਰਾਨ ਵੱਲੋਂ ਵਾਰ ਵਾਰ ਦਰਵਾਜ਼ਾ ਖੜਕਾਉਣ 'ਤੇ ਫੋਰਟਸਨ ਨੇ ਆਪਣੇ ਹੱਥ ਵਿਚ ਹੈਂਡਗੰਨ ਲੈ ਕੇ ਦਰਵਾਜ਼ਾ ਖੋਲਿਆ ਤਾਂ ਡੂਰਾਨ ਨੇ ਉਸ ਉਪਰ ਗੋਲੀਆਂ ਚਲਾ ਦਿੱਤੀਆਂ। ਫੋਰਟਸਨ ਦੇ ਕਈ ਗੋਲੀਆਂ ਮਾਰਨ ਉਪਰੰਤ ਡੂਰਾਨ ਨੇ ਉਸ ਨੂੰ ਹੈਂਡ ਗੰਨ ਹੇਠਾਂ ਸੁੱਟਣ ਲਈ ਕਿਹਾ। ਡੂਰਾਨ ਨੇ ਜਾਂਚਕਾਰਾਂ ਨੂੰ ਦੱਸਿਆ ਕਿ ਜਦੋਂ ਫੋਰਟਸਨ ਦੇ ਦਰਵਾਜ਼ਾ ਖੋਲਿਆ ਤਾਂ ਉਸ ਨੇ ਉਸ ਦੀਆਂ ਅੱਖਾਂ ਵਿਚ ਗੁੱਸਾ ਵੇਖਿਆ। ਡੂਰਾਨ ਨੇ ਕਿਹਾ ਕਿ ਮੈ ਸੋਚਿਆ ਕਿ ਉਹ ਮੈਨੂੰ ਮਾਰ ਦੇਵੇਗਾ ਇਸ ਲਈ ਮੈ ਉਸ ਉਪਰ ਗੋਲੀ ਚਲਾ ਦਿੱਤੀ।

# ਅਨਿਲ ਅੰਬਾਨੀ ਦੀਆਂ ਕੰਪਨੀਆਂ ਦੇ ਸ਼ੇਅਰ ਡਿੱਗੇ



ਮੁੰਬਈ: ਸੇਬੀ ਨੇ ਸ਼ੁੱਕਰਵਾਰ ਨੂੰ ਅਨਿਲ ਅੰਬਾਨੀ ਦੇ ਖਿਲਾਫ ਸਖਤ ਕਾਰਵਾਈ ਕਰਦੇ ਹੋਏ ਉਨ੍ਹਾਂ ਨੂੰ ਬਾਜ਼ਾਰ ਤੋਂ 5 ਸਾਲ ਲਈ ਬੈਨ ਕਰ ਦਿੱਤਾ। ਮਾਰਕੀਟ ਰੈਗੂਲੇਟਰ ਨੇ ਇਸ ਅਨੁਭਵੀ ਕਾਰੋਬਾਰੀ 'ਤੇ 25 ਕਰੋੜ ਰੁਪਏ ਦਾ ਜੁਰਮਾਨਾ ਵੀ ਲਗਾਇਆ ਹੈ। ਸੇਬੀ ਦੇ ਇਸ ਫੈਸਲੇ ਦਾ ਅਸਰ ਅਨਿਲ ਧੀਰੂਭਾਈ ਅੰਬਾਨੀ ਸਮੂਹ ਦੀਆਂ ਸੂਚੀਬੱਧ ਕੰਪਨੀਆਂ 'ਤੇ ਪਿਆ ਹੈ। ਇਨ੍ਹਾਂ ਕੰਪਨੀਆਂ ਦੇ ਸ਼ੇਅਰ 17 ਫੀਸਦੀ ਤੱਕ ਡਿੱਗੇ ਹਨ। ਬੀਐੱਸਈ 'ਚ ਸ਼ੁੱਕਰਵਾਰ ਨੂੰ ਕੰਪਨੀ ਦੇ ਸ਼ੇਅਰ ਵੀਰਵਾਰ ਦੇ ਬੰਦ ਹੋਣ ਦੇ ਮੁਕਾਬਲੇ ਵਾਧੇ ਦੇ ਨਾਲ 237.50 ਰੁਪਏ 'ਤੇ ਖੁੱਲ੍ਹੇ। ਕੰਪਨੀ ਦੇ ਸ਼ੇਅਰ ਵੀ 243.50 ਰੁਪਏ ਦੇ ਅੰਤਰ-ਦਿਨ ਉੱਚ ਪੱਧਰ 'ਤੇ ਪਹੁੰਚਣ 'ਚ ਸਫਲ ਰਹੇ। ਪਰ ਜਿਵੇਂ ਹੀ ਸੇਬੀ ਨੇ ਕਾਰਵਾਈ ਕੀਤੀ, ਕੰਪਨੀਆਂ ਦੇ ਸ਼ੇਅਰਾਂ ਵਿੱਚ ਗਿਰਾਵਟ ਦਾ ਰੁਖ ਦੇਖਣ ਨੂੰ ਮਿਲਿਆ। ਕੰਪਨੀ ਦੇ ਸ਼ੇਅਰ ਅੱਜ ਦੇ ਇੰਟਰਾ-ਡੇ ਦੇ ਉੱਚੇ ਪੱਧਰ ਤੋਂ 17 ਫੀਸਦੀ ਤੱਕ ਡਿੱਗ ਗਏ ਹਨ। ਬੀਐਸਈ ਵਿੱਚ ਇਸ ਸਟਾਕ ਦਾ ਇੰਟਰਾ-ਡੇ (1.15 ਮਿੰਟ ਤੱਕ) ਹੇਠਲਾ ਪੱਧਰ 202 ਰੁਪਏ ਪ੍ਰਤੀ ਸ਼ੇਅਰ ਹੈ। ਪਿਛਲੇ ਕੁਝ ਦਿਨਾਂ ਦੌਰਾਨ ਕੰਪਨੀ ਦੇ ਸ਼ੇਅਰਾਂ 'ਚ ਚੰਗੀ ਰਿਕਵਰੀ ਦੇਖਣ ਨੂੰ ਮਿਲੀ ਸੀ। ਪਰ ਕੁਝ ਸਮੇਂ ਬਾਅਦ ਕੰਪਨੀ ਦੇ ਸ਼ੇਅਰ 5 ਫੀਸਦੀ ਦੇ ਹੇਠਲੇ ਸਰਕਟ 'ਤੇ ਆ ਗਏ। ਜਿਸ ਕਾਰਨ ਭਸ਼ਓ 'ਚ ਰਿਲਾਇੰਸ ਹੋਮ ਫਾਈਨਾਂਸ ਲਿਮਟਿਡ ਦੀ ਕੀਮਤ 4.46 ਰੁਪਏ ਦੇ ਪੱਧਰ 'ਤੇ ਆ ਗਈ। ਤੁਹਾਨੂੰ ਦੱਸ ਦੇਈਏ ਕਿ ਇਸ ਕੰਪਨੀ ਦੇ ਸ਼ੇਅਰਾਂ ਵਿੱਚ 20 ਅਗਸਤ ਤੋਂ ਲਗਾਤਾਰ ਅੱਪਰ ਸਰਕਟ ਚੱਲ ਰਿਹਾ ਸੀ।

# ਪੰਜਾਬ ਸਰਕਾਰ ਭੂਤ ਕਢਣ ਵਾਲੇ ਤੇ ਚਮਤਕਾਰ ਦਿਖਾਉਣ ਵਾਲੇ ਚਰਚਾਂ ਉਪਰ ਪਾਬੰਦੀ ਲਗਾਵੇ

**ਖਾਸ ਖਬਰ**

## ✪ ਸ਼ੈਤਾਨ ਕੱਢਣ ਦੇ ਨਾਂ 'ਤੇ ਬੰਦਾ ਮਾਰਨ ਵਾਲਾ ਪਾਸਟਰ ਗ੍ਰਿਫ਼ਤਾਰ

ਪੰਜਾਬ "ਚਮਤਕਾਰਾਂ ਅਤੇ ਨਿਸ਼ਚੇ ਆਧਾਰਿਤ ਇਲਾਜ" (Miracles and faith healing) ਦੇ ਵਪਾਰੀਆਂ ਲਈ ਪੰਜਾਬ ਨਵਾਂ ਠਿਕਾਣਾ ਬਣ ਚੁਕਾ ਹੈ, ਜਿਥੇ ਲੋਕੀਂ ਆਪਣੀ ਕਮਾਈ ਅਤੇ ਸਿਹਤ ਦੋਨਾਂ ਤੋਂ ਠਗੇ ਜਾ ਰਹੇ ਹਨ ਅਤੇ ਧੋਖੇ ਨਾਲ ਉਨ੍ਹਾਂ ਦਾ ਧਰਮ ਪਰਿਵਰਤਨ ਹੋ ਰਿਹਾ ਹੈ। ਇਨ੍ਹਾਂ "ਫੇਥ ਹੀਲਰਜ" ਦੀਆਂ ਸਲਾਹਾਂ ਦੇ ਮਗਰ ਲਗਣ ਦੇ ਨਤੀਜੇ ਵਜੋਂ ਲੋਕਾਂ ਨੂੰ ਗੰਭੀਰ ਮੈਡੀਕਲ ਪੇਚੀਦਗੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਲੋਕਾਂ ਅੰਦਰ, ਖਾਸ ਤੌਰ 'ਤੇ ਬੱਚਿਆਂ ਅੰਦਰ ਮੌਤ ਦੀ ਦਰ ਤੇਜ਼ੀ ਨਾਲ ਵੱਧ ਗਈ ਹੈ। ਇਨ੍ਹਾਂ ਅਨਸਰਾਂ ਦੀਆ ਹਰਕਤਾਂ ਅਤੇ ਧਰਮ ਪਰਿਵਰਤਨ ਦੇ ਲਾਲਚ ਦੇ ਚੱਲਦਿਆਂ ਪਰਿਵਾਰਕ ਅਤੇ ਸਾਮਾਜਿਕ ਵਿਘਨ ਪੈਦਾ ਹੋ ਰਿਹਾ ਹੈ।

ਫੇਥ ਹੀਲਰਜ਼" ਦੇ ਇਨ੍ਹਾਂ ਠੱਗ ਪਾਦਰੀ ਟੋਲਿਆਂ ਨੇ ਲੁਧਿਆਣਾ ਗੁਰਦਾਸਪੁਰ, ਜਲੰਧਰ ਅਤੇ ਕਪੂਰਥਲਾ ਵਰਗੀਆਂ ਜਗ੍ਹਾਂ 'ਤੇ ਵਿਸ਼ਾਲ ਥਾਵਾਂ ਨੂੰ ਹਾਸਲ ਕਰ ਕੇ ਵਿਕਸਤ ਕੀਤਾ ਹੈ ਜਿੱਥੇ ਹਜ਼ਾਰਾਂ ਲੋਕੀ ਸਮੇਂ-ਸਮੇਂ 'ਤੇ ਵਿਸ਼ੇਸ਼ ਪ੍ਰਾਰਥਨਾ ਸਭਾਵਾਂ ਵਿੱਚ ਇਕੱਠੇ ਹੁੰਦੇ ਹਨ। ਇਹਨਾਂ ਸਮੂਹਾਂ ਦੀ "ਉਪਦੇਸ਼ਾਂ" ਅਤੇ "ਫੇਥ ਹੀਲਿੰਗ" ਦੀ ਹਜ਼ਾਰਾਂ ਵਿਡੀਓਜ਼





ਤਿਆਰ ਕੀਤੀਆਂ ਗਈਆਂ ਹਨ ਜਿਨ੍ਹਾ ਵਿੱਚ ਸਮੂਹਾਂ ਦੀ ਤਾਦਾਤ ਨੂੰ ਵਧਾਉਣ ਅਤੇ ਉਹਨਾਂ ਦੇ ਨਿੱਜੀ ਖਜਾਨੇ ਨੂੰ ਭਰਨ ਦੇ ਯਤਨਾਂ ਵਜੋਂ "ਪਾਦਰੀਆਂ" ਦੇ ਚਮਤਕਾਰ ਜਾਂ ਪ੍ਰਾਰਥਨਾ ਦੁਆਰਾ "ਚੰਗੇ ਹੋਏ" ਲੋਕਾਂ ਦੀਆਂ "ਮੰਚਨ" ਕੀਤੀ ਗਵਾਹੀਆਂ ਭਰੀਆਂ ਮਿਲਦੀਆਂ ਹਨ।

ਹੁਣੇ ਜਿਹੇ ਗੁਰਦਾਸਪੁਰ ਦੇ ਪੁਲਿਸ ਨੇ ਸ਼ੈਤਾਨ ਕੱਢਣ ਲਈ ਬੇਰਹਿਮੀ ਨਾਲ ਮਾਰੇ ਗਏ ਸੈਮੂਅਲ ਮਸੀਹ ਦੇ ਮਾਮਲੇ ਵਿੱਚ ਪਾਸਟਰ ਜੈਬਕ ਮਸੀਹ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਸ ਮਾਮਲੇ ਵਿੱਚ ਨਾਮਜ਼ਦ 8 ਹੋਰ ਮੁਲਜ਼ਮਾਂ ਦੀ ਤਲਾਸ਼ ਕੀਤੀ ਜਾ ਰਹੀ ਹੈ। ਸੈਮੂਅਲ ਮਸੀਹ 3 ਬੱਚਿਆਂ ਦਾ ਪਿਤਾ ਸੀ। ਜਾਣਕਾਰੀ ਮੁਤਾਬਕ ਗੁਰਦਾਸਪੁਰ ਦੇ ਪਿੰਡ ਧਾਰੀਵਾਲ ਕਸਬਾ ਸਿੰਘਪੁਰ ਪਿੰਡ ਦੇ ਸੈਮੂਅਲ ਮਸੀਹ ਨੂੰ ਦੌਰੇ ਪੈਂਦੇ ਸਨ। ਇਲਜ਼ਾਮ ਹੈ ਕਿ ਕਥਿਤ ਸ਼ੈਤਾਨ ਨੂੰ ਆਪਣੇ ਸਰੀਰ ਵਿਚੋਂ ਕੱਢਣ ਲਈ ਉਸ ਨੂੰ ਬੇਰਹਿਮੀ ਨਾਲ ਕੁੱਟਿਆ ਗਿਆ, ਜਿਸ ਕਾਰਨ ਉਸ ਦੀ ਮੌਤ ਹੋ ਗਈ।

ਪਰਿਵਾਰਕ ਮੈਂਬਰਾਂ ਦੀ ਸ਼ਿਕਾਇਤ 'ਤੇ ਡਿਊਟੀ ਮੈਜਿਸਟ੍ਰੇਟ ਦੀ ਅਗਵਾਈ ਵਿਚ ਪੁਲਿਸ ਨੇ ਕਬਰ ਪੁੱਟ ਕੇ ਮ੍ਰਿਤਕ ਦੀ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਕਰਵਾਇਆ ਸੀ। ਇਸ ਮਾਮਲੇ ਵਿੱਚ ਪਾਸਟਰ ਦੇ ਨਾਲ 9 ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਲਿਆ ਗਿਆ।

ਮ੍ਰਿਤਕ ਸੈਮੂਅਲ ਮਸੀਹ ਦੀ ਮਾਤਾ ਰੱਖਲ ਅਤੇ ਪਤਨੀ ਸੁਨੀਤਾ ਨੇ ਦੱਸਿਆ ਕਿ ਸੈਮੂਅਲ ਮਸੀਹ ਨੂੰ ਦੌਰੇ ਪੈਂਦੇ ਸਨ। ਜਿਸ ਲਈ ਪਾਦਰੀ ਨੂੰ ਪ੍ਰਾਰਥਨਾ ਕਰਨ ਲਈ ਘਰ ਬੁਲਾਇਆ ਗਿਆ। ਪਾਦਰੀ ਆਪਣੇ ਕੁਝ ਸਾਥੀਆਂ ਨਾਲ ਉਸ ਦੇ ਘਰ ਆਇਆ ਅਤੇ ਉਸਦੇ ਲਈ ਪ੍ਰਾਰਥਨਾ ਕਰਨ ਲੱਗਾ।

ਪਾਦਰੀ ਨੇ ਕਿਹਾ ਕਿ ਸੈਮੂਅਲ ਦੇ ਅੰਦਰ ਇੱਕ ਸ਼ੈਤਾਨ ਵੜ ਗਿਆ ਸੀ। ਸ਼ੈਤਾਨ ਨੂੰ ਭਜਾਉਣ ਲਈ ਸੈਮੂਅਲ ਨੂੰ ਹੇਠਾਂ ਸੁੱਟ ਦਿੱਤਾ ਗਿਆ ਅਤੇ ਉਸ ਨੂੰ ਡੰਡਿਆਂ,ਲੱਤਾਂ ਅਤੇ ਮੁੱਕਿਆਂ ਨਾਲ ਬੁਰੀ ਤਰ੍ਹਾਂ ਕੁੱਟਣਾ ਸ਼ੁਰੂ ਕਰ ਦਿੱਤਾ, ਜਿਸ ਤੋਂ ਥੋੜ੍ਹੀ ਦੇਰ ਬਾਅਦ ਉਸ ਦੀ ਮੌਤ ਹੋ ਗਈ।

ਇਹ ਘਟਨਾਵਾਂ ਆਮ ਵਾਪਰ ਰਹੀਆਂ ਹਨ। ਸਰਕਾਰ ਇਹਨਾਂ ਮਸਲਿਆਂ ਵਲ ਧਿਆਨ ਦੇਵੇ, ਕਿਉਂ ਕਿ ਇਹ ਚਰਚ ਅੰਧ ਵਿਸ਼ਵਾਸ ਫੈਲਾਕੇ ਲੋਕਾਂ ਨੂੰ ਠੱਗ ਵੀ ਰਹੇ ਹਨ ਤੇ ਸਹੀ ਇਲਾਜ ਕਰਵਾਉਣ ਤੋਂ ਰੋਕ ਰਹੇ ਹਨ। ਕਨੂੰਨ ਵਿਚ ਚਮਤਕਾਰ ਦਿਖਾਉਣੇ, ਭੂਤ ਕਢਣੇ ਅਪਰਾਧ ਹਨ। ਇਸ ਵਿਚ ਕੁਝ ਪਾਸਟਰ ਇਸਤਰੀਆਂ ਦਾ ਸ਼ੋਸ਼ਣ ਵੀ ਕਰ ਰਹੇ ਹਨ ਤੇ ਠੱਗੀਆਂ ਵੀ ਮਾਰ ਰਹੇ ਹਨ।

# ਜੰਮੂ-ਕਸ਼ਮੀਰ ਦੀ ਸਿੱਖ ਜਥੇਬੰਦੀ ਤਿੰਨ ਸੀਟਾਂ ਤੋਂ ਵਿਧਾਨ ਸਭਾ ਚੋਣਾਂ ਲੜੇਗੀ

ਸ੍ਰੀਨਗਰ-ਆਲ ਪਾਰਟੀਜ਼ ਸਿੱਖ ਕੋਆਰਡੀਨੇਸ਼ਨ ਕਮੇਟੀ (ਏ. ਪੀ. ਐਸ. ਸੀ. ਸੀ.) ਨੇ ਕਿਹਾ ਕਿ ਉਸ ਨੇ ਪੁਲਵਾਮਾ ਜ਼ਿਲ੍ਹੇ ਦੇ ਤਰਾਲ ਤੋਂ ਐਸ. ਪ੍ਰਸ਼ਵਿੰਦਰ ਸਿੰਘ ਨੂੰ ਚੋਣ ਮੈਦਾਨ ਵਿਚ ਉਤਾਰਨ ਦਾ ਫ਼ੈਸਲਾ ਕੀਤਾ ਹੈ। ਹਾਲਾਂਕਿ ਸ੍ਰੀਨਗਰ ਤੇ ਬਾਰਾਮੂਲਾ ਦੇ ਸੈਂਟਰਲ ਸ਼ਾਲਟੇਂਗ ਤੋਂ ਉਮੀਦਵਾਰਾਂ ਦਾ ਐਲਾਨ ਬਾਅਦ ਵਿਚ ਕੀਤਾ ਜਾਵੇਗਾ।



ਏ.ਪੀ.ਐਸ.ਸੀ.ਸੀ. ਦੇ ਚੇਅਰਮੈਨ ਜਗਮੋਹਨ ਸਿੰਘ ਰੈਨਾ ਨੇ ਕਿਹਾ ਕਿ ਕਮੇਟੀ ਆਪਣੇ ਉਮੀਦਵਾਰਾਂ ਦੀ ਕਾਮਯਾਬੀ ਲਈ ਬਹੁਗਿਣਤੀ ਭਾਈਚਾਰੇ ਦੇ ਸਮਰਥਨ 'ਤੇ ਆਧਾਰਿਤ ਹੈ।ਉਨ੍ਹਾਂ ਬਹੁ-ਗਿਣਤੀ ਭਾਈਚਾਰੇ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਅੱਗੇ ਆਉਣ ਤੇ ਸਿੱਖ ਭਾਈਚਾਰੇ ਦੇ ਮੈਂਬਰਾਂ ਦਾ ਸਮਰਥਨ ਕਰਨ ਰੈਨਾ ਨੇ ਕਿਹਾ ਕਿ ਬਹੁ-ਗਿਣਤੀ ਭਾਈਚਾਰੇ ਦੇ ਮੈਂਬਰਾਂ ਦਾ ਸਮਰਥਨ ਭਾਈਚਾਰੇ ਦੇ ਮੈਂਬਰਾਂ ਦੀ ਜਿੱਤ ਯਕੀਨੀ ਬਣਾਏਗਾ।

# ਗਊ ਮਾਸ ਨਾਲ ਭਰਿਆ ਟਰੱਕ ਹਿੰਦੂ ਸੰਗਠਨਾਂ ਨੇ ਫੜਿਆ

ਮੰਡੀ ਗੋਬਿੰਦਗੜ੍ਹ-ਮੰਡੀ ਗੋਬਿੰਦਗੜ੍ਹ ਵਿਖੇ ਬੀਤੇ ਦਿਨੀਂ ਗਊ ਮਾਸ ਨਾਲ ਭਰੇ ਇਕ ਟਰੱਕ ਨੂੰ ਹਿੰਦੂ ਜਥੇਬੰਦੀਆਂ ਵਲੋਂ ਕਾਬੂ ਕਰਨ ਤੋਂ ਬਾਅਦ ਹਿੰਦੂ ਸੰਗਠਨਾਂ 'ਚ ਰੋਸ ਪਾਇਆ ਜਾ ਰਿਹਾ ਹੈ। ਹਿੰਦੂ ਸੰਗਠਨਾਂ ਦਾ ਦੋਸ਼ ਹੈ ਕਿ ਉਨ੍ਹਾਂ ਵੱਲੋਂ ਥਾਣਾ ਮੰਡੀ ਗੋਬਿੰਦਗੜ੍ਹ ਵਿਖੇ 30 ਵਾਰ ਦੇ ਕਰੀਬ ਫੋਨ ਕੀਤਾ ਗਿਆ ਪ੍ਰੰਤੂ ਪੁਲਿਸ ਵੱਲੋਂ ਕੋਈ ਕਾਰਵਾਈ ਤਾਂ ਕੀ ਕਰਨੀ ਸੀ ਉਲਟਾ ਥਾਣੇ ਵਿਚ ਮੌਜੂਦ ਮੁਲਾਜ਼ਮਾਂ ਵੱਲੋਂ ਉਨ੍ਹਾਂ ਨਾਲ ਬਦਸਲੂਕੀ ਕੀਤੀ ਗਈ। ਗੁੱਸੇ ਵਿਚ ਆਏ ਹਿੰਦੂ ਸੰਗਠਨਾਂ ਜਿਨ੍ਹਾਂ ਦੀ ਅਗਵਾਈ ਗਊ ਰਕਸ਼ਾ ਦਲ ਦੇ ਸਤੀਸ਼ ਕੁਮਾਰ, ਗੇਜਾ ਰਾਮ ਵਾਲਮੀਕਿ, ਬ੍ਰਾਹਮਣ ਸਭਾ ਪੰਜਾਬ ਦੇ ਪ੍ਰਧਾਨ ਦੇਵੀ ਦਿਆਲ ਪਰਾਸ਼ਰ,ਭਾਜਪਾ ਦੇ ਸੂਬਾ ਕਾਰਜਕਾਰੀ ਮੈਂਬਰ ਪ੍ਰਦੀਪ ਗਰਗ, ਭਾਜਪਾ ਸੂਬਾ ਕਾਰਜ ਕਰਨੀ ਮੈਂਬਰ ਰਕੇਸ਼ ਗੁਪਤਾ, ਬਜਰੰਗ ਦਲ ਦੇ ਸੁਨੀਲ ਮਿੱਤਲ, ਖੱਤਰੀ ਸਭਾ ਦੇ ਪ੍ਰਧਾਨ ਨਰਿੰਦਰ ਭਾਟੀਆ, ਭਾਜਪਾ ਦੇ ਰਵਿੰਦਰ ਪਦਮ, ਸਾਹਿਲ ਗਰਗ ਕਰ ਰਹੇ ਸਨ ਵੱਲੋਂ ਕਈ ਘੰਟੇ ਤਕ ਨੈਸ਼ਨਲ ਹਾਈਵੇ ਜਾਮ ਕੀਤਾ ਗਿਆ। ਐੱਸਪੀ ਰਕੇਸ਼ ਯਾਦਵ ਵੱਲੋਂ ਭਰੋਸਾ ਦੇਣ ਤੋਂ ਬਾਅਦ ਜਾਮ ਖਤਮ ਕੀਤਾ ਗਿਆ।

# ਪੁਲਿਸ ਨੇ ਦੋ ਨਸ਼ਾ ਸਮਗਲਰਾਂ ਦੀ 37.72 ਕਰੋੜ ਦੀ ਜਾਇਦਾਦ ਕੀਤੀ ਜ਼ਬਤ

## ✪ ਨਸ਼ਾ ਤਸਕਰੀ ਕਰਕੇ ਬਣਾਈ ਸੀ ਵੱਡੀ ਜਾਇਦਾਦ

ਅੰਮ੍ਰਿਤਸਰ-ਜ਼ਿਲ੍ਹਾ ਦਿਹਾਤੀ ਪੁਲਿਸ ਨੇ ਦੋ ਨਸ਼ਾ ਤਸਕਰਾਂ ਦੀ 37.72 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ। ਇਨ੍ਹਾਂ ਦੋਵਾਂ ਨਸ਼ਾ ਤਸਕਰਾਂ ਖ਼ਿਲਾਫ਼ ਐੱਨਡੀਪੀਐੱਸ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ ਅਤੇ ਇਨ੍ਹਾਂ ਨੇ ਨਸ਼ਾ ਤਸਕਰੀ ਕਰਕੇ ਵੱਡੀ ਜਾਇਦਾਦ ਬਣਾਈ ਸੀ। ਪੁਲਿਸ ਨੇ ਜਾਇਦਾਦ ਦੀ ਜਾਂਚ ਕੀਤੀ ਅਤੇ ਉਸ ਨੂੰ ਜ਼ਬਤ ਕਰ ਲਿਆ।

ਐੱਸਐੱਸਪੀ ਦਿਹਾਤੀ ਚਰਨਜੀਤ ਸਿੰਘ ਨੇ ਦੱਸਿਆ ਕਿ ਥਾਣਾ ਘਰਿੰਡਾ ਦੀ ਪੁਲਿਸ ਨੇ 2 ਜੁਲਾਈ 2024 ਨੂੰ ਤਸਕਰ ਜਤਿਨ ਸਿੰਘ ਅਤੇ ਅਜੈਪਾਲ ਸਿੰਘ ਵਾਸੀ ਮੋਦੇ ਥਾਣਾ ਘਰਿੰਡਾ ਨੂੰ ਕਾਬੂ ਕੀਤਾ ਸੀ। ਇਨ੍ਹਾਂ ਦੇ ਕਬਜ਼ੇ 'ਚੋਂ 500 ਗ੍ਰਾਮ ਹੈਰੋਇਨ ਅਤੇ 32 ਬੋਰ ਦਾ ਨਾਜਾਇਜ਼ ਪਿਸਤੌਲ ਬਰਾਮਦ ਕੀਤਾ ਸੀ।

ਜਾਂਚ ਦੌਰਾਨ ਪਤਾ ਲੱਗਾ ਕਿ ਅਜੈਪਾਲ ਸਿੰਘ ਵਾਸੀ ਪਿੰਡ ਮੋਦੇ ਥਾਣਾ ਘਰਿੰਡਾ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਦਾ ਸੀ ਅਤੇ ਜੀਟੀ ਰੋਡ ਛੇਹਰਟਾ ਦੇ ਸਾਹਮਣੇ ਸਥਿਤ ਪਾਵਰ ਹਾਊਸ ਦੇ ਕੋਲ 2325 ਵਰਗ ਗਜ਼ ਦਾ ਮਕਾਨ, ਦੁਕਾਨ ਅਤੇ ਬੈਂਕੁਇਟ ਹਾਲ ਬਣਾ ਰੱਖਿਆ ਸੀ। ਇਸ ਤੋਂ ਇਲਾਵਾ ਪਿੰਡ ਘਰਿੰਡਾ ਵਿਚ 2700 ਵਰਗ ਗਜ਼ ਜ਼ਮੀਨ ਰੱਖੀ ਗਈ ਸੀ। ਇਨ੍ਹਾਂ ਦੀ ਕੀਮਤ ਕਰੀਬ 37,66,45000 ਰੁਪਏ ਸੀ।




ਇਸੇ ਤਰ੍ਹਾਂ ਪਿੰਡ ਮੋਦੇ ਦੇ ਵਸਨੀਕ ਜਤਿਨ ਸਿੰਘ ਨੇ ਪਿੰਡ ਮੋਦੇ ਵਿਚ ਚਾਰ ਮਰਲੇ ਦਾ ਮਕਾਨ ਬਣਾਇਆ ਸੀ, ਜਿਸ ਦੀ ਕੀਮਤ ਕਰੀਬ 5 ਲੱਖ 85 ਹਜ਼ਾਰ ਰੁਪਏ ਸੀ। ਉਨ੍ਹਾਂ ਦੀ ਇਹ ਜਾਇਦਾਦ ਪੁਲਿਸ ਨੇ ਜ਼ਬਤ ਕਰ ਲਈ ਹੈ। ਉਨ੍ਹਾਂ ਦੱਸਿਆ ਕਿ ਸਾਲ 2023 ਵਿਚ ਦਿਹਾਤੀ ਪੁਲਿਸ ਨੇ ਨਸ਼ਾ ਤਸਕਰਾਂ ਦੀ 13 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਸੀ। ਹੁਣ ਤੱਕ ਪੁਲਿਸ ਨੇ ਨਸ਼ਾ ਤਸਕਰਾਂ ਦੀ ਕਰੀਬ 43 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ।

**ਵਿਚਾਰ :–** ਬਿਨਾਂ ਉਤਸ਼ਾਹ ਦੇ ਕਿਸੇ ਵੀ ਉਦੇਸ਼ ਦੀ ਪਰਾਪਤੀ ਨਹੀਂ ਹੋ ਸਕਦੀ ।



ਰਜਿੰਦਰ ਸਿੰਘ ਪੁਰੇਵਾਲ

# ਅੰਮ੍ਰਿਤਧਾਰੀ ਕਿਸਾਨ ਆਗੂਆਂ ਨੂੰ ਘਰੇਲੂ ਹਵਾਈ ਸਫ਼ਰ ਤੋਂ ਰੋਕਣ ਬਾਰੇ ਮੋਦੀ ਸਰਕਾਰ ਸਖਤ ਕਾਰਵਾਈ ਕਰੇ

ਬੀਤੇ ਦਿਨੀਂ ਦਿੱਲੀ ਦੇ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਗਾਤਰੇ ਵਾਲੀ ਕ੍ਰਿਪਾਨ (ਸ੍ਰੀ ਸਾਹਿਬ) ਦਾ ਮੁੱਦਾ ਬਣਾ ਕੇ ਸੰਯੁਕਤ ਕਿਸਾਨ ਮੋਰਚਾ (ਗੈਰ ਸਿਆਸੀ) ਦੇ ਆਗੂਆਂ ਜਗਜੀਤ ਸਿੰਘ ਡੱਲੇਵਾਲ, ਬਲਦੇਵ ਸਿੰਘ ਸਿਰਸਾ ਤੇ ਸੁਖਦੇਵ ਸਿੰਘ ਭੋਜਰਾਜ ਨੂੰ ਹਵਾਈ ਸਫ਼ਰ ਕਰਨ ਤੋਂ ਰੋਕਿਆ ਗਿਆ ਸੀ। ਇਹ ਕਿਸਾਨ ਆਗੂ ਇਕ ਕਿਸਾਨੀ ਪ੍ਰੋਗਰਾਮ 'ਚ ਸ਼ਾਮਿਲ ਹੋਣ ਲਈ ਤਾਮਿਲਨਾਡੂ ਜਾ ਰਹੇ ਸਨ। ਦਿੱਲੀ ਤੋਂ ਤਾਮਿਲਨਾਡੂ ਜਾਣ ਵਾਲੇ ਇਨ੍ਹਾਂ ਆਗੂਆਂ ਨੇ ਗਾਤਰੇ ਵਾਲੀ ਕ੍ਰਿਪਾਨ (ਜਿਸ ਦੀ ਕੁਲ ਲੰਬਾਈ 9 ਇੰਚ) ਪਾਈ ਹੋਈ ਸੀ ਪਰ ਹਵਾਈ ਅੱਡੇ ਵਿਖੇ ਤਾਇਨਾਤ ਸੁਰੱਖਿਆ ਮੁਲਾਜ਼ਮਾਂ ਵਲੋਂ ਇਨ੍ਹਾਂ ਨੂੰ ਹਵਾਈ ਸਫ਼ਰ ਕਰਨ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਸੀ। ਦੱਸਣਯੋਗ ਹੈ ਕਿ ਬਿਊਰੋ ਆਫ਼ ਸਿਵਲ ਐਵੀਏਸ਼ਨ ਸਕਿਉਰਿਟੀ (ਬੀ.ਸੀ.ਏ.ਐਸ.) ਨੇ 4 ਮਾਰਚ, 2022 ਦੇ ਆਪਣੇ ਆਦੇਸ਼ ਵਿਚ ਸਾਫ਼ ਕਿਹਾ ਸੀ ਕਿ ਇਕ ਸਿੱਖ ਯਾਤਰੀ ਆਪਣੇ ਨਾਲ ਛੋਟੀ ਕ੍ਰਿਪਾਨ ਲੈ ਕੇ ਜਾ ਸਕਦਾ ਹੈ ਪਰ ਉਸ ਦੇ ਬਲੇਡ ਦੀ ਲੰਬਾਈ 6 ਇੰਚ ਅਤੇ ਕੁਲ ਲੰਬਾਈ 9 ਇੰਚ ਤੋਂ ਜ਼ਿਆਦਾ ਨਾ ਹੋਵੇ। ਸ਼੍ਰੋਮਣੀ ਕਮੇਟੀ ਤੇ ਅਕਾਲ ਤਖਤ ਸਾਹਿਬ ਨੇ ਇਸ ਦਾ ਸਖਤ ਨੋਟਿਸ ਲਿਆ ਹੈ। ਉਨ੍ਹਾਂ ਨੇ ਇਸ ਨੂੰ ਸਿੱਖਾਂ ਦੀ ਧਾਰਮਿਕ ਆਜ਼ਾਦੀ ਅਤੇ ਸੰਵਿਧਾਨ ਦੇ ਅਧਿਕਾਰਾਂ ਦੀ ਅਵੱਗਿਆ ਕਰਾਰ ਦਿੱਤਾ ਹੈ। ਗਿਆਨੀ ਰਘਬੀਰ ਸਿੰਘ ਦਾ ਕਹਿਣਾ ਸੀ ਕਿ ਕਿਰਪਾਨ ਸਿੱਖਾਂ ਨੂੰ ਗੁਰੂ ਸਾਹਿਬਾਂ ਵੱਲੋਂ ਦਿੱਤੀ ਹੈ ਅਤੇ ਭਾਰਤੀ ਸੰਵਿਧਾਨ ਦੇ ਮੁਤਾਬਕ ਸਿੱਖਾਂ ਨੂੰ ਕਿਰਪਾਨ ਪਹਿਨਣ ਦਾ ਪੂਰਾ ਹੱਕ ਹੈ। ਸੁਆਲ ਤਾਂ ਇਹ ਹੈ ਕਿ ਅੰਮ੍ਰਿਤਧਾਰੀ ਸਿੱਖਾਂ ਨੂੰ ਭਾਰਤ ਦੀਆਂ ਘਰੇਲੂ ਉਡਾਣਾਂ ਵਿਚ ਵੀ ਨਿਰਧਾਰਿਤ ਆਕਾਰ ਦੀ ਕ੍ਰਿਪਾਨ ਪਹਿਨ ਕੇ ਹਵਾਈ ਸਫਰ ਕਰਨ ਦਾ ਕਾਨੂੰਨੀ ਅਧਿਕਾਰ ਦਿੱਤਾ ਗਿਆ ਹੈ ਪਰ ਦਿੱਲੀ ਦੇ ਹਵਾਈ ਅੱਡੇ 'ਤੇ ਤਿੰਨ ਅੰਮ੍ਰਿਤਧਾਰੀ ਕਿਸਾਨ ਆਗੂਆਂ ਜਗਜੀਤ ਸਿੰਘ ਡੱਲੇਵਾਲ, ਸੁਖਦੇਵ ਸਿੰਘ ਭੋਜਰਾਜ ਅਤੇ ਬਲਦੇਵ ਸਿੰਘ ਸਿਰਸਾ ਨੂੰ ਕ੍ਰਿਪਾਨ ਪਹਿਨ ਕੇ ਸੁਰੱਖਿਆ ਅਧਿਕਾਰੀਆਂ ਵਲੋਂ ਹਵਾਈ ਸਫਰ ਕਰਨ ਤੋਂ ਕਿਉਂ ਰੋਕਿਆ ਗਿਆ? ਇਹ ਨਿੰਦਣਯੋਗ ਅਤੇ ਸਿੱਖਾਂ ਦੇ ਮੌਲਿਕ ਤੇ ਸੰਵਿਧਾਨਿਕ ਅਧਿਕਾਰ ਦੀ ਉਲੰਘਣਾ ਹੈ। ਭਾਰਤ ਸਰਕਾਰ ਨੂੰ ਇਸ ਮਾਮਲੇ ਦਾ ਤੁਰੰਤ ਨੋਟਿਸ ਲੈ ਕੇ ਦਿੱਲੀ ਹਵਾਈ ਅੱਡੇ 'ਤੇ ਤਿੰਨ ਅੰਮ੍ਰਿਤਧਾਰੀ ਸਿੱਖਾਂ ਨੂੰ ਕ੍ਰਿਪਾਨ ਪਹਿਨ ਕੇ ਹਵਾਈ ਸਫਰ ਤੋਂ ਰੋਕ ਕੇ ਸੰਵਿਧਾਨਿਕ ਤੇ ਕਾਨੂੰਨੀ ਉਲੰਘਣਾ ਕਰਨ ਵਾਲੇ ਸੁਰੱਖਿਆ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਕਰਨੀ ਚਾਹੀਦੀ ਹੈ ਅਤੇ ਹੋਈ ਗਲਤੀ ਲਈ ਹਵਾਈ ਅੱਡਾ ਅਥਾਰਿਟੀ ਨੂੰ ਮਾਫ਼ੀ ਮੰਗਣੀ ਚਾਹੀਦੀ ਹੈ।

## ਮਸੂਮ ਲੜਕੀ ਨਾਲ ਰੇਪ ਕਰਨ ਵਾਲਾ ਬਲਾਤਕਾਰੀ ਤਾਂਤਰਿਕ

ਦਿੱਲੀ ਦੇ ਕਾਂਝਵਾਲਾ ਇਲਾਕੇ 'ਚ 51 ਸਾਲਾ ਵਿਅਕਤੀ ਨੇ 9 ਸਾਲ ਦੀ ਬੱਚੀ ਨੂੰ ਜਾਦੂ ਟੂਣੇ ਦੇ ਬਹਾਨੇ ਬੁਲਾ ਕੇ ਉਸ ਨਾਲ ਬਲਾਤਕਾਰ ਕੀਤਾ। ਲੜਕੀ ਦੀ ਸਿਹਤ ਵਿਗੜਨ ਤੋਂ ਬਾਅਦ ਪੀੜਤ ਪਰਿਵਾਰ ਨੇ ਇਸ ਘਟਨਾ ਦੀ ਸ਼ਿਕਾਇਤ ਥਾਣੇ 'ਚ ਕੀਤੀ। ਪੁਲਸ ਨੇ ਲੜਕੀ ਨੂੰ ਹਸਪਤਾਲ ਦਾਖਲ ਕਰਵਾ ਕੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੇ ਇਸ ਮਾਮਲੇ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਮੁਲਜ਼ਮ ਕਬਰਸਤਾਨ ਵਿੱਚ ਰਹਿੰਦਾ ਹੈ। ਜਾਣਕਾਰੀ ਮੁਤਾਬਕ ਲੜਕੀ ਕਾਂਝਵਾਲਾ ਇਲਾਕੇ 'ਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਉਸਦੇ ਪਰਿਵਾਰ ਵਿੱਚ ਪਿਤਾ, ਵੱਡੀ ਭੈਣ, ਇੱਕ ਛੋਟੀ ਭੈਣ ਅਤੇ ਭਰਾ ਸ਼ਾਮਲ ਹਨ। ਉਸ ਦੀ ਮਾਂ ਦਾ ਦਿਹਾਂਤ ਹੋ ਗਿਆ ਹੈ। ਪਿਤਾ ਨੂੰ ਵੀ ਗੰਭੀਰ ਬੀਮਾਰੀ ਹੈ। ਉਹ ਇਲਾਕੇ ਵਿੱਚ ਫਲ ਦੀ ਰੇਹੜੀ ਲਗਾਉਂਦਾ ਹੈ। ਮੁਲਜ਼ਮ ਇਲਾਕੇ ਦੇ ਕਬਰਸਤਾਨ ਵਿੱਚ ਰਹਿੰਦਾ ਹੈ ਅਤੇ ਪਰਿਵਾਰ ਦਾ ਜਾਣਕਾਰ ਹੈ। ਲੜਕੀ ਨੇ ਪੁਲਸ ਨੂੰ ਦੱਸਿਆ ਕਿ ਦੋਸ਼ੀ ਬੀਤੇ ਦਿਨੀਂ ਉਸ ਦੇ ਘਰ ਆਇਆ ਸੀ। ਉਸ ਨੇ ਪਿਤਾ ਨੂੰ ਕਿਹਾ ਕਿ ਲੜਕੀ ਨੂੰ ਰਾਸ਼ਨ ਲੈਣ ਲਈ ਭੇਜ ਦਿਓ। ਉਸ ਦਾ ਝਾੜ ਫੂਕ ਵੀ ਕਰਨਾ ਹੈ। ਪਿਤਾ ਨੇ ਬੱਚੀ ਦੀ ਥਾਂ ਆਪਣੇ ਆਪਣੇ ਬੇਟੇ ਨੂੰ ਤਾਂਤਰਿਕ ਕੋਲ ਭੇਜ ਦਿੱਤਾ। ਬੱਚਾ ਰਾਸ਼ਨ ਲੈ ਕੇ ਆਇਆ ਸੀ। ਪਰ ਮੁਲਜ਼ਮ ਨੇ ਲੜਕੀ ਨੂੰ ਜਾਦਬ ਟੂਣਾ ਕਰਨ ਦੇ ਬਹਾਨੇ ਬੁਲਾਇਆ। ਉਸ ਨੇ ਦੱਸਿਆ ਕਿ ਅਜਿਹਾ ਕਰਨ ਨਾਲ ਉਸ ਦੇ ਪਿਤਾ ਦੀ ਸਿਹਤ ਠੀਕ ਹੋ ਜਾਵੇਗੀ। ਦੋਸ਼ ਹੈ ਕਿ ਉਥੇ ਪਹੁੰਚ ਕੇ ਦੋਸ਼ੀ ਨੇ ਬੱਚੀ ਨਾਲ ਬਲਾਤਕਾਰ ਕੀਤਾ। ਜਦੋਂ ਉਹ ਘਰ ਪਹੁੰਚੀ ਤਾਂ ਉਸ ਦੀ ਸਿਹਤ ਵਿਗੜ ਗਈ। ਵੱਡੀ ਭੈਣ ਨੇ ਪੁੱਛਿਆ ਤਾਂ ਲੜਕੀ ਨੇ ਦੱਸਿਆ ਕਿ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਦੋਸ਼ੀ ਨੇ ਉਸ ਨੂੰ ਕਿਸੇ ਨੂੰ ਕੁਝ ਨਾ ਦੱਸਣ ਲਈ ਕਿਹਾ ਸੀ। ਉਸਨੇ ਲੜਕੀ ਨੂੰ 51 ਰੁਪਏ ਦਿੱਤੇ ਅਤੇ ਕਿਹਾ ਕਿ ਜੇਕਰ ਉਸਨੇ ਕਿਸੇ ਨੂੰ ਦੱਸਿਆ ਤਾਂ ਉਸਦੇ ਪਿਤਾ ਦੀ ਮੌਤ ਹੋ ਜਾਵੇਗੀ। ਘਟਨਾ ਦਾ ਪਤਾ ਲੱਗਦਿਆਂ ਹੀ ਆਸ-ਪਾਸ ਦੇ ਲੋਕ ਆ ਗਏ। ਲੋਕਾਂ ਨੇ ਪੀੜਤ ਪਰਿਵਾਰ ਨੂੰ ਬਦਨਾਮੀ ਦੇ ਡਰੋਂ ਸ਼ਿਕਾਇਤ ਨਾ ਕਰਨ ਲਈ ਕਿਹਾ। ਪਰ ਜਦੋਂ ਬੱਚੀ ਦੀ ਸਿਹਤ ਵਿਗੜ ਗਈ ਤਾਂ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ। ਪੁਲਸ ਅਧਿਕਾਰੀ ਨੇ ਦੱਸਿਆ ਕਿ ਲੜਕੀ ਦਾ ਇਲਾਜ ਕਰਵਾਉਣ ਤੋਂ ਬਾਅਦ ਉਸ ਦੇ ਬਿਆਨ 'ਤੇ ਬਲਾਤਕਾਰ ਅਤੇ ਪੋਕਸੋ ਦੇ ਤਹਿਤ ਮਾਮਲਾ ਦਰਜ ਕਰ ਲਿਆ ਗਿਆ ਹੈ। ਪੁਲਸ ਨੇ ਇਸ ਮਾਮਲੇ 'ਤੇ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪਿਛਲੇ ਕੁਝ ਸਾਲਾਂ ਵਿਚ ਪੰਜਾਬ ਵਿਚ ਵੀ ਕਈ ਪਾਖੰਡੀ ਬਾਬਿਆਂ, ਤਾਂਤਰਿਕਾਂ, ਕਥਿਤ ਸਿਆਣਿਆਂ ਵੱਲੋਂ ਕਿਸੇ ਮਾਨਸਿਕ ਰੋਗ ਨਾਲ ਪੀੜਤ ਬੰਦੇ ਵਿੱਚੋਂ ਅਖੌਤੀ ਬੁਰੀ ਆਤਮਾ, ਓਪਰੀ ਸ਼ੈਅ ਜਾਂ ਭੂਤ ਪ੍ਰੇਤ ਕੱਢਣ ਦੀ ਆੜ ਹੇਠ ਕਤਲ, ਔਰਤਾਂ ਨਾਲ ਜ਼ਬਰਦਸਤੀ, ਗਰਮ ਚਿਮਟਿਆਂ ਨਾਲ ਤਸੀਹੇ ਦੇਣ ਅਤੇ ਮਾਸੂਮ ਬੱਚਿਆਂ ਦੀ ਬਲੀ ਦੀਆਂ ਦਿਲ ਕੰਬਾਊ ਅਪਰਾਧਿਕ ਘਟਨਾਵਾਂ ਵਾਪਰ ਚੁੱਕੀਆਂ ਹਨ। ਹਕੂਮਤਾਂ ਦੀ ਘੋਰ ਅਣਗਹਿਲੀ ਕਾਰਨ ਇਹ ਘਟਨਾਵਾਂ ਲਗਾਤਾਰ ਵਧ ਰਹੀਆਂ ਹਨ। ਬੇਹੱਦ ਅਫ਼ਸੋਸ ਹੈ ਕਿ ਕਿਸੇ ਵੀ ਸਿਆਸੀ ਪਾਰਟੀ ਦੀ ਸਰਕਾਰ ਨੇ ਅਜਿਹੀਆਂ ਵਹਿਸ਼ੀ ਹੱਤਿਆਵਾਂ ਰੋਕਣ ਲਈ ਹੁਣ ਤਕ ਕੋਈ ਅੰਧ-ਵਿਸ਼ਵਾਸ ਰੋਕੂ ਕਾਨੂੰਨ ਲਾਗੂ ਕਰਨ ਦੀ ਸੰਵਿਧਾਨਿਕ ਜ਼ਿੰਮੇਵਾਰੀ ਨਹੀਂ ਨਿਭਾਈ। ਜਦ ਕਿ ਇਸ ਦੀ ਅਤਿਅੰਤ ਲੋੜ ਹੈ।

-ਰਜਿੰਦਰ ਸਿੰਘ ਪੁਰੇਵਾਲ

**NEWS & VIEWS**

# SIKHI THE THIRD PATH AFTER ABRAHAMIC AND INDIC RELIGIOUS TRADITIONS



Gurmukh Singh OBE

There are some harsh Words in Guru Granth Sahib for those who hide their Guru (SGGS Ang 308, 314 and 651 Panktis starting ਜਨਿ ਗੁਰੁ ਗੋਪਿਆ ਆਪਣਾ ). To misinterpret Gurbani to show closeness with other religious paths, no matter how well intentioned as in the interfaith area, is the same as hiding the True Guru, the Shabad or Word Guru.

Following a recent exchange with a colleague, once again, I was reminded, why Sikhi has been referred to as the *Teesra Panth* in classical Sikh literature. Another recent prompt to broach this topic is a longish article by a Sikh scholar who celebrated *Janamashtami* commemorating the birth of Lord Krishna by exploring relevant Versus by Guru Arjan Dev Ji. The article is dotted with colourful images of Vedic deities. Such misleading attempts to show that Gurbani authenticates Vedic literature would please those with Hindutva agenda to assimilate Sikhi, but are totally out of context in the allegorical sense in which they are mentioned in Gurbani and highly misleading.

*Teesra Panth* means the Third Path after Abrahamic religions and faith systems of the East and especially, the conglomeration of faiths under the umbrella of Hinduisim. Abrahamic religions are Judaism, Christianity and Islam, They claim Prophet Abraham to be their common forefather. There are numerous Eastern faith systems, mostly originating from the Indian subcontinent. Tortuous attempts have been made to lump together and even assimilate diverse faith systems under Hinduism. In recent times a new label has been given to include Hinduism, Budhism, Sikhi and Jainism as *Dharmic faiths*. The only way to do justice to any religious system is to treat it as an independent system as intended by the founder.

Early reference to Sikhi as the *Teesra Panth*, the Third Path as distinct from Western and Eastern faith traditions, was to show that Sikhi is a distinct theo-temporal system of Guru Nanak for the New Age, which has given new meanings to old religious word-concepts. Early Western scholars recognised this when they studied Sikhi.

Late Dr J S Grewal, summed up the research of these scholars in his research, *Guru Nanak in Western Scholarship*. Some views are as follows: Max Arthur Macauliffe found it difficult to point to a religion of greater originality than Sikhi. *The unity of God in Sikhi was conceived in such a way that it stood distinguished from both the semitic and the Indian tradition.* Macauliffe feared that without concrete steps to safeguard Sikhi as a distinct way of life, it will also be lost in *the great chaos of the Indian religious system.*

According to J C Archer and C H Loehlin, who published their work in 1946, Guru Nanak imparted new significance to familiar terms. Name (*Naam*) for Guru Nanak did not mean Rama or Krishna. In Sikhi, *conventional Hindu belief and Islam were not regarded as fundamentally right but fundamentally wrong. It is accordingly incorrect to interpret the religion of Guru Nanak as a synthesis of Hindu belief system and Islam. For Guru Nanak, Name (Naam) was the higher than the high, its truth the ultimate beyond any wisdom of the Vedas or the Koran.*

Finally, unconditional Love (*prema-bhagti*) seeking union with the Timeless Being, perceived in own ways, is accepted as the thread common to all saints honoured in Guru Granth Sahib. Otherwise, Guru Nanak did show the way out of the thick fog (*dhundh*) of old dogma-based faiths more relevant to own times in history.

Gurmukh Singh OBE, Ret'd Principal Civil Servant (UK) sewauk2005@yahoo.co.uk

ਦਰਪਣ ਝੂਠ ਨਹੀ ਬੋਲਦਾ
ਪੰਜਾਬ ਟਾਈਮਜ਼ ਮੀਡੀਆ

# ਨਵੇਂ ਚੋਣ ਸਰਵੇਖਣ ਵਿੱਚ ਕਮਲਾ, ਟਰੰਪ ਨਾਲੋਂ ਅੱਗੇ ਨਿਕਲੀ

## ✪ ਅਮਰੀਕੀ ਚੋਣਾਂ ਵਿਚ ਆਜ਼ਾਦ ਉਮੀਦਵਾਰ ਕੈਨੇਡੀ ਜੂਨੀਅਰ ਵਲੋਂ ਟਰੰਪ ਦਾ ਸਮਰਥਨ, ਕਮਲਾ ਹੈਰਿਸ ਨੂੰ ਚੁਣੌਤੀ ✪ ਟਰੰਪ ਨੇ ਜਾਨ ਐਫ ਕੈਨੇਡੀ ਦੀ ਹੱਤਿਆ ਬਾਰੇ ਦਸਤਾਵੇਜ਼ ਜਾਰੀ ਕਰਨ ਦਾ ਕੀਤਾ ਵਾਅਦਾ



ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰੀ ਸਵੀਕਾਰਨ ਦੇ ਨਾਲ ਹੀ 5 ਨਵੰਬਰ ਦੀਆਂ ਰਾਸ਼ਟਰਪਤੀ ਚੋਣਾਂ ਲਈ ਮੁਕਾਬਲੇ ਦੀਆਂ ਰੇਖਾਵਾਂ ਸਪੱਸ਼ਟ ਤੌਰ 'ਤੇ ਖਿੱਚੀਆਂ ਗਈਆਂ ਹਨ। ਕਮਲਾ ਦਾ ਵਿਰੋਧੀ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਡੋਨਲਡ ਟਰੰਪ ਪਿਛਲੇ ਮਹੀਨੇ ਤੱਕ ਬਿਨਾਂ ਕਿਸੇ ਰੋਕ ਤੋਂ ਅੱਗੇ ਵਧ ਰਿਹਾ ਸੀ। ਜਾਨਲੇਵਾ ਹਮਲੇ ਵਿਚ ਵਾਲ-ਵਾਲ ਬਚਣ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਨੇ ਨਿਡਰਤਾ ਨਾਲ ਆਪਣੀ ਮੁੱਠੀ ਨੂੰ ਹਵਾ ਵਿਚ ਲਹਿਰਾਇਆ ਸੀ ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀ ਪ੍ਰਚਾਰ ਮੁਹਿੰਮ ਮਾੜੀ ਤੋਂ ਹੋਰ ਬਦਤਰ ਹੋਣ ਉੱਤੇ ਉਹ ਖ਼ੁਸ਼ ਹੋ ਰਿਹਾ ਸੀ। ਹਾਲਾਂਕਿ ਪਿਛਲੇ ਕੁਝ ਹਫ਼ਤਿਆਂ 'ਚ ਚੀਜ਼ਾਂ ਨਾਟਕੀ ਢੰਗ ਨਾਲ ਬਦਲੀਆਂ ਹਨ। ਆਪਣੀ ਪਾਰਟੀ ਵੱਲੋਂ ਬਣੇ ਜ਼ੋਰਦਾਰ ਦਬਾਅ ਅੱਗੇ ਝੁਕਦਿਆਂ ਬਾਇਡਨ ਨੇ ਦੁਬਾਰਾ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਤੇ ਭਾਰਤੀ ਅਤੇ ਜਮਾਇਕਨ ਆਵਾਸੀ ਮਾਪਿਆਂ ਦੀ ਧੀ ਕਮਲਾ ਹੈਰਿਸ ਲਈ ਰਾਹ ਪੱਧਰਾ ਕਰ ਦਿੱਤਾ। ਡੈਮੋਕਰੈਟ ਹੁਣ ਅਸਲੋਂ ਪਟੜੀ 'ਤੇ ਆ ਗਏ ਹਨ ਅਤੇ ਡੋਨਲਡ ਟਰੰਪ ਕੋਲ ਬੇਚੈਨ ਹੋਣ ਦੇ ਕਈ ਕਾਰਨ ਹਨ।

ਉਮੀਦਵਾਰੀ ਸਵੀਕਾਰਨ ਮੌਕੇ ਦਿੱਤੇ ਭਾਸ਼ਣ ਵਿਚ ਕਮਲਾ ਨੇ ਕਈ ਪੱਖਾਂ ਨੂੰ ਸਹੀ ਢੰਗ ਨਾਲ ਛੂਹਿਆ ਹੈ। ਉਸ ਨੇ ਅਮਰੀਕੀਆਂ ਨੂੰ ਚਿਤਾਵਨੀ ਦਿੱਤੀ ਕਿ ਇੱਕ 'ਹੋਛੇ ਆਦਮੀ' ਨੂੰ ਦੁਬਾਰਾ ਵਾਈਟ ਹਾਊਸ 'ਚ ਬਿਠਾਉਣ ਦੇ 'ਬੇਹੱਦ ਗੰਭੀਰ' ਨਤੀਜੇ ਨਿਕਲ ਸਕਦੇ ਹਨ। ਆਪਣੇ ਜਾਣੇ-ਪਛਾਣੇ ਗੱਲ ਨੂੰ ਵਧਾ-ਚੜ੍ਹਾ ਕੇ ਕਹਿਣ ਵਾਲੇ ਅੰਦਾਜ਼ ਵਿੱਚ ਟਰੰਪ ਨੇ ਪੁੱਛਿਆ ਕਿ ਕੀ ਉਹ ਉਸ ਬਾਰੇ ਗੱਲ ਕਰ ਰਹੀ ਸੀ। ਪਰ ਧੁਰ ਅੰਦਰੋਂ ਟਰੰਪ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਹ (ਕਮਲਾ) ਉਸ ਦੇ ਕਥਿਤ ਅਪਰਾਧਾਂ ਤੇ ਕੁਕਰਮਾਂ ਨੂੰ ਭੰਡਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਵੇਗੀ। ਓਵਲ ਆਫਿਸ ਵਿਚ ਬਿਤਾਏ ਉਸ ਦੇ ਸਾਲਾਂ ਦੌਰਾਨ ਹੋਈ ਹਨੇਰਗਰਦੀ ਤੇ 2020 ਦੀਆਂ ਚੋਣਾਂ ਵਿਚ ਹਾਰ ਦੀ ਨਿਰਾਸ਼ਾ ਵਿੱਚ ਕੈਪੀਟਲ ਉੱਤੇ ਕੀਤੇ ਹਮਲੇ ਦੀਆਂ ਯਾਦਾਂ ਅਜੇ ਵੀ ਅਮਰੀਕੀਆਂ ਦੇ ਮਨਾਂ ਵਿਚ ਤਾਜ਼ਾ ਹਨ। ਕਮਲਾ ਦੀ ਵਧ ਰਹੀ ਪ੍ਰਸਿੱਧੀ ਦੀ ਟਾਕਰਾ ਕਰਨ ਲਈ ਟਰੰਪ ਨੂੰ ਹੁਣ ਕੋਈ ਨਵਾਂ ਚੁਸਤ ਹੱਲ ਤਲਾਸ਼ਣਾ ਪਏਗਾ। ਇੱਕ ਨਵੇਂ ਚੋਣ ਸਰਵੇਖਣ ਵਿੱਚ ਕਮਲਾ, ਟਰੰਪ ਨਾਲੋਂ ਅੱਗੇ ਨਿਕਲਦੀ ਨਜ਼ਰ ਆ ਰਹੀ ਹੈ। ਉਸ ਲਈ ਸਮਰਥਨ ਵਧਿਆ ਹੈ ਤੇ ਦਰਜੇ 'ਚ ਸੁਧਾਰ ਹੋ ਰਿਹਾ ਹੈ। ਪਰ ਦੂਜੇ ਪਾਸੇ ਅਮਰੀਕਾ ਦੇ ਆਜ਼ਾਦ ਰਾਸ਼ਟਰਪਤੀ ਅਹੁਦੇ ਦੇ ਉਮੀਦਵਾਰ ਰਾਬਰਟ ਐਫ. ਕੈਨੇਡੀ ਜੂਨੀਅਰ ਨੇ ਚੋਣਾਂ ਨਾ ਲੜਨ ਦਾ ਐਲਾਨ ਕਰਕੇ ਪਾਰਟੀ ਦੇ ਉਮੀਦਵਾਰ ਡੋਨਾਲਡ ਟਰੰਪ ਨੂੰ ਆਪਣਾ ਸਮਰਥਨ ਦਿੱਤਾ ਹੈ। ਕੈਨੇਡੀ ਨੇ ਕਿਹਾ ਕਿ ਜੇਕਰ ਉਹ ਚੋਣ ਲੜਦੇ ਤਾਂ ਇਸ ਨਾਲ ਡੈਮੋਕ੍ਰੇਟਿਕ ਉਮੀਦਵਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ ਦੀ ਮਦਦ ਹੁੰਦੀ ਅਤੇ ਟਰੰਪ ਨੂੰ ਨੁਕਸਾਨ ਹੁੰਦਾ। ਅਜਿਹੇ ਵਿਚ ਉਨ੍ਹਾਂ ਨੇ ਆਪਣੀ ਮੁਹਿੰਮ ਖਤਮ ਕਰ ਦਿੱਤੀ ਹੈ। ਕੈਨੇਡੀ ਦੀ ਹਮਾਇਤ ਜਿੱਥੇ ਟਰੰਪ ਨੂੰ ਚੋਣਾਂ ਵਿਚ ਮਦਦ ਕਰੇਗੀ, ਉਥੇ ਹੀ ਡੈਮੋਕਰੇਟ ਕਮਲਾ ਹੈਰਿਸ ਲਈ ਚੁਣੌਤੀ ਹੁਣ ਮੁਸ਼ਕਿਲ ਹੋ ਸਕਦੀ ਹੈ।

ਵ੍ਹਾਈਟ ਹਾਊਸ ਦੇ ਆਜ਼ਾਦ ਉਮੀਦਵਾਰ ਰੌਬਰਟ ਐਫ. ਕੈਨੇਡੀ ਜੂਨੀਅਰ ਨੇ ਚੋਣ ਦੌੜ ਤੋਂ ਹਟਣ ਤੋਂ ਬਾਅਦ ਅਰੀਜ਼ੋਨਾ ਵਿੱਚ ਟਰੰਪ ਦੇ ਸਮਰਥਨ ਵਿੱਚ ਇੱਕ ਰੈਲੀ ਵਿੱਚ ਟਰੰਪ ਨਾਲ ਮੰਚ ਸਾਂਝਾ ਕੀਤਾ। 70 ਸਾਲਾ ਕੈਨੇਡੀ ਨੇ ਆਪਣੀ ਜ਼ਿਆਦਾਤਰ ਰਾਜਨੀਤੀ ਡੈਮੋਕ੍ਰੇਟਿਕ ਪਾਰਟੀ ਨਾਲ ਕੀਤੀ ਹੈ। ਰਿਪਬਲਿਕਨ ਪਾਰਟੀ ਦੇ ਸਮਰਥਨ 'ਤੇ, ਉਸਨੇ ਕਿਹਾ ਕਿ ਜਿਹਨਾਂ ਸਿਧਾਂਤਾਂ ਨੇ ਉਸਨੂੰ ਡੈਮੋਕ੍ਰੇਟਿਕ ਪਾਰਟੀ ਛੱਡਣ ਲਈ ਪ੍ਰੇਰਿਤ ਕੀਤਾ, ਉਨ੍ਹਾਂ ਹੀ ਸਿਧਾਂਤਾਂ ਨੇ ਹੁਣ ਉਸਨੂੰ ਡੋਨਲਡ ਟਰੰਪ ਦਾ ਸਮਰਥਨ ਕਰਨ ਲਈ ਮਜਬੂਰ ਕੀਤਾ ਹੈ।

ਰਾਬਰਟ ਐਫ. ਕੈਨੇਡੀ ਜੂਨੀਅਰ ਤੋਂ ਸਮਰਥਨ ਮਿਲਣ ਤੋਂ ਬਾਅਦ ਡੋਨਾਲਡ ਟਰੰਪ ਨੇ ਕਿਹਾ ਕਿ ਜੇਕਰ ਉਹ ਆਉਣ ਵਾਲੀਆਂ ਚੋਣਾਂ 'ਚ ਰਾਸ਼ਟਰਪਤੀ ਚੁਣੇ ਜਾਂਦੇ ਹਨ ਤਾਂ ਉਹ ਜਾਨ ਐਫ. ਕੈਨੇਡੀ ਦੀ ਹੱਤਿਆ ਨਾਲ ਜੁੜੇ ਸਾਰੇ ਦਸਤਾਵੇਜ਼ ਜਾਰੀ ਕਰਨਗੇ। ਕੈਨੇਡੀ ਦੇ ਸਮਰਥਨ ਦੀ ਪ੍ਰਸ਼ੰਸਾ ਕਰਦੇ ਹੋਏ ਟਰੰਪ ਨੇ ਕੈਨੇਡੀ ਦੇ ਪਿਤਾ ਜੋ ਕਿ ਅਮਰੀਕੀ ਸੈਨੇਟਰ ਸਨ, ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਅੱਜ ਉਨ੍ਹਾਂ ਨੂੰ ਆਪਣੇ ਬੇਟੇ 'ਤੇ ਮਾਣ ਹੋਵੇਗਾ। ਟਰੰਪ ਦੇ ਸਮਰਥਨ ਵਿਚ ਆਪਣੇ ਭਾਸ਼ਣ ਵਿਚ ਕੈਨੇਡੀ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਟਰੰਪ ਅਮਰੀਕਾ ਨੂੰ ਫਿਰ ਤੋਂ ਬਿਹਤਰ ਬਣਾਉਣ ਲਈ ਕੰਮ ਕਰਨਗੇ। ਉਹ ਇੱਕ ਅਜਿਹਾ ਰਾਸ਼ਟਰਪਤੀ ਹੋਵੇਗਾ ਜੋ ਤਾਨਾਸ਼ਾਹੀ ਦੇ ਵਿਰੁੱਧ ਸਾਡੀ ਰੱਖਿਆ ਕਰੇਗਾ।

ਡੋਨਾਲਡ ਟਰੰਪ ਦੇ ਸਮਰਥਨ ਨੂੰ ਲੈ ਕੇ ਕੈਨੇਡੀ ਜੂਨੀਅਰ ਆਪਣੇ ਪਰਿਵਾਰ ਦੇ ਵਿਰੋਧ ਦਾ ਸਾਹਮਣਾ ਕਰ ਰਹੇ ਹਨ। ਉਸਦੀ ਇੱਕ ਭੈਣ ਕੈਰੀ ਕੈਨੇਡੀ, ਨੇ ਕਿਹਾ ਕਿ ਉਸਦੇ ਭਰਾ ਲਈ ਟਰੰਪ ਨੂੰ ਗਲੇ ਲਗਾਉਣਾ "ਗਲਤ" ਸੀ। ਉਨ੍ਹਾਂ ਕਿਹਾ ਕਿ ਮੈਨੂੰ ਲੱਗਦਾ ਹੈ ਕਿ ਜੇਕਰ ਮੇਰੇ ਪਿਤਾ ਜ਼ਿੰਦਾ ਹੁੰਦੇ ਤਾਂ ਉਹ ਡੋਨਾਲਡ ਟਰੰਪ ਦੀਆਂ ਸਾਰੀਆਂ ਨੀਤੀਆਂ ਦਾ ਵਿਰੋਧ ਕਰਦੇ। ਕੈਨੇਡੀ ਦੇ ਪੰਜ ਭੈਣ-ਭਰਾ - ਕੈਥਲੀਨ ਕੈਨੇਡੀ ਟਾਊਨਸੇਂਡ, ਕੋਰਟਨੀ ਕੈਨੇਡੀ, ਕੈਰੀ ਕੈਨੇਡੀ, ਕ੍ਰਿਸ ਕੈਨੇਡੀ ਅਤੇ ਰੋਰੀ ਕੈਨੇਡੀ - ਨੇ ਕਿਹਾ ਕਿ ਉਨ੍ਹਾਂ ਦੇ ਭਰਾ ਨੇ ਸਾਡੇ ਪਿਤਾ ਅਤੇ ਸਾਡੇ ਪਰਿਵਾਰ ਦੀਆਂ ਕਦਰਾਂ-ਕੀਮਤਾਂ ਨਾਲ ਧੋਖਾ ਕੀਤਾ ਹੈ।

# ਮਾਇਆਵਤੀ ਦੀ ਰਾਖਵਾਂਕਰਨ ਬਾਰੇ ਦੋਗਲੀ ਨੀਤੀ

## ✪ ਕਿਉਂ ਕਰ ਰਹੀ ਹੈ ਬਾਲਮੀਕੀ, ਮਜਹਬੀ ਸਿਖ ਭਾਈਚਾਰੇ ਦੇ ਹੱਕਾਂ ਦਾ ਵਿਰੋਧ ? ✪ ਬਸਪਾ ਨੂੰ ਸੁਪਰੀਮ ਕੋਰਟ ਦਾ ਦਲਿਤ ਹਿਤੂ ਫੈਸਲਾ ਚੰਗਾ ਕਿਉਂ ਨਹੀਂ ਲਗਿਆ

ਹੁਣ ਜਿਹੇ ਅਨੁਸੂਚਿਤ ਜਾਤੀਆਂ ਅਤੇ ਜਨਜਾਤੀਆਂ ਲਈ ਰਾਖਵੇਂਕਰਨ ਵਿਚ ਵਰਗੀਕਰਨ ਬਾਰੇ ਸੁਪਰੀਮ ਕੋਰਟ ਦਾ ਇਤਿਹਾਸਕ ਫੈਸਲਾ ਆਇਆ, ਜੋ ਕਿ ਸ਼ਲਾਘਾਯੋਗ ਹੈ। ਇਸ ਫ਼ੈਸਲੇ ਅਤੇ ਅਦਾਲਤ 'ਤੇ ਅਨੁਸੂਚਿਤ ਜਾਤੀਆਂ ਦੇ ਭਾਰੂ ਵਰਗਾਂ ਨੇ ਹਮਲਾ ਕੀਤਾ ਹੈ। ਇਹ ਸਾਰੇ ਲੋਕ ਜੋ ਰਾਖਵੇਂਕਰਨ ਦਾ ਫਾਇਦਾ ਉਠਾਉਂਦੇ ਸਨ ਅਤੇ ਜੋ 85% ਦਾ ਨਾਅਰਾ ਲਗਾਉਂਦੇ ਸਨ, ਅੱਜ ਅਨੁਸੂਚਿਤ ਜਾਤੀਆਂ ਦੇ ਸਭ ਤੋਂ ਵਾਂਝੇ ਲੋਕਾਂ ਨੂੰ ਆਪਣੀ ਕਤਾਰ ਵਿਚ ਸ਼ਾਮਿਲ ਨਹੀਂ ਕਰਨਾ ਚਾਹੁੰਦੇ।

ਮਹਾਂਦਲਿਤ ਵਾਲਮੀਕ/ਮਜ਼ਹਬੀ ਸਮਾਜ ਜਾਂ ਮੁਸਾਹਰ ਜਾਂ ਮਦੀਗਾ ਜਾਂ ਚੱਕੀਲੀਆ ਜਾਂ ਅਰੁਣਥਿਆਰ ਭਾਈਚਾਰੇ ਉਹ ਭਾਈਚਾਰੇ ਹਨ ਜੋ ਅਨੁਸੂਚਿਤ ਜਾਤੀਆਂ ਮਿਲੇ ਰਾਖਵੇਂਕਰਨ ਦਾ ਲਾਭ ਨਹੀਂ ਲੈ ਸਕਦੇ ਸਨ। ਕਈ ਵਾਰ, ਇਤਿਹਾਸਕ ਕਾਰਨਾਂ ਕਰਕੇ, ਇਕ ਭਾਈਚਾਰਾ ਇਸ ਰਿਜ਼ਰਵੇਸ਼ਨ ਦੀ ਵਰਤੋਂ ਕਰਨ ਦੀ ਸਥਿਤੀ ਵਿਚ ਹੁੰਦਾ ਹੈ ਅਤੇ ਦੂਸਰੇ ਇਸ ਦੇ ਯੋਗ ਨਹੀਂ ਹੁੰਦੇ।

ਵਾਲਮੀਕਿ ਅਤੇ ਰਵਿਦਾਸੀਆ ਦੋਵੇਂ ਅਛੂਤ ਸਨ। ਪਰ ਫਿਰ ਵੀ ਥੋੜ੍ਹਾ ਜਿਹਾ ਫਰਕ ਸੀ। ਉਹ ਜੁੱਤੀਆਂ ਪਾਲਿਸ਼ ਕਰਦੇ ਸਮੇਂ ਬਾਜ਼ਾਰ ਦੇ ਇਕ ਪਾਸੇ ਬੈਠ ਕੇ ਆਪਣੀ ਮਿਹਨਤ ਦਾ ਸੌਦਾ ਕਰ ਸਕਦਾ ਸੀ। ਤਰਕੀ ਕਰ ਗਿਆ। ਦੂਸਰਿਆਂ ਨੂੰ ਭਿਖਾਰੀ ਵਾਂਗ ਮਿੱਟੀ ਚੁੱਕਣ ਦੇ ਬਦਲੇ ਰੋਟੀ ਦਿੱਤੀ ਜਾਂਦੀ ਸੀ, ਪੈਸੇ ਨਹੀਂ। ਇਕ ਤਾਂ ਬਜ਼ਾਰ ਸਮਝ ਗਿਆ, ਦੂਜਾ ਪਿੰਡ ਵਿਚ ਸੀਰੀ ਤੇ ਸ਼ਹਿਰ ਦਾ ਦੂਤ ਬਣ ਕੇ ਰਹਿ ਗਿਆ। ਹੈਰਾਨੀ ਇਹ ਹੈ ਕਿ ਜੋ ਦਲਿਤਾਂ ਨੂੰ ਹੀ ਨਹੀਂ, ਸਗੋਂ 6,000 ਜਾਤੀਆਂ ਨੂੰ ਵੀ ਇਕਜੁੱਟ ਕਰਨ ਦਾ ਦਾਅਵਾ ਕਰਦੇ ਸਨ ਉਹ ਸੁਪਰੀਮ ਕੋਰਟ ਦੇ ਫੈਸਲੇ ਦਾ ਵਿਰੋਧ ਕਰਕੇ ਬਾਲਮੀਕੀ ਤੇ ਮਜਹਬੀ ਜਾਤਾਂ ਦੇ ਹੱਕਾਂ ਦਾ ਵਿਰੋਧ ਕਰ ਰਹੇ ਹਨ।



ਕੁਝ ਸੁਹਿਰਦ ਲੋਕ ਇਹ ਦਲੀਲ ਦੇ ਰਹੇ ਹਨ ਕਿ ਵਰਗੀਕਰਨ ਦਲਿਤ ਏਕਤਾ ਨੂੰ ਕਮਜ਼ੋਰ ਕਰੇਗਾ। ਦਲਿਤਾਂ ਵਿਚ ਵੰਡੀਆਂ ਪੈਣਗੀਆਂ। ਇਸ ਦਾ ਮਤਲਬ ਹੈ ਕਿ ਏਕਤਾ ਦੇ ਨਾਂਅ 'ਤੇ ਮਹਾਂਦਲਿਤ ਵਾਲਮੀਕਿ/ ਮਜ਼ਹਬੀ, ਮੁਸਾਹਰ, ਮਦੀਗਾ ਵਰਗੇ ਦਲਿਤ ਭਾਈਚਾਰਿਆਂ ਨੂੰ ਕਦੇ ਵੀ ਇਹ ਸਵਾਲ ਨਹੀਂ ਕਰਨਾ ਚਾਹੀਦਾ ਕਿ ਉਹ ਮੂਹਰਲੀ ਕਤਾਰ 'ਚ ਕਿਉਂ ਨਹੀਂ ਹਨ?

ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿਧਾਨ ਸਭਾ ਦੀਆਂ 403 ਟਿਕਟਾਂ ਦੀ ਵੰਡ ਕਰਦੇ ਸਮੇਂ ਕਦੇ ਵਾਲਮੀਕਿ ਸਮਾਜ ਨੂੰ ਇਕ ਵੀ ਟਿਕਟ ਨਹੀਂ ਦਿੱਤੀ।

ਮਾਇਆਵਤੀ ਨੇ ਉੱਤਰ ਪ੍ਰਦੇਸ਼ ਦੇ ਕਈ ਜ਼ਿਲ੍ਹਿਆਂ ਦੇ ਨਾਂਅ ਦਲਿਤ ਮਹਾਪੁਰਖਾਂ ਦੇ ਨਾਂਅ 'ਤੇ ਰੱਖੇ ਪਰ ਵਾਲਮੀਕਿ ਦਾ ਨਾਂਅ ਕਿਤੇ ਵੀ ਨਹੀਂ ਰੱਖਿਆ। ਇਕ ਲੱਖ ਅੱਠ ਹਜ਼ਾਰ ਤੋਂ ਵੱਧ ਸਫਾਈ ਕਰਮਚਾਰੀਆਂ ਦੀਆਂ ਅਸਾਮੀਆਂ ਲਈ ਭਰਤੀ ਪਰ 8,000 ਵਾਲਮੀਕੀਆਂ ਨੂੰ ਵੀ ਨਹੀਂ ਚੁਣਿਆ ਗਿਆ। ਇਸ ਲਈ ਉਹ ਥਾਂ ਜਿੱਥੇ ਉਨ੍ਹਾਂ ਦੀ ਪੂਰਤੀ ਹੋ ਸਕਦੀ ਸੀ, ਉਹ ਵੀ ਉਨ੍ਹਾਂ ਤੋਂ ਖੋਹ ਲਈ ਗਈ।

ਮਾਇਆਵਤੀ ਨਾ ਤਾਂ ਗੋਹਾਨਾ ਗਈ ਅਤੇ ਨਾ ਹੀ ਮਿਰਚਪੁਰ ਪਹੁੰਚੀ ਇਸ ਦਾ ਕਾਰਨ ਕੀ ਹੋ ਸਕਦਾ ਹੈ? ਜੇਕਰ ਇਹ ਦਲਿਤ ਏਕਤਾ ਦਾ ਮੁੱਦਾ ਹੈ ਤਾਂ ਗੋਹਾਨਾ ਅਤੇ ਮਿਰਚਪੁਰ ਦੇ ਦਲਿਤ ਉਨ੍ਹਾਂ ਦੀ ਹਮਦਰਦੀ ਦੇ ਲਾਇਕ ਕਿਉਂ ਨਹੀਂ ਹਨ? ਦਲਿਤ ਬੋਧਿਕ ਹਲਕਿਆਂ ਦਾ ਮੰਨਣਾ ਹੈ ਕਿ ਕਿ ਕ੍ਰੀਮੀ ਲੇਅਰ ਨੂੰ ਅਨੁਸੂਚਿਤ ਜਾਤੀਆਂ ਅਤੇ ਕਬੀਲਿਆਂ ਵਿਚ ਲਾਗੂ ਨਹੀਂ ਕੀਤਾ ਜਾਣਾ ਚਾਹੀਦਾ ਹੈ ਪਰ ਵਰਗੀਕਰਨ ਉਸੇ ਤਰ੍ਹਾਂ ਜ਼ਰੂਰੀ ਹੈ, ਜਿਸ ਤਰ੍ਹਾਂ ਬਾਬਾ ਸਾਹਿਬ ਅੰਬੇਡਕਰ ਨੇ ਦੇਸ਼ ਦੇ ਬਾਕੀ ਹਿੱਸਿਆਂ ਵਿਚ ਰਹਿੰਦੇ ਦਲਿਤਾਂ ਲਈ ਵੱਖਰੀ ਵੰਡ ਪ੍ਰਣਾਲੀ ਦੀ ਮੰਗ ਕੀਤੀ ਸੀ। ਬਾਲਮੀਕੀ ਜਾਂ ਹੋਰ ਮਹਾਂਦਲਿਤ ਦਲਿਤ ਏਕਤਾ ਵਿਚ ਪਾੜਾ ਨਹੀਂ ਪਾ ਰਹੇ, ਉਹ ਆਪਣਾ ਰਾਖਵੇਂਕਰਨ ਦਾ ਹਿੱਸਾ ਲੈਣਾ ਚਾਹੁੰਦੇ ਹਨ। ਪਰ ਮਾਇਆਵਤੀ ਵਰਗੇ ਬਾਕੀ ਦਬੀਆਂ, ਕੁਚਲੀਆਂ ਜਾਤਾਂ ਨੂੰ ਰਾਖਵਾਂਕਰਨ ਦੇਣ ਦੇ ਹੱਕ ਵਿਚ ਨਹੀਂ।

# ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਸੂਬੇ ਵਾਲੇ ਪੀਂਦੇ ਨੇ ਪੰਜਾਬ ਤੋਂ ਵੱਧ ਸ਼ਰਾਬ



ਦਿੱਲੀ-ਸ਼ਰਾਬ 'ਤੇ ਸਭ ਤੋਂ ਜ਼ਿਆਦਾ ਪੈਸਾ ਕਿਹੜੇ ਰਾਜ ਦੇ ਲੋਕ ਖਰਚ ਕਰਦੇ ਹਨ? ਅਤੇ ਕਿਹੜਾ ਰਾਜ ਹੈ ਜਿੱਥੇ ਲੋਕ ਸ਼ਰਾਬ 'ਤੇ ਘੱਟ ਪੈਸੇ ਖਰਚ ਕਰਦੇ ਹਨ? ਵਿੱਤ ਮੰਤਰਾਲੇ ਦੇ ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਫਾਇਨਾਂਸ ਐਂਡ ਪਾਲਿਸੀ ਦੇ ਇੱਕ ਅਧਿਐਨ ਅਨੁਸਾਰ, ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਵਿੱਚ ਦੇਸ਼ ਭਰ ਵਿੱਚ ਸ਼ਰਾਬ 'ਤੇ ਪ੍ਰਤੀ ਵਿਅਕਤੀ ਸਾਲਾਨਾ ਖਪਤ ਖਰਚੇ ਸਭ ਤੋਂ ਵੱਧ ਹਨ। ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਫਾਇਨਾਂਸ ਐਂਡ ਪਾਲਿਸੀ ਦੇ 2011-12 ਦੇ ਸਰਵੇਖਣ ਅਨੁਸਾਰ, ਆਂਧਰਾ ਪ੍ਰਦੇਸ਼ ਦੇ ਲੋਕ ਸ਼ਰਾਬ 'ਤੇ ਸਭ ਤੋਂ ਵੱਧ ਖਰਚ ਕਰਦੇ ਹਨ, ਜਿੱਥੇ ਸ਼ਰਾਬ 'ਤੇ ਪ੍ਰਤੀ ਵਿਅਕਤੀ ਔਸਤ ਸਾਲਾਨਾ ਖਪਤ ਖਰਚਾ 620 ਰੁਪਏ ਹੈ, ਸੀਐਮਆਈਈ ਦੇ ਕੰਜ਼ਿਊਮਰ ਪਿਰਾਮਿਡਜ਼ ਘਰੇਲੂ ਸਰਵੇਖਣ ਦੇ ਅਨੁਸਾਰ, ਤੇਲੰਗਾਨਾ ਵਿੱਚ ਸਭ ਤੋਂ ਵੱਧ ਔਸਤ ਸਾਲਾਨਾ ਪ੍ਰਤੀ ਵਿਅਕਤੀ ਖਪਤ ਖਰਚਾ 1,623 ਰੁਪਏ (2022-23 ਲਈ ਮੌਜੂਦਾ ਕੀਮਤ) ਹੈ।

ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਨੈਸ਼ਨਲ ਇੰਸਟੀਚਿਊਟ ਆਫ਼ ਪਬਲਿਕ ਫਾਇਨਾਂਸ ਐਂਡ ਪਾਲਿਸੀ ਤੇ ਸੀਐਮਆਈਈ ਦੇ ਅੰਕੜਿਆਂ ਦੇ ਅਨੁਸਾਰ, ਸ਼ਰਾਬ 'ਤੇ ਸਭ ਤੋਂ ਘੱਟ ਖ਼ਰਚ ਕਰਨ ਵਾਲਾ ਰਾਜ ਉੱਤਰ ਪ੍ਰਦੇਸ਼ ਹੈ, ਇੱਥੇ ਲੋਕ ਕ੍ਰਮਵਾਰ 75 ਰੁਪਏ ਅਤੇ 49 ਰੁਪਏ ਖਰਚ ਕਰਦੇ ਹਨ। ਇਸ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ ਸ਼ਰਾਬ 'ਤੇ ਜ਼ਿਆਦਾ ਖਰਚ ਕਰਨ ਵਾਲੇ ਰਾਜਾਂ ਵਿੱਚ ਕੇਰਲ (486 ਰੁਪਏ), ਹਿਮਾਚਲ ਪ੍ਰਦੇਸ਼ (457 ਰੁਪਏ), ਪੰਜਾਬ (453 ਰੁਪਏ), ਤਾਮਿਲਨਾਡੂ (330 ਰੁਪਏ) ਅਤੇ ਰਾਜਸਥਾਨ (308 ਰੁਪਏ) ਸ਼ਾਮਲ ਹਨ।

ਸੀਐਮਆਈਈ ਦੇ ਅਨੁਸਾਰ, 2022-23 ਲਈ ਮੌਜੂਦਾ ਕੀਮਤਾਂ 'ਤੇ ਵੱਧ ਔਸਤ ਸਾਲਾਨਾ ਪ੍ਰਤੀ ਵਿਅਕਤੀ ਖਰਚੇ ਵਾਲੇ ਰਾਜਾਂ ਵਿੱਚ ਆਂਧਰਾ ਪ੍ਰਦੇਸ਼ 1,306 ਰੁਪਏ, ਛੱਤੀਸਗੜ੍ਹ 1,227 ਰੁਪਏ, ਪੰਜਾਬ 1,245 ਰੁਪਏ ਅਤੇ ਓਡੀਸ਼ਾ 1,156 ਰੁਪਏ ਸ਼ਾਮਲ ਹਨ। ਅੰਕੜਿਆਂ ਅਨੁਸਾਰ ਸਭ ਤੋਂ ਘੱਟ ਟੈਕਸ ਵਸੂਲੀ ਵਾਲਾ ਰਾਜ ਝਾਰਖੰਡ ਸੀ, ਜਿੱਥੇ ਟੈਕਸ ਵਸੂਲੀ ਦੀ ਦਰ 67% ਸੀ। ਸਭ ਤੋਂ ਵੱਧ ਟੈਕਸ ਗੋਆ ਵਿੱਚ ਇਕੱਠਾ ਹੋਇਆ, ਜਿੱਥੇ ਟੈਕਸ ਵਸੂਲੀ ਦੀ ਦਰ 722% ਸੀ।

ਆਂਧਰਾ ਪ੍ਰਦੇਸ਼, ਬਿਹਾਰ, ਗੋਆ, ਝਾਰਖੰਡ, ਕੇਰਲ, ਕਰਨਾਟਕ, ਮਹਾਰਾਸ਼ਟਰ, ਮੱਧ ਪ੍ਰਦੇਸ਼, ਪੰਜਾਬ, ਰਾਜਸਥਾਨ, ਤਾਮਿਲਨਾਡੂ ਅਤੇ ਤ੍ਰਿਪੁਰਾ ਦੇ ਪੇਂਡੂ ਖੇਤਰਾਂ ਵਿੱਚ ਸ਼ਰਾਬ 'ਤੇ ਪ੍ਰਤੀ ਵਿਅਕਤੀ ਔਸਤ ਮਹੀਨਾਵਾਰ ਖਰਚ ਸ਼ਹਿਰੀ ਖੇਤਰਾਂ ਨਾਲੋਂ ਵੱਧ ਹੈ। ਆਸਾਮ, ਛੱਤੀਸਗੜ੍ਹ, ਹਿਮਾਚਲ ਪ੍ਰਦੇਸ਼, ਹਰਿਆਣਾ, ਉੜੀਸਾ, ਉੱਤਰਾਖੰਡ, ਉੱਤਰ ਪ੍ਰਦੇਸ਼ ਅਤੇ ਪੱਛਮੀ ਬੰਗਾਲ ਦੇ ਸ਼ਹਿਰਾਂ ਵਿੱਚ ਲੋਕ ਸ਼ਰਾਬ 'ਤੇ ਜ਼ਿਆਦਾ ਖਰਚ ਕਰਦੇ ਹਨ।

## ਸੁਖਬੀਰ ਬਾਦਲ ਬਾਰੇ ਫੈਸਲਾ ਪੰਥਕ ਭਾਵਨਾਵਾਂ ਅਨੁਸਾਰ ਹੋਵੇ

**○ ਅੰਮ੍ਰਿਤ ਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸੌਂਪਿਆ ਮੰਗ ਪੱਤਰ**



ਅੰਮ੍ਰਿਤਸਰ-ਖਡੂਰ ਸਾਹਿਬ ਤੋਂ ਸਾਂਸਦ ਮੈਂਬਰ ਭਾਈ ਅੰਮ੍ਰਿਤ ਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮਿਲ ਕੇ ਮੰਗ ਪੱਤਰ ਸੌਂਪਿਆ। ਤਰਸੇਮ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਖਿਲਾਫ 30 ਅਗਸਤ ਨੂੰ ਜਥੇਦਾਰਾਂ ਵੱਲੋਂ ਲਏ ਜਾਣ ਵਾਲਾ ਫੈਸਲਾ ਸਿੱਖਾਂ ਦੀਆਂ ਭਾਵਨਾਵਾਂ ਨੂੰ ਮੁੱਖ ਰੱਖਦਿਆਂ ਲਿਆ ਜਾਣਾ ਚਾਹੀਦਾ ਹੈ।

## ਪੰਜਾਬ ਸਰਕਾਰ ਕਾਲਾ ਸੰਘਿਆ ਡਰੇਨ ਦਾ ਸੁੰਦਰੀਕਰਨ ਕਰੇਗੀ

**✪ 34.60 ਕਰੋੜ ਰੁਪਏ ਨਾਲ ਕੀਤਾ ਜਾ ਰਿਹੈ ਸੁਧਾਰ ✪ ਲੋਕਾਂ ਨੂੰ ਜਲਦ ਮਿਲੇਗੀ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਮੁਕਤੀ**



ਜਲੰਧਰ-ਸ਼ਹਿਰ ਵਿੱਚੋਂ ਲੰਘਦੀ ਕਾਲਾ ਸੰਘਿਆ ਡਰੇਨ ਦੇ ਸੁੰਦਰੀਕਰਨ ਦੇ 34.60 ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰਾਜੈਕਟ ਦਾ ਕੰਮ ਜੰਗੀ ਪੱਧਰ 'ਤੇ ਜਾਰੀ ਹੈ, ਜਿਸ ਦੇ ਮੁਕੰਮਲ ਹੋਣ ਨਾਲ ਇਸ ਖੇਤਰ ਵਿੱਚ ਹਵਾ ਤੇ ਪਾਣੀ ਦੇ ਪ੍ਰਦੂਸ਼ਣ ਤੋਂ ਨਿਜਾਤ ਮਿਲਣ ਸਦਕਾ ਡਰੇਨ ਦੇ ਕੰਢੇ ਵੱਸਦੀ ਆਬਾਦੀ ਨੂੰ ਵੱਡੀ ਰਾਹਤ ਮਿਲੇਗੀ।

ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਜਲੰਧਰ ਸਮਾਰਟ ਸਿਟੀ ਤਹਿਤ ਇਹ ਪ੍ਰਾਜੈਕਟ ਮਾਨਸਾ ਡਰੇਨੇਜ-ਕਮ-ਮਾਈਨਿੰਗ ਤੇ ਜੀਓਲੋਜੀ ਵਿਭਾਗ ਵੱਲੋਂ ਡਿਪੋਜ਼ਿਟ ਕਾਰਜ ਵਜੋਂ ਨੇਪਰੇ ਚਾੜ੍ਹਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਇਸ ਪ੍ਰਾਜੈਕਟ ਤਹਿਤ ਡਰੇਨ ਦੇ ਸ਼ਹਿਰ ਵਿੱਚੋਂ ਲੰਘਦੇ 13 ਕਿਲੋਮੀਟਰ ਹਿੱਸੇ ਦੀ ਅੰਦਰੂਨੀ ਸਫਾਈ ਅਤੇ ਇਸ ਦੇ ਦੋਵੇਂ ਪਾਸੇ ਕਿਨਾਰਿਆਂ 'ਤੇ 'ਸਟੋਨ ਪਿਚਿੰਗ' ਰਾਹੀਂ ਸਾਈਡਾਂ ਨੂੰ ਪੱਕਾ ਕੀਤਾ ਜਾ ਰਿਹਾ ਹੈ।

ਡਾ. ਅਗਰਵਾਲ ਨੇ ਦੱਸਿਆ ਕਿ ਪ੍ਰਾਜੈਕਟ ਤਹਿਤ ਕਰੀਬ 80 ਫੀਸਦੀ ਕੰਮ ਮੁਕੰਮਲ ਕੀਤਾ ਜਾ ਚੁੱਕਾ ਹੈ ਅਤੇ ਪ੍ਰਾਜੈਕਟ ਦੇ ਪੂਰਾ ਹੋਣ ਉਪਰੰਤ ਕਾਲਾ ਸੰਘਿਆ ਡਰੇਨ ਵਿੱਚ ਬਿਸਤ ਦੁਆਬ ਨਹਿਰ ਵਿੱਚੋਂ ਸਾਫ਼ ਪਾਣੀ ਛੱਡਿਆ ਜਾਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਡਰੇਨ ਦੇ ਨਾਲ-ਨਾਲ ਗ੍ਰੀਨ ਏਰੀਆ ਵੀ ਵਿਕਸਿਤ ਕੀਤਾ ਜਾਵੇਗਾ ਤਾਂ ਜੋ ਹਰਿਆਵਲ ਵਿੱਚ ਵਾਧਾ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਦੇ ਸਿਰੇ ਚੜ੍ਹਨ ਨਾਲ ਡਰੇਨ ਨੂੰ ਪ੍ਰਦੂਸ਼ਣ ਮੁਕਤ ਕਰਨ ਵਿੱਚ ਮਦਦ ਮਿਲੇਗੀ, ਜਿਸ ਸਦਕਾ ਵਾਤਾਵਰਣ ਦੀ ਸਿਹਤ ਵਿੱਚ ਸੁਧਾਰ ਹੋਵੇਗਾ ਅਤੇ ਡਰੇਨ ਦੇ ਆਸ-ਪਾਸ ਵਸਣ ਵਾਲੇ ਲੋਕਾਂ ਨੂੰ ਵੀ ਸਾਫ-ਸੁਥਰਾ ਚੌਗਿਰਦਾ ਮਿਲੇਗਾ।

ਡਰੇਨੇਜ-ਕਮ-ਮਾਈਨਿੰਗ ਤੇ ਜੀਓਲੋਜੀ ਵਿਭਾਗ ਦੇ ਐਸ.ਡੀ.ਓ. ਸਤਿਗੁਰ ਸਿੰਘ ਨੇ ਇਸ ਸਬੰਧੀ ਦੱਸਿਆ ਕਿ ਕਾਲਾ ਸੰਘਿਆ ਡਰੇਨ ਦੇ ਸੁੰਦਰੀਕਰਨ ਪ੍ਰਾਜੈਕਟ ਨੂੰ ਚਾਰ ਹਿੱਸਿਆਂ ਵਿੱਚ ਵੰਡ ਕੇ ਨੇਪਰੇ ਚਾੜ੍ਹਿਆ ਜਾ ਰਿਹਾ ਹੈ, ਜੋ ਕਿ ਜਲਦ ਮੁਕੰਮਲ ਕਰ ਲਿਆ ਜਾਵੇਗਾ।

**ਮਾਮਲਾ ਵਿਵਾਦਿਤ ਫਿਲਮ 'ਐਮਰਜੈਂਸੀ' ਦਾ**

## ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਕਾਰਣ, ਅਦਾਕਾਰਾ ਕੰਗਨਾ ਨੂੰ ਭੇਜਿਆ ਕਾਨੂੰਨੀ ਨੋਟਿਸ

ਫ਼ਤਹਿਗੜ੍ਹ ਸਾਹਿਬ-ਅਭਿਨੇਤਰੀ ਅਤੇ ਸੰਸਦ ਮੈਂਬਰ ਕੰਗਨਾ ਰਣੌਤ ਦੀ ਵਿਵਾਦਿਤ ਫਿਲਮ 'ਐਮਰਜੈਂਸੀ' ਦਾ ਟ੍ਰੇਲਰ ਰਿਲੀਜ਼ ਤੇ ਕਰਨ ਲਈ ਮੀਡੀਆ ਚੈਨਲ ਜ਼ੀ.ਸਟੂਡੀਓ /ਅਭਿਨੇਤਰੀ ਕੰਗਨਾ ਰਣੌਤ ਨਾਲ ਸਾਰੀ ਫਿਲਮ ਕਾਸਟ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। 'ਐਮਰਜੈਂਸੀ' ਦੇ ਟ੍ਰੇਲਰ ਰਿਲੀਜ਼ ਹੋਣ ਨਾਲ ਸਿੱਖ ਸੰਗਤਾਂ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਕਈ ਥਾਵਾਂ 'ਤੇ ਤਾਂ ਇਸ ਟ੍ਰੇਲਰ ਰਿਲੀਜ਼ ਹੋਣ ਨਾਲ ਧਰਨੇ ਵੀ ਦੇਖਣ ਨੂੰ ਮਿਲੇ ਹਨ। ਸ਼ਿਕਾਇਤ ਕਰਤਾ ਅਮਨਦੀਪ ਸਿੰਘ ਕਲਸੀ ਵਲੋਂ ਕੇਂਦਰੀ ਸੂਚਨਾ ਤੇ ਪ੍ਰਸਾਰਣ ਨੂੰ ਵੀ ਇਸ ਨੋਟਿਸ ਵਿਚ ਸ਼ਾਮਿਲ ਕੀਤਾ ਗਿਆ। ਇਸ ਫਿਲਮ ਦੇ ਰਿਲੀਜ਼ ਹੋਣ ਨਾਲ ਸਿੱਖ ਭਾਈਚਾਰੇ ਨੂੰ ਠੇਸ ਪਹੁੰਚੀ ਹੈ। ਇਸ ਫਿਲਮ ਦੇ ਰਿਲੀਜ਼ ਹੋਣ ਨਾਲ ਦੇਸ਼ ਦੀ ਕਾਨੂੰਨ ਵਿਵਸਥਾ, ਅਮਨ ਸ਼ਾਂਤੀ ਭੰਗ ਹੋਣ ਦਾ ਪੂਰਾ ਖਦਸ਼ਾ ਹੈ।

ਐਡਵੋਕੇਟ ਗੁਰਮਿੰਦਰ ਸਿੰਘ ਸਲਾਣਾ, ਐਡਵੋਕੇਟ ਕੇਐੱਸ ਸਿੱਧੂ ਵੱਲੋਂ ਸ਼ਿਕਾਇਤ ਅਨੁਸਾਰ ਮੀਡੀਆ ਚੈਨਲ ਜ਼ੀ.ਸਟੂਡੀਓ ਨੂੰ ਸਿੱਖਾਂ ਦੇ ਕਿਰਦਾਰ ਨੂੰ ਬਦਨਾਮ ਕਰਨ ਸਾਜਿਸ਼ ਕੀਤੀ ਜਾ ਰਹੀ ਹੈ ਅਤੇ ਕਿਹਾ ਹੈ ਕਿ ਉਕਤ ਚੈਨਲ ਨੂੰ ਫਿਲਮ ਦਾ ਟ੍ਰੇਲਰ ਪ੍ਰਸਾਰਿਤ ਚੈਨਲਾਂ ਤੋਂ ਹਟਾਉਣ ਸਬੰਧੀ ਵੀ ਚਿਤਾਵਨੀ ਦਿੱਤੀ ਗਈ ਹੈ।




ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਮੰਤਰੀ ਅਸ਼ਵਨੀ ਵੈਸ਼ਨਵ ਅਤੇ ਕੇਂਦਰੀ ਫਿਲਮ ਸੈਂਸਰ ਬੋਰਡ ਦੇ ਚੇਅਰਮੈਨ ਪਾਰਸਨ ਜੋਸ਼ੀ ਨੂੰ ਵੱਖ-ਵੱਖ ਪੱਤਰ ਲਿਖ ਕੇ ਫਿਲਮ 'ਤੇ ਇਤਰਾਜ਼ ਜਤਾਇਆ ਹੈ ਅਤੇ ਇਸ ਨੂੰ 6 ਸਤੰਬਰ ਨੂੰ ਰਿਲੀਜ਼ ਨਾ ਕਰਨ ਦੀ ਮੰਗ ਵੀ ਕੀਤੀ ਹੈ ਉਨ੍ਹਾਂ ਕਿਹਾ ਕਿ ਸਿੱਖ ਹੋਣ ਦੇ ਨਾਤੇ ਉਠਾਏ ਗਏ ਇਤਰਾਜ਼ ਅਨੁਸਾਰ ਫ਼ਿਲਮ ਵਿੱਚੋਂ ਇਤਰਾਜ਼ਯੋਗ ਦ੍ਰਿਸ਼ ਕੱਟੇ ਜਾਣ ਤੋਂ ਬਾਅਦ ਹੀ ਫ਼ਿਲਮ ਨੂੰ ਰਿਲੀਜ਼ ਹੋਣ ਦਿੱਤਾ ਜਾਣਾ ਚਾਹੀਦਾ।

# ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਕਸ਼ਮੀਰੀ ਅਵਾਮ ਤੇ ਰਾਜਨੀਤਕ ਪਾਰਟੀਆਂ ਸਰਗਰਮ

**○ ਭਾਜਪਾ ਅਤੇ ਉਸ ਦੀਆਂ ਸਮਰਥਕ ਪਾਰਟੀਆਂ ਨੂੰ ਨਹੀਂ ਮਿਲ ਰਿਹਾ ਲੋਕ ਹੁੰਗਾਰਾ ○ ਭਾਜਪਾ ਦੇ ਫਾਸ਼ੀਵਾਦੀ ਪੈਂਤੜੇ ਨੂੰ ਨਕਾਰਨ ਲਈ ਨੈਸ਼ਨਲ ਕਾਨਫਰੰਸ ਤੇ ਪੀ ਡੀ ਪੀ ਦਾ ਤਾਲਮੇਲ ਜ਼ਰੂਰੀ**

ਮੋਦੀ ਸਰਕਾਰ ਨੇ ਆਰ ਐੱਸ ਐੱਸ ਦੀ ਸੋਚ ਨੂੰ ਲਾਗੂ ਕਰਦਿਆਂ ਪਹਿਲਾਂ ਜੰਮੂ-ਕਸ਼ਮੀਰ ਨੂੰ ਖਾਸ ਰਾਜ ਦਾ ਦਰਜਾ ਦਿੰਦੀ ਧਾਰਾ 370 ਖਤਮ ਕਰਕੇ ਰਾਜ ਨੂੰ ਦੋ ਕੇਂਦਰ ਸ਼ਾਸਤ ਪ੍ਰਦੇਸ਼ਾਂ ਜੰਮੂ-ਕਸ਼ਮੀਰ ਅਤੇ ਲੱਦਾਖ ਵਿਚ ਬਦਲਿਆ ਤੇ ਫਿਰ ਉੱਥੇ ਸਿਆਸੀ ਪਕੜ ਮਜ਼ਬੂਤ ਕਰਨ ਲਈ ਕੁਝ ਆਗੂਆਂ ਤੋਂ ਅਖੌਤੀ ਕਸ਼ਮੀਰ-ਪ੍ਰਸਤ ਨਵੀਂਆਂ ਪਾਰਟੀਆਂ ਬਣਵਾਈਆਂ, ਤਾਂ ਕਿ ਨੈਸ਼ਨਲ ਕਾਨਫਰੰਸ, ਪੀਪਲਜ਼ ਡੈਮੋਕਰੇਟਿਕ ਪਾਰਟੀ (ਪੀ ਡੀ ਪੀ) ਤੇ ਕਾਂਗਰਸ ਵਰਗੀਆਂ ਟਕਸਾਲੀ ਪਾਰਟੀਆਂ ਨੂੰ ਥੱਲੇ ਲਾਇਆ ਜਾ ਸਕੇ। ਇਨ੍ਹਾਂ ਪਾਰਟੀਆਂ ਵਿਚ ਅਲਤਾਫ ਬੁਖਾਰੀ ਦੀ 'ਜੰਮੂ-ਕਸ਼ਮੀਰ ਅਪਨੀ ਪਾਰਟੀ', ਗੁਲਾਮ ਨਬੀ ਆਜ਼ਾਦ ਦੀ 'ਡੈਮੋਕਰੇਟਿਕ ਪ੍ਰੋਗਰੈਸਿਵ ਪਾਰਟੀ' ਅਤੇ ਸੱਜਾਦ ਲੋਨ ਦੀ 'ਪੀਪਲਜ਼ ਕਾਨਫਰੰਸ' ਵਰਨਣਯੋਗ ਹਨ। ਇਨ੍ਹਾਂ ਦੀ ਕੇਂਦਰ ਨਾਲ ਨੇੜਤਾ ਕਾਰਨ ਕਸ਼ਮੀਰ ਦੇ ਲੋਕ ਇਨ੍ਹਾਂ ਨੂੰ ਰਾਜੇ ਦੀਆਂ ਪਾਰਟੀਆਂ (ਕਿੰਗ'ਜ਼ ਪਾਰਟੀਜ਼) ਵੀ ਕਹਿੰਦੇ ਹਨ। ਇਨ੍ਹਾਂ ਨੇ ਲੋਕ ਸਭਾ ਚੋਣਾਂ ਲੜੀਆਂ, ਪਰ ਇਨ੍ਹਾਂ ਦੇ ਪੱਲੇ ਕੁਝ ਨਹੀਂ ਪਿਆ। ਸ਼ਰਮਨਾਕ ਹਾਰ ਦਾ ਮੂੰਹ ਦੇਖਣਾ ਪਿਆ।

ਹੁਣ ਜੰਮੂ-ਕਸ਼ਮੀਰ ਦੀਆਂ ਚੋਣਾਂ ਦਾ ਐਲਾਨ ਹੋਣ ਤੋਂ ਬਾਅਦ ਇਨ੍ਹਾਂ ਦੀ ਸਥਿਤੀ ਹੋਰ ਹਾਸੋਹੀਣੀ ਹੋ ਰਹੀ ਹੈ। ਭੁਲੇਖੇ ਵਿਚ ਇਨ੍ਹਾਂ ਵਿਚ ਸ਼ਾਮਲ ਹੋਏ ਟਕਸਾਲੀ ਪਾਰਟੀਆਂ ਦੇ ਆਗੂ ਇਨ੍ਹਾਂ ਵਿੱਚੋਂ ਨਿਕਲਣੇ ਸ਼ੁਰੂ ਹੋ ਗਏ ਹਨ। ਅਪਨੀ ਪਾਰਟੀ ਦੇ ਜਫਰ ਮਨਹਾਸ, ਉਸਮਾਨ ਮਾਜਿਦ, ਨੂਰ ਮੁਹੰਮਦ ਤੇ ਚੌਧਰੀ ਜ਼ੁਲਫੀਕਾਰ, ਪੀਪਲਜ਼ ਕਾਨਫਰੰਸ ਦੇ ਖੁਰਸ਼ੀਦ ਆਲਮ ਅਤੇ ਆਜ਼ਾਦ ਦੀ ਪਾਰਟੀ ਦੇ ਤਾਜ ਮੋਹੀਉਦੀਨ ਇਨ੍ਹਾਂ ਦਾ ਸਾਥ ਛੱਡ ਗਏ ਹਨ। ਮੋਹੀਉਦੀਨ ਕਾਂਗਰਸ ਵਿਚ ਪਰਤ ਗਏ ਹਨ ਤੇ ਆਲਮ ਪੀ ਡੀ ਪੀ ਵਿਚ। ਜ਼ੁਲਫੀਕਾਰ ਅਲੀ ਨੇ ਭਾਜਪਾ ਦਾ ਦਾਮਨ ਫੜਿਆ ਹੈ। ਜਫਰ ਮਨਹਾਸ ਨੇ ਅਪਨੀ ਪਾਰਟੀ ਦੇ ਉਮੀਦਵਾਰ ਵਜੋਂ ਅਨੰਤਨਾਗ ਦੀ ਲੋਕ ਸਭਾ ਸੀਟ ਦੀ ਚੋਣ ਲੜੀ ਸੀ। ਉਨ੍ਹਾ ਦੇ ਕਾਂਗਰਸ ਵਿਚ ਜਾਣ ਦੀ ਚਰਚਾ ਸੀ। ਸਾਬਕਾ ਮੰਤਰੀ ਅਬਦੁਲ ਹੱਕ ਖਾਨ ਵੀ ਦੋ ਸਾਲ ਬਾਅਦ ਪੀ ਡੀ ਪੀ ਵਿਚ ਪਰਤ ਆਏ ਹਨ। ਦਰਅਸਲ ਰਾਜ ਦਾ ਖਾਸ ਦਰਜਾ ਖਤਮ ਹੋਣ ਤੋਂ ਬਾਅਦ ਪੀ ਡੀ ਪੀ ਨੂੰ ਵੱਡਾ ਨੁਕਸਾਨ ਹੋਇਆ ਸੀ, ਕਿਉਂਕਿ ਉਸ ਦੇ ਕਈ ਸੀਨੀਅਰ ਆਗੂਆਂ ਨੇ ਪਾਰਟੀ ਛੱਡ ਕੇ ਅਪਨੀ ਪਾਰਟੀ ਬਣਾ ਲਈ ਸੀ ਜਾਂ ਹੋਰਨਾਂ ਪਾਰਟੀਆਂ ਵਿਚ ਸ਼ਾਮਲ ਹੋ ਗਏ ਸਨ। ਪਾਰਟੀ ਦੇ ਸੀਨੀਅਰ ਆਗੂ ਤੇ ਕੁਪਵਾੜਾ ਵਿਚ ਚੰਗੀ ਸਾਖ ਰੱਖਦੇ ਸਾਬਕਾ ਰਾਜ ਸਭਾ ਮੈਂਬਰ ਸ਼ੇਖ ਫਯਾਜ਼ ਤਾਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੀ ਪੀ ਡੀ ਪੀ ਵਿਚ ਪਰਤ ਆਏ ਸਨ ਤੇ ਪੀ ਡੀ ਪੀ ਨੇ ਉਨ੍ਹਾ ਨੂੰ ਬਾਰਾਮੂਲਾ ਤੋਂ ਲੋਕ ਸਭਾ ਚੋਣ ਵੀ ਲੜਾਈ ਸੀ। ਕੁਝ ਹਫਤੇ ਪਹਿਲਾਂ ਸਾਬਕਾ ਮੰਤਰੀ



ਬਸ਼ਾਰਤ ਬੁਖਾਰੀ ਪੀ ਡੀ ਪੀ ਵਿਚ ਪਰਤ ਆਏ ਹਨ।

ਹਾਲਾਂਕਿ ਜੰਮੂ ਖੇਤਰ ਦੀਆਂ ਦੋ ਲੋਕ ਸਭਾ ਸੀਟਾਂ ਜੰਮੂ ਤੇ ਉਧਮਪੁਰ ਭਾਜਪਾ ਨੇ ਮੁੜ ਜਿੱਤ ਲਈਆਂ ਸਨ, ਪਰ ਕਸ਼ਮੀਰ ਵਿਚ ਉਸ ਦੀ ਉਮੀਦਵਾਰ ਖੜ੍ਹਾ ਕਰਨ ਦੀ ਹਿੰਮਤ ਨਹੀਂ ਸੀ ਪਈ। ਹੁਣ ਵੀ ਉਸ ਨੂੰ ਕਸ਼ਮੀਰ ਵਿਚ ਖੜ੍ਹੇ ਕਰਨ ਲਈ ਉਮੀਦਵਾਰ ਨਹੀਂ ਲੱਭ ਰਹੇ। ਮੋਦੀ ਸਰਕਾਰ ਦੇ ਫੈਸਲਿਆਂ ਖਿਲਾਫ ਲੋਕਾਂ ਵਿਚ ਗੁੱਸਾ ਹੀ ਏਨਾ ਹੈ। ਕਸ਼ਮੀਰ ਦੀ ਫਿਜ਼ਾ ਇਸ ਤਰ੍ਹਾਂ ਦੀ ਬਣ ਚੁੱਕੀ ਹੈ ਕਿ ਉਸ ਦੀਆਂ ਪਿੱਠੂ ਪਾਰਟੀਆਂ ਦੇ ਹੱਥ-ਪੱਲੇ ਵੀ ਕੁਝ ਪੈਂਦਾ ਨਹੀਂ ਲੱਭਦਾ।'

ਭਾਰਤ ਦੇ ਕੇਂਦਰੀ ਚੋਣ ਕਮਿਸ਼ਨ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਜੰਮੂ-ਕਸ਼ਮੀਰ ਵਿੱਚ 18 ਸਤੰਬਰ ਤੋਂ 1 ਅਕਤੂਬਰ ਦਰਮਿਆਨ ਤਿੰਨ ਪੜਾਵਾਂ ਵਿੱਚ ਵਿਧਾਨ ਸਭਾ ਚੋਣਾਂ ਕਰਵਾਈਆਂ ਜਾਣਗੀਆਂ। ਹਾਲੀਆ ਲੋਕ ਸਭਾ ਚੋਣਾਂ 'ਚ 58 ਫੀਸਦੀ ਵੋਟਿੰਗ ਹੋਈ ਸੀ, ਜਿਸ ਤੋਂ ਬਾਅਦ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਨੇ ਕਿਹਾ ਸੀ, 'ਲੋਕਾਂ ਨੇ ਬੁਲੇਟ ਨੂੰ ਨਹੀਂ, ਬੈਲੇਟ ਨੂੰ ਚੁਣਿਆ ਹੈ।' ਜੰਮੂ-ਕਸ਼ਮੀਰ ਦੀਆਂ ਵਿਧਾਨ ਸਭਾ ਚੋਣਾਂ ਦਾ ਐਲਾਨ ਕਰਦਿਆਂ ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੀਆਂ ਚੋਣਾਂ ਵਿੱਚ ਵੀ ਅਜਿਹਾ ਹੀ ਹੁੰਗਾਰਾ ਦੇਖਣ ਨੂੰ ਮਿਲੇਗਾ।

ਜੰਮੂ-ਕਸ਼ਮੀਰ ਵਿੱਚ ਪਿਛਲੀਆਂ ਵਿਧਾਨ ਸਭਾ ਚੋਣਾਂ 2014 ਵਿੱਚ ਹੋਈਆਂ ਸਨ, ਜਦੋਂ ਇਹ ਇੱਕ ਸੂਬਾ ਸੀ। ਇਸ ਤੋਂ ਬਾਅਦ ਪੀਪਲਜ਼ ਡੈਮੋਕ੍ਰੇਟਿਕ ਪਾਰਟੀ (ਪੀਡੀਪੀ) ਅਤੇ ਭਾਜਪਾ ਨੇ ਮਿਲ ਕੇ ਸਰਕਾਰ ਬਣਾਈ ਪਰ 2018 ਵਿੱਚ ਇਸ ਨੇ ਆਪਣਾ ਬਹੁਮਤ ਗੁਆ ਦਿੱਤਾ। ਇਸ ਤੋਂ ਬਾਅਦ, 2019 ਵਿੱਚ, ਕੇਂਦਰ ਸਰਕਾਰ ਨੇ ਧਾਰਾ 370 ਨੂੰ ਹਟਾ ਕੇ ਜੰਮੂ-ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕਰ ਦਿੱਤਾ ਅਤੇ ਇਸਨੂੰ ਕੇਂਦਰ ਸ਼ਾਸਤ ਪ੍ਰਦੇਸ਼ਾਂ ਵਿੱਚ ਵੰਡ ਦਿੱਤਾ।

ਪੀਡੀਪੀ ਦੇ ਬੁਲਾਰੇ ਮੋਹਿਤ ਭਾਨ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਚਾਹੁੰਦੀ ਹੈ ਕਿ ਕਸ਼ਮੀਰ ਨੂੰ ਫਿਰ ਤੋਂ ਪੂਰਨ ਰਾਜ ਦਾ ਦਰਜਾ ਮਿਲੇ। ਇਸ ਨਾਲ ਵਿਧਾਨ ਸਭਾ ਵਿੱਚ ਘੱਟੋ-ਘੱਟ ਲੋਕਾਂ ਦੇ ਨੁਮਾਇੰਦੇ ਹੋਣਗੇ ਅਤੇ ਲੋਕਾਂ ਦੀ ਆਵਾਜ਼ ਹੋਵੇਗੀ ਜੋ ਸੁਣੀ ਨਹੀਂ ਗਈ ਹੈ।

ਇਸ ਦੇ ਨਾਲ ਹੀ ਜੰਮੂ-ਕਸ਼ਮੀਰ ਨੈਸ਼ਨਲ ਕਾਨਫਰੰਸ ਪਾਰਟੀ ਨੇ ਕਿਹਾ ਹੈ ਕਿ ਕਸ਼ਮੀਰ ਦੇ ਮੁੱਦੇ 'ਤੇ ਭਾਰਤ ਅਤੇ ਪਾਕਿਸਤਾਨ ਵਿਚਾਲੇ ਗੱਲਬਾਤ ਹੋਣੀ ਚਾਹੀਦੀ ਹੈ। ਪਾਰਟੀ ਇਹ ਵੀ ਚਾਹੁੰਦੀ ਹੈ ਕਿ ਕਾਨੂੰਨ ਰਾਹੀਂ ਨੌਕਰੀਆਂ ਅਤੇ ਜ਼ਮੀਨਾਂ ਦੀ ਸੁਰੱਖਿਆ ਕੀਤੀ ਜਾਵੇ ਅਤੇ ਸਿਆਸੀ ਕੈਦੀਆਂ ਨੂੰ ਰਿਹਾਅ ਕੀਤਾ ਜਾਵੇ ਨੈਸ਼ਨਲ ਕਾਨਫਰੰਸ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਚਾਹੁੰਦੇ ਹਨ ਕਿ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕੀਤਾ ਜਾਵੇ। ਜੇਕਰ ਸਰਕਾਰ ਆਪਣੀ ਇੱਛਾ ਅਨੁਸਾਰ ਪੂਰਨ ਰਾਜ ਦਾ ਦਰਜਾ ਬਹਾਲ ਨਹੀਂ ਕਰਦੀ ਹੈ, ਤਾਂ ਅਸੀਂ ਨਿਆਂ ਪ੍ਰਾਪਤ ਕਰਨ ਲਈ ਸੰਘਰਸ਼ ਕਰਾਂਗੇ।

ਚੋਣਾਂ ਦੀ ਇਹ ਪ੍ਰਕਿਰਿਆ ਅਜਿਹੇ ਸਮੇਂ ਵਿਚ ਸ਼ੁਰੂ ਹੋ ਰਹੀ ਹੈ, ਜਦੋਂ ਹਾਲ ਹੀ ਦੇ ਸਮੇਂ ਵਿਚ ਕਈ ਹਿੰਸਕ ਘਟਨਾਵਾਂ ਦੀਆਂ ਖਬਰਾਂ ਆਈਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਹੁਣ ਜੰਮੂ ਖੇਤਰ ਵਿਚ ਜ਼ਿਆਦਾ ਹਿੰਸਕ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ ਜੋ ਪਹਿਲਾਂ ਸ਼ਾਂਤੀਪੂਰਨ ਹੁੰਦਾ ਸੀ। ਇਸ ਸਾਲ ਦੇ ਪਹਿਲੇ ਛੇ ਮਹੀਨਿਆਂ ਵਿੱਚ ਵੱਖ-ਵੱਖ ਘਟਨਾਵਾਂ ਵਿੱਚ 17 ਲੋਕਾਂ ਦੀ ਮੌਤ ਹੋ ਚੁੱਕੀ ਹੈ ਜਦਕਿ ਪਿਛਲੇ ਸਾਲ ਇਹ ਅੰਕੜਾ 12 ਸੀ।

ਇੰਟਰਨੈਸ਼ਨਲ ਕਰਾਈਸਿਸ ਗਰੁੱਪ ਨਾਂ ਦੀ ਸੰਸਥਾ ਦੇ ਸੀਨੀਅਰ ਵਿਸ਼ਲੇਸ਼ਕ ਪ੍ਰਵੀਨ ਧੌਂਟੀ ਦਾ ਕਹਿਣਾ ਹੈ ਕਿ ਚੋਣਾਂ ਆਪਣੇ ਆਪ ਵਿੱਚ ਉਦੋਂ ਤੱਕ ਪ੍ਰਸੰਗਿਕ ਨਹੀਂ ਹੋਣਗੀਆਂ ਜਦੋਂ ਤੱਕ ਕੇਂਦਰ ਸਰਕਾਰ ਉੱਥੇ ਵਧ ਰਹੀ ਬੇਚੈਨਗੀ ਦੀ ਭਾਵਨਾ ਨਾਲ ਨਜਿੱਠਣ ਲਈ ਕੋਈ ਸਾਰਥਕ ਸਿਆਸੀ ਪ੍ਰਕਿਰਿਆ ਸ਼ੁਰੂ ਨਹੀਂ ਕਰਦੀ। ਇਸ ਗੱਲਬਾਤ ਦੀ ਪ੍ਰਕਿਰਿਆ ਵਿੱਚ ਸਾਰੀਆਂ ਸਬੰਧਤ ਧਿਰਾਂ ਨੂੰ ਸ਼ਾਮਲ ਕਰਨਾ ਚਾਹੀਦਾ ਹੈ ਅਤੇ ਇਹ ਇੱਕ ਇਮਾਨਦਾਰ ਯਤਨ ਹੋਣਾ ਚਾਹੀਦਾ ਹੈ ਮੋਦੀ ਸਰਕਾਰ ਨੂੰ ਪੂਰਨ ਰਾਜ ਦਾ ਦਰਜਾ ਬਹਾਲ ਕਰਨਾ ਚਾਹੀਦਾ ਹੈ।

ਕਸ਼ਮੀਰ ਮੁੱਦੇ 'ਤੇ ਗੱਲਬਾਤ ਕਰਨ ਵਾਲੀ ਰਾਧਾ ਕੁਮਾਰ ਨੇ ਦਾ ਮੰਨਣਾ ਕਿ ਚੋਣਾਂ ਬਹੁਤ ਮਹੱਤਵਪੂਰਨ ਹਨ ਕਿਉਂਕਿ ਇਹ ਲੋਕਾਂ ਨੂੰ ਇਹ ਦੱਸਣ ਦਾ ਮੌਕਾ ਦੇਵੇਗੀ ਕਿ ਉਹ ਜੰਮੂ-ਕਸ਼ਮੀਰ ਨੂੰ ਵੰਡਣ ਅਤੇ ਇਸ ਦਾ ਦਰਜਾ ਰਾਜ ਵਜੋਂ ਘਟਾਕੇ ਕੇਂਦਰ ਸ਼ਾਸਤ ਪ੍ਰਦੇਸ਼ ਬਣਾਉਣ ਬਾਰੇ ਕੀ ਸੋਚਦੇ ਹਨ। ਉਨ੍ਹਾਂ ਕਿਹਾ, "ਇਨ੍ਹਾਂ ਘਟਨਾਵਾਂ 'ਤੇ ਲੋਕਾਂ ਦੀ ਪ੍ਰਤੀਕਿਰਿਆ ਚੋਣਾਂ 'ਚ ਹੀ ਦੇਖਣ ਨੂੰ ਮਿਲੇਗੀ। ਮੈਨੂੰ ਭਰੋਸਾ ਹੈ ਕਿ ਮੋਦੀ ਸਰਕਾਰ ਦੇ ਕਦਮਾਂ ਦਾ ਵਿਰੋਧ ਕਰਨ ਵਾਲੀਆਂ ਪਾਰਟੀਆਂ ਚੋਣਾਂ ਵਿਚ ਚੰਗਾ ਪ੍ਰਦਰਸ਼ਨ ਕਰਨਗੀਆਂ।"

ਕਸ਼ਮੀਰੀ ਲੋਕਾਂ ਦਾ ਮੰਨਣਾ ਹੈ ਕਿ ਇੰਡੀਆ' ਗੱਠਜੋੜ ਵਿਚ ਸ਼ਾਮਲ ਕਾਂਗਰਸ, ਨੈਸ਼ਨਲ ਕਾਨਫਰੰਸ, ਪੀ ਡੀ ਪੀ ਤੇ ਖੱਬੀਆਂ ਪਾਰਟੀਆਂ ਲਈ ਜੰਮੂ-ਕਸ਼ਮੀਰ ਦੇ ਲੋਕਾਂ ਦਾ ਦਿਲ ਜਿੱਤਣ ਦਾ ਵਧੀਆ ਮੌਕਾ ਹੈ, ਪਰ ਉਨ੍ਹਾਂ ਨੂੰ ਇਕਜੁਟਤਾ ਦਿਖਾਉਣੀ ਪਵੇਗੀ। ਨੈਸ਼ਨਲ ਕਾਨਫਰੰਸ ਨੂੰ ਪੀ ਡੀ ਪੀ ਨਾਲ ਤਾਲਮੇਲ ਨਾ ਕਰਨ ਦੇ ਪੈਂਤੜੇ ਵਿਚ ਨਰਮੀ ਲਿਆਉਣੀ ਪਵੇਗੀ। ਇਹ ਪਾਰਟੀਆਂ ਜੰਮੂ-ਕਸ਼ਮੀਰ ਦਾ ਪੁਰਾਣਾ ਰੁਤਬਾ ਬਹਾਲ ਕਰਨ ਦੀਆਂ ਗੱਲਾਂ ਕਰ ਰਹੀਆਂ ਹਨ ਤੇ ਇਸ ਨੂੰ ਇਕਜੁੱਟ ਹੋ ਕੇ ਹੀ ਹਾਸਲ ਕੀਤਾ ਜਾ ਸਕਦਾ ਹੈ। ਇਕਜੁੱਟਤਾ ਨਾਲ ਹੀ ਉਹ ਆਰ ਐੱਸ ਐੱਸ ਦੀਆਂ ਗੋਂਦਾਂ ਨੂੰ ਨਾਕਾਮ ਕਰ ਸਕਦੀਆਂ ਹਨ।

## ਵਿਨੇਸ਼ ਫਿਗੋਟ ਤੇ ਉਸਦੇ ਜੋਟੀਦਾਰ ਹਰਿਆਣੇ ਵਿਚ ਭਾਜਪਾ ਲਈ ਸਿਆਸੀ ਚੈਲਿੰਜ ਬਣੇ

**○ ਕਾਂਗਰਸ ਦੀ ਫਿਗੋਟ ਨਾਲ ਹਮਦਰਦੀ, ਜਾਟ ਵੋਟਾਂ ਨੂੰ ਉਤਸ਼ਾਹਿਤ ਕਰਨ ਲਗੀ**




ਉਲੰਪਿਅਨ ਪਹਿਲਵਾਨ ਵਿਨੇਸ਼ ਫੋਗਾਟ ਦੇ ਪੈਰਿਸ ਤੋਂ ਦਿੱਲੀ ਪੁੱਜਣ ਦੇ ਨਾਲ ਹੀ ਹਰਿਆਣਾ 'ਚ ਸਿਆਸੀ ਪਾਰਾ ਵਧ ਗਿਆ ਹੈ। ਉਨ੍ਹਾਂ ਦੇ ਨਾਲ ਸਾਥੀ ਪਹਿਲਵਾਨ ਬਜਰੰਗ ਪੂਨੀਆ, ਸਾਕਸ਼ੀ ਮਲਿਕ ਅਤੇ ਕਾਂਗਰਸ ਸੰਸਦ ਮੈਂਬਰ ਦੀਪੇਂਦਰ ਹੁੱਡਾ ਵੀ ਸਨ। ਹੁੱਡਾ ਨੇ ਉਲੰਪੀਅਨ ਵਿਨੇਸ਼ ਫੋਗਾਟ ਦੇ ਸਵਾਗਤ ਲਈ ਨਵੀਂ ਦਿੱਲੀ ਹਵਾਈ ਅੱਡੇ ਤੋਂ ਹਰਿਆਣਾ ਤੱਕ ਇਕ ਵਿਸ਼ਾਲ ਰੋਡ ਸ਼ੋਅ ਦੀ ਅਗਵਾਈ ਕੀਤੀ। ਇਹ ਕਦਮ ਕਾਂਗਰਸ ਦੀ ਉਸ ਵੱਡੀ ਰਣਨੀਤੀ ਦਾ ਹਿੱਸਾ ਹੈ, ਜਿਸ ਨੇ ਉਸ ਨੂੰ ਹਰਿਆਣਾ ਵਿਚ 1 ਅਕਤੂਬਰ ਨੂੰ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਘੇਰਨ ਲਈ ਬਣਾਇਆ ਹੈ। ਇਸ ਤੋਂ ਪਹਿਲਾਂ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ, ਪ੍ਰਿੰਅਕਾ ਗਾਂਧੀ ਵਾਡਰਾ ਅਤੇ ਹਰਿਆਣਾ ਕਾਂਗਰਸ ਦੇ ਕਈ ਆਗੂਆਂ ਨੇ ਫੋਗਾਟ ਲਈ ਨਿਆਂ ਦੀ ਮੰਗ ਕੀਤੀ। ਇਸ ਮੁੱਦੇ ਨੂੰ ਉਭਾਰ ਕੇ ਕਾਂਗਰਸ ਹਰਿਆਣਾ 'ਚ ਜਾਟਾਂ ਅਤੇ ਔਰਤਾਂ ਦੇ ਵੋਟ ਬੈਂਕ ਨੂੰ ਮਜ਼ਬੂਤ ਕਰਨ ਦੀ ਇੱਛਾ ਰੱਖਦੀ ਹੈ। ਕਾਂਗਰਸ ਘੱਟੋ-ਘੱਟ ਸਮਰਥਨ ਮੁੱਲ (ਐੱਮ.ਐੱਸ.ਪੀ.) 'ਤੇ ਕਾਨੂੰਨੀ ਗਾਰੰਟੀ ਲਈ ਕਿਸਾਨਾਂ ਦੀ ਮੰਗ 'ਤੇ ਵੀ ਭਾਜਪਾ ਨੂੰ ਨਿਸ਼ਾਨਾ ਬਣਾ ਸਕਦੀ ਹੈ, ਜਦੋਂ ਕਿ ਰਾਜ ਸਰਕਾਰ ਨੇ ਹਾਲ ਹੀ 'ਚ ਸਾਰੀਆਂ 24 ਫ਼ਸਲਾਂ ਦੀ ਐੱਮ.ਐੱਸ.ਪੀ. 'ਤੇ ਖ਼ਰੀਦ ਕਰਨ ਦਾ ਐਲਾਨ ਕੀਤਾ ਹੈ। ਇਸ ਦੌਰਾਨ ਹਰਿਆਣਾ ਸਰਕਾਰ ਨੇ ਐਲਾਨ ਕੀਤਾ ਹੈ ਕਿ ਵਿਨੇਸ਼ ਫੋਗਾਟ ਦੇ ਨਾਲ ਉਲੰਪਿਕ ਚਾਂਦੀ ਤਗਮਾ ਜੇਤੂ ਦੀ ਤਰ੍ਹਾਂ ਵਰਤਾਓ ਕੀਤਾ ਜਾਵੇਗਾ, ਭਾਵੇਂ ਹੀ ਖੇਡ ਅਦਾਲਤ ਨੇ ਪੈਰਿਸ ਉਲੰਪਿਕ ਦੀ 50 ਕਿੱਲੋ ਗ੍ਰਾਮ ਫ੍ਰੀਸਟਾਈਲ ਕੁਸ਼ਤੀ ਦੀ ਸ਼੍ਰੇਣੀ 'ਚ ਸਾਂਝੇ ਚਾਂਦੀ ਦੇ ਤਗਮੇ ਲਈ ਉਨ੍ਹਾਂ ਦੀ ਅਪੀਲ ਖਾਰਜ ਕਰ ਦਿੱਤੀ ਸੀ।

ਜੈ ਗੁਰੂ ਰਵਿਦਾਸ ਜੀ ੴ ਸਤਿਗੁਰ ਪ੍ਰਸਾਦਿ ॥ ਜੈ ਗੁਰੂ ਰਵਿਦਾਸ ਜੀ

ਹਰਿ MAY ALL HUMANITY PROSPER BY THY GRACE ਹਰਿ

# SHRI GURU RAVIDASS SABHA SOUTHALL (Regd)

REGISTERED AS CHARITY No. 273317

HEAD OFFICE : 282 WESTERN ROAD, SOUTHALL, MIDDLESEX UB2 5JT

TELEPHONE : 020-8574-0245 / 0528 FAX : 020-8574-8967

# ਨਵੀਂ ਮੈਂਬਰਸ਼ਿਪ ਲਈ ਭਰਤੀ ਦੀ ਸੂਚਨਾ

SGRS/2024 ਮਿਤੀ 17 ਜੁਲਾਈ 2024

**ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੀ ਪ੍ਰਬੰਧਕ ਕਮੇਟੀ ਵੱਲੋਂ 2024-2027 ਦੀ ਨਵੀਂ ਮੈਂਬਰਸ਼ਿੱਪ ਬੁੱਧਵਾਰ 17 ਜੁਲਾਈ 2024 ਤੋਂ ਲੈ ਕੇ ਐਤਵਾਰ 29 ਸਤੰਬਰ 2024 ਤੱਕ ਖੋਲ੍ਹੀ ਗਈ ਹੈ।**

**ਮੈਂਬਰ ਬਣਨ ਲਈ ਤੁਸੀਂ ਆਪਣੇ ਸ਼ਨਾਖਤੀ ਕਾਰਡ**

(1) ਪਾਸਪੋਰਟ ਜਾਂ ਫੁੱਲ ਡਰਾਈਵਿੰਗ ਲਇਸੰਸ

(2) ਬੈਂਕ ਸਟੇਟਮੈਂਟ ਜਾਂ ਘਰ ਦਾ ਬਿੱਲ ਦਿਖਾ ਕੇ ਮੈਂਬਰ ਬਣ ਸਕਦੇ ਹੋ।

ਇਨ੍ਹਾਂ ਤੋਂ ਇਲਾਵਾ ਮੈਂਬਰਸ਼ਿੱਪ ਨਹੀਂ ਹੋਵੇਗੀ।

ਪ੍ਰਬੰਧਕਾਂ ਵੱਲੋਂ ਸਾਊਥਾਲ ਦੇ ਸਮੂਹ ਰਵਿਦਾਸੀਆ ਭਾਈਚਾਰੇ ਨੂੰ ਬੇਨਤੀ ਹੈ ਕਿ ਤੁਸੀਂ ਹੇਠ ਲਿਖੇ ਸਮੇਂ ਅਨੁਸਾਰ ਆਪਣੇ ਸ਼ਨਾਖਤੀ ਕਾਰਡ ਦਿਖਾ ਕੇ ਮੈਂਬਰ ਬਣਨ ਦੀ ਕ੍ਰਿਪਾਲਤਾ ਕਰੋ ਜੀ। ਮੈਂਬਰਸ਼ਿੱਪ ਫੀਸ 5 ਪੌਂਡ ਤਿੰਨ ਸਾਲ ਲਈ ਅਤੇ ਲਾਈਫ ਮੈਂਬਰਸ਼ਿੱਪ ਲਈ ਫੀਸ 51 ਪੌਂਡ ਰਹੇਗੀ। ਗੁੰਮ ਹੋਇਆ ਕਾਰਡ ਦੁਬਾਰਾ ਪ੍ਰਾਪਤ ਕਰਨ ਵਾਸਤੇ 5 ਪੌਂਡ ਫੀਸ ਹੋਵੇਗੀ ।

ਪ੍ਰਬੰਧਕ ਕਮੇਟੀ ਲੋੜ ਪੈਣ 'ਤੇ ਮੈਂਬਰਸ਼ਿੱਪ ਟਾਈਮ ਵਿੱਚ ਤਬਦੀਲੀ ਕਰ ਸਕਦੀ ਹੈ। ਇਸ ਲਈ ਨੋਟਿਸ ਬੋਰਡ 'ਤੇ ਅਗਾਊਂ ਸੂਚਨਾ ਦਿੱਤੀ ਜਾਵੇਗੀ ।

ਅਸੀਂ ਤੁਹਾਡੇ ਵੱਲੋਂ ਮਿਲਣ ਵਾਲੇ ਸਹਿਯੋਗ ਲਈ ਅਤਿ ਧੰਨਵਾਦੀ ਹੋਵਾਂਗੇ। ਜੇ ਕੋਈ ਰਵਿਦਾਸ ਭਾਈਚਾਰੇ ਨਾਲ ਸਬੰਧ ਨਹੀਂ ਰੱਖਦਾ ਤਾਂ ਪ੍ਰਬੰਧਕ ਕਮੇਟੀ ਕੋਲ ਪੂਰੇ ਅਧਿਕਾਰ ਹਨ ਕਿ ਉਹ ਮੈਂਬਰ ਬਣਾਉਣ ਤੋਂ ਨਾਂਹ ਕਰ ਸਕਦੇ ਹਨ। ਟਾਈਮ ਟੇਬਲ ਹੇਠਾਂ ਦਿੱਤਾ ਗਿਆ ਹੈ ।

## ==== ਵਿਸ਼ੇਸ਼ ਨੋਟ ====

ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ ਦੇ ਸੰਵਿਧਾਨ ਦੇ ਮੁਤਾਬਕ ਸਾਡਾ ਧਾਰਮਿਕ ਗ੍ਰੰਥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹੈ। ਇਸ ਤੋਂ ਬਿਨਾਂ ਅਸੀਂ ਕਿਸੇ ਹੋਰ ਧਾਰਮਿਕ ਗ੍ਰੰਥ ਨੂੰ ਮਾਨਤਾ ਨਹੀਂ ਦਿੰਦੇ। ਮੈਂਬਰਸ਼ਿੱਪ ਪ੍ਰਾਪਤ ਕਰਨ ਵਾਸਤੇ ਉਹ ਹੀ ਮੈਂਬਰ ਬਣ ਸਕਦੇ ਹਨ, ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਮੰਨਦੇ ਹਨ ਅਤੇ ਰਵਿਦਾਸੀਆ ਕਮਿਊਨਿਟੀ ਨਾਲ ਸੰਬੰਧਿਤ ਹੋਣਗੇ।

SGRS 2024 Date : 17-07-2024

# NOTICE

## SHRI GURU RAVIDASS SABHA SOUTHALL MEMBERSHIP PROGRAM

Dear members, Registration for membership of Shri Guru Ravidass Sabha Southall will be open from 17th July 2024 - 29th Sept 2024 and will be done in the temple at 282 Western Road Southall, Middx UB2 5JT.

All members are requested to come to the Temple for registration of membership according to the time table given below at your earliest convenient date.

All registered members will be issued with a Photo Identity Card as evidence of registration and will be required to Produce on demand at the time of voting during the tenure at election and also to attend the general body meetings. But at the time of registration all members will be required to produce their documents as under :

(1) Passport or Full driving Licience
(2) A bank statement as proof of their address.
(3) Lost card will be issued for the payment of £5.00
(4) All community members are requested to get registration according to prescribed area of the constitution only.

Subscriptions for the Three years will be £5.00 (Five pounds).
Life membership fee remains the same (£51.00)

Please note registration times are subject to altration according to registration needs. Advance notice will be displayed on the notice board in such a case.

## == PLEASE NOTE : ==

According to constitution of Shri Guru Ravidass Sabha Southall our religious Granth is Shri Guru Granth Sahib ji and we do not endorse any other holy book. To become member of Shri Guru Ravidass Sabha you must belong to Ravidassia Community and belive in Shri Guru Granth Sahib Ji.

## MEMBERSHIP REGISTRATION TIME TABLE

| Date | Day | Time | Date | Day | Time |
|---|---|---|---|---|---|
| 17/7/2024 | Wednesday | 3:00 to 6:00 pm | 25/8/2024 | Sunday | 11am to 3:00pm |
| 20/7/2024 | Saturday | 3:00 to 6:00 pm | 28/8/2024 | Wednesday | 3:00 to 6:00 pm |
| 21/7/2024 | Sunday | 11am to 3:00pm | 31/8/2024 | Saturday | 3:00 to 6:00 pm |
| 24/7/2024 | Wednesday | 3:00 to 6:00 pm | 01/9/2024 | Sunday | 11am to 3:00pm |
| 27/7/2024 | Saturday | 3:00 to 6:00 pm | 04/9/2024 | Wednesday | 3:00 to 6:00 pm |
| 28/7/2024 | Sunday | 11am to 3:00pm | 07/9/2024 | Saturday | 3:00 to 6:00 pm |
| 31/7/2024 | Wednesday | 3:00 to 6:00 pm | 08/9/2024 | Sunday | 11am to 3:00pm |
| *03/8/2024* | *Saturday* | *No Membership* | 11/9/2024 | Wednesday | 3:00 to 6:00 pm |
| 04/8/2024 | Sunday | 11am to 3:00pm | 14/9/2024 | Saturday | 2:00 to 4:00 pm |
| 07/8/2024 | Wednesday | 3:00 to 6:00 pm | 15/9/2024 | Sunday | 11am to 3:00pm |
| 10/8/2024 | Saturday | 3:00 to 6:00 pm | 18/9/2024 | Wednesday | 3:00 to 6:00 pm |
| 11/8/2024 | Sunday | 11am to 3:00pm | 21/9/2024 | Saturday | 2:00 to 4:00 pm |
| 14/8/2024 | Wednesday | 3:00 to 6:00 pm | 22/9/2024 | Sunday | 11am to 3:00pm |
| 17/8/2024 | Saturday | 3:00 to 6:00 pm | 25/9/2024 | Wednesday | 3:00 to 6:00 pm |
| 18/8/2024 | Sunday | 11am to 3:00pm | 28/9/2024 | Saturday | 3:00 to 6:00 pm |
| 21/8/2024 | Wednesday | 3:00 to 6:00 pm | 29/9/2024 | Sunday | 11am to 3:00pm |
| *24/8/2024* | *Saturday* | *No Membership* | | | |

**ਧੰਨਵਾਦ ਸਹਿਤ - ਪ੍ਰਬੰਧਕ ਕਮੇਟੀ: ਸ੍ਰੀ ਗੁਰੂ ਰਵਿਦਾਸ ਸਭਾ ਸਾਊਥਾਲ (ਰਜਿ:)**

282 ਵੈਸਟਰਨ ਰੋਡ, ਸਾਊਥਾਲ, ਮਿਡਲਸੈਕਸ ਯੂ ਕੇ Tel : 0208 574 0245/ 0528 FAX : 0208 574 8967

# ਮਹਿੰਗਾਈ ਕਾਰਨ 2024 ਦੇ ਅੱਧ ਤੱਕ 33000 ਲੋਕਾਂ ਨੇ ਲੰਡਨ ਛੱਡਿਆ ਅਤੇ ਦਸੰਬਰ ਤੱਕ ਗਿਣਤੀ 75000 ਤੋਂ ਵਧੇਗੀ

*ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਬਰਤਾਨੀਆਂ ਵਿੱਚ ਮਹਿੰਗਾਈ ਨੇ ਲੋਕਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਵੱਧ ਵਿਆਜ਼ ਦਰਾਂ ਕਾਰਨ ਲੋਕਾਂ ਨੂੰ ਘਰਾਂ ਦੀ ਕਿਸ਼ਤਾਂ ਮੋੜਣੀਆਂ ਮੁਸ਼ਕਿਲ ਹੋ ਰਹੀਆਂ ਹਨ। ਬਰਤਾਨੀਆਂ ਵਿੱਚ ਮਹਿੰਗਾਈ ਦਰ 2.2 ਫੀਸਦੀ ਹੈ ਜਦ ਕਿ ਟੀਚਾ ਦਰ 2 ਫੀਸਦੀ ਹੈ। ਭਾਵੇਂ ਬੈਂਕ ਆਫ ਇੰਗਲੈਂਡ ਨੇ 2020 ਤੋਂ ਬਾਅਦ ਪਹਿਲੀ ਵਾਰ ਵਿਆਜ਼ ਦਰ ਵਿੱਚ .25 ਫੀਸਦੀ ਕਟੌਤੀ ਕਰਕੇ ਵਿਆਜ਼ ਦਰ 5 ਫੀਸਦੀ ਕਰ ਦਿੱਤਾ ਸੀ। ਜਿਸ ਨਾਲ ਲੋਕਾਂ ਨੂੰ ਕੁਝ ਰਾਹਤ ਮਿਲੀ। ਪਰ ਇਸ ਦੇ ਬਾਵਜੂਦ ਮਹਿੰਗਾਈ ਕਾਰਨ ਲੋਕਾਂ ਦਾ ਹਾਲ ਬਹੁਤਾ ਚੰਗਾ ਨਹੀਂ ਹੈ।*

ਹੈਂਪਟਨਜ਼ ਏਜੰਸੀ ਦੁਆਰਾ ਇਕੱਤਰ ਕੀਤੇ ਅੰਕੜਿਆਂ ਅਧਾਰਿਤ ਕੀਤੇ ਗਏ ਇੱਕ ਵਿਸ਼ਲੇਸ਼ਣ ਵਿੱਚ ਪਾਇਆ ਗਿਆ ਹੈ ਕਿ ਸਾਲ 2024 ਦੇ ਅੱਧ ਤੱਕ 33000 ਲੋਕ ਲੰਡਨ ਛੱਡ ਚੁੱਕੇ ਹਨ। ਜਦ ਕਿ ਦਸੰਬਰ 2024 ਤੱਕ ਇਹ ਗਿਣਤੀ ਦੁੱਗਣੀ ਤੋਂ ਜਿਆਦਾ ਹੋ ਜਾਵੇਗੀ। 33000 ਲੋਕਾਂ ਵਿੱਚੋਂ 48 ਫੀਸਦੀ ਲੋਕਾਂ ਨੇ ਇੰਗਲੈਂਡ ਦੇ ਹੋਰ ਸ਼ਹਿਰਾਂ ਵਿੱਚ ਘਰ ਖਰੀਦੇ ਹਨ। ਏਜੰਸੀ ਨੇ ਪਾਇਆ ਕਿ ਲੰਡਨ ਛੱਡਣ ਵਾਲੇ ਬਹੁ ਗਿਣਤੀ ਲੋਕਾਂ ਨੇ ਰਾਜਧਾਨੀ ਤੋਂ ਘੱਟੋ ਘੱਟ 39 ਮੀਲ ਦੂਰ ਘਰ ਖਰੀਦੇ ਹਨ। ਲੰਡਨ ਵਿੱਚ ਅੰਦਾਜਨ ਘਰ ਦਾ ਮੁੱਲ 523000 ਪੌਂਡ ਹੈ ਜਦ ਕਿ ਇੰਗਲੈਂਡ ਦੇ ਹੋਰਨਾਂ ਹਿੱਸਿਆਂ ਵਿੱਚ ਅੰਦਾਜਨ ਮੁੱਲ 305000 ਪੌਂਡ ਹੈ। ਸਰਵੇਖਣ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਬਹੁਤੇ ਮਾਪੇ ਨਹੀਂ ਚਾਹੁੰਦੇ ਕਿ ਉਹਨਾਂ ਦੇ ਬੱਚੇ ਉਚ ਵਿਆਜ਼ ਦਰ ਅਦਾ ਕਰਨ।

ਸਰਵੇਖਣ ਅਨੁਸਾਰ ਲੰਡਨ ਵਿੱਚ ਨਵੇਂ ਘਰ ਖਰਦੀਣ ਵਾਲਿਆਂ ਵਿੱਚ 48 ਫੀਸਦੀ ਗਿਣਤੀ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਦੀ ਹੈ। ਜੋ 2010 ਤੋਂ ਬਾਅਦ ਹੁਣ ਤੱਕ ਦੀ ਸਭ ਤੋਂ ਵੱਧ ਗਿਣਤੀ ਹੈ। ਜਿਸ ਦਾ ਮੁੱਖ ਕਾਰਨ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ 425000 ਪੌਂਡ ਤੱਕ ਦੀ ਕੀਮਤ ਵਾਲੇ ਘਰ ਦੇ ਸਟੈਂਪ ਡਿਊਟੀ ਤੋਂ ਰਾਹਤ ਹੋਣਾ ਦੱਸਿਆ ਗਿਆ ਹੈ।

# ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਆਸ ਪਾਸ ਨਸ਼ੇੜੀਆਂ ਵੱਲੋਂ ਕੀਤੀ ਜਾਂਦੀ ਸੰਗਤਾਂ ਦੀ ਲੁੱਟ ਖੋਹ ਰੋਕਣ ਲਈ ਪ੍ਰਬੰਧਕ ਕਮੇਟੀ ਵੱਲੋਂ ਸੁਰੱਖਿਆ ਦਾ ਪ੍ਰਬੰਧ

**ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਸਾਊਥਾਲ ਵਿੱਚ ਨਸ਼ੇ ਦਾ ਕਾਰੋਬਾਰ ਅਤੇ ਨਸ਼ੇੜੀਆਂ ਵੱਲੋਂ ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਆਉਣ ਵਾਲੀਆਂ ਸੰਗਤਾਂ ਨਾਲ ਕੀਤੀ ਜਾਂਦੀ ਲੁੱਟ ਖੋਹ ਦੀਆਂ ਵਾਰਦਾਤਾਂ ਦੀ ਰੋਕਥਾਮ ਲਈ ਪ੍ਰਬੰਧਕ ਕਮੇਟੀ ਨੇ ਸ਼ਿਕਾਇਤ ਕੀਤੀ ਹੈ। ਇੱਥੇ ਹੀ ਬੱਸ ਨਹੀਂ ਸੰਗਤਾਂ ਦੀ ਸੁਰੱਖਿਆ ਲਈ ਪ੍ਰਬੰਧਕ ਕਮੇਟੀ ਵੱਲੋਂ ਸੁਰੱਖਿਆ ਕ੍ਰਮਚਾਰੀ ਵੀ ਤਾਇਨਾਤ ਕੀਤੇ ਗਏ ਹਨ।**

ਪ੍ਰਬੰਧਕ ਕਮੇਟੀ ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਗੁਰੂ ਨਾਨਕ ਰੋਡ ਤੇ ਗੁਰਦੁਆਰਾ ਸਾਹਿਬ ਦੇ ਬਿਲਕੁੱਲ ਨਜ਼ਦੀਕ ਇੱਕ ਕੈਸੀਨੋ ਹੈ ਜੋ 24 ਘੰਟੇ ਖੁੱਲਾ ਰਹਿੰਦਾ ਹੈ। ਗੁਰਦੁਆਰਾ ਸਾਹਿਬ ਦੇ ਆਸ ਪਾਸ ਸਮਾਜ ਵਿਰੋਧੀ ਗਤੀਵਿਧੀਆਂ ਬਹੁਤ ਵੱਧ ਗਈਆਂ ਹਨ।

2020 ਵਿੱਚ ਈਲਿੰਗ ਕੌਂਸਲ ਨੇ ਹੈਵਲਾਕ ਰੋਡ, ਜਿੱਥੇ ਸ੍ਰੀ ਸਿੰਘ ਸਭਾ ਗੁਰਦੁਆਰਾ ਸਥਿੱਤ ਹੈ, ਦਾ ਨਾਮ ਬਦਲ ਕੇ ਗੁਰੂ ਨਾਨਕ ਰੋਡ ਰੱਖਿਆ ਸੀ ਅਤੇ ਸਤੰਬਰ 2020 ਤੋਂ ਹੀ ਗੁਰਦੁਆਰੇ ਤੋਂ ਸਿਰਫ਼ ਥੋੜੀ ਦੂਰ ਹੀ ਮੇਰਕੁਰ ਸਲਾਟਸ ਜੂਏ ਦੀ ਦੁਕਾਨ ਸੱਤੇ ਦਿਨ 24 ਘੰਟੇ ਲਈ ਖੁੱਲ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਅੰਮ੍ਰਿਤ ਵੇਲੇ ਗੁਰਦੁਆਰਾ ਸਾਹਿਬ ਆਉਣ ਵਾਲੀ ਸੰਗਤ ਨੂੰ ਨਸ਼ੇੜੀ ਗਰੋਹ ਵੱਲੋਂ ਲੁੱਟ ਖੋਹ ਲਈ ਨਿਸ਼ਾਨਾ ਬਣਾਇਆ ਜਾਣ ਲੱਗਾ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਦੀ ਸੁਰੱਖਿਆ ਲਈ ਚੜਦੀ ਕਲਾ ਯੂ ਕੇ ਗਰੁੱਪ ਦੀ ਅਗਵਾਈ ਵਿੱਚ ਸੁਰੱਖਿਆ ਗਸ਼ਤ/ਪਹਿਰਾ ਸ਼ੁਰੂ ਕੀਤਾ ਹੈ। ਇਸ ਮਾਮਲੇ ਨੂੰ ਸੁਲਝਾਉਣ ਲਈ ਪ੍ਰਬੰਧਕ ਕਮੇਟੀ, ਕੌਂਸਲ ਅਤੇ ਪੁਲਿਸ ਵਿਚਕਾਰ ਤਾਲਮੇਲ ਕੀਤਾ ਜਾ ਰਿਹਾ ਹੈ। ਜਿਕਰਯੋਗ ਹੈ ਸਾਊਥਾਲ ਵਿੱਚ ਡਰਗ ਕਾਰੋਬਾਰ ਦੇ ਵੀ ਪੂਰੇ ਜ਼ੋਰਾਂ ਤੇ ਚੱਲ ਰਹੇ ਹੋਣ ਦੇ ਚਰਚੇ ਹਨ।

# ਹੰਸਲੋ ਵਿੱਚ ਲੱਗੀਆਂ ਤੀਆਂ ਤੀਜ ਦੀਆਂ



ਹੰਸਲੋ ਦੀ ਸਾਬਕਾ ਡਿਪਟੀ ਮੇਅਰ ਹਰਲੀਨ ਕੌਰ, ਐਮ ਪੀ ਸੀਮਾ ਮਲਹੋਤਰਾ ਅਤੇ ਹੋਰ ਬੀਬੀਆਂ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਲੰਡਨ ਦੇ ਹੰਸਲੋ ਸ਼ਹਿਰ ਵਿੱਚ ਸਾਬਕਾ ਡਿਪਟੀ ਮੇਅਰ ਕੌਂਸਲਰ ਹਰਲੀਨ ਅਟਵਾਲ ਹੇਅਰ ਦੇ ਉਦਮ ਸਦਕਾ ਤੀਆਂ ਤੀਜ ਦੀਆਂ ਦਾ ਤਿਉਹਾਰ ਮਨਾਇਆ ਗਿਆ। ਜਿਸ ਵਿੱਚ ਐਮ ਪੀ ਸੀਮਾ ਮਲਹੋਤਰਾ, ਸ਼ਿਵਦੀਪ ਕੌਰ ਢੇਸੀ, ਮਨਜੀਤ ਕੌਰ ਪੱਡਾ, ਰਾਜਿੰਦਰ ਕੌਰ ਆਦਿ ਸਮੇਤ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਹਿੱਸਾ ਲਿਆ। ਪੰਜਾਬੀ ਸੱਭਿਆਚਾਰ ਅਤੇ ਗਿੱਧੇ ਦੀ ਪੇਸ਼ਕਾਰੀ ਤੋਂ ਇਲਾਵਾ ਬੀਬੀਆਂ ਨੇ ਖੂਬ ਮਨੋਰੰਜਣ ਕੀਤਾ। ਉੱਥੇ ਗਾਇਕ ਅਤੇ ਸਮਾਜ ਸੇਵੀ ਚੰਨੀ ਸਿੰਘ ਨੇ ਪੰਜਾਬੀ ਗੀਤਾਂ ਨਾਲ ਰੌਣਕਾਂ ਲਾਈਆਂ। ਐਮ ਪੀ ਸੀਮਾ ਮਲਹੋਤਰਾ ਨੇ ਕਿਹਾ ਕਿ ਹਰਲੀਨ ਵੱਲੋਂ ਪੰਜਾਬੀ ਵਿਰਸੇ ਅਤੇ ਸੱਭਿਆਚਾਰ ਦੀ ਸੰਭਾਲ ਲਈ ਕੀਤਾ ਗਿਆ ਇਹ ਸ਼ਲਾਘਾਯੋਗ ਉਪਰਾਲਾ ਹੈ।

## ਕੈਨੇਡਾ ਨੇ ਚੀਨ ਨੂੰ ਦਿੱਤਾ ਝਟਕਾ, ਇਲੈਕਟ੍ਰਿਕ ਵਾਹਨਾਂ 'ਤੇ ਲਗਾਇਆ 100% ਟੈਰਿਫ

**ਕੈਨੇਡੀਅਨ ਸਰਕਾਰ ਨੇ ਚੀਨ ਵਿੱਚ ਨਿਰਮਿਤ ਇਲੈਕਟ੍ਰਿਕ ਵਾਹਨਾਂ (ਈਵੀ) ਦੇ ਆਯਾਤ 'ਤੇ 100 ਫੀਸਦੀ ਡਿਊਟੀ ਲਗਾਉਣ ਦਾ ਫੈਸਲਾ ਕੀਤਾ ਹੈ। ਇਹ ਅਮਰੀਕਾ ਵੱਲੋਂ ਲਗਾਈ ਗਈ ਡਿਊਟੀ ਦੇ ਸਮਾਨ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਸੋਮਵਾਰ ਨੂੰ ਐਲਾਨ ਕੀਤਾ ਕਿ ਚੀਨ ਤੋਂ ਸਟੀਲ ਅਤੇ ਐਲੂਮੀਨੀਅਮ ਦੀ ਦਰਾਮਦ 'ਤੇ 25 ਫੀਸਦੀ ਡਿਊਟੀ ਲਗਾਈ ਜਾਵੇਗੀ। "ਚੀਨ ਵਰਗੇ ਦੇਸ਼ਾਂ ਨੇ ਆਪਣੇ ਆਪ ਨੂੰ ਗਲੋਬਲ ਮਾਰਕੀਟਪਲੇਸ ਵਿੱਚ ਇੱਕ ਅਨੁਚਿਤ ਫਾਇਦਾ ਦੇਣ ਲਈ ਚੁਣਿਆ ਹੈ," ਟਰੂਡੋ ਦੀ ਸਰਕਾਰ ਨੇ ਇਸ ਗਰਮੀ ਦੇ ਸ਼ੁਰੂ ਵਿੱਚ ਇਸ ਮੁੱਦੇ 'ਤੇ 30 ਦਿਨਾਂ ਦੀ ਐਮਰਜੈਂਸੀ ਦਾ ਐਲਾਨ ਕੀਤਾ ਸੀ।**


## VACANCIES
## JSR CONTRACTS LTD.

**ਵੱਖ ਵੱਖ ਸ਼ਹਿਰਾਂ ਵਿੱਚ ਕੰਸਟਰਕਸ਼ਨ ਸਾਈਟ 'ਤੇ ਕੰਮ ਕਰਨ ਵਾਲੇ ਕਾਮਿਆਂ ਦੀ ਸਾਨੂੰ ਤੁਰੰਤ ਲੋੜ ਹੈ**

**CONSTRUCTION BUILDERS REQUIRED ON VARIOUS SITES IN UK**

**Job Type: 5319 Construction & building trades not elsewhere classified**

**Job Description: In this role as an experienced builder, a diverse set of responsibilities during the job consists of 40 hours of dedicated work per week. These encompass a wide spectrum of construction tasks, including but not limited to concrete pouring, excavation, framing, roofing, demolition, scaffolding, and the creation of various structures using materials like stone, brick, and reinforced concrete. Additionally, the role may extend to actively participating in roadwork projects and steelwork, and there might be occasions to perform various trade-related duties. Proficiency in tasks such as blueprint interpretation and equipment operation is required. A firm commitment to adhering to safety protocols, effective collaboration with both colleagues and subcontractors, strict adherence to project timelines and quality standards, and clear and concise communication skills. This position is classified under SOC 5319 and holds a place on the Shortage Occupation List, signifying its vital importance within the construction industry. Annual pay is £26,500.**

**Person must have CSCS, CCDO, IPAF, Driving Licence, IPAF, SSSTS, Asbestos Awareness and Manual Handling.**
**Overseas candidates must do UK construction industry standard qualifications on arrival and before joining the job.**

**Contact Mr. Randhawa via email below:**
**Email: jsrcontractslimited@gmail.com**

# ਹਿਜ਼ਬੁਲਾ ਤੇ ਇਜਰਾਈਲ ਵਿਚਾਲੇ ਜੰਗ ਸ਼ੁਰੂ ?

## ✪ ਹਿਜ਼ਬੁੱਲਾ ਦੇ ਭਿਆਨਕ ਹਮਲਿਆਂ ਤੋਂ ਬਾਅਦ, ਇਜ਼ਰਾਈਲ ਵਿੱਚ ਐਮਰਜੈਂਸੀ ਲਗੀ, ਉਡਾਣਾਂ ਰੱਦ

## ✪ ਇਜਰਾਈਲ ਵਲੋਂ ਵੀ ਹਮਲੇ ਜਾਰੀ, ਅਮਰੀਕਾ ਇਜਰਾਈਲ ਦੀ ਪਿੱਠ ਉਪਰ

ਇਜ਼ਰਾਇਲੀ ਫੌਜ ਨੇ ਐਲਾਨ ਕੀਤਾ ਹੈ ਕਿ ਉਸ ਨੇ ਲੇਬਨਾਨ ਸਥਿਤ ਲੜਾਕੂ ਸੰਗਠਨ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਹਮਲੇ ਸ਼ੁਰੂ ਕਰ ਦਿੱਤੇ ਹਨ। ਇਜ਼ਰਾਈਲੀ ਫੌਜ ਵੱਲੋਂ ਹਿਜ਼ਬੁੱਲਾ ਦੀ "ਇਸਰਾਈਲੀ ਖੇਤਰ ਵੱਲ ਮਿਜ਼ਾਈਲਾਂ ਅਤੇ ਰਾਕੇਟ ਦਾਗੇ ਜਾਣ ਦੀ ਤਿਆਰੀ" ਦਾ ਪਤਾ ਲੱਗਣ ਤੋਂ ਬਾਅਦ ਹਮਲਾ ਕਰਨ ਦਾ ਫੈਸਲਾ ਲਿਆ ਗਿਆ। ਇਜ਼ਰਾਇਲੀ ਫੌਜ ਵੱਲੋਂ ਚਿਤਾਵਨੀ ਦਿੱਤੀ ਗਈ ਹੈ ਕਿ ਹਿਜ਼ਬੁੱਲਾ ਵੱਲੋਂ ਕੀਤੀਆਂ ਗਈਆਂ ਕਾਰਵਾਈਆਂ ਨਾਲ ਤਣਾਅ ਵਧਣ ਅਤੇ ਵਿਆਪਕ ਖੇਤਰੀ ਸੰਘਰਸ਼ ਹੋਣ ਦੀ ਸੰਭਾਵਨਾ ਹੈ। ਇਸ ਦੇ ਨਾਲ ਹੀ ਤਣਾਅਪੂਰਨ ਸਥਿਤੀ ਨੂੰ ਦੇਖਦੇ ਹੋਏ ਇਜ਼ਰਾਈਲ ਨੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਹੈ। ਦੂਜੇ ਪਾਸੇ ਹਿਜ਼ਬੁੱਲਾ ਨੇ ਦਾਅਵਾ ਕੀਤਾ ਹੈ ਕਿ ਉਸਨੇ ਇਜ਼ਰਾਈਲ 'ਤੇ 320 ਰਾਕੇਟ ਦਾਗੇ, 11 ਉੱਤਰੀ ਇਜ਼ਰਾਈਲੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਨਾਲ ਹੀ ਕਈ ਵਿਸਫੋਟਕ ਨਾਲ ਭਰੇ ਡਰੋਨ ਵੀ ਸੁੱਟੇ ਸਨ। ਇਸ ਤੋਂ ਪਹਿਲਾਂ, ਹਿਜ਼ਬੁੱਲਾ ਨੇ ਕਿਹਾ ਸੀ ਕਿ ਉਹ ਪਿਛਲੇ ਮਹੀਨੇ ਇਜਰਾਈਲ ਵਲੋਂ ਹਮਲੇ ਵਿੱਚ ਆਪਣੇ ਫੌਜੀ ਕਮਾਂਡਰ ਫੁਆਦ ਸ਼ੁਕਰ ਦੀ ਹੱਤਿਆ ਦਾ ਜਵਾਬ ਦੇਵੇਗਾ। ਜਾਪਦਾ ਹੈ ਕਿ ਇਹ ਸ਼ੁਰੂਆਤ ਹੋ ਗਈ ਹੈ।

ਇਜ਼ਰਾਈਲੀ ਵਿਰੋਧੀ ਧਿਰ ਦੇ ਨੇਤਾ ਯੇਅਰ ਲੈਪਿਡ ਨੇ ਟਵੀਟ ਕੀਤਾ ਕਿ ਉਹ "ਉੱਤਰੀ ਇਜ਼ਰਾਈਲ ਵਿੱਚ ਇਜਰਾਈਲ ਫੌਜ ਦੀ ਕਾਰਵਾਈ ਦਾ ਜ਼ੋਰਦਾਰ ਸਮਰਥਨ ਕਰਦਾ ਹੈ।" ਦੂਜੇ ਪਾਸੇ ਹਿਜ਼ਬੁੱਲਾ ਨੇ ਕਿਹਾ ਹੈ ਕਿ ਉਸਨੇ ਬੇਰੂਤ ਵਿੱਚ ਆਪਣੇ ਇੱਕ ਸੀਨੀਅਰ ਕਮਾਂਡਰ ਦੀ ਹੱਤਿਆ ਦਾ ਬਦਲਾ ਲੈਣ ਲਈ ਇਜ਼ਰਾਈਲ ਦੇ ਖਿਲਾਫ ਇੱਕ ਮਹੱਤਵਪੂਰਨ ਮਿਜ਼ਾਈਲ ਬੈਰਾਜ ਲਾਂਚ ਕੀਤਾ ਹੈ। ਗੋਲਾਨ ਹਾਈਟਸ ਵਿੱਚ ਮਿਜ਼ਾਈਲ ਹਮਲੇ ਵਿੱਚ 12 ਨੌਜਵਾਨਾਂ ਦੀ ਮੌਤ ਤੋਂ ਬਾਅਦ ਕਈ ਹਫ਼ਤਿਆਂ ਤੋਂ ਜਾਰੀ ਇਜ਼ਰਾਈਲ ਅਤੇ ਹਿਜ਼ਬੁੱਲਾ ਦਰਮਿਆਨ ਤਣਾਅ ਹੁਣ ਜੰਗ ਵੱਲ ਵਧ ਰਿਹਾ ਹੈ।

ਹਿਜ਼ਬੁੱਲਾ ਨੇ ਕਿਹਾ ਕਿ ਇਸ ਨੇ ਆਪਣੇ ਕਮਾਂਡਰ ਫੁਆਦ ਸ਼ੁਕਰ ਦੀ ਹੱਤਿਆ ਕਰਕੇ ਜਵਾਬ ਦਿਤਾ ਹੈ। ਹਿਜ਼ਬੁੱਲਾ ਦੇ ਮਿਜ਼ਾਈਲ ਹਮਲਿਆਂ ਦੇ ਜਵਾਬ ਵਿੱਚ ਇਜ਼ਰਾਈਲੀ ਜੈੱਟਾਂ ਨੇ ਲੇਬਨਾਨ ਵਿੱਚ ਕਈ ਟਿਕਾਣਿਆਂ 'ਤੇ ਹਮਲਾ ਕੀਤਾ ਹੈ। ਜਿਸ ਤੋਂ ਬਾਅਦ ਇਜ਼ਰਾਈਲ ਨੇ ਕੁਝ ਹਵਾਈ ਅੱਡਿਆਂ ਤੋਂ ਫਲਾਈਟਾਂ ਨੂੰ ਫਿਲਹਾਲ ਮੁਅੱਤਲ ਕਰਕੇ ਦੇਸ਼ ਵਿਚ ਐਮਰਜੈਂਸੀ ਲਗਾ ਦਿੱਤੀ ਹੈ। ਇਸ ਦੇ ਨਾਲ ਹੀ ਇਜ਼ਰਾਈਲ ਨੇ ਦੇਸ਼ ਦੇ ਨਾਗਰਿਕਾਂ ਨੂੰ ਚੌਕਸ ਰਹਿਣ ਲਈ ਕਿਹਾ ਹੈ।

ਇਜ਼ਰਾਈਲ ਅਤੇ ਹਿਜ਼ਬੁੱਲਾ ਵਿਚਾਲੇ ਤਣਾਅ ਅਜਿਹੇ ਸਮੇਂ ਵਿਚ ਭੜਕਿਆ ਹੈ ਜਦੋਂ ਹਮਾਸ ਅਤੇ ਇਜ਼ਰਾਈਲ ਵਿਚਾਲੇ ਜੰਗਬੰਦੀ ਲਈ ਕਾਹਿਰਾ ਵਿਚ ਗੱਲਬਾਤ ਚੱਲ ਰਹੀ ਹੈ, ਜਿਸ ਦੇ ਅਨੁਸਾਰ ਇਜ਼ਰਾਈਲ ਅਤੇ ਹਮਾਸ ਵਿਚਕਾਰ ਕੈਦੀਆਂ ਅਤੇ ਨਜ਼ਰਬੰਦਾਂ ਦੀ ਅਦਲਾ-ਬਦਲੀ ਲਈ ਕਿਸੇ ਨੁਕਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ।



## ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਗੱਲਬਾਤ

ਇਸ ਦੌਰਾਨ ਅਮਰੀਕੀ ਰੱਖਿਆ ਮੰਤਰੀ ਲੋਇਡ ਆਸਟਿਨ ਅਤੇ ਇਜ਼ਰਾਈਲ ਦੇ ਰੱਖਿਆ ਮੰਤਰੀ ਯੋਵ ਗੈਲੈਂਟ ਨੇ ਹਿਜ਼ਬੁੱਲਾ ਵੱਲੋਂ ਇਜ਼ਰਾਈਲ ਵਿਰੁੱਧ ਕੀਤੇ ਗਏ ਹਮਲਿਆਂ ਬਾਰੇ ਚਰਚਾ ਕੀਤੀ ਹੈ।

ਪੈਂਟਾਗਨ ਨੇ ਕਿਹਾ ਕਿ ਫੋਨ ਕਾਲ ਦੇ ਦੌਰਾਨ, ਅਮਰੀਕੀ ਰੱਖਿਆ ਮੰਤਰੀ ਆਸਟਿਨ ਨੇ ਇਜ਼ਰਾਈਲ ਦੀ ਸੁਰੱਖਿਆ ਲਈ ਸੰਯੁਕਤ ਰਾਜ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਖੇਤਰ ਵਿੱਚ ਇਰਾਨ ਜਾਂ ਉਸਦੇ ਸਹਿਯੋਗੀ ਅਤੇ ਪ੍ਰੌਕਸੀ ਦੁਆਰਾ ਕੀਤੀ ਗਈ ਕਿਸੇ ਵੀ ਹਮਲਾਵਰ ਕਾਰਵਾਈ ਦੇ ਵਿਰੁੱਧ ਆਪਣੀ ਰੱਖਿਆ ਕਰਨ ਦੇ ਅਧਿਕਾਰ ਨੂੰ ਮਾਨਤਾ ਦਿਤੀ। ਇਸ ਦੇ ਨਾਲ ਹੀ, ਇਜ਼ਰਾਈਲ ਦੀ ਰਾਸ਼ਟਰੀ ਸੁਰੱਖਿਆ ਪ੍ਰੀਸ਼ਦ ਦੇ ਬੁਲਾਰੇ ਸੀਨ ਸੇਵੇਟ ਨੇ ਕਿਹਾ ਹੈ ਕਿ "ਉਨ੍ਹਾਂ ਦੇ ਨਿਰਦੇਸ਼ਾਂ 'ਤੇ, ਸੀਨੀਅਰ ਅਮਰੀਕੀ ਅਧਿਕਾਰੀ ਆਪਣੇ ਇਜ਼ਰਾਈਲੀ ਹਮਰੁਤਬਾ ਨਾਲ ਲਗਾਤਾਰ ਸੰਪਰਕ ਵਿੱਚ ਹਨ। ਉਨ੍ਹਾਂ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਅਮਰੀਕਾ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਦਾ ਸਮਰਥਨ ਕਰਨਾ ਜਾਰੀ ਰਖੇਗਾ।"

ਯਾਦ ਰਹੇ ਕਿ ਅਮਰੀਕਾ ਦੇ ਰਾਸ਼ਟਰਪਤੀ ਦੀ ਚੋਣ ਲਈ ਉਮੀਦਵਾਰ ਵਜੋਂ ਪਿਛਲੇ ਹਫ਼ਤੇ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਵਿੱਚ ਪ੍ਰਵਾਨਗੀ ਭਾਸ਼ਣ ਦਿੰਦਿਆਂ ਕਮਲਾ ਹੈਰਿਸ ਨੇ ਇਜ਼ਰਾਈਲ ਦੇ ਸਵੈ-ਰੱਖਿਆ ਦੇ ਅਧਿਕਾਰ ਨਾਲ ਹਮੇਸ਼ਾ ਖੜ੍ਹੇ ਰਹਿਣ ਦਾ ਅਹਿਦ ਲਿਆ ਸੀ।

ਦੂਜੇ ਪਾਸੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਆਪਣੇ ਸਾਰੇ ਨਿਸ਼ਾਨੇ ਰਾਸ਼ਟਰਪਤੀ ਜੋਅ ਬਾਇਡਨ 'ਤੇ ਸੇਧ ਰਹੇ ਹਨ ਅਤੇ ਨਾਲ ਹੀ ਚਿਤਾਵਨੀ ਦੇ ਰਹੇ ਹਨ ਕਿ ਤੀਜੀ ਆਲਮੀ ਜੰਗ ਬਹੁਤੀ ਦੂਰ ਨਹੀਂ ਹੈ। ਬਾਇਡਨ ਪ੍ਰਸ਼ਾਸਨ ਨੇ ਇਜ਼ਰਾਈਲ ਨੂੰ ਇੱਕ ਤੋਂ ਬਾਅਦ ਇੱਕ ਭੜਕਾਊ ਕਦਮ ਚੁੱਕਣ ਦੀ ਖੁੱਲ੍ਹ ਦਿੱਤੀ ਤੇ ਮਸਲਾ ਸੁਲਝਾਉਣ ਵਿੱਚ ਕੋਈ ਮਦਦ ਨਹੀਂ ਕੀਤੀ।

ਸੰਯੁਕਤ ਰਾਜ ਅਤੇ ਯੂਰਪ ਦੇ ਡਿਪਲੋਮੈਟ ਪਿਛਲੇ ਕੁਝ ਹਫ਼ਤਿਆਂ ਵਿੱਚ ਇਜ਼ਰਾਈਲ ਅਤੇ ਲੇਬਨਾਨ ਦੇ ਕਈ ਕੂਟਨੀਤਕ ਮਿਸ਼ਨਾਂ ਵਿੱਚ ਸ਼ਾਮਲ ਹੋਏ ਹਨ। ਉਨ੍ਹਾਂ ਦਾ ਉਦੇਸ਼ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤਣਾਅ ਨੂੰ ਘੱਟ ਕਰਨਾ ਸੀ, ਕਿਉਂਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਸਥਿਤੀ ਵੱਡੇ ਪੱਧਰ 'ਤੇ ਖੇਤਰੀ ਸੰਘਰਸ਼ ਵਿੱਚ ਬਦਲ ਸਕਦੀ ਹੈ। ਅੰਤਰਰਾਸ਼ਟਰੀ ਭਾਈਚਾਰਾ ਚਿੰਤਤ ਹੈ ਕਿ ਜੇਕਰ ਸਥਿਤੀ ਲਗਾਤਾਰ ਵਿਗੜਦੀ ਰਹੀ, ਤਾਂ ਇਹ ਯੁੱਧ ਅਮਰੀਕਾ ਅਤੇ ਈਰਾਨ ਨੂੰ ਵੀ ਆਪਣੇ ਵੱਲ ਖਿੱਚ ਸਕਦਾ ਹੈ, ਮੱਧ ਪੂਰਬ ਵਿੱਚ ਪਹਿਲਾਂ ਤੋਂ ਹੀ ਨਾਜ਼ੁਕ ਭੂ-ਰਾਜਨੀਤਿਕ ਦ੍ਰਿਸ਼ ਨੂੰ ਹੋਰ ਗੁੰਝਲਦਾਰ ਬਣਾ ਸਕਦਾ ਹੈ।

## ਕੀ ਹੈ ਹਿਜ਼ਬੁੱਲਾ ਦਾ ਇਤਿਹਾਸ

ਹਿਜ਼ਬੁੱਲਾ ਦੀ ਸਥਾਪਨਾ 1982 ਵਿੱਚ ਲੇਬਨਾਨ ਦੇ ਘਰੇਲੂ ਯੁੱਧ ਦੇ ਦੌਰਾਨ ਹੋਈ ਸੀ, ਜੋ 1975 ਤੋਂ 1990 ਤੱਕ ਚੱਲਿਆ ਸੀ। ਹਿਜ਼ਬੁੱਲਾ ਦੇ ਜਨਮ ਦੇ ਪਿੱਛੇ ਇਰਾਨ ਹੈ ਜੋ 1979 ਵਿੱਚ ਇਸਲਾਮੀ ਕ੍ਰਾਂਤੀ ਦੀ ਸਿਰਜਣਾ ਕਰ ਰਿਹਾ ਸੀ, ਤਾਂ ਜੋ ਇਜ਼ਰਾਈਲ ਦਾ ਮੁਕਾਬਲਾ ਕੀਤਾ ਜਾ ਸਕੇ। ਹਿਜ਼ਬੁੱਲਾ 'ਤੇ 1983 ਵਿਚ ਅਮਰੀਕੀ ਮਰੀਨ ਬੈਰਕਾਂ ਤੋਂ ਇਲਾਵਾ ਵਿਦੇਸ਼ੀ ਟਿਕਾਣਿਆਂ 'ਤੇ ਬੰਬ ਧਮਾਕਿਆਂ ਸਹਿਤ ਲਗਾਤਾਰ ਹਮਲੇ ਕਰਨ ਦਾ ਦੋਸ਼ ਹੈ। ਇਸ ਨੂੰ ਈਰਾਨ ਦਾ ਪੂਰਾ ਸਮਰਥਨ ਹੈ। ਈਰਾਨ ਇਸ ਨੂੰ ਹਥਿਆਰਾਂ ਨਾਲ ਸਿਖਲਾਈ ਦਿੰਦਾ ਹੈ। ਲੇਬਨਾਨ ਦੇ ਅੰਦਰ ਇਸਦਾ ਬਹੁਤ ਪ੍ਰਭਾਵ ਹੈ। ਅਮਰੀਕਾ ਸਮੇਤ ਕਈ ਪੱਛਮੀ ਸਰਕਾਰਾਂ ਇਸ ਨੂੰ ਜਿਹਾਦੀ ਸੰਗਠਨ ਮੰਨਦੀਆਂ ਹਨ। ਲੇਬਨਾਨ ਵਿੱਚ, ਇਸਦੇ ਮੈਂਬਰ ਸਰਕਾਰ ਦਾ ਹਿੱਸਾ ਹਨ ਅਤੇ ਸੰਸਦ ਵਿੱਚ ਦਰਜਨਾਂ ਸੰਸਦ ਮੈਂਬਰ ਹਨ।

ਹਿਜ਼ਬੁੱਲਾ ਦੀ ਸਥਾਪਨਾ 1982 ਵਿੱਚ ਲੇਬਨਾਨੀ ਘਰੇਲੂ ਯੁੱਧ ਦੇ ਦੌਰਾਨ ਕੀਤੀ ਗਈ ਸੀ, ਜੋ 1975 ਤੋਂ 1990 ਤੱਕ ਚੱਲੀ ਸੀ। ਹਿਜ਼ਬੁੱਲਾ ਦੇ ਜਨਮ ਦੇ ਪਿੱਛੇ ਇਰਾਨ ਹੈ ਜੋ 1979 ਵਿੱਚ ਇਸਲਾਮੀ ਕ੍ਰਾਂਤੀ ਨੂੰ ਨਿਰਯਾਤ ਕਰ ਰਿਹਾ ਸੀ, ਤਾਂ ਜੋ ਇਜ਼ਰਾਈਲ ਦਾ ਮੁਕਾਬਲਾ ਕੀਤਾ ਜਾ ਸਕੇ। ਹਿਜ਼ਬੁੱਲਾ 'ਤੇ ਵਿਦੇਸ਼ੀ ਟਿਕਾਣਿਆਂ 'ਤੇ ਲਗਾਤਾਰ ਹਮਲੇ ਕਰਨ ਦਾ ਦੋਸ਼ ਹੈ, ਜਿਸ ਵਿਚ 1983 ਵਿਚ ਅਮਰੀਕੀ ਮਰੀਨ ਬੈਰਕਾਂ 'ਤੇ ਬੰਬ ਧਮਾਕਾ ਵੀ ਸ਼ਾਮਲ ਹੈ। ਇਸ ਨੂੰ ਈਰਾਨ ਦਾ ਪੂਰਾ ਸਮਰਥਨ ਹੈ। ਈਰਾਨ ਇਸ ਨੂੰ ਹਥਿਆਰਾਂ ਨਾਲ ਸਿਖਲਾਈ ਦਿੰਦਾ ਹੈ। ਲੇਬਨਾਨ ਦੇ ਅੰਦਰ ਇਸਦਾ ਬਹੁਤ ਪ੍ਰਭਾਵ ਹੈ। ਅਮਰੀਕਾ ਸਮੇਤ ਕਈ ਪੱਛਮੀ ਸਰਕਾਰਾਂ ਇਸ ਨੂੰ ਅੱਤਵਾਦੀ ਸੰਗਠਨ ਮੰਨਦੀਆਂ ਹਨ। ਲੇਬਨਾਨ ਵਿੱਚ, ਇਸਦੇ ਮੈਂਬਰ ਸਰਕਾਰ ਦਾ ਹਿੱਸਾ ਹਨ ਅਤੇ ਸੰਸਦ ਵਿੱਚ ਦਰਜਨਾਂ ਸੰਸਦ ਮੈਂਬਰ ਹਨ।

## ਹਿਜ਼ਬੁੱਲਾ ਕਿੰਨਾ ਸ਼ਕਤੀਸ਼ਾਲੀ ਹੈ ?

ਇਜ਼ਰਾਈਲ ਕੋਲ ਹਿਜ਼ਬੁੱਲਾ ਨਾਲੋਂ ਬਹੁਤ ਵਧੀਆ ਫੌਜ ਹੈ। ਜਦੋਂ ਕਿ ਹਿਜ਼ਬੁੱਲਾ ਕੋਲ 500 ਕਿਲੋਮੀਟਰ ਤੱਕ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹਨ। ਹਿਜ਼ਬੁੱਲਾ ਦੁਨੀਆ ਦਾ ਸਭ ਤੋਂ ਘਾਤਕ ਹਥਿਆਰਬੰਦ ਗੈਰ-ਸਰਕਾਰੀ ਸੰਗਠਨ ਹੈ। ਹਿਜ਼ਬੁੱਲਾ ਕੋਲ ਸਟੀਕ ਹਮਲਾ ਕਰਨ ਵਾਲੇ ਰਾਕੇਟ, ਮਿਜ਼ਾਈਲਾਂ ਅਤੇ ਡਰੋਨ ਹਨ। ਉਹ ਇਜ਼ਰਾਈਲ ਦੇ ਕਿਸੇ ਵੀ ਹਿੱਸੇ 'ਤੇ ਹਮਲਾ ਕਰ ਸਕਦੇ ਹਨ। ਮਾਹਿਰਾਂ ਅਨੁਸਾਰ ਇਸ ਕੋਲ ਰਾਕੇਟਾਂ ਦਾ ਬਹੁਤ ਵੱਡਾ ਭੰਡਾਰ ਹੈ, ਜਿਸ ਵਿੱਚ 1 ਲੱਖ ਤੋਂ 1.5 ਲੱਖ ਹਥਿਆਰ ਹਨ। ਹਿਜ਼ਬੁੱਲਾ ਨੂੰ ਈਰਾਨ ਤੋਂ ਹਥਿਆਰ ਅਤੇ ਪੈਸਾ ਮਿਲਦਾ ਹੈ। ਹਿਜ਼ਬੁੱਲਾ ਕੋਲ ਕਰਾਰ ਅਤੇ ਸ਼ਹੀਦ ਸਮੇਤ ਕੁੱਲ 5 ਤਰ੍ਹਾਂ ਦੇ ਡਰੋਨ ਹਨ। ਇਸ ਦਾ ਸਭ ਤੋਂ ਘਾਤਕ ਡਰੋਨ 2000 ਕਿਲੋਮੀਟਰ ਤੱਕ ਜਾ ਸਕਦਾ ਹੈ।

## ਹਿਜ਼ਬੁੱਲਾ ਦੀ ਫੌਜ ਕਿੰਨੀ ਵੱਡੀ ਹੈ ?

ਹਿਜ਼ਬੁੱਲਾ ਕੋਲ ਪੋਰਟੇਬਲ ਏਅਰ ਡਿਫੈਂਸ ਸਿਸਟਮ ਅਤੇ ਸਤ੍ਹਾ ਤੋਂ ਹਵਾ ਵਿਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਹਨ। 2021 ਵਿੱਚ, ਹਿਜ਼ਬੁੱਲਾ ਦੇ ਨੇਤਾ ਹਸਨ ਨਸਰੱਲਾਹ ਨੇ ਕਿਹਾ ਸੀ ਕਿ ਉਸ ਕੋਲ 1 ਲੱਖ ਲੜਾਕਿਆਂ ਦੀ ਫੌਜ ਹੈ। ਇੰਸਟੀਚਿਊਟ ਫਾਰ ਸਟ੍ਰੈਟਜਿਕ ਸਟੱਡੀਜ਼ ਥਿੰਕ ਟੈਂਕ ਨੇ 2022 ਵਿੱਚ ਅੰਦਾਜ਼ਾ ਲਗਾਇਆ ਸੀ ਕਿ ਹਿਜ਼ਬੁੱਲਾ ਕੋਲ 20 ਹਜ਼ਾਰ ਸਰਗਰਮ ਅਤੇ 30 ਹਜ਼ਾਰ ਰਿਜ਼ਰਵ ਫੌਜੀ ਹੋ ਸਕਦੇ ਹਨ। ਸੀਐਨਐਨ ਦੀ ਰਿਪੋਰਟ ਮੁਤਾਬਕ ਇਜ਼ਰਾਈਲ ਦੀ ਗੱਲ ਕਰੀਏ ਤਾਂ ਇਸ ਵਿੱਚ 126000 ਸਰਗਰਮ ਸੈਨਿਕ ਹਨ। ਇੱਥੇ 34000 ਏਅਰ ਫੋਰਸ ਅਤੇ 9500 ਨੇਵੀ ਸੈਨਿਕ ਹਨ। ਇਜ਼ਰਾਈਲ ਕੋਲ 465000 ਰਿਜ਼ਰਵ ਸੈਨਿਕ ਹਨ।

# ਯੂ ਕੇ ਵਿੱਚ ਲੱਖਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਭਾਰਤੀਆਂ ਸਮੇਤ ਗਿਰੋਹ ਨੂੰ 80 ਸਾਲ ਦੀ ਸਜ਼ਾ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਯੂ ਕੇ ਵਿੱਚ ਲੱਖਾਂ ਰੁਪਏ ਦੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਦੋ ਭਾਰਤੀਆਂ ਸਮੇਤ ਗਿਰੋਹ ਨੂੰ 80 ਸਾਲ ਦੀ ਸਜ਼ਾ ਸੁਣਾਈ ਹੈ। ਇਹ ਗਿਰੋਹ ਜੋ ਨਸ਼ਿਆਂ ਦੀ ਤਸਕਰੀ ਲਈ ਆਪਣੇ ਕਈ ਤੈਆਂ ਵਿੱਚ ਜੰਮੇ ਹੋਏ ਚਿਕਨ (ਮੀਟ) ਦੀ ਖੇਪ ਦੀ ਵਰਤੋਂ ਕਰਦਾ ਸੀ। ਮਨਿੰਦਰ ਦੁਸਾਂਝ (39) ਨੂੰ ਪਿਛਲੇ ਹਫਤੇ ਬਰਮਿੰਘਮ ਕ੍ਰਾਊਨ ਕੋਰਟ ਵਿੱਚ ਕਲਾਸ ਏ ਪਾਬੰਦੀਸ਼ੁਦਾ ਡਰੱਗਜ਼ ਅਤੇ ਮਨੀ ਲਾਂਡਰਿੰਗ ਮਾਮਲੇ ਵਿੱਚ 16 ਸਾਲ ਅਤੇ 8 ਮਹੀਨਿਆਂ ਦੀ ਕੈਦ ਅਤੇ 42 ਸਾਲ ਦੇ ਅਮਨਦੀਪ ਰਿਸ਼ੀ ਨੂੰ 11 ਸਾਲ ਅਤੇ ਦੋ ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਹੈ।

ਵੈਸਟ ਮਿਡਲੈਂਡਜ਼ ਪੁਲਿਸ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਨੇ 400 ਕਿਲੋਗ੍ਰਾਮ "ਉੱਚ-ਸ਼ੁੱਧਤਾ" ਕੋਕੀਨ ਦੇ ਨਾਲ-ਨਾਲ 16 ਲੱਖ ਪੌਂਡ ਗੈਰ-ਕਾਨੂੰਨੀ ਨਕਦੀ ਜ਼ਬਤ ਕੀਤੀ ਹੈ। ਵੈਸਟ ਮਿਡਲੈਂਡਜ਼ ਪੁਲਿਸ ਦੀ ਖੇਤਰੀ ਸੰਗਠਿਤ ਅਪਰਾਧ ਇਕਾਈ ਦੇ ਡਿਟੈਕਟਿਵ ਚੀਫ਼ ਇੰਸਪੈਕਟਰ ਪੀਟ ਕੁੱਕ ਨੇ ਕਿਹਾ, "ਇਸ ਦੂਰਗਾਮੀ ਜਾਂਚ ਵਿੱਚ ਕੋਕੀਨ ਦੀ ਦਰਾਮਦ, ਨਿਰਯਾਤ ਅਤੇ ਥੋਕ ਰਾਸ਼ਟਰੀ ਸਪਲਾਈ ਅਤੇ ਮਨੀ ਲਾਂਡਰਿੰਗ ਨੂੰ ਸ਼ਾਮਲ ਕੀਤਾ ਗਿਆ ਸੀ।



ਮਨਿੰਦਰ ਦੁਸਾਂਝ ਅਤੇ ਅਮਨਦੀਪ ਰਿਸ਼ੀ

ਦੋਸਾਂਝ ਅਤੇ ਰਿਸ਼ੀ ਪਹਿਲੇ ਵਿਅਕਤੀ ਸਨ ਜਿਨ੍ਹਾਂ ਨੇ 150 ਕਿਲੋਗ੍ਰਾਮ ਤੋਂ ਵੱਧ ਕੋਕੀਨ ਨੂੰ ਜੰਮੇ ਹੋਏ ਚਿਕਨ ਉਤਪਾਦਾਂ ਵਿੱਚ ਛੁਪਾਇਆ ਗਿਆ ਸੀ ਜਦੋਂ ਬਰਮਿੰਘਮ ਵਿੱਚ ਪੁਲਿਸ ਅਧਿਕਾਰੀਆਂ ਨੇ ਐਸੈਕਸ ਤੋਂ ਵਾਪਸ ਆ ਰਹੀ ਵੈਨ ਨੂੰ ਰੋਕਿਆ। ਗੈਂਗ ਦੇ ਹੋਰਾਂ ਨੂੰ ਲੰਡਨ ਜਾਣ ਤੋਂ ਪਹਿਲਾਂ ਵੈਸਟ ਮਿਡਲੈਂਡਜ਼ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ। ਜਿੱਥੇ ਉਹਨਾ ਨੇ ਟਾਇਰਾਂ ਵਿੱਚ 500,000 ਦੇ ਕਰੀਬ ਨਕਦੀ ਪਾਈ ਗਈ। ਇਕ ਹੋਰ ਮੌਕੇ 'ਤੇ, ਅਫਸਰਾਂ ਦੁਆਰਾ ਰੋਕੀ ਗਈ ਗੈਂਗ ਦੀ ਇਕ ਹੋਰ ਵੈਨ ਵਿਚ ਏਅਰ ਕੰਪ੍ਰੈਸ਼ਰ ਦੇ ਇਕ ਛੁਪੇ ਹੋਏ ਡੱਬੇ ਵਿਚੋਂ 10 ਲੱਖ ਪੌਂਡ ਤੋਂ ਵੱਧ ਦੀ ਨਕਦੀ ਬਰਾਮਦ ਕੀਤੀ ਗਈ ਸੀ।

ਬਰਮਿੰਘਮ, ਵੁਲਵਰਹੈਂਪਟਨ, ਸੈਂਡਵੈਲ, ਵਾਲਸਾਲ, ਸਾਊਥ ਸਟੈਫੋਰਡਸ਼ਾਇਰ ਅਤੇ ਲੰਡਨ ਵਿੱਚ ਰਹਿਣ ਵਾਲੇ 10 ਆਦਮੀਆਂ ਨੂੰ ਜੁਲਾਈ 2020 ਵਿੱਚ 10 ਦਿਨਾਂ ਦੇ ਅੰਦਰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਨ੍ਹਾਂ ਨੇ ਮਾਰਚ ਅਤੇ ਅਗਸਤ 2020 ਦੇ ਵਿਚਕਾਰ ਨਸ਼ਾ ਤਸਕਰੀ ਦੇ ਅਪਰਾਧਾਂ ਲਈ ਦੋਸ਼ੀ ਮੰਨ ਲਿਆ ਸੀ, ਉਨ੍ਹਾਂ ਸਮੇਤ ਸਾਰਿਆਂ ਨੂੰ 80 ਸਾਲ ਤੋਂ ਵੱਧ ਦੀ ਸਜ਼ਾ ਸੁਣਾਈ ਗਈ।


## ਵਿਆਹ ਸ਼ਾਦੀ ਦੇ ਇਸ਼ਤਿਹਾਰ ਪੰਜਾਬ ਟਾਈਮਜ਼ ਵਿੱਚ

ਯੂ ਕੇ ਵਿਚ 1965 ਤੋਂ ਛਪ ਰਿਹਾ ਹਫ਼ਤਾਵਾਰ ਪੰਜਾਬ ਟਾਈਮਜ਼ ਸਭ ਤੋਂ ਪੁਰਾਣਾ ਪੇਪਰ ਹੈ। ਇਹ ਪੇਪਰ ਨਿਊਜ਼ ਏਜੰਟਾਂ ਅਤੇ ਗਰੋਸਰੀ ਦੀਆਂ ਦੁਕਾਨਾਂ ਤੋਂ ਦੋ ਪੌਂਡ ਦਾ ਮਿਲਦਾ ਹੈ। ਇਸ ਵਿਚ ਵਿਆਹ ਸ਼ਾਦੀ ਸਬੰਧੀ ਇਸ਼ਤਿਹਾਰਾਂ ਵਾਲਾ ਵਿਸ਼ੇਸ਼ ਪੰਨਾ ਹੁੰਦਾ ਹੈ। ਰਿਸ਼ਤੇ ਨਾਤੇ ਵਾਲੇ ਕਾਲਮ ਵਿੱਚ ਇਸ਼ਤਿਹਾਰ ਦੇਣ ਨਾਲ ਬੱਚਿਆਂ ਲਈ ਯੋਗ ਜੀਵਨ ਸਾਥੀ ਮਿਲ ਸਕਦਾ ਹੈ।

ਪੰਜਾਬ ਟਾਈਮਜ਼ ਵਿੱਚ ਇਸ਼ਤਿਹਾਰ ਦੇਣ ਵਾਸਤੇ ਅੱਜ ਹੀ ਸੰਪਰਕ ਕਰੋ:
ਜਾਣਕਾਰੀ ਲਈ ਸੰਪਰਕ: 01332 372 851 M: 07966 388 388

GSD

GSD ESTATE AGENTS
RESIDENTIAL & COMMERCIAL PROPERTY EXPERTS
SALES • LETTINGS • MANAGEMENT
EXPERIENCED & INDEPENDENT
FAMILY OWNED & OPERATED

How much is your home worth ?
More properties wanted for qualified applicants
We can sell or let your properties fast
2-3 year rent guarantee schemes available

ਜੀ. ਐਸ. ਡੀ. ਇਸਟੇਟ ਏਜੰਟਸ
ਤੁਹਾਡੇ ਘਰ ਦੀ ਕਿੰਨੀ ਕੀਮਤ ਹੈ ?
ਤੁਹਾਡੀ ਜਾਇਦਾਦ ਵੇਚਣ ਜਾਂ ਕਿਰਾਏ 'ਤੇ ਦੇਣ ਲਈ ਤੁਹਾਡੀ ਮਦਦ ਕਰ ਸਕਦੇ ਹਾਂ।
ਯੋਗ ਅਰਜ਼ੀ ਕਰਤਾਵਾਂ ਲਈ ਹੋਰ ਜਾਇਦਾਦਾਂ ਚਾਹੀਦੀਆਂ ਹਨ।
ਗਰੰਟੀ 'ਤੇ ਕਿਰਾਏ ਲਈ 2-3 ਸਾਲ ਦੀਆਂ ਯੋਜਨਾਵਾਂ ਵੀ ਉਪਲੱਬਧ ਹਨ।
ਜਾਇਦਾਦ ਸਬੰਧੀ ਤਜ਼ਰਬੇਕਾਰ ਤੇ ਪ੍ਰੋਫ਼ੈਸ਼ਨਲ ਮਾਹਿਰਾਂ ਦੀ ਸਲਾਹ ਜ਼ਰੂਰ ਲਵੋ

EXCELLENCE AS STANDARD *Supporting a greener future*
Director: Mr Gurjeet Singh Dhariwal
Visit our website: www.gsdestates.com
Tel: 020 8570 1284 Email: info@gsdestates.com
10 New Heston Road, Heston, TW5 0LJ
GSD Estate Agents Ltd. Company No: 06529322. All rights reserved

ਸੁਮਨ ਮੈਰਿਜ ਬਿਊਰੋ (ਇੰਟਰਨੈਸ਼ਨਲ)
UK's FIRST ASIAN MARRIAGE BUREAU
Guaranteed introduction service - Since 1972
HINDU & SIKH SINGLES MEET-UP LUNCH
SATURDAY 23RD NOVEMBER 2024 IN HOUNSLOW
An opportunity to meet a number of other like-minded singletons under one roof & maybe meet a potential partner
Tickets: Non-members: £42.50
Members/Non-Members (Early Bird booking by 31/10/24) - £37.50
Inclusive of 3-course vegetarian lunch & soft drinks
Please call for further details or to book your place
OVER 50 YEARS OF MATCHMAKING
Please feel free to contact us to discuss your requirements in confidence and without any obligation! English/Punjabi spoken.

SUMAN MARRIAGE BUREAU
Bespoke Matchmaking Service
0121 582 9995 or 020 8571 5145
WhatsApp/Signal: 07485 708717
Web: www.s-m-b.com Email: info@s-m-b.com
Providing a personal matchmaking service for all Asian communities
Follow us on Facebook: www.facebook.com/SumanMarriageBureau
Instagram: @SumanMarriageBureau
WE HAVE CLIENTS ALL OVER UK

# ਆਕਸਫੋਰਡ ਯੂਨੀਵਰਸਿਟੀ ਵਲੋਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਹਿਯੋਗ ਨਾਲ ਗੁਰੂ ਨਾਨਕ ਜੂਨੀਅਰ ਰੀਸਰਚ ਫੈਲੋਸ਼ਿਪ ਦੀ ਸਥਾਪਨਾ ਦਾ ਇਤਿਹਾਸਕ ਐਲਾਨ





ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਅਤੇ ਆਕਸਫੋਰਡ ਯੂਨੀਵਰਸਿਟੀ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਵਿਸ਼ਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵਲੋਂ ਇਕ ਇਤਿਹਾਸਕ ਫੈਸਲਾ ਲੈਂਦਿਆਂ ਪੰਜਾਬ ਅਤੇ ਸਿੱਖਾਂ ਨਾਲ ਸਬੰਧਤ ਵਿਸ਼ਿਆਂ ਉੱਤੇ ਖੋਜਾਂ ਲਈ ਵੂਲਫਸਨ ਕਾਲਜ ਵਿਖੇ ਗੁਰੂ ਨਾਨਕ ਜੂਨੀਅਰ ਰੀਸਰਚ ਫੈਲੋਸ਼ਿਪ ਦੀ ਸਥਾਪਨਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਹ ਉਪਰਾਲਾ ਬਰਤਾਨੀਆ ਦੀ ਪ੍ਰਮੁੱਖ ਸਿੱਖ ਸੰਸਥਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਵਿਸ਼ੇਸ਼ ਯੋਗਦਾਨ ਦੇ ਨਾਲ ਸਫਲ ਹੋਇਆ ਹੈ।

ਵੱਖ-ਵੱਖ ਦੱਖਣ ਏਸ਼ੀਅਨ ਭਾਸ਼ਾਵਾਂ, ਸਾਹਿਤ, ਸੱਭਿਆਚਾਰ, ਅਰਥ ਸ਼ਾਸਤਰ ਅਤੇ ਸਮਾਜਿਕ ਵਿਸ਼ਿਆਂ ਨਾਲ ਸਬੰਧਿਤ ਖੋਜਾਂ ਲਈ ਮਸ਼ਹੂਰ ਵੂਲਫਸਨ ਕਾਲਜ ਵਲੋਂ ਸਿੱਖ ਧਰਮ ਅਤੇ ਪੰਜਾਬ ਨਾਲ ਸਬੰਧਿਤ ਖੋਜਾਂ ਦੀ ਲੋੜ ਨੂੰ ਮਾਨਤਾ ਮਿਲਣੀ ਆਪਣੇ ਆਪ ਵਿਚ ਮਹੱਤਵਪੂਰਨ ਹੈ।

ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਪ੍ਰਧਾਨ ਸ. ਹਿੰਮਤ ਸਿੰਘ ਸੋਹੀ ਨੇ ਕਿਹਾ ਕਿ ਗੁਰੂ ਨਾਨਕ ਜੂਨੀਅਰ ਰੀਸਰਚ ਫੈਲੋਸ਼ਿਪ ਨੂੰ ਮੁੱਢਲੇ ਤਿੰਨ ਸਾਲਾਂ ਲਈ ਸ਼ੁਰੂ ਕਰਨ ਵਾਸਤੇ ਕੁੱਲ 1 ਲੱਖ 80 ਹਜ਼ਾਰ ਪੌਂਡ ਦੀ ਵਿੱਚੋਂ ਸਭ ਤੋਂ ਵੱਧ ਲਗਪਗ 1 ਲੱਖ 40 ਹਜ਼ਾਰ ਪੌਂਡ ਦਾ ਯੋਗਦਾਨ ਇਕੱਲਿਆਂ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੀ ਸੰਗਤ ਨੇ ਪਾਇਆ ਹੈ। ਜੋ ਸਾਡੇ ਲਈ ਮਾਣ ਵਾਲੀ ਗੱਲ ਹੈ।

ਸਿੰਘ ਸਭਾ ਦੇ ਮੀਤ ਪ੍ਰਧਾਨ ਸ. ਕੁਲਵੰਤ ਸਿੰਘ ਭਿੰਡਰ ਨੇ ਕਿਹਾ ਕਿ ਸਿੱਖਿਆ ਮੁੱਢ ਤੋਂ ਹੀ ਸਿੰਘ ਸਭਾ ਲਹਿਰ ਦਾ ਆਧਾਰ ਰਹੀ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਜਨਰਲ ਸਕੱਤਰ ਸ. ਹਰਮੀਤ ਸਿੰਘ ਗਿੱਲ ਨੇ ਵਿੱਦਿਅਕ ਯਤਨਾਂ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਦਾ ਪ੍ਰਚਾਰ-ਪ੍ਰਸਾਰ ਕਰਨ ਦੇ ਸਿੰਘ ਸਭਾ ਵਲੋਂ ਕੀਤੇ ਜਾਂਦੇ ਕਾਰਜਾਂ 'ਤੇ ਚਾਨਣਾ ਪਾਉਂਦਿਆਂ ਭਵਿੱਖ ਵਿਚ ਵਧੇਰੇ ਸਰਗਰਮ ਰੂਪ ਵਿਚ ਤਤਪਰ ਹੋਣ ਦਾ ਵਾਅਦਾ ਕੀਤਾ।

ਵੂਲਫਸਨ ਕਾਲਜ ਦੇ ਵਿਕਾਸ ਡਾਇਰੈਕਟਰ ਅਤੇ ਗਵਰਨਿੰਗ ਬਾਡੀ ਫੈਲੋ ਡਾ. ਹਿਊ ਡੇਵਿਡ ਨੇ ਸਿੰਘ ਸਭਾ ਸਾਊਥਾਲ ਵਲੋਂ ਫੈਲੋਸ਼ਿਪ ਵਿਚ ਅਹਿਮ ਸਹਾਇਤਾ ਲਈ ਧੰਨਵਾਦ ਕਰਦਿਆਂ ਆਖਿਆ ਕਿ ਇਹ ਪਰਉਪਕਾਰੀ ਉਪਰਾਲਾ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਅਤੇ ਪਰੰਪਰਾਵਾਂ ਦੀ ਅਕਾਦਮਿਕ ਖੋਜ ਅਤੇ ਸੰਭਾਲ ਵਿਚ ਮਹੱਤਵਪੂਰਨ ਯੋਗਦਾਨ ਸਾਬਤ ਹੋਵੇਗਾ।

ਇੱਥੇ ਦੱਸਣਯੋਗ ਹੈ ਕਿ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਸੰਨ 1960 ਵਿਚ ਸਥਾਪਿਤ ਕੀਤੀ ਗਈ ਜੋ ਇੰਗਲੈਂਡ ਅਤੇ ਵੇਲਜ਼ ਵਿਚ ਇਕ ਰਜਿਸਟਰਡ ਚੈਰਿਟੀ ਹੈ। ਇਹ ਸਿੱਖ ਸੰਸਥਾ ਭਾਰਤ ਤੋਂ ਬਾਹਰ ਸਭ ਤੋਂ ਵੱਡੀਆਂ ਸਿੱਖ ਸੰਸਥਾਵਾਂ ਵਿਚੋਂ ਇਕ ਹੈ। ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਮਿਸ਼ਨ ਵਿਚ ਸਿੱਖ ਪਰੰਪਰਾਵਾਂ ਅਤੇ ਕਦਰਾਂ-ਕੀਮਤਾਂ ਨੂੰ ਪ੍ਰਫੁੱਲਿਤ ਕਰਨ ਦੇ ਨਾਲ-ਨਾਲ ਸਿੱਖ ਭਾਈਚਾਰੇ ਦੀ ਭਲਾਈ, ਆਰਥਿਕ ਵਿਕਾਸ ਅਤੇ ਵਿੱਦਿਅਕ ਤਰੱਕੀ ਨੂੰ ਉਤਸ਼ਾਹਿਤ ਕਰਨਾ ਮੁੱਖ ਤੌਰ 'ਤੇ ਸ਼ਾਮਲ ਹੈ।

# SAMPURANTA DIWAS, SHRI GURU GRANTH SAHIB JI



Samuranta diwas celebrated on the august 29th marks the completition of the recitation of the Shri Guru Granth Sahib ji by guru gobind singh ji the significant event commemorates the day when the final version was completed. the central religious scriptures of sikhism. The Guru granth Sahib ji is revered as the eternal Guru ji by sikhs, sikhs are in commanded to take the granth as the Guru. We also reflect on the profound legacy of our spiritual master a fearless warrior and enlightened thinker. Shri Guru Gobind Singh ji the tenth guru ji, was divine leader but also a creator of change and symbol of underwavering valour and faith. The sikh community, guided by the beautiful teachings is renowned globally for its ethos of service ( Seva) And bravery. In sikhism it's a way of life deeply ingrained through the guru ji teachings and the establishment of the khalsa a spiritual army embodying purity, equality and brotherhood.The khalsa formed by Guru Gobind Singh ji is more than a religious congregation, it's a living embodiment of his philosophy, standing tall against oppression and injustice and serving humanity selflessly. This spirit resonates in the sikh community worldwide relentless service ( community kitchens) to feed the poor leading humanitarian aid in crisis and standing up for the rights of the oppressed. The message of universal brotherhood and the protection of the weak. Guru Gobind Singh ji poetic and philosophy inspires millions around the world, his teachings remind us that bravery lies in standing up for the truth. Guru Granth Sahib Ji emphasis a strong teachings and principles. KIRAT KARO ( honest work) Sikhs are encouraged to living honestly through work and efforts. VAND CHAKKO ( Sharing with others) sharing one resources with those in need and helping others.SEWA (selfless service) sewa can be done in helping community kitchen ( Langar) or humanitarian efforts. EQUALITY AND JUSTICE sikhism promotes equality and rejects discrimination. CONTENTMENT (Santokh) SIkhs are encouraged to be content with what they have earned through honest means, avoiding greed and spreading rumours.



ਲੰਬੜਦਾਰ ਧਰਮਵੀਰ ਸਿੰਘ ਕਲੇਰ, ਕਵੈਂਟਰੀ

From : LAMBARDAR DHARMVEER SINGH CLAIRE COVENTRY

# ਕੰਗਨਾ ਸਿੱਖ ਪੰਥ ਤੇ ਕਿਸਾਨਾਂ ਵਿਰੁੱਧ ਜ਼ਹਿਰੀਲੀਆਂ ਟਿੱਪਣੀਆਂ ਕਰਕੇ ਭਾਜਪਾ ਦਾ ਸਿਆਸੀ ਭਵਿੱਖ ਵਿਗਾੜੇਗੀ

ਵਿਸ਼ੇਸ਼ ਖ਼ਬਰ

**✪ ਭਾਜਪਾ ਸੰਸਦ ਕੰਗਨਾ ਦੀ ਕਿਸਾਨ ਅੰਦੋਲਨ 'ਤੇ ਟਿੱਪਣੀ ਕਾਰਣ ਭਾਜਪਾ ਫਸੀ ✪ ਹਰਿਆਣਾ ਚੋਣ ਦੀ ਹਾਰ ਤੋਂ ਡਰੀ ਭਾਜਪਾ ਨੇ ਕੰਗਨਾ ਨੂੰ ਕੀਤੀ ਤਾੜਨਾ ✪ ਐਮਰਜੈਂਸੀ ਫਿਲਮ ਵਿਰੁੱਧ ਅਕਾਲ ਤਖਤ ਸਮੇਤ ਪੰਥਕ ਸੰਸਥਾਵਾਂ ਇਕਜੁਟ**

ਕੰਗਨਾ ਰਨੌਤ ਜੋ ਕਦੀ ਬਿਹਤਰੀਨ ਕਲਾਕਾਰੀ ਵਜੋਂ ਪਹਿਚਾਣੀ ਜਾਂਦੀ ਸੀ ਪਰ ਹੁਣ ਉਹ ਸਿਆਸਤ ਵਿਚ ਪ੍ਰਵੇਸ਼ ਕਰਕੇ ਤੇ ਜਿੱਤ ਹਾਸਲ ਕਰਨ ਤੋਂ ਬਾਅਦ ਨਫ਼ਰਤ ਦੀ ਸੋਚ ਵਾਲੀ ਭਗਵੀਂ ਇੰਡਸਟਰੀ ਬਣ ਗਈ ਹੈ। ਭਾਜਪਾ ਦੀ ਸੰਸਦ ਮੈਂਬਰ ਤੇ ਅਦਾਕਾਰਾ ਕੰਗਨਾ ਰਨੌਤ ਵੱਲੋਂ ਕਿਸਾਨੀ ਅੰਦੋਲਨ ਦੌਰਾਨ ਕਤਲ ਤੇ ਜਬਰ-ਜਨਾਹ ਹੋਣ ਸਬੰਧੀ ਦਿੱਤੇ ਨਫਰਤੀ ਬਿਆਨ ਨਾਲ ਭਾਜਪਾ ਧਰਮ ਸੰਕਟ ਵਿਚ ਫਸ ਗਈ ਹੈ। ਇਸ ਬਾਰੇ ਕਿਸਾਨਾਂ ਵਿਚ ਵੱਡਾ ਰੋਸ ਹੈ।

### ਕੀ ਕਿਹਾ ਸੀ ਕੰਗਨਾ ਨੇ ?

ਕੰਗਨਾ ਨੇ ਕਿਹਾ ਸੀ ਕਿ ਕਿਸਾਨੀ ਅੰਦੋਲਨ ਦੌਰਾਨ ਦਿੱਲੀ ਹੱਦ 'ਤੇ ਜਬਰ-ਜਨਾਹ ਤੇ ਕਤਲ ਹੋਏ ਸਨ। ਜੇ ਉਸ ਵੇਲੇ ਕੇਂਦਰ ਵਿਚ ਭਾਜਪਾ ਦੀ ਸਰਕਾਰ ਨਾ ਹੁੰਦੀ ਤਾਂ ਹਾਲਾਤ ਬੰਗਲਾਦੇਸ਼ ਵਰਗੇ ਹੋਣੇ ਸਨ। ਜ਼ਿਕਰਯੋਗ ਹੈ ਕਿ ਕੰਗਨਾ ਨੇ ਕਿਸਾਨੀ ਅੰਦੋਲਨ ਸਮੇਂ ਵੀ ਕਈ ਵਾਰ ਕਿਸਾਨਾਂ ਬਾਰੇ ਵਿਵਾਦਿਤ ਬਿਆਨ ਦਿੱਤੇ ਸਨ। ਉਸ ਨੇ ਹੁਣ ਮੁੜ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਕਿਸਾਨੀ ਸਬੰਧੀ ਬਿਆਨ ਦਿੱਤਾ ਹੈ ਜਿਸ ਨਾਲ ਭਾਜਪਾ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਕਿਸਾਨੀ ਅੰਦੋਲਨ ਸਮੇਂ ਸਮੁੱਚੇ ਦੇਸ਼ ਤੋਂ ਕਿਸਾਨਾਂ ਨੇ ਦਿੱਲੀ ਧਰਨੇ ਵਿਚ ਸ਼ਮੂਲੀਅਤ ਕੀਤੀ ਸੀ ਪਰ ਉਸ ਅੰਦੋਲਨ ਦੀ ਅਗਵਾਈ ਪੰਜਾਬ ਤੇ ਹਰਿਆਣਾ ਨੇ ਕੀਤੀ ਸੀ। ਇਸ ਕਰਕੇ ਹਰਿਆਣਾ ਤੇ ਪੰਜਾਬ ਦੇ ਕਿਸਾਨਾਂ ਵਿੱਚ ਕੰਗਨਾ ਦੇ ਬਿਆਨ ਨੂੰ ਲੈ ਕੇ ਕਾਫੀ ਰੋਸ ਪਾਇਆ ਜਾ ਰਿਹਾ ਹੈ।

ਕਿਸਾਨ ਆਗੂ ਰਾਕੇਸ਼ ਟਿਕੈਤ ਤੇ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਦੇ ਆਗੂ ਅਭਿਮੰਨਿਊ ਕੋਹਾੜ ਨੇ ਕਿਹਾ ਕਿ ਜੇ ਪ੍ਰਧਾਨ ਮੰਤਰੀ ਜਾਂ ਭਾਜਪਾ ਵੱਲੋਂ ਇਸ ਬਿਆਨ 'ਤੇ ਕੋਈ ਐਕਸ਼ਨ ਨਾ ਲਿਆ ਗਿਆ ਤਾਂ ਕਿਸਾਨ ਜਥੇਬੰਦੀਆਂ ਵੱਲੋਂ ਕੰਗਨਾ ਰਨੌਤ ਖ਼ਿਲਾਫ਼ ਸੰਘਰਸ਼ ਦਾ ਰਾਹ ਅਖਤਿਆਰ ਕੀਤਾ ਜਾਵੇਗਾ।

ਉੱਧਰ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਨੇ ਵੀ ਕੰਗਨਾ ਰਨੌਤ ਦੇ ਬਿਆਨ ਨੂੰ ਲੈ ਕੇ ਮੁਆਫੀ ਮੰਗਣ ਦੀ ਮੰਗ ਕੀਤੀ ਸੀ।

ਇਸ ਦੌਰਾਨ ਝਾਰਖੰਡ ਮੁਕਤੀ ਮੋਰਚਾ ਨੇ ਕਿਹਾ ਕਿ ਭਾਜਪਾ ਨੂੰ ਦੇਸ਼ਵਾਸੀਆਂ ਦੇ ਰੂਪ ਵਿੱਚ ਰੋਬੋਟ ਚਾਹੀਦੇ ਹਨ ਜਿਨ੍ਹਾਂ ਕੋਲ ਖੁਦ ਦਾ ਦਿਮਾਗ ਨਾ ਹੋਵੇ। ਤੇ ਜੇ ਹੋਵੇ ਤਾਂ ਕੰਗਨਾ ਵਾਂਗੂੰ ਨਫ਼ਰਤ ਨਾਲ ਭਰਿਆ ਹੋਵੇ।

ਕਾਂਗਰਸ ਦੇ ਸੀਨੀਅਰ ਨੇਤਾ ਤੇ ਸਾਬਕਾ ਮੰਤਰੀ ਡਾਕਟਰ ਰਾਜ ਕੁਮਾਰ ਵੇਰਕਾ ਨੇ ਕਿਹਾ ਕਿ ਮੈਂ ਮੁੱਖ ਮੰਤਰੀ ਭਗਵੰਤ ਮਾਨ ਤੋਂ ਮੰਗ ਕਰਦਾ ਹਾਂ ਕਿ ਕੰਗਨਾ ਦੇ ਖਿਲਾਫ ਰਾਸ਼ਟਰੀ ਸੁਰੱਖਿਆ ਕਾਨੂੰਨ ਦੀਆਂ ਧਾਰਾਵਾਂ ਤਹਿਤ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਤੇ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਜਾਣਾ ਚਾਹੀਦਾ ਹੈ।



ਇਹ ਕਿਸੇ ਤੋਂ ਭੁਲਿਆ ਨਹੀਂ ਕੰਗਨਾ ਆਮ ਕਰਕੇ ਕਿਸਾਨਾਂ ਤੇ ਸਿੱਖ ਪੰਥ ਨੂੰ ਖਾਲਿਸਤਾਨ, ਅੱਤਵਾਦ ਨਾਲ ਜੋੜਕੇ ਜ਼ਹਿਰੀਲੇ ਬਿਆਨ ਦਾਗਦੀ ਰਹਿੰਦੀ ਹੈ।

ਅਕਾਲ ਤਖਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਤੇ ਹੋਰ ਪੰਥਕ ਸੰਸਥਾਵਾਂ ਪਹਿਲਾਂ ਪਹਿਲਾਂ ਹੀ ਇਸ ਦਾ ਵਿਰੋਧ ਕਰ ਰਹੇ ਹਨ ਕਿ ਇਸ ਵਿੱਚ ਸਿੱਖਾਂ ਨੂੰ ਗ਼ਲਤ ਤਰੀਕੇ ਨਾਲ ਦਿਖਾਇਆ ਗਿਆ ਹੈ ਜਿਸ ਨਾਲ ਦੇਸ਼ ਵਿੱਚ ਉਨ੍ਹਾਂ ਖ਼ਿਲਾਫ਼ ਨਫਰਤੀ ਹਿੰਸਾ ਵਿੱਚ ਵਾਧਾ ਹੋਵੇਗਾ। ਭਾਜਪਾ ਉਸ ਉਪਰ ਕੇਸ ਦਰਜ਼ ਕਰੇ। ਸ਼੍ਰੋਮਣੀ ਕਮੇਟੀ ਨੇ ਹੁਣੇ ਜਿਹੇ ਜੀ-ਸਟੂਡੀਓ ਨੂੰ ਵਿਵਾਦਤ ਦ੍ਰਿਸ਼ਾਂ ਵਾਲੀ ਫਿਲਮ ਐਮਰਜੈਂਸੀ ਦਾ ਟ੍ਰੇਲਰ ਰਿਲੀਜ਼ ਕਰਨ ਦਾ ਦੋਸ਼ ਲਾਉਂਦਿਆਂ ਕਾਨੂੰਨੀ ਨੋਟਿਸ ਭੇਜਿਆ ਹੈ। ਇੰਨਾ ਹੀ ਨਹੀਂ, ਪ੍ਰਸਾਰਣ ਮੰਤਰਾਲੇ ਅਤੇ ਸੈਂਸਰ ਬੋਰਡ ਨੂੰ ਪੱਤਰ ਲਿਖ ਕੇ ਸਕ੍ਰਿਪਟ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ। ਇਸ ਵਿਚ ਸ਼੍ਰੋਮਣੀ ਕਮੇਟੀ ਤੋਂ ਮੰਗ ਕੀਤੀ ਗਈ ਹੈ ਕਿ ਫਿਲਮ ਦੀ ਰਿਲੀਜ਼ ਨੂੰ ਰੋਕਿਆ ਜਾਵੇ ਅਤੇ ਇਸ ਦੀ ਸਮੁੱਚੀ ਸਕਰਿਪਟ ਸ਼੍ਰੋਮਣੀ ਕਮੇਟੀ ਨਾਲ ਸਾਂਝੀ ਕੀਤੀ ਜਾਵੇ, ਤਾਂ ਜੋ ਇਸ ਫਿਲਮ ਸਬੰਧੀ ਆਪਣੀਆਂ ਅਤੇ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਜਾ ਸਕੇ।

ਓਧਰ, ਮੰਡੀ ਗੋਬਿੰਦਗੜ੍ਹ ਤੋਂ ਪੰਜਾਬ ਦੇ ਸੋਸ਼ਲ ਮੀਡੀਆ ਕਾਰਕੁਨ ਅਮਨਦੀਪ ਸਿੰਘ ਕਲਸੀ ਨੇ ਐਡਵੋਕੇਟ ਗੁਰਮਿੰਦਰ ਸਿੰਘ ਸਲਾਣਾ ਅਤੇ ਕੇਐਸ ਸਿੱਧੂ ਰਾਹੀਂ ਫਿਲਮ ਦੀ ਸਮੁੱਚੀ ਕਾਸਟ ਨੂੰ ਕਾਨੂੰਨੀ ਨੋਟਿਸ ਭੇਜਿਆ ਹੈ। ਅਮਨਦੀਪ ਸਿੰਘ ਕਲਸੀ ਨੇ ਕਿਹਾ ਕਿ ਫਿਲਮ ਐਮਰਜੈਂਸੀ ਦਾ ਟ੍ਰੇਲਰ ਰਿਲੀਜ਼ ਹੋਣ ਨਾਲ ਸਿੱਖਾਂ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਸ ਨਾਲ ਸਿੱਖਾਂ ਵਿਚ ਭਾਰੀ ਰੋਸ ਹੈ ਅਤੇ ਕਈ ਥਾਵਾਂ 'ਤੇ ਇਸ ਫਿਲਮ ਦੇ ਰਿਲੀਜ਼ ਹੋਣ ਨਾਲ ਦੇਸ਼ ਵਿਚ ਅਮਨ-ਕਾਨੂੰਨ ਅਤੇ ਸ਼ਾਂਤੀ ਭੰਗ ਹੋ ਸਕਦੀ ਹੈ। ਸ਼ਿਕਾਇਤਕਰਤਾ ਅਮਨਦੀਪ ਸਿੰਘ ਕਲਸੀ ਨੇ ਕੇਂਦਰੀ ਸੂਚਨਾ ਤੇ ਪ੍ਰਸਾਰਣ ਨੂੰ ਵੀ ਨੋਟਿਸ ਭੇਜਿਆ ਹੈ।

ਸਮੂਹ ਪੰਥਕ ਧਿਰਾਂ ਅਨੁਸਾਰ ਇਹ ਫਿਲਮ ਵਿਵਾਦਾਂ ਨਾਲ ਭਰੀ ਹੋਈ ਹੈ। ਐਮਰਜੈਂਸੀ ਨੂੰ ਖਤਮ ਕਰਨ ਵਿੱਚ ਪੰਜਾਬ ਅਤੇ ਅਕਾਲੀ ਦਲ ਦੇ ਯੋਗਦਾਨ ਬਾਰੇ ਕੁਝ ਨਹੀਂ ਦੱਸਿਆ ਗਿਆ ਪਰ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦਾ ਗਲਤ ਅਕਸ ਪੇਸ਼ ਕੀਤਾ ਗਿਆ ਹੈ। ਉਸ ਵਿਚ ਸੰਤ ਜਰਨੈਲ ਸਿੰਘ ਦੇ ਮੂੰਹੋਂ ਖ਼ਾਲਿਸਤਾਨ ਦੀ ਮੰਗ ਦਾ ਭਾਸ਼ਣ ਦਾ ਦ੍ਰਿਸ਼ ਵਿਖਾਇਆ ਗਿਆ ਹੈ, ਜਦਕਿ ਸੰਤਾਂ ਨੇ ਖ਼ਾਲਿਸਤਾਨ ਦੀ ਮੰਗ ਨਹੀਂ ਕੀਤੀ ਸੀ। ਉਨ੍ਹਾਂ ਇਹੀ ਕਿਹਾ ਸੀ ਜੇ ਸਰਕਾਰ ਦੇਵੇਗੀ ਤਾਂ ਉਹ ਵਿਚਾਰ ਕਰ ਲੈਣਗੇ। ਸੰਤ ਤਾਂ ਪੰਜਾਬ ਦੀਆਂ ਹੱਕੀ ਮੰਗਾਂ ਤੇ ਅਨੰਦਪੁਰ ਮਤੇ ਦਾ ਸਮਰਥਨ ਕਰਦੇ ਸਨ। ਪੰਜਾਬ ਵਿਚ 70-80ਵਿਆਂ ਦਾ ਦੌਰ ਇਕ ਸੂਬੇ ਦੇ ਆਪਣੇ ਹੱਕਾਂ ਵਾਸਤੇ ਇਕ ਮੋਰਚਾ ਲਗਾਇਆ ਸੀ , ਪਰ ਕੰਗਨਾ ਰਨੌਤ ਜੋ ਇਸ ਫ਼ਿਲਮ ਦੀ ਨਿਰਦੇਸ਼ਕ ਅਤੇ ਨਿਰਮਾਤਾ ਹੈ, ਨੇ ਇਸ ਫ਼ਿਲਮ ਵਿਚ ਗੁਰਸਿੱਖ ਕਿਰਦਾਰਾਂ ਨੂੰ ਏਕੇ-47 ਨਾਲ ਹਿੰਦੂਆਂ ਨੂੰ ਤਾੜ ਤਾੜ ਭੁੰਨਦੇ ਹੋਏ ਵਿਖਾ ਕੇ, ਪੂਰੇ ਭਾਰਤ ਦੇ ਹਿੰਦੂ ਭਾਈਚਾਰੇ ਵਿਚ ਸਿਖਾਂ ਨੂੰ ਉਨ੍ਹਾਂ ਦਾ ਦੁਸ਼ਮਣ ਦਰਸਾਇਆ ਹੈ।ਕੇਂਦਰ ਸਰਕਾਰ ਦੀਆਂ ਗਲਤ ਨੀਤੀਆਂ ਦਾ ਖ਼ਮਿਆਜ਼ਾ ਪੰਜਾਬ ਨੂੰ ਅੱਜ ਤਕ ਭੁਗਤਣਾ ਪੈ ਰਿਹਾ ਹੈ। ਇਹੋ ਜਿਹੇ ਹਾਲਾਤ ਵਿਚ ਐਸੀ ਫ਼ਿਲਮ ਸਥਿਤੀ ਵਿਚ ਤਣਾਅ ਹੋਰ ਵਧਾ ਸਕਦੀ ਹੈ।

ਰਾਜਨੀਤਕ ਬੋਧਿਕ ਹਲਕਿਆਂ ਅਨੁਸਾਰ ਕਿਸਾਨਾਂ ਤੇ ਸਿੱਖਾਂ ਬਾਰੇ ਉਸਦੇ ਜ਼ਹਿਰੀਲੇ ਬਿਆਨ ਭਾਜਪਾ ਨੂੰ ਸਿਆਸੀ ਨੁਕਸਾਨ ਪਹੁੰਚਾ ਰਹੇ ਹਨ ਉਹ ਇਸਤਰ੍ਹਾਂ ਬਿਆਨਬਾਜ਼ੀ ਕਰ ਰਹੀ ਹੈ ਜਿਵੇਂ ਉਹ ਭਾਜਪਾ ਦੀ ਮੁਖ ਬੁਲਾਰਾ ਜਾ ਪ੍ਰਧਾਨ ਹੁੰਦੀ ਹੈ।ਦੇਸ਼ ਦੀ ਆਜ਼ਾਦੀ ਵਾਸਤੇ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੀ ਸਿੱਖ ਕੌਮ ਨੇ ਭਾਰਤ ਨੂੰ ਚੁਣਦੇ ਸਮੇਂ ਕਦੇ ਵੀ ਇਹ ਨਹੀਂ ਸੋਚਿਆ ਹੋਵੇਗਾ ਕਿ ਇਕ ਦਿਨ ਅਜਿਹਾ ਆਵੇਗਾ ਕਿ ਉਨ੍ਹਾਂ ਨੂੰ ਆਪਣੇ ਦੇਸ਼ ਦੀ ਇਕ ਚੁਣੀ ਹੋਈ ਸਾਂਸਦ 'ਦੇਸ਼-ਧ੍ਰੋਹੀ' ਤੇ 'ਅਤਿਵਾਦੀ' ਪੇਸ਼ ਕਰਨ ਵਿਚ ਕੋਈ ਕਸਰ ਨਹੀਂ ਛੱਡੇਗੀ।

ਪਰ ਫਿਰਕੂ ਸਿਆਸਤ ਦੇ ਨਤੀਜੇ ਕਦੇ ਠੀਕ ਨਹੀਂ ਨਿਕਲਦੇ। ਕਿਸਾਨ ਭਾਈਚਾਰੇ ਪ੍ਰਤੀ ਨਫਰਤ ਫੈਲਾਉਣ ਨਾਲ ਹਿੰਦੂ ਵੋਟਰ ਦਾ ਕਾਫੀ ਹਿਸਾ ਭਾਜਪਾ ਤੋਂ ਦੂਰ ਹੋ ਜਾਵੇਗਾ। ਹਿੰਦੂ ਭਾਈਚਾਰਾ ਜੋ ਸਿੱਖਾਂ ਨੂੰ ਆਪਣੇ ਭਾਈਚਾਰੇ ਵਜੋਂ ਸਮਝਦਾ ਹੈ। ਉਹ ਮੁਸਲਮਾਨਾਂ ਪ੍ਰਤੀ ਫੈਲਾਈ ਨਫਰਤ ਵਾਂਗ ਸਿੱਖ ਵਿਰੋਧੀ ਬਿਆਨਾਂ ਨੂੰ ਸੱਚ ਵਜੋਂ ਸਵੀਕਾਰ ਨਹੀਂ ਕਰਦਾ। ਸਿੱਖ ਪੰਥ ਦਾ ਅਕਸ ਮਨੁੱਖਤਾ ਦੇ ਪ੍ਰਤੀਨਿਧ ਵਜੋਂ ਬਣ ਚੁਕਾ ਹੈ। ਸਿੱਖਾਂ ਵਿਰੁੱਧ ਨਫਰਤ ਫੈਲਉਣ ਦਾ ਨੁਕਸਾਨ ਭਾਜਪਾ ਨੂੰ ਹੀ ਹੋਵੇਗਾ।

### ਭਾਜਪਾ ਕੰਗਨਾ ਤੋਂ ਕਿਉਂ ਔਖੀ ? ਕੀ ਉਹ ਹਰਿਆਣਾ ਚੋਣਾਂ ਕਾਰਨ ਹੀ ਬਦਲੀ ?

ਭਾਜਪਾ ਨੇ ਇਸ ਬਾਰੇ ਹਕੀਕਤ ਸਮਝਦਿਆਂ ਕਿਸਾਨ ਅੰਦੋਲਨ 'ਤੇ ਰਨੌਤ ਦੀਆਂ ਟਿੱਪਣੀਆਂ ਨਾਲ ਅਸਹਿਮਤ ਹੁੰਦਿਆਂ ਹੁਣ ਕਿਹਾ ਹੈ ਕਿ ਅਦਾਕਾਰਾ ਤੋਂ ਸਿਆਸਤਦਾਨ ਬਣੀ ਕੰਗਨਾ ਰਨੌਤ ਨੂੰ ਨੀਤੀਗਤ ਮੁੱਦਿਆਂ 'ਤੇ ਬੋਲਣ ਦਾ ਅਧਿਕਾਰ ਨਹੀਂ ਹੈ। ਭਾਜਪਾ ਸੰਸਦ ਕੰਗਨਾ ਰਨੌਤ ਦਾ ਦਿੱਤਾ ਗਿਆ ਬਿਆਨ ਪਾਰਟੀ ਦੀ ਰਾਏ ਨਹੀਂ ਹੈ। ਭਾਜਪਾ ਨੇ ਅੱਗੇ ਕਿਹਾ ਕਿ ਪਾਰਟੀ 'ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਅਰਦਾਸ' ਦੇ ਨਾਲ ਸਮਾਜਿਕ ਸਦਭਾਵਨਾ ਦੇ ਸਿਧਾਂਤਾਂ ਦੀ ਪਾਲਣਾ ਕਰਨ ਲਈ ਦ੍ਰਿੜ ਹੈ।

ਆਪ ਪੰਜਾਬ ਦੇ ਸੀਨੀਅਰ ਬੁਲਾਰੇ ਨੀਲ ਗਰਗ ਨੇ ਦਾਅਵਾ ਕੀਤਾ ਕਿ ਫਟਕਾਰ ਸਿਰਫ਼ ਦਿਖਾਵਾ ਹੈ, ਕਿਉਂਕਿ ਰਨੌਤ ਦੀ ਟਿੱਪਣੀ ਭਾਰਤੀ ਜਨਤਾ ਪਾਰਟੀ ਦੀ ਵਿਚਾਰਧਾਰਾ ਨੂੰ ਦਰਸਾਉਂਦੀ ਹੈ। ਗਰਗ ਨੇ ਕਿਹਾ ਕਿ ਇਹ ਕੋਈ ਪਹਿਲੀ ਘਟਨਾ ਨਹੀਂ ਹੈ ਕਿ ਕਿਸੇ ਭਾਜਪਾ ਆਗੂ ਵੱਲੋਂ ਲੋਕਾਂ ਜਾਂ ਕਿਸਾਨਾਂ ਲਈ ਇਸ ਤਰ੍ਹਾਂ ਦੇ ਬਿਆਨ ਜਾਂ ਕਾਰਵਾਈ ਕੀਤੀ ਗਈ ਹੋਵੇ, ਫਿਰ ਵੀ ਭਾਜਪਾ ਨੇ ਇਤਿਹਾਸਕ ਤੌਰ 'ਤੇ ਅਜਿਹੇ ਵਿਅਕਤੀਆਂ ਨੂੰ ਇਨਾਮ ਦਿੱਤਾ ਹੈ। ਉਨ੍ਹਾਂ ਨੇ ਰਨੌਤ ਅਤੇ ਅਜੇ ਮਿਸ਼ਰਾ ਟੈਨੀ ਦੇ ਸਮਰਥਨ ਦੀਆਂ ਉਦਾਹਰਣਾਂ ਦਿੱਤੀਆਂ।

ਗਰਗ ਨੇ ਕਿਹਾ ਕਿ ਰਨੌਤ ਦੇ ਵਿਵਾਦਿਤ ਬਿਆਨ ਤੋਂ ਆਪਣੇ ਆਪ ਨੂੰ ਦੂਰ ਕਰਨ ਦੀ ਭਾਜਪਾ ਦੀ ਕੋਸ਼ਿਸ਼ ਸੰਭਾਵਤ ਤੌਰ 'ਤੇ ਕਈ ਰਾਜਾਂ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪ੍ਰੇਰਿਤ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇਤਾ ਅਕਸਰ ਕਿਸਾਨਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਕਰਾਰ ਦਿੰਦੇ ਹਨ, ਪਰ ਪਾਰਟੀ ਨੇ ਉਨ੍ਹਾਂ ਖਿਲਾਫ ਕਦੇ ਵੀ ਕੋਈ ਠੋਸ ਕਾਰਵਾਈ ਨਹੀਂ ਕੀਤੀ।

### 'ਸੰਤ ਜੀ' ਬਾਰੇ ਗਲਤ ਦਿਖਾਇਆ ਤਾਂ ਸਿਰ ਕਲਮ ਹੋਵੇਗਾ'

ਹਿਮਾਚਲ ਪ੍ਰਦੇਸ਼ ਦੇ ਮੰਡੀ ਤੋਂ ਬੀਜੇਪੀ ਐੱਮਪੀ ਅਤੇ ਅਦਾਕਾਰਾ ਕੰਗਨਾ ਰਨੌਤ ਦੀ ਫਿਲਮ ਐਮਰਜੈਂਸੀ ਵਿੱਚ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਨੂੰ ਵਿਖਾਉਣ ਖਿਲਾਫ ਵਿੱਕੀ ਥਾਮਸ ਨੇ ਵੀਡੀਓ ਵਿੱਚ ਕੰਗਨਾ ਦੇ ਸਿਰ ਕਲਮ ਦੀ ਧਮਕੀ ਦਿੱਤੀ ਗਈ ਹੈ। ਵੀਡੀਓ ਨੂੰ ਕੰਗਨਾ ਨੇ ਡੀਜੀਪੀ ਮਹਾਰਾਸ਼ਟਰ, ਪੰਜਾਬ ਅਤੇ ਹਿਮਾਚਲ ਨੂੰ ਟੈਗ ਕਰ ਦਿੱਤਾ ਹੈ। ਵਾਇਰਲ ਵੀਡੀਓ ਵਿੱਚ ਵਿੱਕੀ ਥਾਮਸ ਧਮਕੀ ਦਿੰਦੇ ਹੋਏ ਕਹਿ ਰਿਹਾ ਹੈ 'ਕਿ ਇਤਿਹਾਸ ਨੂੰ ਬਦਲਿਆ ਨਹੀਂ ਜਾ ਸਕਦਾ ਹੈ। ਜੇਕਰ ਸੰਤਾਂ ਜਾਂ ਸਿੱਖਾਂ ਦਹਿਸ਼ਤਗਰਦ ਵਿਖਾਇਆ ਤਾਂ ਅੰਜਾਮ ਦੇ ਲਈ ਤਿਆਰ ਹੋ ਜਾਣ। ਉਨ੍ਹਾਂ ਕਿਹਾ ਕਿ ਕੰਗਨਾ ਜਿਸ ਦੀ ਫਿਲਮ ਕਰ ਰਹੀ ਹੈ ਉਸ ਦੀ ਕੀ ਸੇਵਾ ਹੋਈ ਸੀ? ਸੰਤ ਭਿੰਡਰਾਂਵਾਲਾ ਦੇ ਲਈ ਅਸੀਂ ਸਿਰ ਕੱਟਵਾ ਵੀ ਸਕਦੇ ਹਨ ਅਤੇ ਸਿਰ ਵੱਢ ਵੀ ਸਕਦੇ ਹਾਂ'।

ਵਿੱਕੀ ਥਾਮਸ ਦੇ ਨਾਲ ਬੈਠੇ ਮਹਾਰਾਸ਼ਟਰ ਦੇ ਇੱਕ ਨੌਜਵਾਨ ਸਿੱਖ ਨੇ ਕਿਹਾ 'ਜੇਕਰ ਇਹ ਫਿਲਮ ਰਿਲੀਜ ਕਰਦੇ ਹੋ ਤਾਂ ਸਿੱਖਾਂ ਤੋਂ ਜੁੱਤੀਆਂ ਖਾਉਗੇ। ਥੱਪੜ ਤਾਂ ਤੁਸੀਂ ਖਾ ਚੁੱਕੇ ਹੋ। ਜੇਕਰ ਫਿਲਮ ਰਿਲੀਜ਼ ਹੋਈ ਤਾਂ ਜੁੱਤੀਆਂ ਨਾਲ ਤੁਹਾਡਾ ਸੁਆਗਤ ਹੋਵੇਗਾ।

# ਪਲਾਸਟਿਕ ਕਚਰਾ ਸਮੁੰਦਰ, ਹਵਾ, ਪਾਣੀ ਤੇ ਮਨੁੱਖ ਲਈ ਬਣਿਆ ਖਤਰਨਾਕ

## ✪ ਮਨੁੱਖੀ ਦਿਮਾਗ਼ ਵੀ ਬਣਿਆ ਇਸ ਦਾ ਸ਼ਿਕਾਰ ✪ ਨੈਸ਼ਨਲ ਇੰਸਟੀਚਿਊਟ ਆਫ਼ ਹੈੱਲਥ ਦੇ ਪਰਚੇ ਵਿੱਚ ਛਪੀ ਰਿਪੋਟ



ਪਲਾਸਟਿਕ ਕਚਰਾ ਸਰਵ-ਵਿਆਪੀ ਸਮੱਸਿਆ ਹੈ ਜੋ ਕਿ ਹਿਮਾਲਿਆ ਦੀ ਚੋਟੀ ਤੋਂ ਲੈ ਕੇ ਸਮੁੰਦਰ ਦੇ ਗਰਭ ਤੱਕ ਫੈਲ ਚੁੱਕਾ ਹੈ। ਹਵਾ, ਪਾਣੀ, ਸਬਜ਼ੀਆਂ, ਅਨਾਜ, ਮਾਸ, ਫਲ ਤੇ ਜੰਗਲੀ ਜੀਵਾਂ ਤੱਕ ਕੋਈ ਵੀ ਇਸ ਦੀ ਮਾਰ ਤੋਂ ਬਚ ਨਹੀਂ ਸਕਿਆ ਮਨੁੱਖੀ ਸਰੀਰ ਦਾ ਹਰ ਅੰਗ, ਮਾਸਪੇਸ਼ੀਆਂ, ਖ਼ੂਨ, ਦਿਲ, ਕਿਡਨੀ, ਫੇਫੜੇ, ਅੰਤੜੀਆਂ ਤੇ ਹੱਡੀਆਂ ਦੀ ਮਿੱਝ ਤੱਕ ਵਿੱਚ ਇਹ ਮੌਜੂਦ ਹੈ ਹੁਣ ਇਸ ਨੇ ਸਾਡੇ ਸਰੀਰ ਦੇ ਸਭ ਤੋਂ ਸੁਰੱਖਿਅਤ ਹਿੱਸੇ ਦਿਮਾਗ਼ ਨੂੰ ਵੀ ਆਪਣਾ ਸ਼ਿਕਾਰ ਬਣਾਉਣਾ ਸ਼ੁਰੂ ਕਰ ਦਿੱਤਾ ਹੈ।

ਹੁਣ ਤੱਕ ਵਿਗਿਆਨੀ ਇਹ ਮੰਨਦੇ ਰਹੇ ਹਨ ਕਿ ਸਾਡੇ ਸਰੀਰ ਅੰਦਰ ਦਿਮਾਗ਼ ਅਜਿਹਾ ਅੰਗ ਹੈ, ਜਿਸ ਨੂੰ ਹਾਨੀਕਾਰਕ ਰਸਾਇਣ, ਵਾਇਰਸ, ਬੈਕਟੀਰੀਆ ਤੇ ਹੋਰ ਪਦਾਰਥ ਸੁਖਾਲਿਆਂ ਪ੍ਰਭਾਵਤ ਨਹੀਂ ਕਰ ਸਕਦੇ, ਪਰ ਪਲਾਸਟਿਕ ਦੀ ਮਾਰ ਤੋਂ ਇਹ ਵੀ ਨਹੀਂ ਬਚ ਸਕਿਆ।

ਯੂਨੀਵਰਸਿਟੀ ਆਫ ਨਿਊ ਮੈਕਸੀਕੋ ਦੇ ਵਿਗਿਆਨੀ ਮੈਥਿਊ ਕੈਂਪੇਨ ਦੀ ਅਗਵਾਈ ਵਿੱਚ ਵਿਗਿਆਨੀਆਂ ਦੀ ਇੱਕ ਟੀਮ ਨੇ ਨੈਸ਼ਨਲ ਇੰਸਟੀਚਿਊਟ ਆਫ਼ ਹੈੱਲਥ ਦੇ ਪਰਚੇ ਵਿੱਚ ਇੱਕ ਅਧਿਐਨ ਰਿਪੋਰਟ ਛਾਪੀ ਹੈ। ਵਿਗਿਆਨੀਆਂ ਦੀ ਇਸ ਟੀਮ ਦਾ ਮਕਸਦ ਮਨੁੱਖੀ ਸਰੀਰ 'ਤੇ ਪਲਾਸਟਿਕ ਦੇ ਪ੍ਰਭਾਵਾਂ ਦਾ ਅਧਿਐਨ ਕਰਨਾ ਸੀ। ਇਸ ਟੀਮ ਨੇ ਵੱਖ-ਵੱਖ ਹਸਪਤਾਲਾਂ ਵਿੱਚ ਜਾ ਕੇ 91 ਮਨੁੱਖੀ ਲਾਸ਼ਾਂ ਦੀ ਪੜਤਾਲ ਕੀਤੀ ਸੀ। ਇਨ੍ਹਾਂ ਸਾਰੀਆਂ ਲਾਸ਼ਾਂ ਵਿੱਚ ਸਰੀਰ ਦੇ ਕਿਸੇ ਵੀ ਅੰਗ-ਜਿਵੇਂ ਮਿਹਦਾ, ਫੇਫੜੇ ਤੇ ਕਿਡਨੀ ਆਦਿ ਨਾਲੋਂ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ 10 ਤੋਂ 20 ਗੁਣਾ ਵੱਧ ਸੀ। ਸਾਲ 2024 ਵਿੱਚ ਮਰੇ 24 ਵਿਅਕਤੀਆਂ ਵਿੱਚ ਤਾਂ ਇਹ ਹੋਰ ਵੀ ਵੱਧ ਸੀ। ਇਸ ਦਾ ਮਤਲਬ ਹੈ ਕਿ ਸਾਲ-ਦਰ-ਸਾਲ ਇਹ ਸਮੱਸਿਆ ਗੰਭੀਰ ਰੂਪ ਧਾਰਨ ਕਰਦੀ ਜਾ ਰਹੀ ਹੈ ਸਾਲ 2016 ਵਿੱਚ ਮਰੇ ਵਿਅਕਤੀ ਦੇ ਦਿਮਾਗ ਨਾਲੋਂ 2024 ਵਿੱਚ ਮਰੇ ਵਿਅਕਤੀ ਦੇ ਦਿਮਾਗ ਵਿੱਚ ਇਹ 50 ਫ਼ੀਸਦੀ ਵੱਧ ਸੀ।

ਅਧਿਐਨ ਕਰਨ ਵਾਲੇ ਵਿਗਿਆਨੀਆਂ ਅਨੁਸਾਰ ਦਿਮਾਗ ਵਿੱਚ ਪਲਾਸਟਿਕ ਦੀ ਮਾਤਰਾ ਉਨ੍ਹਾਂ ਦੀ ਕਲਪਨਾ ਤੋਂ ਪਰ੍ਹੇ ਸੀ। ਇਸ ਤੋਂ ਸਪੱਸ਼ਟ ਹੈ ਕਿ ਮਨੁੱਖੀ ਸਰੀਰ ਵਿੱਚ ਦਿਮਾਗ ਸਭ ਤੋਂ ਵੱਧ ਪਲਾਸਟਿਕ ਪ੍ਰਦੂਸ਼ਣ ਤੋਂ ਪੀੜਤ ਹੈ। ਅਧਿਐਨ ਵਿੱਚ ਇਕ ਹੋਰ ਗੱਲ ਸਾਹਮਣੇ ਆਈ ਕਿ ਪਾਗਲ ਜਾਂ ਮਾਨਸਿਕ ਰੋਗੀ ਵਿਅਕਤੀਆਂ ਦੀਆਂ ਲਾਸ਼ਾਂ ਦੇ ਦਿਮਾਗਾਂ ਵਿੱਚ ਪਲਾਸਟਿਕ ਦੀ ਮਾਤਰਾ ਆਮ ਵਿਅਕਤੀਆਂ ਨਾਲੋਂ 10 ਗੁਣਾ ਵੱਧ ਸੀ। ਇਸ ਦਾ ਮਤਲਬ ਇਹ ਹੈ ਕਿ ਵਿਅਕਤੀ ਦੇ ਮਾਨਸਿਕ ਰੋਗੀ ਹੋ ਜਾਣ ਵਿੱਚ ਪਲਾਸਟਿਕ ਦੀ ਵੀ ਭੂਮਿਕਾ ਹੋ ਸਕਦੀ ਹੈ।

ਪਲਾਸਟਿਕ ਕਚਰਾ ਭਾਵੇਂ ਸੰਸਾਰਵਿਆਪੀ ਸਮੱਸਿਆ ਬਣ ਚੁੱਕਾ ਹੈ, ਪਰ ਇਸ ਦਾ ਉਤਪਾਦਨ ਲਗਾਤਾਰ ਵਧ ਰਿਹਾ ਹੈ। ਇਸ ਸਮੱਸਿਆ ਪ੍ਰਤੀ ਨਾ ਸਰਕਾਰਾਂ ਗੰਭੀਰ ਹਨ ਤੇ ਨਾ ਸਾਡਾ ਸਮਾਜ।

ਕੁਝ ਸਾਲ ਪਹਿਲਾਂ ਜਦੋਂ ਪਲਾਸਟਿਕ ਕਚਰਾ ਖਾ ਕੇ ਮਰੀਆਂ ਗਾਵਾਂ ਦੇ ਪੋਸਟ-ਮਾਰਟਮ ਬਾਅਦ ਉਨ੍ਹਾਂ ਦੇ ਪੇਟ ਵਿੱਚ ਪਲਾਸਟਿਕ ਮਿਲਿਆ ਤਾਂ ਇਸ ਨੂੰ ਬੰਦ ਕਰਨ ਦੀ ਚਰਚਾ ਸ਼ੁਰੂ ਹੋਈ ਸੀ। ਬਰਸਾਤਾਂ ਸਮੇਂ ਸੀਵਰੇਜ ਬੰਦ ਹੋਣ ਬਾਅਦ ਵੀ ਪਲਾਸਟਿਕ ਬੰਦ ਕੀਤੇ ਜਾਣ ਦੇ ਸਰਕਾਰੀ ਬਿਆਨ ਅਖ਼ਬਾਰਾਂ ਦੀਆਂ ਸੁਰਖੀਆਂ ਬਣਦੇ ਰਹਿੰਦੇ ਹਨ। ਇਸ ਤੋਂ ਬਾਅਦ ਕੁਝ ਦਿਨ ਛਾਪੇ ਪੈਂਦੇ ਹਨ, ਜਿਹੜੇ ਰਿਸ਼ਵਤ ਦੇ ਦਿੰਦੇ ਹਨ, ਉਹ ਬਚ ਜਾਂਦੇ ਹਨ ਤੇ ਜਿਹੜੇ ਨਹੀਂ ਦਿੰਦੇ ਉਨ੍ਹਾਂ ਦੇ ਚਲਾਨ ਕੱਟ ਦਿੱਤੇ ਜਾਂਦੇ ਹਨ ਕੁਝ ਦਿਨ ਤਮਾਸ਼ਾ ਹੋਣ ਤੋਂ ਬਾਅਦ ਫਿਰ ਹਾਲਾਤ ਪਹਿਲਾਂ ਵਾਂਗ ਹੋ ਜਾਂਦੇ ਹਨ।

ਅਸਲ ਵਿੱਚ ਵਾਤਾਵਰਨ ਪ੍ਰਦੂਸ਼ਣ ਬਾਰੇ ਸਭ ਤੋਂ ਵੱਡੀ ਸਮੱਸਿਆ ਸਰਕਾਰਾਂ ਦੀਆਂ ਕਾਰਪੋਰੇਟ-ਪੱਖੀ ਨੀਤੀਆਂ ਹਨ ਹਵਾ ਪ੍ਰਦੂਸ਼ਣ ਰੋਕਣ ਲਈ ਪੈਟਰੋਲੀਅਮ ਪਦਾਰਥਾਂ ਨਾਲ ਚੱਲਣ ਵਾਲੇ ਵਾਹਨਾਂ ਨੂੰ ਬੰਦ ਕਰਨਾ ਪਵੇਗਾ, ਪਰ ਇਸ ਨਾਲ ਕਾਰਪੋਰੇਟਾਂ ਦੇ ਕਾਰਖਾਨੇ ਬੰਦ ਹੋ ਜਾਣਗੇ। ਇਸ ਦਾ ਹੱਲ ਬਿਜਲਈ ਵਾਹਨਾਂ ਦੇ ਉਤਪਾਦਨ ਨੂੰ ਤੇਜ਼ ਕਰਨਾ ਹੈ, ਪਰ ਸਰਕਾਰ ਨੇ 15 ਸਾਲ ਪੁਰਾਣੇ ਵਾਹਨਾਂ ਨੂੰ ਬੰਦ ਕਰਨ ਦਾ ਹੁਕਮ ਚਾੜ੍ਹ ਦਿੱਤਾ ਹੈ। ਇਹ ਹਵਾ ਪ੍ਰਦੂਸ਼ਣ ਦਾ ਹੱਲ ਨਹੀਂ, ਸਗੋਂ ਵਾਤਾਵਰਨ ਪ੍ਰਦੂਸ਼ਣ ਦਾ ਬਹਾਨਾ ਬਣਾ ਕੇ ਕਾਰਪੋਰੇਟਾਂ ਦੇ ਮੁਨਾਫ਼ੇ ਨੂੰ ਨਵੀਂਆਂ ਉਚਾਈਆਂ ਉੱਤੇ ਪੁਚਾਉਣਾ ਹੈ।

ਅੱਜ ਦੇਸ਼ ਦੀ ਕੋਈ ਵੀ ਨਦੀ ਜਾਂ ਜਲ ਸਰੋਤ ਪਾਣੀ ਦੇ ਪ੍ਰਦੂਸ਼ਣ ਤੋਂ ਬਚੇ ਹੋਏ ਨਹੀਂ। ਇਹ ਲਗਾਤਾਰ ਵਧਦਾ ਜਾ ਰਿਹਾ ਹੈ। ਦੁਨੀਆ ਦੇ ਵਿਕਸਤ ਦੇਸ਼ ਸੀਵਰੇਜ ਦੇ ਪਾਣੀ ਨੂੰ ਸਾਫ਼ ਕਰਕੇ ਖੇਤਾਂ ਤੋਂ ਲੈ ਕੇ ਘਰ ਦੀਆਂ ਲੋੜਾਂ ਤੱਕ ਲਈ ਵਰਤ ਰਹੇ ਹਨ, ਪਰ ਸਾਡੇ ਦੇਸ਼ ਅੰਦਰ ਕਾਰਪੋਰੇਟਾਂ ਦੇ ਕਾਰਖਾਨੇ ਬਿਨਾਂ ਸਾਫ਼ ਕੀਤਿਆਂ ਤੇਜ਼ਾਬੀ ਪਾਣੀ ਤੱਕ ਨਦੀਆਂ ਵਿਚ ਸੁੱਟ ਰਹੇ ਹਨ। ਪ੍ਰਦੂਸ਼ਣ ਕੰਟਰੋਲ ਬੋਰਡ ਰਿਸ਼ਵਤ ਇਕੱਠੀ ਕਰਨ ਦੇ ਮਹਿਕਮੇ ਬਣ ਚੁੱਕੇ ਹਨ। ਪੰਜਾਬ ਦੇ ਲੱਗਭੱਗ ਹਰ ਪਿੰਡ ਵਿੱਚ ਸੀਵਰੇਜ ਦੇ ਛੱਪੜ ਪਿੰਡ ਵਾਲਿਆਂ ਲਈ ਨਰਕ ਕੁੰਡ ਬਣ ਚੁੱਕੇ ਹਨ। ਇਨ੍ਹਾਂ ਵਿਚਲਾ ਪਾਣੀ ਆਧੁਨਿਕ ਯੂਨਿਟਾਂ ਰਾਹੀਂ ਸਾਫ਼ ਕਰਕੇ ਖੇਤਾਂ ਲਈ ਵਰਤਣਾ ਇੱਕ ਜ਼ਰੂਰੀ ਕਾਰਜ ਹੈ। ਇਸ ਨਾਲ ਰੁਜ਼ਗਾਰ ਦੇ ਮੌਕੇ ਵੀ ਵਧਣਗੇ ਤੇ ਗੰਦਗੀ ਦੀ ਪ੍ਰੋਸੈਸਿੰਗ ਰਾਹੀਂ ਤਿਆਰ ਕੀਤੀ ਖਾਦ ਵੀ ਮਿਲੇਗੀ। ਸਰਕਾਰਾਂ ਇਨ੍ਹਾਂ ਕਾਰਜਾਂ ਨੂੰ ਏਜੰਡੇ 'ਤੇ ਲਿਆਉਣ, ਉਸ ਲਈ ਜਨਤਾ ਨੂੰ ਸੰਘਰਸ਼ ਕਰਨਾ ਪਵੇਗਾ।

ਜਿੱਥੋਂ ਤੱਕ ਪਲਾਸਟਿਕ ਦੇ ਕਚਰੇ ਦਾ ਸੰਬੰਧ ਹੈ, ਇਹ ਭਵਿੱਖੀ ਪੀੜ੍ਹੀਆਂ ਨਾਲ ਵੀ ਜੁੜਿਆ ਹੋਇਆ ਹੈ, ਕਿਉਂਕਿ ਮਾਂਵਾਂ ਦੇ ਦੁੱਧ ਵੀ ਇਸ ਤੋਂ ਪ੍ਰਭਾਵਤ ਹਨ। ਇਸ ਵਿੱਚ ਸਰਕਾਰਾਂ ਦੇ ਨਾਲ-ਨਾਲ ਜਨਤਾ ਵੀ ਜ਼ਿੰਮੇਵਾਰ ਹੈ। ਜੇ ਸਰਕਾਰ ਦੀ ਮਨਸ਼ਾ ਹੋਵੇ ਤਾਂ ਉਹ ਪਲਾਸਟਿਕ ਬਣਾਉਣ ਵਾਲੇ ਕਾਰਖਾਨਿਆਂ 'ਤੇ ਪਾਬੰਦੀ ਲਾ ਸਕਦੀ ਹੈ।

## ਬਠਿੰਡਾ ਵਿਖੇ ਕੰਗਨਾ ਦੀ ਫ਼ਿਲਮ ਦਾ ਨਿਹੰਗ ਜਥੇਬੰਦੀਆਂ ਵਲੋਂ ਵਿਰੋਧ




ਬਠਿੰਡਾ-ਸੰਸਦ ਮੈਂਬਰ ਕੰਗਨਾ ਰਣੌਤ ਦੀ ਨਵੀਂ ਫਿਲਮ ਐਮਰਜੈਂਸੀ ਦਾ ਪੰਜਾਬ ਵਿੱਚ ਵਿਰੋਧ ਤੇਜ਼ ਹੋ ਗਿਆ ਹੈ। ਬੀਤੇ ਮੰਗਲਵਾਰ ਨੂੰ ਇੱਕ ਮਾਲ 'ਚ ਫਿਲਮ ਦਿਖਾਈ ਜਾਣ ਦੀ ਸੂਚਨਾ 'ਤੇ ਸਿੱਖ ਜਥੇਬੰਦੀਆਂ ਤੇ ਨਿਹੰਗ ਸਿੰਘ ਵਿਰੋਧ ਕਰਨ ਲਈ ਬਠਿੰਡਾ ਪਹੁੰਚੇ। ਧਰਨੇ ਦੀ ਸੂਚਨਾ ਮਿਲਦਿਆਂ ਹੀ ਥਾਣਾ ਕੋਤਵਾਲੀ ਪੁਲਿਸ ਤੇ ਹੋਰ ਪੁਲੀਸ ਬਲ ਮੌਕੇ 'ਤੇ ਪਹੁੰਚ ਗਏ ਤੇ ਧਰਨਾਕਾਰੀਆਂ ਨਾਲ ਗੱਲਬਾਤ ਕੀਤੀ। ਪ੍ਰਦਰਸ਼ਨਕਾਰੀਆਂ ਨੇ ਕਿਹਾ ਕਿ ਇਸ ਫ਼ਿਲਮ ਵਿੱਚ ਸਿੱਖਾਂ ਨੂੰ ਗ਼ਲਤ ਤਰੀਕੇ ਨਾਲ ਦਰਸਾਇਆ ਗਿਆ ਹੈ, ਜਿਸ ਨਾਲ ਸਿੱਖ ਕੌਮ ਨੂੰ ਠੇਸ ਪਹੁੰਚੀ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਇਸ ਫਿਲਮ 'ਤੇ ਪਾਬੰਦੀ ਲਗਾਈ ਜਾਵੇ।

## ਦੋਸਤ ਦੀ ਭੈਣ ਨਾਲ ਪ੍ਰੇਮ ਸਬੰਧਾਂ ਦੇ ਸ਼ੱਕ ਕਾਰਨ ਕਤਲ

### ✪ ਨਾਬਾਲਗ ਮੁੰਡੇ ਸਣੇ ਦੋ ਦੋਸ਼ੀ ਗ੍ਰਿਫਤਾਰ



ਸ੍ਰੀ ਮੁਕਤਸਰ ਸਾਹਿਬ-ਪੁਲੀਸ ਨੇ ਪਿੰਡ ਥਾਂਦੇਵਾਲਾ ਦੇ ਵਾਸੀ ਮੰਗਤ ਸਿੰਘ (19) ਦੇ ਕਤਲ ਦੀ ਗੁੱਥੀ 11 ਘੰਟਿਆਂ ਵਿੱਚ ਸੁਲਝਾ ਕੇ ਇਕ ਨਾਬਾਲਗ਼ ਸਣੇ ਤਿੰਨ ਮੁਲਜ਼ਮਾਂ ਨੂੰ ਕਾਬੂ ਕਰ ਲਿਆ। ਜ਼ਿਲ੍ਹਾ ਪੁਲੀਸ ਮੁਖੀ ਤੁਸ਼ਾਰ ਗੁਪਤਾ ਨੇ ਦੱਸਿਆ ਕਿ ਪੁਲੀਸ ਨੂੰ ਮੰਗਤ ਸਿੰਘ ਦੇ ਗਾਇਬ ਹੋਣ ਦੀ ਸੂਚਨਾ ਮਿਲਣ 'ਤੇ ਥਾਣਾ ਸਦਰ ਮੁਕਤਸਰ 'ਚ ਕੇਸ ਦਰਜ ਕਰ ਲਿਆ ਹੈ। ਇਸ ਸਬੰਧੀ ਨਾਬਾਲਗ ਮੁੰਡੇ ਸਣੇ ਉਸ ਦੇ ਦੋ ਦੋਸਤਾਂ ਦਲੀਪ ਸਿੰਘ ਤੇ ਜਗਨਾਮ ਸਿੰਘ (ਦੋਵੇਂ ਕਰੀਬ 20 ਸਾਲ) ਨੂੰ ਗ੍ਰਿਫ਼ਤਾਰ ਕਰ ਲਿਆ। ਗੁਪਤਾ ਨੇ ਦੱਸਿਆ ਕਿ ਮੰਗਤ ਸਿੰਘ ਦੇ ਨਾਬਾਲਗ ਦੀ ਭੈਣ ਨਾਲ ਕਥਿਤ ਨਾਜਾਇਜ਼ ਸਬੰਧ ਸਨ। ਇਸੇ ਕਾਰਨ ਮੁਲਜ਼ਮ, ਮੰਗਤ ਸਿੰਘ ਨੂੰ ਵਰਗਲਾ ਕੇ ਨਹਿਰ ਦੇ ਕੰਢੇ ਲੈ ਗਏ ਜਿਥੇ ਸ਼ਰਾਬ ਪਿਲਾ ਕੇ ਉਸ ਦਾ ਕਤਲ ਕਰਕੇ ਲਾਸ਼ ਨਹਿਰ ਵਿੱਚ ਸੁੱਟ ਦਿੱਤੀ। ਲਾਸ਼ ਮਲੋਟ ਤੋਂ ਡੱਬਵਾਲੀ ਰੋਡ 'ਤੇ ਪੈਂਦੇ ਆਧਨੀਆ ਪੁਲ ਕੋਲੋਂ ਮਿਲੀ।

## ਬੇਅਦਬੀ ਕਾਂਡ ਪਸ਼ਚਾਤਾਪ ਸਮਾਗਮ ਵਿਚ ਫੜੇ ਦੋਵੇਂ ਸ਼ੱਕੀ ਪੁਲਸੀਏ ਨਿਕਲੇ

### ✪ ਮੁਲਾਜ਼ਮਾਂ ਦੇ ਸਾਮਾਨ ਵਿਚੋਂ ਨਸ਼ੇ ਦੇ ਸਰਿੰਜ ਤੇ ਸਟੇਨਗੰਨ ਮਿਲੀ

ਭੁਲੱਥ-ਭਗਵਾਨਪੁਰ ਦੇ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਪਸ਼ਚਾਤਾਪ ਵਜੋਂ ਪਿੰਡ ਦੀ ਸੰਗਤ ਵਲੋਂ ਕਰਵਾਏ ਗਏ ਅਖੰਡ ਪਾਠ ਦੇ ਭੋਗ ਮੌਕੇ ਦੋ ਸ਼ੱਕੀ ਵਿਅਕਤੀਆਂ ਨੂੰ ਫੜਿਆ ਗਿਆ। ਉਨ੍ਹਾਂ ਦੀਆਂ ਹਰਕਤਾਂ ਨੂੰ ਵੇਖਦਿਆਂ ਹੋਇਆਂ ਉਨ੍ਹਾਂ ਦੀ ਤਲਾਸ਼ੀ ਲਈ ਗਈ ਤਾਂ ਉਨ੍ਹਾਂ ਕੋਲੋਂ ਸਟੇਨਗੰਨ ਬਰਾਮਦ ਹੋਈ ਅਤੇ ਥੈਲੇ ਵਿਚੋਂ ਇਕ ਸਰਿੰਜ ਤੇ ਖ਼ਸਖ਼ਸ ਵੀ ਮਿਲੀ। ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਦੋਵਾਂ ਨੂੰ ਭੁਲੱਥ ਪੁਲੀਸ ਦੇ ਹਵਾਲੇ ਕਰ ਦਿੱਤਾ। ਲੋਕਾਂ ਅਨੁਸਾਰ ਸ਼ੱਕੀ ਵਿਅਕਤੀਆਂ ਨੇ ਦਾਅਵਾ ਕੀਤਾ ਕਿ ਉਹ ਗ੍ਰੰਥੀ ਨੂੰ ਜਾਣਦੇ ਹਨ, ਜਿਸ ਕਾਰਨ ਗ੍ਰੰਥੀ 'ਤੇ ਵੀ ਸ਼ੱਕ ਦੀ ਸੂਈ ਘੁੰਮਦੀ ਹੈ।

ਥਾਣਾ ਮੁਖੀ ਭੁਲੱਥ ਹਰਜਿੰਦਰ ਸਿੰਘ ਨੇ ਦੱਸਿਆ ਕਿ ਪੁੱਛ-ਪੜਤਾਲ ਦੌਰਾਨ ਪਤਾ ਲੱਗਿਆ ਕਿ ਇਹ ਦੋਵੇਂ ਵਿਅਕਤੀ ਪੁਲੀਸ ਮੁਲਾਜ਼ਮ ਹਨ ਤੇ ਘਟਨਾ ਸਬੰਧੀ ਸੂਚਨਾ ਉਚ ਅਧਿਕਾਰੀਆਂ ਨੂੰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਪੁਲੀਸ ਵੱਲੋਂ ਅਗਲੇਰੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

ਦੂਜੇ ਪਾਸੇ ਪਿੰਡ ਵਾਸੀਆਂ ਨੇ ਪੁੱਛਿਆ ਕਿ ਇਹ ਪੁਲੀਸ ਮੁਲਾਜ਼ਮ ਭਗਵਾਨਪੁਰ ਦੇ ਗੁਰਦੁਆਰੇ ਵਿਚ ਹਥਿਆਰ ਸਣੇ ਕੀ ਕਰਨ ਗਏ ਸਨ ਤੇ ਮੁਲਾਜ਼ਮਾਂ ਦੇ ਸਾਮਾਨ ਵਿਚੋਂ ਨਸ਼ੇ ਦੇ ਸਰਿੰਜ ਦਾ ਮਿਲਣਾ ਜਾਂਚ ਦਾ ਵਿਸ਼ਾ ਹੈ। ਪਿੰਡ ਵਾਸੀਆਂ ਨੇ ਇਸ ਘਟਨਾ ਦੀ ਉਚ ਪੱਧਰੀ ਤਫ਼ਤੀਸ਼ ਦੀ ਮੰਗ ਕੀਤੀ ਹੈ। ਜਾਣਕਾਰੀ ਅਨੁਸਾਰ ਬੇਅਦਬੀ ਹੋਣ ਤੋਂ ਬਾਅਦ ਇਲਾਕੇ 'ਚ ਇਹ ਮਾਮਲਾ ਕਾਫੀ ਭਖਿਆ ਹੋਇਆ ਹੈ।

# ਭਾਰਤ ਖੁਫੀਆ ਏਜੰਸੀ ਨੇ ਕੱਢ ਮਾਰੀ ਖਾਲਿਸਤਾਨੀਆਂ ਤੇ ਗੈਂਗਸਟਰਾਂ ਦੇ ਗੱਠਜੋੜ ਦੀ ਰਿਪੋਟ

## ✪ ਰਿਪੋਟ ਅਨੁਸਾਰ ਅੱਤਵਾਦ ਫੈਲਾਉਣ ਲਈ ਕੈਨੇਡਾ ਵਿਚ ਫੰਡ ਇਕਠਾ ਕਰ ਰਹੀ ਪਾਕਿਸਤਾਨੀ ਏਜੰਸੀ ਆਈਐਸਆਈ

## ਲਗਦਾ ਹੈ ਇਹ ਰਿਪੋਰਟ ਸਿੱਖ ਵਿਰੋਧੀ ਏਜਸੀਆਂ ਵੱਲੋਂ ਬਣਾਈ ਗਈ ਹੈ ਜ਼ਰੂਰੀ ਨਹੀਂ ਕਿ ਵਿਸ਼ਵਾਸ਼ ਕੀਤਾ ਜਾਵੇ

ਦਿੱਲੀ-ਖੁਫੀਆ ਏਜੰਸੀ ਆਈਐਸਆਈ ਭਾਰਤ ਵਿੱਚ ਅੱਤਵਾਦੀ ਗਤੀਵਿਧੀਆਂ ਨੂੰ ਅੰਜਾਮ ਦੇਣ ਲਈ ਕੈਨੇਡਾ ਵਿੱਚ ਫੰਡ ਇਕੱਠਾ ਕਰ ਰਹੀ ਹੈ। ਇਸ ਲਈ ਖਾਲਿਸਤਾਨੀ ਜਥੇਬੰਦੀਆਂ ਨੂੰ ਵਰਤਿਆ ਜਾ ਰਿਹਾ ਹੈ। ਇੰਨਾ ਹੀ ਨਹੀਂ ਪੰਜਾਬ ਦੇ ਲੋੜੀਂਦੇ ਗੈਂਗਸਟਰ ਵੀ ਇਸ ਵਿੱਚ ਮਦਦ ਕਰ ਰਹੇ ਹਨ। ਕੇਂਦਰੀ ਇੰਟੈਲੀਜੈਂਸ ਬਿਊਰੋ ਦੀ ਰਿਪੋਰਟ ਵਿੱਚ ਇਹ ਖੁਲਾਸਾ ਹੋਇਆ ਹੈ। ਇਸ ਮੁਤਾਬਕ ਹੁਣ ਕੈਨੇਡਾ ਦੀ ਧਰਤੀ ਨੂੰ ਭਾਰਤ ਵਿਰੋਧੀ ਗਤੀਵਿਧੀਆਂ ਲਈ ਵਰਤਿਆ ਜਾ ਰਿਹਾ ਹੈ। ਗੈਂਗਸਟਰਾਂ ਨੂੰ ਖਾਲਿਸਤਾਨ ਦੀ ਲਹਿਰ ਨਾਲ ਜੋੜਿਆ ਜਾ ਰਿਹਾ ਹੈ ਅਤੇ ਭਾਰਤ ਵਿੱਚ ਫਿਰੌਤੀ ਅਤੇ ਨਸ਼ਿਆਂ ਦੇ ਵਪਾਰ ਲਈ ਵਰਤਿਆ ਜਾ ਰਿਹਾ ਹੈ। ਇਸ ਤੋਂ ਹੋਣ ਵਾਲੀ ਆਮਦਨ ਦਾ ਵੱਡਾ ਹਿੱਸਾ ਅੱਤਵਾਦ 'ਤੇ ਖਰਚ ਹੋ ਰਿਹਾ ਹੈ। ਕੇਂਦਰੀ ਏਜੰਸੀਆਂ ਦੀਆਂ ਰਿਪੋਰਟਾਂ ਵਿਚ ਦੱਸਿਆ ਗਿਆ ਹੈ ਕਿ ਕੈਨੇਡਾ 'ਚ ਬੈਠੇ ਖਾੜਕੂ ਨਾ ਸਿਰਫ ਪੈਸਾ ਇਕੱਠਾ ਕਰਕੇ ਪਾਕਿਸਤਾਨ ਭੇਜ ਰਹੇ ਹਨ ਸਗੋਂ ਭਾਰਤ 'ਚ ਅੱਤਵਾਦ ਫੈਲਾਉਣ 'ਤੇ ਵੀ ਖਰਚ ਕਰ ਰਹੇ ਹਨ। ਪਿਛਲੇ ਸਾਲ ਕੈਨੇਡਾ ਦੇ ਵੈਨਕੂਵਰ ਵਿੱਚ ਕੁਝ ਆਈਐਸਆਈ ਏਜੰਟਾਂ ਨੇ ਖਾਲਿਸਤਾਨੀਆਂ ਨਾਲ ਮੁਲਾਕਾਤ ਕੀਤੀ ਸੀ।

ਇਸ ਵਿੱਚ ਇੱਕ ਯੋਜਨਾ ਬਣਾਈ ਗਈ ਸੀ ਕਿ ਖਾੜਕੂ ਗਤੀਵਿਧੀਆਂ ਲਈ ਫੰਡਿੰਗ ਕੈਨੇਡਾ ਰਾਹੀਂ ਕੀਤੀ ਜਾਵੇ। ਇਸ ਤੋਂ ਬਾਅਦ ਲਖਬੀਰ ਲੰਡਾ ਦਾ ਨੈੱਟਵਰਕ ਅਚਾਨਕ ਤੇਜ਼ ਹੋ ਗਿਆ। ਇਸ ਤੋਂ ਬਾਅਦ ਪੰਜਾਬ ਵਿੱਚ ਫਿਰੌਤੀ ਦਾ ਕਾਰੋਬਾਰ ਤੇਜ਼ ਹੋ ਗਿਆ। ਕੈਨੇਡਾ ਵਿੱਚ ਪਿਛਲੇ ਸੱਤ ਮਹੀਨਿਆਂ ਵਿੱਚ ਰੰਗਦਾਰੀ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। ਕੈਨੇਡਾ ਦੇ ਵੈਨਕੂਵਰ ਵਿੱਚ ਖਾਸ ਕਰਕੇ ਟਰਾਂਸਪੋਰਟਰਾਂ ਨੂੰ ਰੰਗਦਾਰੀ ਦੇ ਫੋਨ ਆਉਣੇ ਸ਼ੁਰੂ ਹੋ ਗਏ ਹਨ। ਏਜੰਸੀਆਂ ਮੁਤਾਬਕ ਆਈਐਸਆਈ ਨੇ ਕੁਝ ਸਮੇਂ ਵਿੱਚ ਕੈਨੇਡਾ ਵਿੱਚ ਆਪਣਾ ਆਧਾਰ ਮਜ਼ਬੂਤ ਕੀਤਾ ਹੈ।

ਪੰਜਾਬ ਪੁਲੀਸ ਦੇ ਜੁਆਇੰਟ ਕਮਿਸ਼ਨਰ ਸੰਦੀਪ ਸ਼ਰਮਾ ਨੇ ਦੱਸਿਆ ਕਿ ਭਾਰਤ ਵਿੱਚ ਬੈਠ ਕੇ ਰੰਗਦਾਰੀ ਕਰਨ ਵਾਲਿਆਂ ਵਿੱਚ ਲਖਬੀਰ ਸਿੰਘ ਉਰਫ਼ ਲੰਡਾ, ਗੋਲਡੀ ਬਰਾੜ, ਚਰਨਜੀਤ ਸਿੰਘ ਉਰਫ਼ ਰਿੰਕੂ ਰੰਧਾਵਾ, ਅਰਸ਼ਦੀਪ ਸਿੰਘ ਉਰਫ਼ ਅਰਸ਼ ਡੱਲਾ, ਰਮਨਦੀਪ ਸਿੰਘ ਉਰਫ਼ ਰਮਨ ਜੱਜ, ਗੁਰਪਿੰਦਰ ਸਿੰਘ ਉਰਫ਼ ਬਾਬਾ ਦੇ ਨਾਂ ਪ੍ਰਮੁੱਖ ਹਨ। ਕੈਨੇਡਾ 'ਚ ਬੈਠੇ ਇਨ੍ਹਾਂ ਖਾੜਕੂਆਂ ਅਤੇ ਗੈਂਗਸਟਰਾਂ ਦੇ ਨਾਂ 'ਤੇ ਪੰਜਾਬ ਤੋਂ ਹਰ ਸਾਲ ਕਰੋੜਾਂ ਰੁਪਏ ਫਿਰੌਤੀ ਵਜੋਂ ਵਸੂਲੇ ਜਾ ਰਹੇ ਹਨ। ਇਨ੍ਹਾਂ ਨੂੰ ਅੱਗੇ ਕੈਨੇਡਾ ਭੇਜ ਦਿੱਤਾ ਗਿਆ ਹੈ ਅਤੇ ਉੱਥੇ ਭਾਰਤ ਵਿਰੋਧੀ ਗਤੀਵਿਧੀਆਂ ਲਈ ਖਰਚ ਕੀਤਾ ਜਾ ਰਿਹਾ ਹੈ। ਪੁਲਿਸ ਲਗਾਤਾਰ ਇਨ੍ਹਾਂ ਦੇ ਸਾਥੀਆਂ ਨੂੰ ਵੀ ਗ੍ਰਿਫਤਾਰ ਕਰ ਰਹੀ ਹੈ।

## ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਵਲੋਂ ਵਿਵਾਦਤ ਫਿਲਮ " ਐਮਰਜੈਂਸੀ ਦਾ ਸਖਤ ਵਿਰੋਧ

ਲੰਡਨ - ਬਰਤਾਨੀਆ ਵਿੱਚ ਕੌਮੀ ਨਿਸ਼ਾਨੇ ਅਜਾਦ ਸਿੱਖ ਰਾਜ ਖਾਲਿਸਤਾਨ ਨੂੰ ਸਮਰਪਿਤ ਅਤੇ ਯਤਨਸ਼ੀਲ ਸਿੱਖ ਜਥੇਬੰਦੀਆਂ ਦੇ ਸੰਗਠਨ ਫੈਡਰੇਸ਼ਨ ਆਫ ਸਿੱਖ ਆਰਗੇਨਾਈਜੇਸ਼ਨਜ਼ ਯੂ.ਕੇ ਦੇ ਕੋਆਰਡੀਨੇਟਰਜ਼ ਭਾਈ ਕੁਲਦੀਪ ਸਿੰਘ ਚਹੇੜੂ , ਭਾਈ ਲਵਸ਼ਿੰਦਰ ਸਿੰਘ ਡੱਲੇਵਾਲ ਅਤੇ ਜਥੇਦਾਰ ਜੋਗਾ ਸਿੰਘ ਵਲੋਂ ਕੰਗਣਾ ਰਣੌਤ ਦੀ ਆ ਰਹੀ ਫਿਲਮ " ਐਮਰਜੈਂਸੀ " ਦਾ ਸਖਤ ਵਿਰੋਧ ਕਰਦਿਆਂ ਸਿੱਖ ਕੌਮ ਨੂੰ ਇਸਦੇ ਮੁਕੰਮਲ ਬਾਈਕਾਟ ਦਾ ਸੱਦਾ ਦਿੱਤਾ ਗਿਆ ਹੈ ।ਜਿਕਰਯੋਗ ਹੈ ਕਿ ਫਿਲਮ ਇੰਡਸਟਰੀ ਵਿੱਚ ਬੁਰੀ ਤਰਾਂ ਫਲਾਪ ਹੋ ਚੁੱਕੀ ਕੰਗਣਾ ਰਣੌਤ ਹਮੇਸ਼ਾਂ ਹੀ ਸਿੱਖਾਂ ਸਮੇਤ ਘੱਟ ਗਿਣਤੀ ਕੌਮਾਂ ਖਿਲਾਫ ਜ਼ਹਿਰ ਉਗਲਦੀ ਰਹਿੰਦੀ ਹੈ।ਤਰਾਂ ਤਰਾਂ ਦੇ ਵਿਵਾਦਤ ਬਿਆਨ ਦੇ ਕੇ ਸਸਤੀ ਸ਼ੋਹਰਤ ਦੀ ਭੁੱਖੀ ਕੰਗਣਾ ਨੇ ਤਾਂ ਹੱਕੀ ਮੰਗਾਂ ਦੀ ਪੂਰਤੀ ਵਾਸਤੇ ਸੰਘਰਸਸ਼ੀਲ ਕਿਸਾਨ ਬੀਬੀਆਂ ਖਿਲਾਫ ਬਕਵਾਸ ਕਰਕੇ ਭਾਜਪਾ ਦੀ ਅਜਿਹੀ ਖੁਸ਼ੀ ਹਾਸਲ ਕਰ ਲਈ ਕਿ ਇਸ ਨੂੰ ਭਾਜਪਾਈਆਂ ਨੇ ਮੈਂਬਰ ਪਾਰਲੀਮੈਂਟ ਬਣਾ ਦਿੱਤਾ। ਇਸ ਵਲੋਂ ਵਿਵਾਦ ਪੈਦਾ ਕਰਨ ਵਾਸਤੇ ਐਮਰਜੈਂਸੀ ਨਾਮ ਦੀ ਫਿਰਕੂ ਫਿਲਮ ਬਣਾਈ ਗਈ ਹੈ।ਜਿਸ ਵਿੱਚ ਵੀਹਵੀਂ ਸਦੀ ਦੇ ਮਹਾਨ ਸ਼ਹੀਦ ਸੰਤ ਜਰਨੈਲ ਸਿੰਘ ਜੀ ਖਾਲਸਾ ਭਿੰਡਰਾਂਵਾਲੇ ਜਥੇਦਾਰ ਦਮਦਮੀ ਟਕਸਾਲ ਨੂੰ ਕਾਂਗਰਸ ਦਾ ਏਜੰਟ ਦਰਸਾਇਆ ਗਿਆ ਹੈ।ਜੋ ਕਿ ਸਰਾਸਰ ਬਕਵਾਸ ਅਤੇ ਝੂਠ ਦਾ ਪੁਲੰਦਾ ਹੈ।

## ਲੁਧਿਆਣਾ ਦੇ ਗੁਰਦੁਆਰਾ ਮੰਜੀ ਸਾਹਿਬ ਵਿਚ ਮਰਿਯਾਦਾ ਦੀ ਘੋਰ ਉਲੰਘਣਾ

### ✪ ਵਿਅਕਤੀ ਨੇ ਲੰਗਰ ਦੀ ਬਾਲਟੀ ਵਿੱਚ ਪਲਟਿਆ ਮੀਟ

ਲੁਧਿਆਣਾ-ਆਲਮਗੀਰ ਸਾਹਿਬ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੇ ਲੰਗਰ ਹਾਲ ਦੇ ਅੰਦਰ ਦਾਖਲ ਹੋਏ ਇੱਕ ਵਿਅਕਤੀ ਨੇ ਲੰਗਰ ਵਾਲੀ ਬਾਲਟੀ ਵਿੱਚ ਮੀਟ ਪਲਟ ਦਿੱਤਾ। ਸੇਵਾਦਾਰ ਵੱਲੋਂ ਚੈੱਕ ਕਰਨ 'ਤੇ ਸਾਹਮਣੇ ਆਇਆ ਕਿ ਬਾਲਟੀ ਵਿੱਚ ਮੀਟ ਦੀਆਂ ਬੋਟੀਆਂ ਸਨ। ਇਸ ਘਟਨਾ ਤੋਂ ਬਾਅਦ ਸੇਵਾਦਾਰਾਂ ਨੇ ਵਿਅਕਤੀ ਨੂੰ ਕਾਬੂ ਕਰ ਕੇ ਪੁਲਿਸ ਦੇ ਹਵਾਲੇ ਕਰ ਦਿੱਤਾ। ਇਸ ਮਾਮਲੇ ਵਿੱਚ ਥਾਣਾ ਡੇਹਲੋਂ ਦੀ ਪੁਲਿਸ ਆਲਮਗੀਰ ਸਾਹਿਬ ਸਥਿਤ ਗੁਰਦੁਆਰਾ ਮੰਜੀ ਸਾਹਿਬ ਦੇ ਐਡੀਸ਼ਨਲ ਮੈਨੇਜਰ ਹਰਦੀਪ ਸਿੰਘ ਦੀ ਸ਼ਿਕਾਇਤ ਤੇ ਪਿੰਡ ਲਾਪਰਾਂ ਦੇ ਰਹਿਣ ਵਾਲੇ ਬਲਵੀਰ ਸਿੰਘ ਦੇ ਖਿਲਾਫ ਮੁਕੱਦਮਾ ਦਰਜ ਕਰ ਲਿਆ ਹੈ। ਮੈਨੇਜਰ ਅਨੁਸਾਰ ਗੁਰੂ ਗੋਬਿੰਦ ਸਿੰਘ ਨਗਰ ਦੇ ਵਾਸੀ ਸੇਵਾਦਾਰ ਤਜਿੰਦਰ ਸਿੰਘ ਪੰਗਤ ਵਿੱਚ ਬਾਲਟੀ ਲੈ ਕੇ ਦਾਲ ਦੀ ਸੇਵਾ ਕਰ ਰਹੇ ਸਨ। ਇਸੇ ਦੌਰਾਨ ਇੱਕ ਵਿਅਕਤੀ ਢੋਲਣੀ ਲੈ ਕੇ ਲੰਗਰ ਹਾਲ ਅੰਦਰ ਦਾਖਲ ਹੋਇਆ। ਉਕਤ ਵਿਅਕਤੀ ਨੇ ਸਬਜ਼ੀ ਆਖ ਕੇ ਢੋਲਣੀ ਦਾਲ ਵਾਲੀ ਬਾਲਟੀ ਵਿੱਚ ਪਲਟ ਦਿੱਤੀ। ਢੋਲਣੀ ਵਿੱਚ ਪਕਾਇਆ ਹੋਇਆ ਮੀਟ ਸੀ।

ਮੁਲਜ਼ਮ ਦੀ ਇਸ ਸ਼ਰਮਨਾਕ ਹਰਕਤ ਤੋਂ ਬਾਅਦ ਸੇਵਾਦਾਰਾਂ ਨੇ ਉਸ ਨੂੰ ਤੁਰੰਤ ਕਾਬੂ ਕਰ ਲਿਆ। ਇਸ ਸਬੰਧੀ ਥਾਣਾ ਡੇਹਲੋਂ ਦੀ ਪੁਲਿਸ ਨੂੰ ਸ਼ਿਕਾਇਤ ਦਿੱਤੀ ਗਈ। ਇਸ ਮਾਮਲੇ ਵਿੱਚ ਥਾਣਾ ਡੇਹਲੋਂ ਦੀ ਪੁਲਿਸ ਦਾ ਕਹਿਣਾ ਹੈ ਕਿ ਮੁਲਜ਼ਮ ਦੇ ਖਿਲਾਫ ਐੱਫਆਈਆਰ ਦਰਜ ਕਰ ਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਨਬਾਲਗ ਲੜਕੀ ਨੂੰ ਵਰਗਲਾ ਕੇ ਲਿਜਾਣ ਵਾਲਾ ਕੀਤਾ ਗ੍ਰਿਫ਼ਤਾਰ, ਮਾਮਲਾ ਦਰਜ

ਖੰਨਾ-ਸਦਰ ਥਾਣਾ ਖੰਨਾ ਪੁਲਿਸ ਨੇ ਨਾਬਾਲਗ ਲੜਕੀ ਨੂੰ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲਿਜਾਣ ਵਾਲੇ ਮੁਲਜ਼ਮ ਨੂੰ ਕਾਬੂ ਕੀਤਾ ਹੈ। ਮੁਲਜ਼ਮ ਦੀ ਪਛਾਣ ਸਚਿਨ ਯਾਦਵ ਵਾਸੀ ਖਰੱਈਆ, ਬਿਹਾਰ ਵਜੋਂ ਹੋਈ ਹੈ। ਲੜਕੀ ਦੀ ਮਾਤਾ ਨੇ ਦੱਸਿਆ ਉਸ ਦੀ ਲੜਕੀ 22-23 ਅਗਸਤ ਦੀ ਦਰਮਿਆਨੀ ਰਾਤ ਨੂੰ ਕਿਧਰੇ ਚਲੀ ਗਈ ਸੀ, ਜਿਸ ਦਾ ਬਾਅਦ 'ਚ ਉਨ੍ਹਾਂ ਨੂੰ ਪਤਾ ਲੱਗਾ ਕੇ ਉਕਤ ਵਿਅਕਤੀ ਨਾਬਾਲਗ ਲੜਕੀ ਨੂੰ ਵਰਗਲਾ ਕੇ ਵਿਆਹ ਦਾ ਝਾਂਸਾ ਦੇ ਕੇ ਆਪਣੇ ਨਾਲ ਲੈ ਗਿਆ ਹੈ, ਜਿਸ 'ਤੇ ਪੁਲਿਸ ਨੇ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਕਰ ਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਲੁਧਿਆਣਾ ਵਿਚ ਨਸ਼ਾ ਪੀਣ ਤੋਂ ਰੋਕਣ ਵਾਲੇ ਹੋਮਗਾਰਡ ਦੇ ਪਰਿਵਾਰ 'ਤੇ ਨਸ਼ੇੜੀਆਂ ਵਲੋਂ ਹਮਲਾ

ਲੁਧਿਆਣਾ-ਲੁਧਿਆਣਾ ਸ਼ਹਿਰ ਦੇ ਚੀਮਾ ਚੌਕ ਨੇੜੇ ਸਥਿਤ ਘੋੜਾ ਛਾਪ ਕਲੋਨੀ ਅਕਸਰ ਚਿਟੇ ਵੇਚਣ ਲਈ ਮਸ਼ਹੂਰ ਹੈ। ਪੁਲਿਸ ਇਸ ਕਲੋਨੀ ਵਿੱਚ ਕਈ ਵਾਰ ਛਾਪੇਮਾਰੀ ਕਰ ਚੁੱਕੀ ਹੈ ਪਰ ਪੁਲਿਸ ਨੂੰ ਬਹੁਤੀ ਸਫ਼ਲਤਾ ਨਹੀਂ ਮਿਲੀ। ਬੀਤੀ ਰਾਤ ਪੁਲਿਸ ਹੋਮਗਾਰਡ, ਉਸ ਦੇ ਲੜਕੇ ਅਤੇ ਭਾਬੀ 'ਤੇ ਇਲਾਕੇ ਦੇ ਕੁਝ ਨੌਜਵਾਨਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ।



ਹੋਮਗਾਰਡ ਨੇ ਨੌਜਵਾਨ ਨੂੰ ਉਸ ਦੇ ਘਰ ਦੀਆਂ ਪੌੜੀਆਂ ਨੇੜੇ ਨਸ਼ਾ ਕਰਨ ਤੋਂ ਰੋਕਿਆ ਸੀ। ਜਿਸ ਕਾਰਨ ਉਨ੍ਹਾਂ ਨੇ ਆਪਣੇ ਦੋਸਤਾਂ ਨੂੰ ਬੁਲਾ ਕੇ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ। ਖੂਨ ਨਾਲ ਲੱਥਪੱਥ ਪਰਿਵਾਰਕ ਮੈਂਬਰਾਂ ਦਾ ਸਿਵਲ ਹਸਪਤਾਲ ਵਿਖੇ ਮੈਡੀਕਲ ਕਰਵਾਇਆ ਗਿਆ।

ਜਾਣਕਾਰੀ ਦਿੰਦਿਆਂ ਸਾਜਨ ਕੁਮਾਰ ਨੇ ਦੱਸਿਆ ਕਿ ਉਹ ਲੁਧਿਆਣਾ ਦੀ ਕੇਂਦਰੀ ਜੇਲ੍ਹ ਵਿੱਚ ਬਤੌਰ ਪੁਲਿਸ ਹੋਮ ਗਾਰਡ ਤਾਇਨਾਤ ਹੈ। ਉਹ ਡਾ.ਅੰਬੇਦਕਰ ਨਗਰ (ਘੋੜਾ ਛੱਪ ਕਲੋਨੀ) ਵਿੱਚ ਤੀਜੀ ਮੰਜ਼ਿਲ 'ਤੇ ਰਹਿੰਦਾ ਹੈ। ਸੋਮਵਾਰ ਰਾਤ ਕਰੀਬ 8 ਵਜੇ ਉਹ ਬਾਜ਼ਾਰ ਤੋਂ ਸਾਮਾਨ ਲੈ ਕੇ ਘਰ ਪਰਤਿਆ। ਜਿਵੇਂ ਹੀ ਉਹ ਪੌੜੀਆਂ ਚੜ੍ਹਨ ਲੱਗਾ ਤਾਂ ਦੇਖਿਆ ਕਿ ਇਲਾਕੇ ਦੇ ਨੌਜਵਾਨ ਪੌੜੀਆਂ ਵਿਚ ਨਸ਼ੇ ਦਾ ਸੇਵਨ ਕਰ ਰਹੇ ਸਨ। ਉਸ ਨੇ ਉਨ੍ਹਾਂ ਨੂੰ ਨਸ਼ਾ ਕਰਨ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਕਤ ਨੌਜਵਾਨਾਂ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਉਸ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ।

ਮਾਮਲਾ ਸੁਲਝਾਉਣ ਆਏ ਉਸ ਦਾ ਲੜਕਾ ਸਾਗਰ ਅਤੇ ਛੋਟੇ ਭਰਾ ਦੀ ਪਤਨੀ ਮਨਜੀਤ ਵੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਸਾਜਨ ਨੇ ਦੱਸਿਆ ਕਿ ਉਸ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਹੈ। ਮੈਡੀਕਲ ਕਰਵਾਉਣ ਤੋਂ ਬਾਅਦ ਮਾਮਲੇ ਦੀ ਸ਼ਿਕਾਇਤ ਥਾਣਾ ਮੋਤੀ ਨਗਰ ਦੀ ਪੁਲਿਸ ਨੂੰ ਦਿੱਤੀ ਗਈ ਹੈ।

# ਪੰਜਾਬ ਨੂੰ ਮੌਤਾਂ ਵੰਡ ਰਿਹਾ ਹੈ ਬੁੱਢੇ ਦਰਿਆ ਦਾ ਪਾਣੀ

ਕਵਰ ਸਟੋਰੀ

**✪ ਕਿਤੇ ਖ਼ਤਮ ਨਾ ਹੋ ਜਾਵੇ ਪੰਜਾਬੀਆਂ ਦੀ 'ਜੀਵਨ ਕਹਾਣੀ' ✪ ਕਿਸਾਨ ਜਥੇਬੰਦੀਆਂ ਤੇ ਪੰਜਾਬੀਆਂ ਵਲੋਂ ਪੰਜਾਬ ਦੇ ਗੰਧਲੇ ਹੋ ਰਹੇ ਦਰਿਆਵਾਂ ਨੂੰ ਬਚਾਉਣ ਲਈ ਸੰਘਰਸ਼ ਵਿਢਿਆ ✪ ਦੁਆਬੇ, ਮਾਝੇ, ਮਾਲਵੇ ਦੇ ਜਲ ਸਰੋਤ ਹੋਏ ਪਲੀਤ**





ਪੰਜਾਬ ਨੇ ਅੰਮ੍ਰਿਤ ਵਰਗੇ ਪਾਣੀ ਕਾਰਨ ਹੀ ਹਰੀ ਕ੍ਰਾਂਤੀ ਲਿਆ ਕੇ ਸਾਰੀ ਦੁਨੀਆ ਵਿਚ ਕਿਰਸਾਨੀ ਦੇ ਖੇਤਰ ਵਿਚ ਸ਼ਲਾਘਾਯੋਗ ਹੰਭਲਾ ਮਾਰਿਆ ਸੀ।ਸਮਾਂ ਬਦਲਿਆ ਤੇ ਖੇਤੀ ਪ੍ਰਧਾਨ ਸੂਬੇ ਦੇ ਪ੍ਰਮੁੱਖ ਸ਼ਹਿਰ ਲੁਧਿਆਣਾ ਨੇ ਸਨਅਤ ਦੇ ਰਾਹ 'ਤੇ ਲੰਮੀਆਂ ਪੁਲਾਂਘਾ ਭਰਨੀਆਂ ਸ਼ੁਰੂ ਕੀਤੀਆਂ। ਵੱਡੀਆਂ ਉਦਯੋਗਿਕ ਇਕਾਈਆਂ ਨੇ ਮਹਾਨਗਰ ਨੂੰ ਮਾਨਚੈਸਟਰ ਦਾ ਖਿਤਾਬ ਤਾਂ ਦਿਵਾ ਦਿੱਤਾ, ਪਰ ਬੁਲੰਦੀ ਦੇ ਇਸ ਸ਼ਿਖਰ ਨੂੰ ਸਰ ਕਰਨ ਬਦਲੇ ਮੌਜੂਦਾ ਸਮੇਂ ਵਿਚ ਮਹਾਨਗਰ ਵਾਸੀਆਂ ਨੂੰ ਹੀ ਨਹੀਂ ਸਗੋਂ ਸੂਬੇ ਦੇ ਹੋਰਨਾਂ ਜ਼ਿਲ੍ਹਿਆਂ ਦੇ ਰਹਿਣ ਵਾਲਿਆਂ ਨੂੰ ਪ੍ਰਦੂਸ਼ਿਤ ਜਲ ਸਰੋਤਾਂ ਕਾਰਣ ਵੱਡੀ ਕੀਮਤ ਅਦਾ ਕਰਨੀ ਪੈ ਰਹੀ ਹੈ।

ਸਰਕਾਰੀ ਵਿਭਾਗਾਂ ਅਤੇ ਕਾਰੋਬਾਰੀਆਂ ਦੇ ਅਵੇਸਲੇਪਣ ਤੇ ਭ੍ਰਿਸ਼ਟਾਚਾਰ ਕਾਰਨ ਖੁਸ਼ਹਾਲ ਸੂਬੇ ਦੀ ਉਪਜਾਊ ਮਿੱਟੀ ਬਿਮਾਰ ਹੋ ਚੁੱਕੀ ਹੈ, ਹਵਾ ਦੂਸ਼ਿਤ ਤੇ ਪਾਣੀ ਜ਼ਹਿਰ ਬਣਦਾ ਜਾ ਰਿਹਾ ਹੈ। ਮੁੱਠੀ ਵਿਚੋਂ ਰੇਤ ਦੀ ਤਰ੍ਹਾਂ ਸਮਾਂ ਨਿਕਲਦਾ ਜਾ ਰਿਹਾ ਹੈ ਤੇ ਜੇ ਅਜੇ ਵੀ ਹਾਲਾਤਾਂ ਦੀ ਗੰਭੀਰਤਾ ਨਾ ਸਮਝੀ ਗਈ ਤਾਂ ਪੰਜਾਬ ਦੇ ਹਾਲਾਤ ਵਿਸਫੋਟਕ ਹੋ ਗੁਜ਼ਰਨਗੇ। ਪੰਜਾਬ ਵਿਚ ਲਗਾਤਾਰ ਕੈਂਸਰ, ਕਾਲੇ ਪੀਲੀਏ, ਦਮੇ ਤੇ ਚਮੜ ਦੇ ਰੋਗੀਆਂ ਦੀ ਗਿਣਤੀ ਵਿਚ ਵਾਧਾ ਸਾਫ ਇਸ਼ਾਰਾ ਦੇ ਰਿਹਾ ਹੈ ਕਿ ਆਉਣ ਵਾਲਾ ਸਮਾਂ ਪੰਜਾਬੀਆਂ ਲਈ ਕਿੰਨਾ ਭਿਆਨਕ ਸਾਬਤ ਹੋਣ ਵਾਲਾ ਹੈ।

## ਖ਼ਤਰਨਾਕ ਪੱਧਰ ਤੱਕ ਦੂਸ਼ਿਤ ਹੋ ਚੁੱਕਾ ਹੈ ਬੁੱਢਾ ਦਰਿਆ

ਮਹਾਨਗਰ ਦੇ ਪੂਰਬੀ ਖੇਤਰ ਤੋਂ ਸ਼ੁਰੂ ਹੋ ਕੇ ਪੂਰੇ ਸ਼ਹਿਰ ਵਿਚੋਂ ਲੰਘਣ ਵਾਲਾ ਬੁੱਢਾ ਦਰਿਆ ਖ਼ਤਰਨਾਕ ਤੋਂ ਵੀ ਵੱਧ ਪੱਧਰ 'ਤੇ ਦੂਸ਼ਿਤ ਹੋ ਚੁੱਕਾ ਹੈ। ਕੂਮ ਕਲਾਂ ਤੋਂ ਸ਼ੁਰੂ ਹੋ ਕੇ ਸਤਲੁਜ ਦਰਿਆ ਵਿਚ ਜਾ ਰਲਣ ਤੱਕ ਉਦਯੋਗਿਕ ਇਕਾਈਆਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਜ਼ਹਿਰੀਲੇ ਪਾਣੀ ਨੇ ਬੁੱਢੇ ਦਰਿਆ ਨੂੰ ਬਹੁਤ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਦਿੱਤਾ ਹੈ। ਪੁਰਾਣੇ ਸਮੇਂ ਸਾਫ ਪਾਣੀ ਦੇ ਇਸ ਸੋਮੇਂ ਵਿਚ ਚੋਰੀ-ਛੁੱਪੇ ਸੁੱਟੇ ਜਾਣ ਵਾਲੇ ਡਾਇੰਗਾਂ, ਇਲੈਕਟਰੋ ਪਲੇਟਿੰਗ ਇਕਾਈਆਂ ਦੇ ਖ਼ਤਰਨਾਕ ਕੈਮੀਕਲਾਂ ਅਤੇ ਡੇਅਰੀਆਂ ਵਿਚੋਂ ਨਿਕਲਣ ਵਾਲੇ ਮਲਮੂਤਰ ਨੇ ਬੁੱਢੇ ਦਰਿਆ ਨੂੰ ਗੰਦਾ ਤੇ ਕਾਲਾ ਨਾਲਾ ਬਣਾ ਦਿੱਤਾ। ਜ਼ਹਿਰੀ ਪਾਣੀਆਂ ਰਾਹੀਂ ਸਿੰਚਾਈ ਵਾਲੀ ਕਣਕ, ਚੌਲ, ਸਬਜ਼ੀਆਂ ਅਸੀਂ ਖਾ ਰਹੇ ਹਾਂ। ਮਲੇਰਕੋਟਲਾ ਦੀ ਸਬਜ਼ੀ ਮੰਡੀ ਜੋ ਪੰਜਾਬ ਦੀ ਸਭ ਤੋਂ ਵਡੀ ਮੰਡੀ ਹੈ ,ਉਹ ਇਸੇ ਬੁਢੇ ਨਾਲੇ ਦੇ ਪਾਣੀ ਦੀ ਉਪਜ ਹੈ।

ਇਨਸਾਨੀ ਸਵਾਰਥ ਦੀ ਭੇਟ ਚੜ੍ਹਿਆ ਬੁੱਢਾ ਨਾਲਾ ਅੱਜ ਏਨਾ ਦੂਸ਼ਿਤ ਹੋ ਚੁੱਕਾ ਹੈ ਕਿ ਆਪਣੇ ਰਾਹ ਵਿਚ ਆਉਂਦੇ ਪਿੰਡਾਂ ਦੇ ਲੋਕਾਂ ਨੂੰ ਹੀ ਨਹੀਂ ਬਲਕਿ ਹੋਰ ਜ਼ਿਲ੍ਹਿਆਂ ਦੇ ਵਸਨੀਕਾਂ ਨੂੰ ਵੀ ਜਾਨਲੇਵਾ ਬਿਮਾਰੀਆਂ ਵੰਡ ਰਿਹਾ ਹੈ। ਕੈਂਸਰ, ਕਾਲਾ ਪੀਲੀਆ, ਦਮਾ, ਕਿਡਨੀ, ਚਮੜ ਦੇ ਗੰਭੀਰ ਰੋਗ ਤੇਜ਼ੀ ਨਾਲ ਸੂਬੇ ਦੇ ਲੋਕਾਂ ਨੂੰ ਲਪੇਟ ਵਿਚ ਲੈ ਰਹੇ ਹਨ। ਕੁਝ ਕੁ ਧਨਾਢ ਲੋਕਾਂ ਦੀ ਪੈਸੇ ਦੀ ਭੁੱਖ ਸਮੁੱਚੇ ਪੰਜਾਬ ਵਾਸੀਆਂ ਨੂੰ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਬਣਾ ਰਹੀ ਹੈ।

## ਦਰਿਆ ਦਾ ਪਾਣੀ ਵੀ ਹੋਇਆ ਦੂਸ਼ਿਤ

ਕੂਮਕਲਾਂ ਤੋਂ ਸ਼ੁਰੂ ਹੋ ਕੇ ਪਿੰਡ ਵਲੀਪੁਰ ਕਲਾਂ ਦੇ ਨਜ਼ਦੀਕ ਸਤਲੁਜ ਵਿਚ ਰਲਣ ਵਾਲੇ ਬੁੱਢੇ ਦਰਿਆ ਦਾ ਜ਼ਹਿਰੀਲਾ ਪਾਣੀ ਪੰਜਾਬ ਦੀ ਸ਼ਾਨ ਸਤਲੁਜ ਦਰਿਆ ਨੂੰ ਵੀ ਬੁਰੀ ਤਰ੍ਹਾਂ ਨਾਲ ਦੂਸ਼ਿਤ ਕਰ ਰਿਹਾ ਹੈ। ਇਹ ਕੈਮੀਕਲਾਂ ਵਾਲਾ ਦੂਸ਼ਿਤ ਪਾਣੀ ਦਰਿਆਈ ਜੀਵਾਂ ਲਈ ਤਾਂ ਜਾਨਲੇਵਾ ਹੈ ਹੀ, ਬਲਕਿ ਸਤਲੁਜ ਦੇ ਲਾਗਲੇ ਇਲਾਕਿਆਂ ਵਿਚ ਵਸਣ ਵਾਲੇ ਸੂਬਾ ਵਾਸੀਆਂ ਨੂੰ ਵੀ ਗੰਭੀਰ ਬਿਮਾਰੀਆਂ ਦੀ ਲਪੇਟ ਵਿਚ ਲੈ ਰਿਹਾ ਹੈ। ਦੱਸਣਯੋਗ ਹੈ ਕਿ ਬਠਿੰਡਾ ਬੈਲਟ ਪਹਿਲਾਂ ਹੀ ਕੈਂਸਰ ਰੋਗੀਆਂ ਦਾ ਗੜ ਬਣ ਚੁੱਕਾ ਹੈ ਤੇ ਹੁਣ ਇਹ ਨਾਮੁਰਾਦ ਬਿਮਾਰੀ ਸੂਬੇ ਦੇ ਹੋਰ ਇਲਾਕਿਆਂ ਵਿਚ ਵੀ ਤੇਜ਼ੀ ਨਾਲ ਜੜ ਫੈਲਾਅ ਰਹੀ ਹੈ। ਐਨੇ ਵੱਡੇ ਪੱਧਰ 'ਤੇ ਕੈਂਸਰ ਦੇ ਵਾਧੇ ਦੇ ਬਾਵਜੂਦ ਸਰਕਾਰਾਂ ਅਤੇ ਵਿਭਾਗ ਕੁੰਭਕਰਨੀ ਨੀਂਦ ਵਿਚ ਸੁੱਤਾ ਹੋਇਆ ਹੈ।

ਬਾਕੀ ਹਿਸਾ ਸਫਾ 21 ਤੇ ਪੜ੍ਹੋ →

## ਲੋਕ ਤੇ ਕਿਸਾਨ ਜਥੇਬੰਦੀਆਂ ਸੰਘਰਸ਼ ਦੇ ਰਾਹ, ਸਰਕਾਰ ਨੂੰ ਤਾੜਨਾ

ਹੁਣ ਇਸ ਸੰਬੰਧੀ ਵੱਡੀ ਗਿਣਤੀ ਵਿਚ ਵਾਤਾਵਰਨ ਪ੍ਰੇਮੀ ਅਤੇ ਬਹੁਤ ਸਾਰੀਆਂ ਸੰਸਥਾਵਾਂ ਇਕੱਠੀਆਂ ਹੋ ਗਈਆਂ ਹਨ। ਉਨ੍ਹਾਂ ਨੇ ਸ਼ਹਿਰ ਵਿਚ ਇਸ ਸੰਬੰਧੀ ਵੱਡਾ ਪ੍ਰਦਰਸ਼ਨ ਵੀ ਕੀਤਾ ਹੈ ਅਤੇ ਇਹ ਦੋਸ਼ ਵੀ ਲਗਾਇਆ ਹੈ ਕਿ ਬੁੱਢੇ ਨਾਲੇ ਦੇ ਪ੍ਰਦੂਸ਼ਣ ਲਈ ਸਰਕਾਰ ਨਾਲ ਸੰਬੰਧਿਤ ਵਿਭਾਗ ਅਤੇ ਬਹੁਤ ਸਾਰੀਆਂ ਸਨਅਤਾਂ ਵੀ ਜ਼ਿੰਮੇਵਾਰ ਹਨ। ਇਸ ਸੰਬੰਧੀ ਹੁਣ ਵੱਖ-ਵੱਖ ਸੰਸਥਾਵਾਂ ਨੇ ਸ਼ਹਿਰ ਦੇ ਫਿਰੋਜ਼ਪੁਰ ਰੋਡ 'ਤੇ ਵੱਡੀ ਗਿਣਤੀ ਵਿਚ ਇਕੱਠੇ ਹੋ ਕੇ ਮੁਜ਼ਾਹਰਾ ਵੀ ਕੀਤਾ ਅਤੇ ਅੱਗੋਂ ਦੀ ਲਾਮਬੰਦੀ ਅਤੇ ਅੰਦੋਲਨ ਲਈ ਇਸ ਨੂੰ 'ਕਾਲੇ ਪਾਣੀ ਦਾ ਮੋਰਚਾ' ਨਾਂਅ ਦਿੱਤਾ ਗਿਆ ਹੈ ਅਤੇ ਇਹ ਵੀ ਕਿਹਾ ਗਿਆ ਹੈ ਕਿ ਜੇਕਰ ਸਰਕਾਰ ਵਲੋਂ ਪਹਿਲੀ ਸਤੰਬਰ ਤੱਕ ਇਸ ਸੰਬੰਧੀ ਯੋਜਨਾਬੰਦੀ ਦੀ ਸ਼ੁਰੂਆਤ ਨਾ ਕੀਤੀ ਗਈ ਅਤੇ ਜੇਕਰ ਸੰਬੰਧਿਤ ਫੈਕਟਰੀਆਂ ਨੇ ਇਸ ਵਿਚ ਰਸਾਇਣਾਂ ਯੁਕਤ ਪਾਣੀ ਪਾਉਣਾ ਜਾਰੀ ਰੱਖਿਆ, ਜਿਸ ਨਾਲ ਕਿ ਲੋਕ ਕੈਂਸਰ ਅਤੇ ਕਾਲਾ ਪੀਲੀਆ ਵਰਗੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ, ਤਾਂ ਇਸ ਨਾਲੇ ਵਿਚ ਵੱਖ-ਵੱਖ ਥਾਵਾਂ 'ਤੇ ਬੰਨ੍ਹ ਲਗਾ ਦਿੱਤੇ ਜਾਣਗੇ।



ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ 'ਤੇ ਵੀ ਇਹ ਦੋਸ਼ ਲਗਾਇਆ ਕਿ ਵਿਰੋਧੀ ਧਿਰ ਵਿਚ ਹੁੰਦਿਆਂ ਉਹ ਕਹਿੰਦੇ ਰਹੇ ਹਨ ਕਿ ਗੰਦੇ ਨਾਲੇ ਵਿਚ ਫੈਕਟਰੀਆਂ ਜ਼ਹਿਰ ਪਾ ਰਹੀਆਂ ਹਨ। ਉਨ੍ਹਾਂ ਦੀ ਸਰਕਾਰ ਆਏਗੀ ਤਾਂ ਇਸ 'ਤੇ ਲਗਾਮ ਲਗਾਈ ਜਾਵੇਗੀ, ਪਰ ਅੱਜ ਉਹ ਇਸ ਮਸਲੇ 'ਤੇ ਚੁੱਪ ਧਾਰੀ ਬੈਠੇ ਹਨ। ਅੱਜ ਹਵਾ ਅਤੇ ਪਾਣੀ ਦਾ ਹਰ ਤਰ੍ਹਾਂ ਦਾ ਪ੍ਰਦੂਸ਼ਣ ਪੰਜਾਬ ਲਈ ਇਕ ਸਰਾਪ ਬਣਿਆ ਨਜ਼ਰ ਆਉਂਦਾ ਹੈ। ਜੇਕਰ ਇਸ ਸੰਬੰਧੀ ਫੈਲੀਆਂ ਗੰਭੀਰ ਸਮੱਸਿਆਵਾਂ ਨੂੰ ਹੱਲ ਨਾ ਕੀਤਾ ਜਾ ਸਕਿਆ ਤਾਂ ਸਮੁੱਚਾ ਰਾਜ ਇਕ ਹਸਪਤਾਲ ਦੇ ਰੂਪ ਵਿਚ ਬਦਲ ਜਾਏਗਾ। ਅਜਿਹੀ ਸਥਿਤੀ ਪੰਜਾਬ ਲਈ ਬਹੁਤ ਮੰਦਭਾਗੀ ਹੋਵੇਗੀ।

ਕਿਸਾਨ ਯੂਨੀਅਨ ਦੇ ਆਗੂ ਬਲਬੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਇਸ ਤੋਂ ਧਰਤੀ ਹੇਠਲੇ ਪਾਣੀ ਦੀ ਅਗਲੀ ਤਹਿ ਲੈੱਡ ਨਾਈਟਰੇਟਸ ਅਤੇ ਬਹੁਤ ਸਾਰੇ ਜ਼ਹਿਰੀਲੇ ਰਸਾਇਣ ਕਾਰਨ ਇੰਨੀ ਦੂਸ਼ਿਤ ਹੋ ਗਈ ਹੈ ਕਿ ਉਸ ਦਾ ਪਾਣੀ ਨਾ ਫ਼ਸਲਾਂ ਨੂੰ ਵਰਤਣ ਯੋਗ ਰਿਹਾ ਅਤੇ ਨਾ ਹੀ ਪੀਣ ਯੋਗ ਰਹੇਗਾ। ਇਸ ਲਈ ਪੰਜਾਬ ਵਾਸੀਆਂ ਨੂੰ ਆਪਣੇ ਭਵਿੱਖ ਨੂੰ ਸੁਰੱਖਿਅਤ ਰੱਖਣ ਲਈ ਪੰਜਾਬ ਦੇ ਹਰ ਘਰ ਅਤੇ ਖੇਤੀ ਲਈ ਨਹਿਰੀ ਪਾਣੀ ਲੈਣ ਲਈ ਸੰਘਰਸ਼ ਕਰਨਾ ਪਵੇਗਾ। ਇਸ ਮੌਕੇ ਕਿਸਾਨ ਆਗੂ ਦਰਸ਼ਨ ਪਾਲ, ਬਲਬੀਰ ਸਿੰਘ ਰਾਜੇਵਾਲ, ਬਿੰਦਰ ਸਿੰਘ, ਮਨਜੀਤ ਸਿੰਘ ਰਾਏ, ਬਲਦੇਵ ਸਿੰਘ ਜ਼ੀਰਾ, ਮਨਜੀਤ ਸਿੰਘ ਧਨੇਰ, ਦਿਲਬਾਗ ਸਿੰਘ, ਸਤਨਾਮ ਸਿੰਘ ਪੰਨੂ, ਕਾਲਾ ਪਾਣੀ ਮੋਰਚਾ ਦੇ ਕਮੇਟੀ ਮੈਂਬਰ ਲੱਖਾ ਸਿਧਾਣਾ, ਪੱਤਰਕਾਰ ਹਮੀਰ ਸਿੰਘ ਮੌਜੂਦ ਸਨ।

## 20 ਸਫ਼ੇ ਦੀ ਬਾਕੀ
## ਲੀਡਰਾਂ ਦੇ ਵਾਅਦੇ ਵਫ਼ਾ ਨਾ ਹੋਏ

ਬੁੱਢਾ ਦਰਿਆ ਕਾਫੀ ਸਮੇਂ ਤੋਂ ਰਾਜਨੀਤਿਕ ਅਤੇ ਵਿਭਾਗੀ ਅਵੇਸਲੇਪਨ ਦਾ ਸ਼ਿਕਾਰ ਹੁੰਦਾ ਆ ਰਿਹਾ ਹੈ। ਕੁਲ ਮਿਲਾ ਕੇ ਰਾਜਨੀਤਿਕ ਆਗੂ ਬੁੱਢੇ ਦਰਿਆ ਦੀ ਕਾਇਆਕਲਪ ਕਰਨ ਦੇ ਵੱਡੇ-ਵੱਡੇ ਵਾਅਦੇ ਕਰ ਕੇ ਵਾਹੋਵਾਹੀ ਖੱਟਦੇ ਰਹੇ ਤੇ ਸੰਬੰਧਿਤ ਵਿਭਾਗ ਵੀ ਦਰਿਆ ਦੀ ਸਫ਼ਾਈ ਦੇ ਨਾਮ ’ਤੇ ਕਰੋੜ ਰੁਪਏ ਦੇ ਪ੍ਰਾਜੈਕਟ ਬਣਾ ਕੇ ਕਾਗਜ਼ਾਂ ਵਿਚ ਤਾਂ ਕਈ ਵਾਰ ਬੁੱਢੇ ਨਾਲ ਨੂੰ ਮੁਕੰਮਲ ਤੌਰ ’ਤੇ ਸਾਫ ਕਰ ਚੁੱਕੇ ਹਨ, ਪਰ ਜੇ ਗੱਲ ਹਕੀਕਤ ਦੀ ਕੀਤੀ ਜਾਵੇ ਤਾਂ ਕੁਲ ਮਿਲਾ ਕੇ ਨਾ ਤਾਂ ਅਧਿਕਾਰੀਆਂ ਨੇ ਬੁੱਢੇ ਨਾਲੇ ਦੇ ਪਾਣੀ ਨੇ ਜ਼ਹਿਰ ਬਣਨ ਤੋਂ ਰੋਕਣ ਵਿਚ ਬਣਦੀ ਜ਼ਿੰਮੇਵਾਰੀ ਪੂਰੀ ਕੀਤੀ ਅਤੇ ਨਾ ਹੀ ਵੱਡੀਆਂ-ਵੱਡੀਆਂ ਗੱਲਾਂ ਕਰਨ ਵਾਲੇ ਲੀਡਰਾਂ ਦੇ ਹੀ ਵਾਅਦੇ ਵਫ਼ਾ ਹੋਏ।

### ਪ੍ਰਦੂਸ਼ਣ ਵਿਭਾਗ ਸੁੱਤਾ ਕੁੰਭਕਰਨੀ ਨੀਂਦ

ਬੁੱਢੇ ਦਰਿਆ ਤੋਂ ਗੰਦਾ ਨਾਲਾ ਬਣਨ ਦੇ ਇਸ ਸਫਰ ਪਿੱਛੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਭੂਮਿਕਾ ਸਭ ਤੋਂ ਅਹਿਮ ਸਾਬਤ ਹੁੰਦੀ ਹੈ। ਹਾਲ ਹੀ ਵਿਚ ਨਗਰ ਨਿਗਮ ਵੱਲੋਂ ਕੁਝ ਡਾਇੰਗ ਯੂਨਿਟਾਂ ਦੇ ਸੀਵਰੇਜ ਕੁਨੈਕਸ਼ਨ ਕੱਟੇ ਗਏ, ਜੋ ਅਦਾਰੇ ਕੈਮੀਕਲਾਂ ਵਾਲਾ ਜ਼ਹਿਰੀਲਾ ਪਾਣੀ ਬਿਨਾਂ ਸਾਫ ਕੀਤੇ ਸੀਵਰੇਜ ਵਿਚ ਸੁੱਟ ਕੇ ਬੁੱਢੇ ਨਾਲ਼ੇ ਅਤੇ ਫਿਰ ਸਤਲੁਜ ਦੇ ਸਾਫ ਸੁਥਰੇ ਪਾਣੀ ਨੂੰ ਜ਼ਹਿਰ ਬਣਾ ਰਹੇ ਸਨ। ਅਜਿਹੇ ਅਦਾਰਿਆਂ ਖ਼ਿਲਾਫ ਪ੍ਰਦੂਸ਼ਣ ਬੋਰਡ ਦਾ ਅਵੇਸਲਾਪਨ ਕੀਤੇ ਨਾ ਕੀਤੇ ਵਿਭਾਗ ਦੀ ਕਾਰਜਪ੍ਰਣਾਲੀ ਉੱਪਰ ਵੱਡਾ ਸਵਾਲ ਖੜ ਕਰਦਾ ਹੈ। ਇਸ ਸੰਬੰਧੀ ਤਤਕਾਲੀ ਸਰਕਾਰਾਂ ਨੇ ਸਮੇਂ-ਸਮੇਂ ਇਹ ਯਤਨ ਕੀਤੇ ਸਨ ਕਿ ਨਾਲੇ ਵਿਚ ਪੈਣ ਵਾਲੇ ਬੇਹੱਦ ਗੰਧਲੇ ਅਤੇ ਰਸਾਇਣਾਂ ਯੁਕਤ ਪਾਣੀ ਨੂੰ ਸਾਫ਼ ਕਰਕੇ ਹੀ ਨਾਲੇ ਵਿਚ ਪੈਣ ਦਿੱਤਾ ਜਾਏ। ਪਰ ਹਾਲੇ ਤੱਕ ਵੀ ਪਰਨਾਲਾ ਉਥੇ ਦਾ ਉਥੇ ਹੀ ਹੈ।

# ਪਾਣੀ ਵਿਚ ਯੂਰੇਨੀਅਮ ਕਾਰਨ ਹਾਈਕੋਰਟ ਵਲੋਂ ਮਾਝੇ ਤੇ ਦੋਆਬੇ ਦੇ ਪਾਣੀਆਂ ਦੀ ਮੁੜ ਜਾਂਚ ਦੇ ਹੁਕਮ

ਪੰਜਾਬ ਦੇ ਮਾਝਾ ਤੇ ਦੋਆਬਾ ਖਿੱਤਿਆਂ ਦੇ ਪਾਣੀਆਂ ਵਿਚ ਯੂਰੇਨੀਅਮ ਜਿਹੇ ਤੱਤ ਮਿਲਣ ਮਗਰੋਂ ਪੰਜਾਬ ਦੇ ਹਰਿਆਣਾ ਹਾਈ ਕੋਰਟ ਨੇ ਇੱਥੋਂ ਦੇ ਪਾਣੀਆਂ ਦੇ ਨਮੂਨਿਆਂ ਦੀ ਮੁੜ ਤੋਂ ਵੱਡੇ ਪੱਧਰ ’ਤੇ ਜਾਂਚ ਕਰਾਏ ਜਾਣ ਦੇ ਹੁਕਮ ਦਿੱਤੇ ਹਨ ਕਿਉਂਕਿ ਪਹਿਲਾਂ ਕੀਤੀ ਗਈ ਜਾਂਚ ਵਿਚ ਕਮੀਆਂ ਸਾਹਮਣੇ ਆਈਆਂ ਸਨ। ਅਦਾਲਤ ਨੇ ਇਹ ਵੀ ਸਪੱਸ਼ਟ ਕੀਤਾ ਕਿ ਪਾਣੀਆਂ ਦੀ ਜਾਂਚ ਵਿਸ਼ਵ ਸਿਹਤ ਸੰਸਥਾ (ਡਬਲਿਊਐੱਚਓ) ਦੇ ਮੌਜੂਦਾ ਪੈਮਾਨਿਆਂ ਅਨੁਸਾਰ ਹੋਣੀ ਚਾਹੀਦੀ ਹੈ।

ਚੀਫ ਜਸਟਿਸ ਸ਼ੀਲ ਨਾਗੂ ਤੇ ਜਸਟਿਸ ਅਨਿਲ ਕਸ਼ੇਤਰਪਾਲ ਦੇ ਡਿਵੀਜ਼ਨ ਬੈਂਚ ਦਾ ਹੁਕਮ ਇਸ ਲਈ ਵੀ ਅਹਿਮ ਹੈ ਕਿਉਂਕਿ ਦੋਵਾਂ ਖਿੱਤਿਆਂ ’ਚੋਂ ਜਾਂਚ ਲਈ ਲਏ ਗਏ ਪਾਣੀਆਂ ਦੇ ਕੁਝ ਨਮੂਨਿਆਂ ’ਚ ਯੂਰੇਨੀਅਮ ਦੇ ਤੱਤ ਪਾਏ ਗਏ ਸਨ। ਬ੍ਰਿਜੇਂਦਰ ਸਿੰਘ ਲੂੰਬਾ ਵੱਲੋਂ ਸਾਲ 2010 ਵਿਚ ਯੂਨੀਅਨ ਆਫ ਇੰਡੀਆ ਤੇ ਹੋਰਾਂ ਖ਼ਿਲਾਫ਼ ਦਾਇਰ ਕੀਤੀ ਪਟੀਸ਼ਨ ’ਤੇ ਸੁਣਵਾਈ ਕਰਦਿਆਂ ਬੈਂਚ ਨੇ ਸੀਨੀਅਰ ਵਕੀਲ ਤੇ ਅਦਾਲਤੀ ਮਿੱਤਰ ਰੁਪਿੰਦਰ ਐੱਸ ਖੋਸਲਾ ਨੂੰ ਹਰਿਆਣਾ ਰਾਜ ਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਨੂੰ ਵੀ ਧਿਰ ਬਣਾਉਣ ਲਈ ਇੱਕ ਅਰਜ਼ੀ ਦਾਇਰ ਕਰਨ ਲਈ ਕਿਹਾ ਤਾਂ ਜੋ ਇਨ੍ਹਾਂ ਇਲਾਕਿਆਂ ਦੇ ਪਾਣੀਆਂ ਦੇ ਸੈਂਪਲਾਂ ਦੀ ਜਾਂਚ ਵੀ ਹੋ ਸਕੇ।

ਪਟੀਸ਼ਨ ’ਤੇ ਸੁਣਵਾਈ ਦੌਰਾਨ ਬੈਂਚ ਨੇ ਗੁਰੂ ਹਰਿਗੋਬਿੰਦ ਥਰਮਲ ਪਲਾਂਟ ਦੇ ਮੁੱਖ ਇੰਜਨੀਅਰ ਵੱਲੋਂ ਦਾਇਰ ਕੀਤੇ ਹਲਫ਼ਨਾਮੇ ਦਾ ਨੋਟਿਸ ਲਿਆ ਜਿਸ ਅਨੁਸਾਰ ਦੋਆਬਾ ਤੇ ਮਾਝਾ ਖਿੱਤੇ ਦੇ ਹੁਸ਼ਿਆਰਪੁਰ, ਜਲੰਧਰ, ਅੰਮ੍ਰਿਤਸਰ ਤੇ ਤਰਨ ਤਾਰਨ ਜ਼ਿਲ੍ਹਿਆਂ ’ਚੋਂ ਭਰੇ ਗਏ ਪਾਣੀ ਦੇ 4406 ਨਮੂਨਿਆਂ ਦੀ ਜਾਂਚ ਦੌਰਾਨ 11 ਨਮੂਨੇ ਪ੍ਰਦੂਸ਼ਿਤ ਨਿਕਲੇ ਸਨ। ਪੰਜਾਬ ਦੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਪੇਸ਼ ਇੱਕ ਹੋਰ ਰਿਪੋਰਟ ਅਨੁਸਾਰ ਦੋਆਬਾ ਤੇ ਮਾਝਾ ਖਿੱਤੇ ’ਚੋਂ ਭਰੇ ਗਏ ਪਾਣੀਆਂ ਦੇ 269 ਨਮੂਨਿਆਂ ਦੀ ਜਾਂਚ ਦੌਰਾਨ ਤਿੰਨ ਨਮੂਨਿਆਂ ’ਚੋਂ ਯੂਰੇਨੀਅਮ ਦੇ ਤੱਤ ਮਿਲੇ ਸਨ। ਇਨ੍ਹਾਂ ਦੋਵਾਂ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਬੈਂਚ ਨੇ ਕਿਹਾ ਕਿ ਡਬਲਿਊਐੱਚਓ ਨੇ ਪਾਣੀ ’ਚ ਯੂਰੇਨੀਅਮ ਦੇ ਤੱਤ ਮਿਲਣ ਦੇ ਪੈਮਾਨੇ ਮੁੜ ਨਿਰਧਾਰਤ ਕੀਤੇ ਹਨ। ਇਸ ਲਈ ਪਾਣੀਆਂ ਦੇ ਨਮੂਨਿਆਂ ਦੀ ਮੁੜ ਜਾਂਚ ਡਬਲਿਊਐੱਚਓ ਵੱਲੋਂ ਤੈਅ ਕੀਤੇ ਮੌਜੂਦਾ ਪੈਮਾਨਿਆਂ ਅਨੁਸਾਰ ਕੀਤੀ ਜਾਵੇ। ਮਾਮਲੇ ਨੂੰ ਨਿਆਂਇਕ ਜਾਂਚ ਦੇ ਘੇਰੇ ’ਚ ਲਿਆਏ ਜਾਣ ਦੇ ਨੌਂ ਸਾਲ ਬੀਤਣ ਮਗਰੋਂ ਵੀ ਮਾਲਵਾ ਖੇਤਰ ’ਚ ਯੂਰੇਨੀਅਮ ਮੁਕਤ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਠੋਸ ਕਦਮ ਨਾ ਚੁੱਕਣ ’ਤੇ ਸਰਕਾਰ ਨੂੰ ਕਟਹਿਰੇ ’ਚ ਖੜ੍ਹਾ ਕਰਦਿਆਂ ਹਾਈ ਕੋਰਟ ਨੇ ਦਸੰਬਰ 2019 ’ਚ ਇੱਕ ਸੰਵਿਧਾਨਕ ਕਮੇਟੀ ਬਣਾਉਣ ਦੇ ਹੁਕਮ ਦਿੱਤੇ ਸੀ। ਭਾਰਤ ਸਰਕਾਰ ਤੇ ਪੰਜਾਬ ਸਰਕਾਰ ਨੂੰ ਪਾਣੀ ਨੂੰ ਯੂਰੇਨੀਅਮ ਮੁਕਤ ਕਰਨ ਦੀਆਂ ਸੰਭਾਵਨਾਵਾਂ ਤਲਾਸ਼ਣ ਦੇ ਨਿਰਦੇਸ਼ ਵੀ ਦਿੱਤੇ ਗਏ ਸਨ।

ਮਾਮਲਾ ਸ਼੍ਰੋਮਣੀ ਕਮੇਟੀ ਕਲਰਕ ਦੀ ਹੱਤਿਆ ਦਾ

## ਪਿਉ-ਪੁੱਤਰ ਸਮੇਤ 4 ਗ੍ਰਿਫ਼ਤਾਰ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਦਫ਼ਤਰ ਵਿਚ ਅਕਾਊਂਟ ਕਲਰਕ ਦਰਬਾਰਾ ਸਿੰਘ ਦੀ ਹੱਤਿਆ ਦੇ ਮਾਮਲੇ ’ਚ ਨਾਮਜਦ ਪਿਉ-ਪੁੱਤਰ ਸਮੇਤ ਚਾਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ, ਜਦੋਂਕਿ ਪੰਜਵੇਂ ਦੀ ਭਾਲ ਜਾਰੀ ਹੈ। ਕੋਤਵਾਲੀ ਪੁਲਿਸ ਥਾਣੇ ਦੇ ਮੁੱਖ ਅਧਿਕਾਰੀ ਨੇ ਇਸ ਸੰਬੰਧੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਮਾਮਲੇ ਦੇ ਮੁੱਖ ਦੋਸ਼ੀ ਸੁਖਬੀਰ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਪਾਸੋਂ ਸ੍ਰੀ ਸਾਹਿਬ ਬਰਾਮਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਉਸ ਦੇ ਨਾਬਾਲਗ ਪੁੱਤਰ ਅਤੇ 2 ਹੋਰਨਾਂ ਨੂੰ ਵੱਖ-ਵੱਖ ਸਮੇਂ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਹੈ। ਉਨ੍ਹਾਂ ਦੱਸਿਆ ਕਿ ਇਸ ਮਾਮਲੇ ’ਚ ਹੁਣ ਇਕ ਹੋਰ ਦੀ ਗ੍ਰਿਫ਼ਤਾਰੀ ਹੋਣੀ ਬਾਕੀ ਹੈ, ਜਿਸ ਲਈ ਛਾਪੇਮਾਰੀ ਜਾਰੀ ਹੈ।

# ਸਿੱਖ ਵਿਰੋਧੀ ਬਿਰਤਾਂਤ ਵਾਲੀਆਂ ਫਿਲਮਾਂ ਨਾਲ ਨਿਪਟਿਆ ਕਿਵੇਂ ਜਾਵੇ ?

“ਐਮਰਜੈਂਸੀ” ਫਿਲਮ ਦਾ ਵਿਰੋਧ ਕਰ ਰਹੇ ਸਾਰੇ ਹੀ ਸੱਜਣਾਂ ਨੂੰ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਫਿਲਮ ਸਿੱਖਾਂ ਜਾਂ ਪੰਜਾਬ ਨੂੰ ਮੁੱਖ ਰੱਖ ਕੇ ਨਹੀਂ ਬਣਾਈ ਗਈ। ਅਜਿਹੀ ਕੋਈ ਫਿਲਮ ਭਾਰਤ ਵਿਚ ਬਣਦੀ ਵੀ ਨਹੀਂ। ਇਹ ਫਿਲਮ ਗੈਰ ਸਿੱਖਾਂ ਤੇ ਗੈਰ ਪੰਜਾਬੀ ਪੱਟੀ ਅੰਦਰ ਨੇਸ਼ਨ/ਸਟੇਟ ਦਾ ਬਿਰਤਾਂਤ ਸਥਾਪਤ ਕਰਨ ਤੇ ਚੁਰਾਸੀਵਿਆਂ ਦੇ ਸਿੱਖ ਸੰਘਰਸ਼ ਦੀ ਸ਼ੁਰੂ ਤੋਂ ਇੱਕ ਗੈਰ ਭਾਰਤੀ ਤਸਵੀਰ ਲੋਕ ਮਨਾਂ ਵਿਚ ਸਥਾਪਤ ਕਰਨ ਲਈ ਬਣਾਈ ਗਈ ਹੈ। ਇਸ ਲਈ ਇਸ ਗੱਲ ਨਾਲ ਉਨ੍ਹਾਂ ਨੂੰ ਕੋਈ ਫਰਕ ਨਹੀਂ ਪੈਂਦਾ ਕਿ ਇਹ ਫਿਲਮ ਪੰਜਾਬ ਦੇ ਸਿਨਮਿਆਂ ਅੰਦਰ ਲੱਗਦੀ ਹੈ ਜਾਂ ਨਹੀਂ, ਕਿਉਂਕਿ ਇਸ ਦਾ ਪੰਜਾਬ ਵਿਚ ਵਿਰੋਧ ਹੋਏਗਾ ਹੀ ਹੋਏਗਾ, ਇਹ ਗੱਲ ਫਿਲਮ ਬਣਾਉਣ ਵਾਲੇ ਫਿਲਮ ਬਣਾਉਣ ਵੇਲੇ ਤੋਂ ਹੀ ਜਾਣਦੇ ਹਨ।




ਹੁਣ ਮੁੱਦੇ ਦੀ ਗੱਲ- ਗੱਲ ਫਿਰ ਤੁਹਾਨੂੰ ਭੈੜੀ ਲੱਗਣੀ ਵੀ ਮੈਂ ਅਜਿਹੀਆਂ ਗੱਲਾਂ ਹੀ ਕਿਉਂ ਕਰਦਾ ਹਾਂ, ਪਰ ਕਰਨੀ ਬਣਦੀ ਹੈ ਕਿ ਐਮਰਜੈਂਸੀ ਦੀ ਘਟਨਾ ਦਾ ਜਿਸ ਹਵਾਲੇ ਨਾਲ ਅਸੀਂ ਵਿਰੋਧ ਕਰ ਰਹੇ ਹਾਂ, ਉਹ ਪਹਿਲਾਂ ਹੀ ਕਿਤਾਬੀ ਰੂਪ ਵਿਚ ਭਾਰਤ ਦੇ ਬੌਧਿਕ ਵਰਗ ਵਿਚ ਸਥਾਪਿਤ ਕੀਤਾ ਜਾ ਚੁੱਕਾ ਹੈ। ਤੁਸੀਂ ਅੰਗਰੇਜ਼ੀ/ਹਿੰਦੀ ਦੀ ਸ਼ਾਇਦ ਹੀ ਕੋਈ ਕਿਤਾਬ ਅਜਿਹੀ ਲੱਭ ਸਕੋਗੇ, ਜਿਸ ਵਿਚ ਐਮਰਜੈਂਸੀ ਦਾ ਸਿੱਖ/ਪੰਜਾਬ ਜਾਂ ਅਕਾਲੀ ਪੱਖ/ਸਮਝ ਜਾਂ ਘੱਟੋ-ਘੱਟ ਠੋਸ ਬਿਆਨ ਹੀ ਸ਼ਾਮਲ ਕੀਤਾ ਗਿਆ ਹੋਏ। ਇਸ ਪੱਖ ਤੋਂ ਇਹ ਫਿਲਮ ਬਿਰਤਾਂਤ ਦਾ ਮਹਿਜ਼ ਇੱਕ ਹੋਰ ਨਮੂਨਾ ਹੈ, ਇਹੋ ਜੇ ਹੋਰ ਕਈ ਨਮੂਨੇ ਤੁਹਾਡੇ ਵਿਰੋਧ ਤੋਂ ਪਹਿਲਾਂ ਹੀ ਗੈਰ ਪੰਜਾਬੀ ਪੱਟੀ ਅੰਦਰ ਸਟੇਟ ਵੱਲੋਂ ਭਾਰੂ ਕਰਵਾ ਦਿੱਤੇ ਗਏ ਹਨ ਤੇ ਉਸ ਵਕਤ ਤੁਸੀਂ ਸਾਰੇ ਚੁੱਪ ਸੀ।

ਹੁਣ ਕੀ ਕੀਤਾ ਜਾਏ- ਸਵਾਲ ਇਹ ਹੈ ਕਿ ਕੀ ਅਜਿਹੀਆਂ ਫਿਲਮਾਂ ਜਾਂ ਘਟਨਾਵਾਂ ਦਾ ਵਿਰੋਧ ਨਾ ਕੀਤਾ ਜਾਏ ? ਬਿਲਕੁਲ ਕੀਤਾ ਜਾਏ। ਵਿਰੋਧ ਕਰਨਾ ਜ਼ਰੂਰੀ ਹੈ। ਪਰ ਇਸ ਅਧਾਰ ਤੇ ਕਿ ਵਿਰੋਧ ਸਿਰਫ ਵਿਰੋਧ ਬਣ ਕੇ ਨਾ ਰਹਿ ਜਾਏ। ਸਾਡੇ ਵਿਰੋਧ ਵਿੱਚ ਬਿਰਤਾਂਤ ਭੰਨਣ ਦੀ ਸਮਰੱਥਾ ਹੋਏ ਤੇ ਉਹ ਬਿਰਤਾਂਤ ਪੰਜਾਬ ਜਾਂ ਸਿੱਖ ਮਾਨਸਿਕਤਾ ਨੂੰ ਧਿਆਨ ਵਿਚ ਰੱਖ ਕੇ ਨਾ ਸਿਰਜਿਆ ਜਾਂ ਪੇਸ਼ ਕੀਤਾ ਜਾਏ, ਬਲਕਿ ਜਿਸ ਸਮਾਜ ਤੇ ਲੋਕ ਮਨ ਲਈ ਨੇਸ਼ਨ/ਸਟੇਟ ਹੁਣ ਇਹ ਕਾਰਜ ਕਰਦੀ ਹੈ, ਉਨ੍ਹਾਂ ਨੂੰ ਮੁੱਖ ਰੱਖ ਕੇ ਕੀਤਾ ਜਾਏ।

ਪਰਮਿੰਦਰ ਸਿੰਘ ਸ਼ੌਂਕੀ

# ਭਾਈ ਪੰਜਵੜ ਦੀ ਤਸਵੀਰ ਸਿੱਖ ਅਜਾਇਬ ਘਰ ਵਿਚ ਨਾ ਲਗਾਉ

## ✪ ਸਾਬਕਾ ਖਾੜਕੂਆਂ ਤੇ ਹੋਰਨਾਂ ਵਲੋਂ ਅਕਾਲ ਤਖਤ ਸਾਹਿਬ ਨੂੰ ਅਪੀਲ



ਅੰਮ੍ਰਿਤਸਰ-ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਾਬਕਾ ਸੀਨੀਅਰ ਆਗੂਆਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਮੰਗ ਪੱਤਰ ਸੌਂਪ ਕੇ ਇੱਕ ਨਾਮਵਰ ਖਾੜਕੂ ਜਥੇਬੰਦੀ ਦੇ ਮੁਖੀ ਰਹੇ ਸ਼ਹੀਦ ਭਾਈ ਪਰਮਜੀਤ ਸਿੰਘ ਪੰਜਵੜ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਉਣ ਦੀ ਤਜਵੀਜ਼ ਦਾ ਵਿਰੋਧ ਕਰਦਿਆਂ ਇਸ ਫੈਸਲੇ ’ਤੇ ਮੁੜ ਵਿਚਾਰ ਕੀਤੇ ਜਾਣ ਦੀ ਮੰਗ ਕੀਤੀ ਹੈ। ਤਤਕਾਲੀ ਫੈਡਰੇਸ਼ਨ ਆਗੂਆਂ ਦੀ ਇਸ ਮੰਗ ਨਾਲ ਪੰਥਕ ਖਾਸਕਰ ਗਰਮ ਖਿਆਲੀ ਹਲਕਿਆਂ ਵਿਚ ਇਕ ਨਵਾਂ ਵਿਵਾਦ ਛਿੜ ਗਿਆ ਹੈ।

ਫੈਡਰੇਸ਼ਨ ਦੇ ਸਾਬਕਾ ਕਾਰਜਕਾਰੀ ਪ੍ਰਧਾਨ ਡਾ: ਭਗਵਾਨ ਸਿੰਘ ਤੇ ਸਾਬਕਾ ਆਗੂਆਂ ਤਜਿੰਦਰਪਾਲ ਸਿੰਘ ਟਿੰਮਾ, ਸਵਰਨ ਸਿੰਘ ਖ਼ਾਲਸਾ, ਪ੍ਰੋ: ਕੁਲਬੀਰ ਸਿੰਘ ਤੇ ਰਣਜੀਤ ਸਿੰਘ ਰਾਣਾ, ਪਿਬਪਾਲ ਸਿੰਘ ਤੇ ਸ਼ਹੀਦ ਭਾਈ ਹਰਮਿੰਦਰ ਸਿੰਘ ਦੇ ਭਰਾਤਾ ਉਪਕਾਰ ਸਿੰਘ ਆਦਿ ਆਗੂਆਂ ਵਲੋਂ ਅੱਜ ਅਕਾਲ ਤਖਤ ਸਕੱਤਰੇਤ ਵਿਖੇ ਜਥੇਦਾਰ ਦੇ ਨਾਮ ਉਕਤ ਮੰਗ ਪੱਤਰ ਸੌਂਪਿਆ।ਇਸ ਉਪਰੰਤ ਤਜਿੰਦਰਪਾਲ ਸਿੰਘ ਟਿੰਮਾ ਨੇ ਕਿਹਾ ਕਿ ਪਿਛਲੇ ਦਿਨੀਂ ਪੰਥ ਦੀ ਮਹਾਨ ਸ਼ਖ਼ਸੀਅਤ ਭਾਈ ਗਜਿੰਦਰ ਸਿੰਘ ਨਮਿੱਤ ਪਾਠ ਦੇ ਭੋਗ ਮੌਕੇ ਜਥੇਦਾਰ ਸਾਹਿਬ ਨੇ ਉਨ੍ਹਾਂ ਸਮੇਤ ਦੋ ਹੋਰ ਸਿੱਖ ਸ਼ਖ਼ਸੀਅਤਾਂ ਹਰਦੀਪ ਸਿੰਘ ਨਿੱਝਰ ਤੇ ਪਰਮਜੀਤ ਸਿੰਘ ਪੰਜਵੜ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਗਾਏ ਜਾਣ ਲਈ ਸ਼੍ਰੋਮਣੀ ਕਮੇਟੀ ਨੂੰ ਤਾਕੀਦ ਕੀਤੀ ਸੀ।

ਉਨ੍ਹਾਂ ਕਿਹਾ ਕਿ ਬਾਕੀ ਦੋਵਾਂ ਸ਼ਖ਼ਸੀਅਤਾਂ ਦੀਆਂ ਤਸਵੀਰਾਂ ਅਜਾਇਬ ਘਰ ਵਿਖੇ ਲਾਏ ਜਾਣ ਦਾ ਫੈਸਲਾ ਸ਼ਲਾਘਾਯੋਗ ਹੈ, ਪਰ ਭਾਈ ਪੰਜਵੜ ਦੀ ਤਸਵੀਰ ਅਜਾਇਬ ਘਰ ਵਿਖੇ ਨਹੀਂ ਲਗਾਈ ਜਾਣੀ ਚਾਹੀਦੀ। ਇਥੇ ਜ਼ਿਕਰਯੋਗ ਹੈ ਕਿ ਖਾਲਿਸਤਾਨ ਕਮਾਂਡੋ ਫੋਰਸ ਦੇ ਮੁਖੀ ਭਾਈ ਪਰਮਜੀਤ ਸਿੰਘ ਪੰਜਵੜ ਨੂੰ ਪਿਛਲੇ ਸਮੇਂ ਦੌਰਾਨ ਲਾਹੌਰ (ਪਾਕਿਸਤਾਨ) ਵਿਖੇ ਅਣਪਛਾਤੇ ਵਿਅਕਤੀਆਂ ਵਲੋਂ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ ਗਿਆ ਸੀ।

# ਕਾਲਾ ਸੰਘਿਆਂ ਵਿਖੇ ਲੁਟੇਰਿਆਂ ਨੇ ਲੁਟਣ ਲਈ ਦੁਕਾਨਦਾਰ ’ਤੇ ਕੀਤੀ ਫਾਇਰਿੰਗ

## ✪ ਨਿਹੰਗ ਸਿੰਘ ਨੇ ਇਕ ਲੁਟੇਰਾ ਕੀਤਾ ਕਾਬੂ



ਕਾਲਾ ਸੰਘਿਆਂ-ਜਲੰਧਰ ਰੋਡ ਕਾਲਾ ਸੰਘਿਆਂ ਵਿਖੇ ਰਾਤ ਦੌਰਾਨ ਦੋ ਲੁਟੇਰਿਆਂ ਵੱਲੋਂ ਇਕ ਕਰਿਆਨਾ ਦੁਕਾਨਦਾਰ ਰਾਜੂ ਸਪਰਾ ਦੀ ਦੁਕਾਨ ਵਿਚ ਵੜ ਕੇ ਗੋਲ਼ੀਆਂ ਚਲਾ ਕੇ ਦੁਕਾਨਦਾਰ ਨੂੰ ਗੰਭੀਰ ਰੂਪ ’ਚ ਜ਼ਖਮੀ ਕਰ ਦਿੱਤਾ। ਲੁਟੇਰਿਆਂ ਨਾਲ ਗੁੱਥਮ-ਗੁਥਾ ਹੁੰਦਿਆਂ ਵੇਖ ਨੇੜਿਓਂ ਲੰਘ ਰਹੇ ਨਿਹੰਗ ਸਿੰਘ ਜਥੇਦਾਰ ਹਰੀ ਸਿੰਘ ਕਲਿਆਣਪੁਰ ਵਾਲਿਆਂ ਵੱਲੋਂ ਉਕਤ ਮੁਲਜ਼ਮ ਨੌਜਵਾਨਾਂ ਨੂੰ ਕਾਬੂ ਕਰਨ ਦਾ ਯਤਨ ਕੀਤਾ ਤਾਂ ਲੁਟੇਰਿਆਂ ਨੇ ਉਸ ਉੱਪਰ ਵੀ ਹਮਲਾ ਕਰ ਦਿੱਤਾ। ਇਕ ਲੁਟੇਰੇ ਨੂੰ ਤਾਂ ਦੁਕਾਨਦਾਰ ਤੇ ਨਿਹੰਗ ਸਿੰਘਾਂ ਨੇ ਮੋਟਰਸਾਈਕਲ ਸਮੇਤ ਕਾਬੂ ਕਰ ਲਿਆ ਪਰ ਦੂਜਾ ਫ਼ਰਾਰ ਹੋ ਗਿਆ। ਫ਼ਰਾਰ ਹੋਣ ਮੌਕੇ ਉਸ ਲੁਟੇਰੇ ਨੇ ਨਿਹੰਗ ’ਤੇ ਵੀ ਗੋਲ਼ੀ ਚਲਾਈ ਪਰ ਬਚਾਅ ਹੋ ਗਿਆ।

ਇਸ ਘਟਨਾ ਦੇ ਵਿੱਚ ਕੁਲ ਤਿੰਨ ਫਾਇਰ ਹੋਣ ਦੀ ਗੱਲ ਸਾਹਮਣੇ ਆ ਰਹੀ ਹੈ। ਕਾਬੂ ਕੀਤੇ ਲੁਟੇਰੇ ਤੋਂ ਜਦੋਂ ਇਕੱਤਰ ਲੋਕਾਂ ਨੇ ਸਖ਼ਤੀ ਨਾਲ ਪੁੱਛਗਿੱਛ ਕੀਤੀ ਤਾਂ ਉਸ ਨੇ ਆਪਣਾ ਨਾਂ ਦਲਜੀਤ ਪੰਮਾ ਪੁੱਤਰ ਰਣਜੀਤ ਸਿੰਘ ਵਾਸੀ ਪਿੰਡ ਔਜਲਾ ਦੱਸਿਆ ਤੇ ਫ਼ਰਾਰ ਹੋਏ ਸਾਥੀ ਲੁਟੇਰੇ ਰਾਜੂ ਵਾਸੀ ਅਹਿਮਦਪੁਰ ਜ਼ਿਲ੍ਹਾ ਕਪੂਰਥਲਾ ਨੇੜੇ ਪਿੰਡ ਭੇਟਾਂ ਦਾ ਦੱਸਿਆ।

ਘਟਨਾ ਦੀ ਸੂਚਨਾ ਮਿਲਦਿਆਂ ਹੀ ਮੌਕੇ ’ਤੇ ਡੀਐਸਪੀ ਸਬ ਡਵੀਜ਼ਨ ਕਪੂਰਥਲਾ ਹਰਪ੍ਰੀਤ ਸਿੰਘ, ਥਾਣਾ ਸਦਰ ਮੁਖੀ ਸੋਨਮਦੀਪ ਕੌਰ ਤੇ ਸਥਾਨਕ ਚੌਂਕੀ ਇੰਚਾਰਜ ਅਮਰਜੀਤ ਸਿੰਘ ਸਮੇਤ ਪੁਲਿਸ ਪਾਰਟੀ ਪੁਹੰਚੇ। ਲੋਕਾਂ ਨੇ ਕਾਬੂ ਕੀਤਾ ਲੁਟੇਰਾ ਤੇ ਮੋਟਰਸਾਈਕਲ ਪੁਲਿਸ ਹਵਾਲੇ ਕੀਤਾ। ਘਟਨਾ ’ਚ ਜ਼ਖ਼ਮੀ ਦੁਕਾਨਦਾਰ ਨੂੰ ਜਲੰਧਰ ਦੇ ਨਿੱਜੀ ਹਸਪਤਾਲ ਵਿੱਚ ਜੇਰੇ ਇਲਾਜ਼ ਹੈ।

ਇਸ ਸਬੰਧੀ ਥਾਣਾ ਸਦਰ ਮੁਖੀ ਇੰਸਪੈਕਟਰ ਸੋਨਮਦੀਪ ਕੌਰ ਨੇ ਦੱਸਿਆ ਕਿ ਫ਼ਰਾਰ ਲੁਟੇਰੇ ਦੀ ਭਾਲ਼ ਵਿੱਚ ਛਾਪੇਮਾਰੀ ਕੀਤੀ ਜਾ ਰਹੀ ਹੈ ਅਤੇ ਇਰਾਦਾ ਕਤਲ ਸਮੇਤ ਹੋਰ ਧਾਰਾਵਾਂ ਤਹਿਤ ਇਹਨਾਂ ਦੋਹਾਂ ਤੇ ਮਾਮਲਾ ਦਰਜ਼ ਕੀਤਾ ਜਾ ਰਿਹਾ ਹੈ। ਥਾਣਾ ਮੁਖੀ ਨੇ ਕਿਹਾ ਕਿ ਕਾਬੂ ਕੀਤੇ ਵਿਅਕਤੀ ਤੇ ਪਹਿਲਾਂ ਵੀ ਵੱਖ ਵੱਖ ਧਾਰਾਵਾਂ 5 ਮੁਕੱਦਮੇ ਦਰਜ ਹਨ ਅਤੇ ਇਹ ਮੁਲਜ਼ਮ ਕੁਝ ਸਮਾਂ ਪਹਿਲਾਂ ਹੀ ਜੇਲ੍ਹ ਤੋਂ ਬਾਹਰ ਆਇਆ ਹੈ। ਉਹਨਾਂ ਕਿਹਾ ਇਸ ਤੋਂ ਹੋਰ ਪੁੱਛਗਿੱਛ ਕੀਤੀ ਜਾਵੇਗੀ ਤੇ ਦੂਜੇ ਲੁਟੇਰੇ ਨੂੰ ਜ਼ਲਦ ਹੀ ਕਾਬੂ ਕਰ ਲਿਆ ਜਾਵੇਗਾ।

## ਬਲਾਤਕਾਰ ਪੀੜਤ ਲੜਕੀ ਵਲੋਂ ਖ਼ੁਦਕੁਸ਼ੀ

### ✪ ਤਿੰਨ ਦੋਸ਼ੀਆਂ ਉਪਰ ਹੋਇਆ ਸੀ ਕੇਸ ਦਰਜ

ਮਾਨਸਾ-ਜ਼ਿਲ੍ਹੇ ਦੇ ਕਸਬਾ ਝੁਨੀਰ ਨੇੜਲੇ ਇਕ ਪਿੰਡ ਦੀ ਜਬਰ ਜਨਾਹ ਪੀੜਤ ਲੜਕੀ ਵਲੋਂ ਖ਼ੁਦਕੁਸ਼ੀ ਕਰ ਲੈਣ ਦੀ ਖ਼ਬਰ ਹੈ। ਜਾਣਕਾਰੀ ਅਨੁਸਾਰ ਲੰਘੀ 19 ਅਗਸਤ ਨੂੰ ਇਕ ਲੜਕੀ ਨਾਲ 3 ਨੌਜਵਾਨਾਂ ਵਲੋਂ ਜਬਰ ਜਨਾਹ ਕੀਤਾ ਗਿਆ ਸੀ। ਮਾਮਲਾ ਸਾਹਮਣੇ ਆਉਣ ’ਤੇ ਥਾਣਾ ਝੁਨੀਰ ਪੁਲਿਸ ਵਲੋਂ ਪਰਮਜੀਤ ਸਿੰਘ ਵਾਸੀ ਚੈਨੇਵਾਲਾ ਤੇ ਉਸ ਦੇ 2 ਸਾਥੀਆਂ ’ਤੇ ਮੁਕੱਦਮਾ ਦਰਜ ਕੀਤਾ ਗਿਆ ਸੀ। ਮਾਨਸਿਕ ਪ੍ਰੇਸ਼ਾਨੀ ਦੇ ਚਲਦਿਆਂ ਪੀੜਤਾ ਨੇ ਬੀਤੇ ਦਿਨੀਂ ਖ਼ੁਦਕੁਸ਼ੀ ਕਰ ਲਈ ਹੈ।

ਪੁਲਿਸ ਵਲੋਂ ਪੋਸਟਮਾਰਟਮ ਕਰਵਾਉਣ ਉਪਰੰਤ ਧਾਰਾ 174 ਅਧੀਨ ਕਾਰਵਾਈ ਕੀਤੀ ਗਈ ਹੈ, ਜਦਕਿ ਜਬਰ ਜਨਾਹ ਦੇ ਮਾਮਲੇ ਵਿਚ ਬਲਜੀਤ ਸਿੰਘ ਤੇ ਜਸਪ੍ਰੀਤ ਸਿੰਘ ਨੂੰ ਵੀ ਨਾਮਜ਼ਦ ਕੀਤਾ ਗਿਆ ਹੈ। ਸੋਸ਼ਲ ਮੀਡੀਆ ’ਤੇ ਮਿਬਕਾ ਦੀਆਂ ਤਸਵੀਰਾਂ ਵਾਇਰਲ ਹੋ ਰਹੀਆਂ ਹਨ, ਜਿਸ ਨਾਲ ਲਿਖਿਆ ਗਿਆ ਹੈ ਕਿ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੇ ਨਾਲ ਹੀ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

## ਰੂਹਾਨੀ ਸ਼ਰਮਾ ਦੀ ਫਿਲਮ ‘ਆਗਰਾ’ ਦੇ ਦ੍ਰਿਸ਼ਾਂ ਨਾਲ ਮਚਿਆ ਹੰਗਾਮਾ



ਮਾਡਲਿੰਗ ਤੋਂ ਐਕਟਿੰਗ ਦੀ ਦੁਨੀਆ ਵਿਚ ਐਂਟਰੀ ਕਰਨ ਵਾਲੀ ਰੂਹਾਨੀ ਸ਼ਰਮਾ ਆਪਣੇ ਬੋਲਡ ਸੀਨਾਂ ਕਾਰਣ ਕਾਫੀ ਚਰਚਾ ਵਿਚ ਹੈ। ਦਰਅਸਲ, ਉਸ ਦੀ ਫਿਲਮ ‘ਆਗਰਾ’ ਦੇ ਕੁਝ ਸੀਨ ਇੰਟਰਨੈੱਟ ’ਤੇ ਲੀਕ ਹੋ ਗਏ ਸਨ। ਇਹ ਫਿਲਮ ਵਿਚ ਕੀਤੇ ਗਏ ਰੂਹਾਨੀ ਦੇ ਇੰਟੀਮੇਟ ਸੀਨ ਸਨ ਲੋਕਾਂ ਨੇ ਰੂਹਾਨੀ ਨੂੰ ਬੁਰੀ ਤਰ੍ਹਾਂ ਟ੍ਰੋਲ ਕੀਤਾ। ਇਸ ਦੇ ਲਈ ਅਭਿਨੇਤਰੀ ਅੱਗੇ ਆਈ ਤੇ ਆਪਣਾ ਪੱਖ ਰੱਖਿਆ। ਉਸ ਨੇ ਐਕਸ ਪੋਸਟ ’ਚ ਲਿਖਿਆ, ‘ਫਿਲਮ ਆਗਰਾ ਦੇ ਸੀਨ ਲੀਕ ਹੋਣ ਤੋਂ ਬਾਅਦ ਮੈਂ ਨਿਰਾਸ਼ ਹਾਂ। ਕਈ ਮਹੀਨਿਆਂ ਦੀ ਸਖ਼ਤ ਮਿਹਨਤ ਤੋਂ ਬਾਅਦ ਅਜਿਹਾ ਕੁਝ ਹੁੰਦਾ ਦੇਖ ਕੇ ਦਿਲ ਟੁੱਟ ਜਾਂਦਾ ਹੈ। ਸਮਰਪਣ ਤੇ ਜਨੂੰਨ ਨੂੰ ਇਸ ਤਰ੍ਹਾਂ ਅਣਗੌਲਿਆ ਕੀਤਾ ਜਾ ਰਿਹਾ ਹੈ। ਇਕ ਆਰਟ ਫਿਲਮ ਬਣਾਉਣਾ ਅਣਗਿਣਤ ਚੁਣੌਤੀਆਂ ਨਾਲ ਭਰਿਆ ਇੱਕ ਸਫ਼ਰ ਹੈ। ਉਨ੍ਹਾਂ ਨੇ ਟ੍ਰੋਲ ਕਰਨ ਵਾਲਿਆਂ ਨੂੰ ਜਵਾਬ ਦਿੱਤਾ ਕਿ ਉਨ੍ਹਾਂ ਨੂੰ ਆਪਣੀ ਪਸੰਦ ਦਾ ਰੋਲ ਕਰਨ ਦਾ ਅਧਿਕਾਰ ਹੈ।’

ਰੂਹਾਨੀ ਸ਼ਰਮਾ ਦਾ ਜਨਮ ਹਿਮਾਚਲ ਪ੍ਰਦੇਸ਼ ਦੇ ਸੋਲਨ ਵਿਚ ਹੋਇਆ ਸੀ। ਉਸ ਨੇ ਆਪਣੇ ਫਿਲਮੀ ਕਰੀਅਰ ਦੀ ਸ਼ੁਰੂਆਤ ਸਾਊਥ ਤੋਂ ਕੀਤੀ ਸੀ। ਰੂਹਾਨੀ ਆਪਣੇ ਬੋਲਡ ਲੁੱਕ ਤੇ ਹੌਟਨੈੱਸ ਲਈ ਜਾਣੀ ਜਾਂਦੀ ਹੈ। ਉਨ੍ਹਾਂ ਦੀ ਪਹਿਲੀ ਫਿਲਮ 2017 ਵਿਚ ਰਿਲੀਜ਼ ਹੋਈ ਸੀ ਜੋ ਤੇਲਗੂ ’ਚ ਸੀ। ‘ਆਗਰਾ’ ਕੰਨੂ ਬਹਿਲ ਦੇ ਨਿਰਦੇਸ਼ਨ ਹੇਠ ਬਣੀ ਪਹਿਲੀ ਹਿੰਦੀ ਫ਼ਿਲਮ ਸੀ। ਮਈ 2023 ਵਿਚ ਰਿਲੀਜ਼ ਹੋਈ, ਇਸ ਫਿਲਮ ਨੂੰ ਕਾਂਸ ਵਿਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਉਨ੍ਹਾਂ ਦੀ ਪਿਛਲੀ ਬਾਲੀਵੁੱਡ ਫਿਲਮ ‘ਬਲੈਕਆਊਟ’ ਜੂਨ 2014 ਵਿਚ ਰਿਲੀਜ਼ ਹੋਈ ਸੀ। ਰੂਹਾਨੀ ਆਪਣੇ ਬੋਲਡ ਲੁੱਕ ਤੇ ਹੌਟਨੈੱਸ ਲਈ ਜਾਣੀ ਜਾਂਦੀ ਹੈ। ਉਸ ਦੀ ਪਹਿਲੀ ਫਿਲਮ 2017 ਵਿਚ ਰਿਲੀਜ਼ ਹੋਈ ਸੀ ਜੋ ਤੇਲਗੂ ’ਚ ਸੀ। ’ਆਗਰਾ’ ਕੰਨੂ ਬਹਿਲ ਦੇ ਨਿਰਦੇਸ਼ਨ ਹੇਠ ਬਣੀ ਪਹਿਲੀ ਹਿੰਦੀ ਫ਼ਿਲਮ ਸੀ। ਮਈ 2023 ਵਿਚ ਰਿਲੀਜ਼ ਹੋਈ ਇਸ ਫਿਲਮ ਨੂੰ ਕਾਂਸ ’ਚ ਵੀ ਪ੍ਰਦਰਸ਼ਿਤ ਕੀਤਾ ਗਿਆ ਸੀ। ਉਨ੍ਹਾਂ ਦੀ ਪਿਛਲੀ ਬਾਲੀਵੁੱਡ ਫਿਲਮ ‘ਬਲੈਕਆਊਟ’ ਜੂਨ 2014 ਵਿਚ ਰਿਲੀਜ਼ ਹੋਈ ਸੀ।

## ਸਭ ਤੋਂ ਵੱਧ ’100 ਕਰੋੜੀ’ ਫ਼ਿਲਮਾਂ ਦੇਣ ਵਾਲੀ ਕਲਾਕਾਰ ਦੀਪਿਕਾ ਪਾਦੂਕੋਣ



ਇਸ ਸਾਲ 27 ਜੂਨ ਨੂੰ ਰਿਲੀਜ਼ ਪੈਨ ਇੰਡੀਆ ਫ਼ਿਲਮ ‘ਕਲਕੀ 2898 ਏ.ਡੀ.’ ਟਿਕਟ ਖਿੜਕੀ ’ਤੇ ਸੁਪਰ ਡੁਪਰ ਹਿੱਟ ਸਾਬਤ ਹੋਈ ਹੈ। ਆਲੋਚਕ ਅਤੇ ਦਰਸ਼ਕ ਸਭ ਨੇ ਇਸ ਐਕਸ਼ਨ ਨਾਲ ਭਰਪੂਰ ਫ਼ਿਲਮ ਵਿਚ ਦੀਪਿਕਾ ਦੀ ਸ਼ਾਨਦਾਰ ਪੇਸ਼ਕਾਰੀ ਲਈ ਹਰ ਕਿਸੇ ਨੇ ਉਸ ਦੀ ਜੰਮ ਕੇ ਤਾਰੀਫ਼ ਕੀਤੀ। ਦੀਪਿਕਾ ਵਾਰ-ਵਾਰ ਆਪਣੀਆਂ ਫ਼ਿਲਮਾਂ ਜ਼ਰੀਏ ਸਾਬਤ ਕਰਦੀ ਰਹੀ ਹੈ ਕਿ ਉਸ ਵਿਚ ਇਕੱਲਿਆਂ ਆਪਣੇ ਦਮ ’ਤੇ ਫ਼ਿਲਮਾਂ ਹਿੱਟ ਕਰਾਉਣ ਦਾ ਦਮ ਹੈ। ਇਹੀ ਵਜ੍ਹਾ ਹੈ ਕਿ ਸਭ ਤੋਂ ਜ਼ਿਆਦਾ 100 ਕਰੋੜੀ ਫ਼ਿਲਮਾਂ ਦੇਣ ਵਾਲੀ ਅਦਾਕਾਰਾ ਦਾ ਖ਼ਿਤਾਬ ਉਸ ਦੇ ਨਾਂਅ ਹੈ। ਹਿੰਦੀ ਸਿਨੇਮਾ ਵਿਚ ਦੀਪਿਕਾ ਪਾਦੂਕੋਣ ਨੇ ਸ਼ਾਹਰੁਖ ਖਾਨ ਦੀ ਫ਼ਿਲਮ ‘ਓਮ ਸ਼ਾਂਤੀ ਓਮ’ (2007) ਨਾਲ ਡੈਬਿਊ ਕੀਤਾ ਸੀ। ਫ਼ਿਲਮ ’ਜਵਾਨ’ (2023) ਵਿਚ ਭਾਵੇਂ ਦੀਪਿਕਾ ਦੀ ਭੂਮਿਕਾ ਛੋਟੀ ਸੀ, ਪਰ ਫ਼ਿਲਮ ਦੀ ਮੂਲ ਕੜੀ, ਦੀਪਿਕਾ ਦਾ ਕਿਰਦਾਰ ਹੀ ਸੀ। ਜਿਥੋਂ ਤੱਕ ਦੀਪਿਕਾ ਦੀਆਂ ਹਿੰਦੀ ਫ਼ਿਲਮਾਂ ਦੀ ਗੱਲ ਹੈ, ਇਨ੍ਹਾਂ ਵਿਚੋਂ 10 ਫ਼ਿਲਮਾਂ ਇਸ ਤਰ੍ਹਾਂ ਦੀਆਂ ਰਹੀਆਂ ਹਨ, ਜਿਨ੍ਹਾਂ ਨੇ ਘਰੇਲੂ ਟਿਕਟ ਖਿੜਕੀ ’ਤੇ 100 ਕਰੋੜ ਤੋਂ ਜ਼ਿਆਦਾ ਦੀ ਕਮਾਈ ਕੀਤੀ ਹੈ।

ਮੂਲ ਰੂਪ ਵਿਚ ਤੇਲਗੂ ਵਿਚ ਬਣੀ ਪੈਨ ਇੰਡੀਆ ਸਾਇੰਸ ਆਧਾਰਿਤ ਕਹਾਣੀ ’ਤੇ ਫ਼ਿਲਮ ’ਕਲਕੀ 2898 ਏ.ਡੀ.’ ਵਿਚ ਦੀਪਿਕਾ ਪਹਿਲੀ ਵਾਰ ਦੱਖਣ ਦੇ ਸੁਪਰ ਸਟਾਰ ਪ੍ਰਭਾਸ ਨਾਲ ਦਿਖਾਈ ਦਿੱਤੀ। ਫ਼ਿਲਮ ਵਿਚ ਅਮਿਤਾਭ ਬੱਚਨ, ਕਮਲ ਹਸਨ ਵੀ ਅਹਿਮ ਭੂਮਿਕਾ ਵਿਚ ਨਜ਼ਰ ਆਏ, ਪਰ ਦੀਪਿਕਾ ਦੀ ਸ਼ਾਨਦਾਰ ਪੇਸ਼ਕਾਰੀ ਨੇ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ। ‘ਜਵਾਨ’, ‘ਪਠਾਨ’ ਅਤੇ ‘ਫਾਈਟਰ’ ਵਰਗੀਆਂ ਫ਼ਿਲਮਾਂ ਵਿਚ ਦੀਪਿਕਾ ਪਾਦੂਕੋਣ ਦੀ ਐਕਟਿੰਗ ਅਤੇ ਪੇਸ਼ਕਾਰੀ ਨੂੰ ਖ਼ੂਬ ਸਰਾਹਿਆ ਗਿਆ। ਪ੍ਰਸੰਸਕ ਇਕ ਲੰਮੇ ਸਮੇਂ ਤੋਂ ਰੋਹਿਤ ਸ਼ੈਟੀ ਦੇ ਕਾਪ ਯੂਨੀਵਰਸ ਦੀ ਪੰਜਵੀਂ ਫ਼ਿਲਮ ‘ਸਿੰਘਮ ਅਗੇਨ’ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਇਸ ਫ਼ਿਲਮ ਵਿਚ ਦੀਪਿਕਾ ਤੋਂ ਇਲਾਵਾ ਅਜੈ ਦੇਵਗਨ, ਕਰੀਨਾ ਕਪੂਰ ਖਾਨ, ਰਣਵੀਰ ਸਿੰਘ, ਅਕਸ਼ੈ ਕੁਮਾਰ ਵਰਗੇ ਕਲਾਕਾਰ ਧਮਾਲ ਮਚਾਉਂਦੇ ਨਜ਼ਰ ਆਉਣਗੇ।

ਕਰਾਈਮ ਨਿਊਜ਼

## ਬੇਰੁਜ਼ਗਾਰੀ ਕਾਰਣ ਨੌਜਵਾਨ ਨੇ ਕੈਨੇਡਾ ਵਿਚ ਫਾਹਾ ਲਿਆ

✪ ਜ਼ਮੀਨ ਵੇਚਕੇ ਪਰਿਵਾਰ ਨਾਲ ਪਹੁੰਚਿਆ ਸੀ ਕੈਨੇਡਾ!

ਮੋਹਾਲੀ-ਜ਼ਮੀਨ ਵੇਚ ਕੇ ਨੌਜਵਾਨ ਚੰਗੇ ਭਵਿੱਖ ਦੇ ਲਈ ਕੈਨੇਡਾ ਪਹੁੰਚੇ ਮੋਗਾ ਦੇ ਰਹਿਣ ਵਾਲੇ ਸੁਖਪ੍ਰੀਤ ਸਿੰਘ ਦੇ ਵੱਲੋਂ ਉੱਥੇ ਬੇਰੁਜ਼ਗਾਰੀ ਕਾਰਣ ਆਪਣੀ ਜੀਵਨ ਲੀਲਾ ਖਤਮ ਕਰ ਲਈ ਗਈ ਹੈ। ਉਹ ਪਿੰਡ ਚੜਿੱਕ ਦਾ ਰਹਿਣ ਵਾਲਾ ਸੀ ਅਤੇ ਕੈਨੇਡਾ ਦਾ ਆਰਜ਼ੀ ਵੀਜ਼ਾ ਲੈ ਕੇ ਕੁਝ ਮਹੀਨੇ ਪਹਿਲਾਂ ਆਪਣੀ ਪਤਨੀ ਅਤੇ ਪੁੱਤਰ ਸੁਖਪ੍ਰੀਤ ਨਾਲ ਕੈਨੇਡਾ ਗਿਆ ਸੀ। ਬੀਤੇ ਦਿਨੀ ਸੁਖਪ੍ਰੀਤ ਟੋਰਾਂਟੋ ਦੇ ਮਾਲਟਨ ਇਲਾਕੇ ਵਿੱਚ ਦਰੱਖਤ ਨਾਲ ਲਟਕਿਆ ਹੋਇਆ ਮਿਲਿਆ। ਮ੍ਰਿਤਕ ਦਾ ਸਸਕਾਰ ਕਰਨ ਦੇ ਲਈ ਵੀ ਪਰਿਵਾਰ ਨੂੰ ਲੋਕਾਂ ਦੀ ਮਦਦ ਮੰਗਣੀ ਪੈ ਰਹੀ ਹੈ। ਕੈਨੇਡਾ ਵਿੱਚ ਸਖਤ ਵੀਜ਼ਾ ਨਿਯਮ ਅਤੇ ਨੌਕਰੀਆਂ ਦੀਆਂ ਕਮੀਆਂ ਦੀ ਵਜ੍ਹਾ ਕਰਕੇ ਕਈ ਲੋਕ ਮੁਸ਼ਕਿਲ ਤੋਂ ਜੂਝ ਰਹੇ ਹਨ। ਸੁਖਪ੍ਰੀਤ ਵੀ ਉਨ੍ਹਾਂ ਦੇ ਵਿੱਚੋਂ ਇਕ ਸੀ ਜੋ ਆਪਣਾ ਸਾਰਾ ਕੁਝ ਗਵਾ ਕੇ ਜਿਸ ਮੁਲਕ ਵਿੱਚ ਚੰਗੇ ਭਵਿੱਖ ਲਈ ਪਹੁੰਚਿਆ ਸੀ ਉੱਥੇ ਪਹੁੰਚ ਦੇ ਹੀ ਜਦੋਂ ਸੱਚ ਸਾਹਮਣੇ ਆਇਆ ਤਾਂ ਅੱਖਾਂ ਸਾਹਮਣੇ ਹਨੇਰਾ ਛਾਅ ਗਿਆ ਅਤੇ ਫਿਰ ਉਸ ਨੇ ਸਾਰੀਆਂ ਕੋਸ਼ਿਸ਼ਾਂ ਤੋਂ ਬਾਅਦ ਖੌਫਨਾਕ ਕਦਮ ਚੁੱਕਿਆ।

ਸੁਖਪ੍ਰੀਤ ਦੇ ਇਸ ਕਦਮ ਨਾਲ ਨਾ ਸਿਰਫ ਉਸ ਦੀ ਪਤਨੀ ਬਲਕਿ ਛੋਟਾ ਪੁੱਤਰ ਵੀ ਬੇਗਾਨੇ ਮੁਲਕ ਵਿੱਚ ਇਕੱਲਾ ਰਹਿ ਗਿਆ ਹੈ।

# ਔਰਤਾਂ ਵਿਰੁੱਧ ਅਪਰਾਧਿਕ ਮਾਮਲਿਆਂ ਵਿਚ ਭਾਰਤ ਦੇ 151 ਸੰਸਦ ਮੈਂਬਰ, ਵਿਧਾਇਕ ਦੋਸ਼ੀ

## ✪ 16 'ਤੇ ਬਲਾਤਕਾਰ ਦਾ ਦੋਸ਼ ✪ ਭਾਜਪਾ ਲੀਡਰਸ਼ਿਪ ਉਪਰ ਸਭ ਤੋਂ ਵਧ ਦੋਸ਼ ਲੱਗੇ

ਨਵੀਂ ਦਿੱਲੀ-ਭਾਰਤ ਦੇ 151 ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਨੇ ਆਪਣੇ ਚੋਣ ਹਲਫਨਾਮਿਆਂ ਵਿਚ ਔਰਤਾਂ ਵਿਰੁੱਧ ਅਪਰਾਧਾਂ ਨਾਲ ਸਬੰਧਤ ਮਾਮਲਿਆਂ ਦੀ ਜਾਣਕਾਰੀ ਦਿੱਤੀ ਹੈ। ਇਨ੍ਹਾਂ 'ਚੋਂ ਸਭ ਤੋਂ ਵੱਧ ਸੰਸਦ ਮੈਂਬਰ ਤੇ ਵਿਧਾਇਕ ਪੱਛਮੀ ਬੰਗਾਲ ਦੇ ਹਨ। ਇਹ ਜਾਣਕਾਰੀ ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਜ਼ (ਏ. ਡੀ. ਆਰ.) ਦੀ ਇਕ ਰਿਪੋਰਟ ਵਿਚ ਦਿੱਤੀ ਗਈ ਹੈ।

ਏ. ਡੀ. ਆਰ. ਨੇ 2019 ਤੋਂ 2024 ਵਿਚਾਲੇ ਚੋਣਾਂ ਦੌਰਾਨ ਚੋਣ ਕਮਿਸ਼ਨ ਕੋਲ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵੱਲੋਂ ਜਮ੍ਹਾ ਕਰਵਾਏ ਗਏ 4,809 ਹਲਫਨਾਮਿਆਂ 'ਚੋਂ 4,693 ਦੀ ਜਾਂਚ ਕੀਤੀ ਹੈ। ਜਾਂਚ ਦੌਰਾਨ ਅਜਿਹੇ 16 ਸੰਸਦ ਮੈਂਬਰਾਂ ਤੇ 135 ਵਿਧਾਇਕਾਂ ਦੀ ਪਛਾਣ ਕੀਤੀ ਗਈ, ਜੋ ਔਰਤਾਂ ਵਿਰੁੱਧ ਅਪਰਾਧਾਂ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਹਨ। ਰਿਪੋਰਟ ਅਨੁਸਾਰ ਪੱਛਮੀ ਬੰਗਾਲ ਦਾ ਨਾਂ 25 ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਔਰਤਾਂ ਵਿਰੁੱਧ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਕਰ ਕੇ ਸਭ ਤੋਂ ਉੱਪਰ ਹੈ। ਇਸ ਤੋਂ ਬਾਅਦ ਆਂਧਰਾ ਪ੍ਰਦੇਸ਼ ਦਾ 21 ਅਤੇ ਓਡਿਸ਼ਾ ਦਾ 17 ਸੰਸਦ ਮੈਂਬਰਾਂ ਤੇ ਵਿਧਾਇਕਾਂ ਨਾਲ ਅਗਲਾ ਨੰਬਰ ਆਉਂਦਾ ਹੈ।

ਰਿਪੋਰਟ ਅਨੁਸਾਰ 16 ਮੌਜੂਦਾ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਆਈ. ਪੀ. ਸੀ.



ਦੀ ਧਾਰਾ 376 ਅਧੀਨ ਜਬਰ-ਜ਼ਨਾਹ ਦੇ ਮਾਮਲੇ ਦਰਜ ਹਨ। ਇਸ ਜੁਰਮ ਅਧੀਨ ਘੱਟੋ-ਘੱਟ 10 ਸਾਲ ਦੀ ਸਜ਼ਾ ਹੈ, ਜਿਸ ਨੂੰ ਉਮਰ ਕੈਦ ਤੱਕ ਵਧਾਇਆ ਜਾ ਸਕਦਾ ਹੈ। ਇਨ੍ਹਾਂ 'ਚੋਂ 2 ਸੰਸਦ ਮੈਂਬਰ ਅਤੇ 14 ਵਿਧਾਇਕ ਹਨ। ਦੋਸ਼ਾਂ 'ਚ ਇਕ ਹੀ ਪੀੜਤ ਵਿਰੁੱਧ ਵਾਰ-ਵਾਰ ਅਪਰਾਧ ਦੀਆਂ ਘਟਨਾਵਾਂ ਵੀ ਸ਼ਾਮਲ ਹਨ, ਜੋ ਇਨ੍ਹਾਂ ਮਾਮਲਿਆਂ ਦੀ ਗੰਭੀਰਤਾ ਨੂੰ ਦਰਸਾਉਂਦੀਆਂ ਹਨ।

ਏ. ਡੀ. ਆਰ. ਜੋ ਚੋਣ ਸੁਧਾਰਾਂ ਲਈ ਕੰਮ ਕਰ ਰਹੀ ਇਕ ਸੰਸਥਾ ਹੈ, ਨੇ ਸਿਆਸੀ ਪਾਰਟੀਆਂ ਨੂੰ ਅਪਰਾਧਿਕ ਪਿਛੋਕੜ ਵਾਲੇ ਉਮੀਦਵਾਰਾਂ ਖਾਸ ਤੌਰ 'ਤੇ ਔਰਤਾਂ ਵਿਰੁੱਧ ਜਬਰ-ਜ਼ਨਾਹ ਅਤੇ ਹੋਰ ਅਪਰਾਧਾਂ ਦੇ ਦੋਸ਼ਾਂ ਦਾ ਸਾਹਮਣਾ ਕਰਨ ਵਾਲਿਆਂ ਨੂੰ ਟਿਕਟ ਦੇਣ ਤੋਂ ਗੁਰੇਜ਼ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਰਿਪੋਰਟ 'ਚ ਸੰਸਦ ਮੈਂਬਰਾਂ ਤੇ ਵਿਧਾਇਕਾਂ ਵਿਰੁੱਧ ਅਦਾਲਤੀ ਕੇਸਾਂ ਦੀ ਤੇਜ਼ੀ ਨਾਲ ਸੁਣਵਾਈ ਕਰਨ ਦੀ ਮੰਗ ਕੀਤੀ ਗਈ ਹੈ ਅਤੇ ਨਾਲ ਹੀ ਪੁਲਸ ਨੂੰ ਪੇਸ਼ੇਵਾਰਾਨਾ ਢੰਗ ਨਾਲ ਜਾਂਚ ਨੂੰ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ।

### ਭਾਜਪਾ ਦੇ ਸੰਸਦ ਮੈਂਬਰਾਂ ਅਤੇ ਵਿਧਾਇਕਾਂ ਵਿਰੁੱਧ ਸਭ ਤੋਂ ਵੱਧ ਕੇਸ

ਰਿਪੋਰਟ ਮੁਤਾਬਕ ਸਿਆਸੀ ਪਾਰਟੀਆਂ ਵਿਚੋਂ ਭਾਰਤੀ ਜਨਤਾ ਪਾਰਟੀ ਦੇ ਸਭ ਤੋਂ ਵੱਧ 54 ਸੰਸਦ ਮੈਂਬਰ ਅਤੇ ਵਿਧਾਇਕ ਹਨ, ਜਿਨ੍ਹਾਂ ਵਿਰੁੱਧ ਔਰਤਾਂ ਖ਼ਿਲਾਫ਼ ਅਪਰਾਧਾਂ ਦੇ ਮਾਮਲੇ ਦਰਜ ਹਨ। ਇਸ ਤੋਂ ਬਾਅਦ ਕਾਂਗਰਸ ਦੇ 23 ਸੰਸਦ ਮੈਂਬਰ, ਤੇਲਗੂ ਦੇਸ਼ਮ ਪਾਰਟੀ ਦੇ 17 ਸੰਸਦ ਮੈਂਬਰ ਤੇ ਵਿਧਾਇਕ ਹਨ। ਭਾਜਪਾ ਤੇ ਕਾਂਗਰਸ ਦੇ 5 ਮੌਜੂਦਾ ਸੰਸਦ ਮੈਂਬਰ ਤੇ ਵਿਧਾਇਕ ਜਬਰ-ਜ਼ਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ।

ਮਾਮਲਾ ਪ੍ਰਵਾਸੀ ਪੰਜਾਬੀ ਉਪਰ ਫਾਇਰਿੰਗ ਦਾ

# ਪੁਲਿਸ ਨੇ ਦੋ ਹਮਲਾਵਰ ਸਮੇਤ ਪੰਜ ਕੀਤੇ ਗ੍ਰਿਫ਼ਤਾਰ

## ✪ ਪਰਿਵਾਰਿਕ ਰੰਜਿਸ਼ ਕਾਰਨ ਸੁਪਾਰੀ ਦੇ ਕੇ ਹਮਲਾ ਕਰਵਾਇਆ

ਜਲੰਧਰ-ਐੱਨਆਰਆਈ ਫਾਇਰਿੰਗ ਮਾਮਲੇ ਵਿਚ ਵਿਚ ਪੁਲਿਸ ਨੇ 5 ਜਣੇ ਗ੍ਰਿਫ਼ਤਾਰ ਕਰ ਲਏ ਹਨ। ਜਾਣਕਾਰੀ ਅਨੁਸਾਰ ਪਰਿਵਾਰਿਕ ਰੰਜਿਸ਼ ਕਾਰਨ ਸੁਪਾਰੀ ਦੇਕੇ ਹਮਲਾ ਕਰਵਾਇਆ ਹੈ ਜ਼ਖ਼ਮੀ ਐਨਆਰਆਈ ਸੁਖਚੈਨ ਸਿੰਘ ਦੀ ਪਹਿਲੀ ਪਤਨੀ ਦੇ ਪਿਤਾ ਤੋਂ ਇਲਾਵਾ ਪੁਲਿਸ ਨੇ ਇਸ ਮਾਮਲੇ ਵਿੱਚ 4 ਹੋਰਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ। ਜਿਸ ਨੇ ਹਮਲਾਵਰਾਂ ਦੀ ਮਦਦ ਕੀਤੀ ਸੀ। ਪੁਲਿਸ ਨੇ ਹਮਲਾਵਰਾਂ ਦੀ ਪਛਾਣ ਕਰ ਲਈ ਹੈ ਅਤੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਵੀ ਜਲਦੀ ਹੀ ਫੜ ਲਿਆ ਜਾਵੇਗਾ। ਜਾਂਚ ਤੋਂ ਬਾਅਦ ਇਹ ਸਪੱਸ਼ਟ ਹੋ ਗਿਆ ਹੈ ਕਿ ਹਮਲਾਵਰ ਗੁਰਿੰਦਰ ਸਿੰਘ ਸੁੱਖਾ ਗਰਨੇਡ ਵਾਸੀ ਕਪੂਰਥਲਾ ਅਤੇ ਗੁਰਕੀਰਤ ਸਿੰਘ ਗੁਰੀ ਵਾਸੀ ਜਲੰਧਰ ਹਨ। ਪੁਲਿਸ ਨੇ ਤਰਨਤਾਰਨ ਵਾਸੀ ਜਗਜੀਤ ਸਿੰਘ ਅਤੇ ਚਮਕੌਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਹੈ।

ਇਕ ਹੋਟਲ ਦੇ ਮਾਲਕ ਜਗਦੰਬਰ ਅਟਾਰੀ ਅਤੇ ਅਭਿਲਾਸ਼ ਭਾਸਕਰ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ। ਉਸ ਨੇ ਬਿਨਾਂ ਕਿਸੇ ਆਈਡੀ ਦੇ ਆਪਣੇ ਹੋਟਲ ਵਿੱਚ ਹਮਲਾਵਰਾਂ ਨੂੰ ਪਨਾਹ ਦਿੱਤੀ ਸੀ।

ਐਨਆਰਆਈ 'ਤੇ ਹਮਲਾ ਕਰਨ ਵਾਲੇ ਉਸ ਦੀ ਪਹਿਲੀ ਪਤਨੀ ਦੇ ਨਾਨਕੇ ਪਰਿਵਾਰ ਹਨ, ਜੋ ਅਮਰੀਕਾ ਵਿਚ ਰਹਿ ਰਹੇ ਹਨ। ਅੰਮ੍ਰਿਤਸਰ ਦੇ ਪੁਲੀਸ ਕਮਿਸ਼ਨਰ ਰਣਜੀਤ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਪਰਿਵਾਰਕ ਮਾਮਲਾ ਸੀ। ਪੁਲਿਸ ਜਾਂਚ ਵਿੱਚ ਇਹ ਵੀ ਸਾਹਮਣੇ ਆਇਆ ਹੈ ਕਿ ਮ੍ਰਿਤਕ ਪਤਨੀ ਦੇ ਭਰਾ ਵੱਲੋਂ ਹਮਲਾਵਰਾਂ ਨੂੰ ਪੈਸੇ ਟਰਾਂਸਫਰ ਕੀਤੇ ਗਏ ਸਨ। ਮ੍ਰਿਤਕ ਪਤਨੀ ਦੇ ਪਰਿਵਾਰਕ ਮੈਂਬਰਾਂ ਨੇ ਵਿਦੇਸ਼ ਵਿੱਚ ਬੈਠ ਕੇ ਪੂਰੀ ਵਿਉਂਤਬੰਦੀ ਕੀਤੀ ਹੋਈ ਸੀ।



ਇਸੇ ਦੌਰਾਨ ਬੀਤੇ ਕੱਲ੍ਹ ਅੰਮ੍ਰਿਤਸਰ ਪੁਲਿਸ ਦੀ ਟੀਮ ਮ੍ਰਿਤਕ ਪਤਨੀ ਦੇ ਨਾਨਕੇ ਪਿੰਡ ਟਾਂਡਾ, ਹੁਸ਼ਿਆਰਪੁਰ ਪਹੁੰਚੀ। ਜਿੱਥੋਂ ਮ੍ਰਿਤਕ ਪਤਨੀ ਦੇ ਪਿਤਾ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਇਸ ਤੋਂ ਇਲਾਵਾ ਗ੍ਰਿਫਤਾਰ ਕੀਤੇ ਗਏ ਚਾਰ ਹੋਰਾਂ 'ਤੇ ਹਮਲਾਵਰਾਂ ਦੀ ਮਦਦ ਕਰਨ ਦਾ ਦੋਸ਼ ਹੈ।

### ਹਮਲਾਵਰਾਂ ਖਿਲਾਫ ਜਾਰੀ ਕੀਤੀ ਗਈ ਐਲ.ਓ.ਸੀ ਜਾਰੀ

ਸਪੈਸ਼ਲ ਡੀਜੀਪੀ ਡੋਕੇ ਨੇ ਦੱਸਿਆ ਕਿ ਗੋਲੀ ਚਲਾਉਣ ਵਾਲੇ ਮੁਲਜ਼ਮਾਂ ਵਿੱਚੋਂ ਇੱਕ ਜਲੰਧਰ ਅਤੇ ਦੂਜਾ ਕਪੂਰਥਲਾ ਦਾ ਰਹਿਣ ਵਾਲਾ ਹੈ। ਦੋਵੇਂ ਅਪਰਾਧਿਕ ਪਿਛੋਕੜ ਵਾਲੇ ਹਨ। ਇੱਕ ਵਿਅਕਤੀ ਖ਼ਿਲਾਫ਼ 10 ਕੇਸ ਦਰਜ ਹਨ, ਜਿਨ੍ਹਾਂ ਵਿੱਚੋਂ ਕੁਝ ਐਨਡੀਪੀਐਸ ਅਤੇ ਲੜਾਈ ਝਗੜੇ ਨਾਲ ਸਬੰਧਤ ਹਨ। ਜਦਕਿ ਬਾਕੀਆਂ ਖਿਲਾਫ ਐਨਡੀਪੀਐਸ ਦੇ ਕੇਸ ਦਰਜ ਹਨ।

ਦੋਵਾਂ ਖਿਲਾਫ ਐੱਲਓਸੀ ਜਾਰੀ ਕਰ ਦਿੱਤੀ ਗਈ ਹੈ, ਤਾਂ ਜੋ ਉਹ ਵਿਦੇਸ਼ ਭੱਜ ਨਾ ਸਕਣ। ਹਮਲਾਵਰ ਕਿਸ ਬਾਈਕ 'ਤੇ ਆਏ ਸਨ, ਉਸ ਦਾ ਵੇਰਵਾ ਵੀ ਪੁਲਿਸ ਕੋਲ ਮੌਜੂਦ ਹੋ ਹੈ।

### 2022 ਵਿੱਚ ਖੁਦਕੁਸ਼ੀ ਕਰ ਲਈ

ਪਰਿਵਾਰਕ ਮੈਂਬਰ ਪਰਮਜੀਤ ਸਿੰਘ ਨੇ ਦੱਸਿਆ ਕਿ ਸੁਖਚੈਨ ਦਾ ਆਪਣੀ ਪਹਿਲੀ ਪਤਨੀ ਦੇ ਪਰਿਵਾਰ ਨਾਲ ਝਗੜਾ ਚੱਲ ਰਿਹਾ ਸੀ। ਉਸਦੀ ਪਹਿਲੀ ਪਤਨੀ ਨੇ 2022 ਵਿੱਚ ਖੁਦਕੁਸ਼ੀ ਕਰ ਲਈ ਸੀ। ਇਸ ਤੋਂ ਬਾਅਦ ਮ੍ਰਿਤਕ ਦੀ ਪਤਨੀ ਦੇ ਮਾਮੇ ਵੱਲੋਂ ਐਫਆਈਆਰ ਵੀ ਦਰਜ ਕਰਵਾਈ ਗਈ ਸੀ। ਜਿਸ ਵਿੱਚ ਸੁਖਚੈਨ ਸਿੰਘ, ਉਸਦੇ ਭਰਾ ਅਤੇ ਮਾਤਾ ਦੇ ਖਿਲਾਫ ਐਫ.ਆਈ.ਆਰ. ਪਰ ਸੁਖਚੈਨ ਸਿੰਘ ਅਤੇ ਭਰਾ ਵਿਦੇਸ਼ ਸਨ। ਜਾਂਚ ਤੋਂ ਬਾਅਦ ਮਾਂ ਖ਼ਿਲਾਫ਼ ਹੀ ਅਦਾਲਤ ਵਿੱਚ ਕੇਸ ਚੱਲ ਰਿਹਾ ਹੈ।

### 1 ਸਾਲ ਬਾਅਦ ਪੰਜਾਬ ਆਇਆ ਸੁਖਚੈਨ ਸਿੰਘ

ਪਰਮਜੀਤ ਨੇ ਦੱਸਿਆ ਕਿ ਸੁਖਚੈਨ ਅਮਰੀਕਾ ਰਹਿੰਦਾ ਸੀ। ਅਮਰੀਕਾ ਵਿੱਚ ਉਸ ਦਾ ਇੱਕ ਭਰਾ ਹੈ। ਪਰ ਪਤਨੀ ਦੀ ਖੁਦਕੁਸ਼ੀ ਤੋਂ ਬਾਅਦ ਉਹ ਬੱਚਿਆਂ ਦੀ ਦੇਖਭਾਲ ਲਈ ਕਰੀਬ ਇੱਕ ਸਾਲ ਤੋਂ ਭਾਰਤ ਵਿੱਚ ਰਹਿ ਰਿਹਾ ਸੀ। ਇਸ ਦੌਰਾਨ ਉਹ ਕਈ ਵਾਰ ਕੰਮ ਲਈ ਅਮਰੀਕਾ ਗਿਆ। ਕਰੀਬ ਇੱਕ ਮਹੀਨਾ ਪਹਿਲਾਂ ਉਸ ਦੀ ਪਤਨੀ ਦਾ ਐਕਸੀਡੈਂਟ ਹੋ ਗਿਆ ਸੀ, ਜਿਸ ਤੋਂ ਬਾਅਦ ਸੁਖਚੈਨ ਇੱਕ ਮਹੀਨਾ ਅੰਮ੍ਰਿਤਸਰ ਦੇ ਦਬੁਰਜੀ ਵਿੱਚ ਰਿਹਾ

ਜ਼ਿਕਰਯੋਗ ਹੈ ਕਿ ਬੀਤੇ ਦਿਨ ਦਬੁਰਜੀ ਇਲਾਕੇ ਵਿੱਚ ਦੋ ਨੌਜਵਾਨਾਂ ਨੇ ਇੱਕ ਐਨਆਰਆਈ ਦੇ ਘਰ ਵਿਚ ਦਾਖ਼ਲ ਹੋ ਕੇ ਉਸ 'ਤੇ ਗੋਲੀਆਂ ਚਲਾਈਆਂ ਸਨ। ਇਸ ਘਟਨਾ ਵਿੱਚ ਐਨਆਰਆਈ ਗੰਭੀਰ ਜ਼ਖ਼ਮੀ ਹੋ ਗਿਆ। ਜ਼ਖ਼ਮੀ ਨੂੰ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿਆ ਹੈ, ਜਿੱਥੇ ਉਸ ਦਾ ਇਲਾਜ ਚੱਲ ਰਿਹਾ ਹੈ।

# ਡੈਮੋਕਰੈਟਿਕ ਪਾਰਟੀ ਦੀ ਕਨਵੈਨਸ਼ਨ ਵਿਚ ਭਾਰਤੀ ਮੂਲ ਦੇ ਪੁਜਾਰੀ ਨੇ ਕੀਤੀ ਹਿੰਦੂ ਪ੍ਰਾਰਥਨਾ

## ✪ ਕਿਹਾ ਪੂਰਾ ਵਿਸ਼ਵ ਇਕ ਪਰਿਵਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਸ਼ਿਕਾਗੋ, ਇਲੀਨੋਇਸ ਵਿਚ ਚਲ ਰਹੀ ਡੈਮੋਕਰੈਟਿਕ ਨੈਸ਼ਨਲ ਕਨਵੈਨਸ਼ਨ ਦੇ ਤੀਸਰੇ ਦਿਨ ਭਾਰਤੀ ਮੂਲ ਦੇ ਪੁਜਾਰੀ ਰਾਕੇਸ਼ ਭੱਟ ਨੇ ਹਿੰਦੂ ਪ੍ਰਾਰਥਨਾ ਕੀਤੀ। ਮੇਰੀਲੈਂਡ ਵਿਚ ਰਹਿੰਦੇ ਰਾਕੇਸ਼ ਭੱਟ ਸ਼੍ਰੀ ਸਿਵਾ ਵਿਸ਼ਨੂ ਮੰਦਿਰ ਵਿਖੇ ਸੀਨੀਅਰ ਪੁਜਾਰੀ ਹਨ। ਉਨਾਂ ਨੇ ਅਮਰੀਕੀਆਂ ਨੂੰ ਇਕਜੁੱਟ ਹੋਣ ਦੀ ਬੇਨਤੀ ਕਰਦਿਆਂ ਆਪਣੀ ਪ੍ਰਾਰਥਨਾ ਦੀ ਸ਼ੁਰੂਆਤ "ਵਾਸੁਧੈਵਾ ਕੁਟੰਬਕੰਮ" ਸ਼ਬਦਾਂ ਨਾਲ ਕੀਤੀ ਜਿਨਾਂ ਦਾ ਅਰਥ ਹੈ "ਸਮੁੱਚਾ ਵਿਸ਼ਵ ਇਕ ਪਰਿਵਾਰ ਹੈ।"



ਸ੍ਰੀ ਭੱਟ ਜੋ ਮੂਲ ਰੂਪ ਵਿਚ ਭਾਰਤ ਦੇ ਕਰਨਾਟਕ ਰਾਜ ਨਾਲ ਸਬੰਧਿਤ ਹਨ, ਨੇ ਕਿਹਾ ਕਿ "ਜੇਕਰ ਸਾਡੇ ਵਿਚ ਮੱਤਭੇਦ ਵੀ ਹਨ ਤਾਂ ਜਦੋਂ ਰਾਸ਼ਟਰ ਦੀ ਗੱਲ ਆਉਂਦੀ ਹੈ ਤਾਂ ਸਾਨੂੰ ਇਕਜੁੱਟਤਾ ਵਿਖਾਉਣੀ ਪਵੇਗੀ। ਆਓ ਆਪਾਂ ਇਕੱਠੇ ਸੋਚੀਏ ਤੇ ਸਾਡੇ ਦਿੱਲ ਇਕੱਠੇ ਧੜਕਣ। ਇਸ ਸਭ ਸਾਡੇ ਸਮਾਜ ਦੀ ਭਲਾਈ ਲਈ ਹੈ। ਇਸ ਨਾਲ ਅਸੀਂ ਸ਼ਕਤੀਸ਼ਾਲੀ ਬਣਾਂਗੇ ਇਸ ਲਈ ਆਓ ਇਕੱਠੇ ਹੋਈਏ ਤੇ ਆਪਣੇ ਰਾਸ਼ਟਰ ਨੂੰ ਮਹਾਨ ਬਣਾਈਏ।" ਸ੍ਰੀ ਭੱਟ ਨੇ ਜੋਰ ਦਿੱਤਾ ਕਿ ਸਾਨੂੰ ਅਜਿਹੇ ਆਗੂ ਦੀ ਲੋੜ ਹੈ ਜੋ ਇਨਾਂ ਕਦਰਾਂ ਕੀਮਤਾਂ ਨੂੰ ਪ੍ਰਣਾਇਆ ਹੋਵੇ। ਉਨਾਂ ਨੇ ਪ੍ਰਾਰਥਨਾ ਇਨਾਂ ਸ਼ਬਦਾਂ ਨਾਲ ਖਤਮ ਕੀਤੀ "ਅਸੀਂ ਵਿਸ਼ਵ ਵਿਆਪੀ ਇਕ ਪਰਿਵਾਰ ਹਾਂ। ਸੱਚ ਸਾਡੀ ਬੁਨਿਆਦ ਹੈ ਜੋ ਹਮੇਸ਼ਾਂ ਰਹੇਗਾ। ਆਓ ਸੱਚ ਨੂੰ ਸਮਝੀਏ, ਹਨੇਰੇ ਤੋਂ ਰੌਸ਼ਨੀ ਵਲ ਪਰਤੀਏ ਤੇ ਮੌਤ ਤੋਂ ਅਮਰਤਾ ਵੱਲ ਵਧੀਏ। ਓਮ ਸ਼ਾਂਤੀ, ਸ਼ਾਂਤੀ, ਸ਼ਾਂਤੀ।"

# ਅਮਰੀਕਾ-ਮੈਕਸੀਕੋ ਸਰਹੱਦ 'ਤੇ 2 ਟਨ ਡਰੱਗ ਫੜਿਆ

## ✪ ਹਦਵਾਣਿਆਂ ਦੀ ਸ਼ੱਕਲ ਵਿੱਚ ਬਣਾਏ ਸਨ ਪੈਕਟ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਅਮਰੀਕਾ-ਮੈਕਸੀਕੋ ਸਰਹੱਦ ਉਪਰ ਇਕ ਟਰੱਕ ਵਿਚੋਂ 2 ਟਨ ਡਰੱਗ (ਮੈਥੰਫੈਟਾਮਾਈਨ) ਬਰਾਮਦ ਹੋਣ ਦੀ ਖਬਰ ਹੈ। ਇਹ ਟਰੱਕ ਮੈਕਸੀਕੋ ਤੋਂ ਅਮਰੀਕਾ ਵਿਚ ਦਾਖਲ ਹੋਇਆ ਸੀ। ਟਰੱਕ ਦੇ 29 ਸਾਲਾ ਡਰਾਈਵਰ ਨੂੰ ਹੋਰ ਜਾਂਚ ਲਈ ਗ੍ਰਿਫਤਾਰ ਕਰਕੇ ਹੋਮਲੈਂਡ ਸਕਿਓਰਿਟੀ ਦੇ ਹਵਾਲੇ ਕਰ ਦਿੱਤਾ ਗਿਆ ਹੈ। ਡਰੱਗ ਹਦਵਾਣਿਆਂ ਦੀ ਸ਼ਕਲ ਦੇ ਬਣਾਏ 1220 ਪੈਕਟਾਂ ਵਿਚ ਬੰਦ ਸੀ। ਯੂ ਐਸ ਕਸਟਮਜ ਐਂਡ ਬਾਰਡਰ ਪੈਟਰੋਲ ਪ੍ਰੋਟੈਕਸ਼ਨ ਅਨੁਸਾਰ ਇਹ ਬ੍ਰਾਮਦਗੀ ਸੈਨ ਡਇਏਗੋ ਵਿਚ ਓਟੇ ਮੈਸਾ ਪੋਰਟ ਆਫ ਐਂਟਰੀ ਕਮਰਸ਼ੀਅਲ ਫੈਸਿਲਟੀ ਵਿਖੇ ਹੋਈ ਹੈ। ਬਰਾਮਦ ਡਰੱਗ ਦੀ ਕੁਲ ਕੀਮਤ 5 ਮਿਲੀਅਨ ਡਾਲਰ ਤੋਂ ਵਧ ਹੈ। ਟਰੱਕ ਜਦੋਂ ਅਮਰੀਕਾ ਵਿਚ ਦਾਖਲ ਹੋਣ ਲਈ ਪਹੁੰਚਿਆ ਤਾਂ ਉਸ ਨੂੰ ਜਾਂਚ ਲਈ ਰੋਕ ਲਿਆ ਗਿਆ। ਟਰੱਕ ਵਿਚ ਲੱਦੇ ਹਦਵਾਣਿਆਂ ਨੂੰ ਲਾਹਿਆ ਗਿਆ ਤੇ ਜਾਂਚ ਉਪਰੰਤ ਪਤਾ ਲੱਗਾ ਕਿ ਇਹ ਹਦਵਾਣੇ ਨਹੀਂ ਹਨ ਬਲ ਕਿ ਡਰੱਗ ਦੇ ਪੈਕਟ ਹਨ।

# ਅਮਰੀਕਾ ਵਿਚ ਬਿੱਲੀ ਨੂੰ ਮਾਰਨ ਉਪਰੰਤ ਲੋਕਾਂ ਸਾਹਮਣੇ ਕੱਚੀ ਨੂੰ ਖਾ ਜਾਣ ਦੇ ਮਾਮਲੇ ਵਿਚ ਇਕ ਔਰਤ ਗ੍ਰਿਫਤਾਰ

ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਪੁਲਿਸ ਵੱਲੋਂ ਓਹੀਓ ਵਿਚ ਇਕ ਔਰਤ ਨੂੰ ਇਕ ਬਿੱਲੀ ਨੂੰ ਮਾਰਨ ਉਪਰੰਤ ਉਸ ਨੂੰ ਲੋਕਾਂ ਸਾਹਮਣੇ ਕੱਚੀ ਨੂੰ ਖਾ ਜਾਣ ਦੇ ਮਾਮਲੇ ਵਿਚ ਗ੍ਰਿਫਤਾਰ ਕਰਨ ਦੀ ਰਿਪੋਰਟ ਹੈ। ਸਟਾਰਕ ਕਾਊਂਟੀ ਕੋਰਟ ਦੇ ਰਿਕਾਰਡ ਅਨੁਸਾਰ 27 ਸਾਲਾ ਔਰਤ ਵਿਰੁੱਧ ਪਸ਼ੂਆਂ ਪ੍ਰਤੀ ਬੇਰਹਿਮੀ ਵਰਤਣ ਦੇ ਦੋਸ਼ ਆਇਦ ਕੀਤੇ ਗਏ ਹਨ। ਕੈਨਟਨ ਪੁਲਿਸ ਦਾ ਕਹਿਣਾ ਹੈ ਕਿ ਔਰਤ ਨੇ ਰਿਹਾਇਸ਼ੀ ਖੇਤਰ ਵਿਚ ਲੋਕਾਂ ਸਾਹਮਣੇ ਬਿੱਲੀ ਨੂੰ ਮਾਰਿਆ ਤੇ ਫਿਰ ਖਾਣਾ ਸ਼ੁਰੂ ਕਰ ਦਿੱਤਾ। ਜਾਂਚ ਰਿਪੋਰਟ ਅਨੁਸਾਰ ਜਦੋਂ ਸੂਚਨਾ ਮਿਲਣ 'ਤੇ ਪੁਲਿਸ ਅਫਸਰ ਮੌਕੇ ਉਪਰ ਪੁੱਜੇ ਤਾਂ ਔਰਤ ਦੇ ਹੱਥ ਵਿਚ ਬਿੱਲੀ ਸੀ ਜਿਸ ਦਾ ਸਿਰ ਕੁੱਚਲਿਆ ਹੋਇਆ ਸੀ ਤੇ ਉਹ ਉਸ ਨੂੰ ਖਾ ਰਹੀ ਸੀ। ਉਸ ਦੇ ਹੱਥ, ਪੈਰ ਤੇ ਮੂੰਹ ਖੂਨ ਨਾਲ ਲਿਬੜਿਆ ਹੋਇਆ ਸੀ। ਔਰਤ ਨੂੰ ਜ਼ਮਾਨਤ ਉਪਰ ਰਿਹਾਅ ਕਰ ਦਿੱਤਾ ਹੈ। ਉਸ ਦੀ ਅਗਲੀ ਸੁਣਵਾਈ ਸ਼ੁਕਰਵਾਰ ਨੂੰ ਹੋਵੇਗੀ। ਅਜੇ ਬਿੱਲੀ ਦੇ ਮਾਲਕ ਬਾਰੇ ਕੋਈ ਜਾਣਕਾਰੀ ਨਹੀਂ ਮਿਲੀ ਹੈ।

# ਅਮਰੀਕਾ ਵਿਚ ਭਾਰਤੀ ਮੂਲ ਦਾ ਡਾਕਟਰ ਸੈਕਸ ਅਪਰਾਧ ਦੇ ਮਾਮਲਿਆਂ ਵਿਚ ਗ੍ਰਿਫਤਾਰ

## ✪ ਹਸਪਤਾਲ ਵਿਚ ਲਾ ਰਖੇ ਸਨ ਗੁਪਤ ਕੈਮਰੇ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਰੋਚੈਸਟਰ ਹਿਲਜ਼, ਮਿਸ਼ੀਗਨ ਵਾਸੀ ਭਾਰਤੀ ਮੂਲ ਦੇ ਫਿਜ਼ੀਸੀਅਨ ਉਮੇਰ ਏਜਾਜ਼ (40) ਨੂੰ ਸੈਕਸ ਅਪਰਾਧ ਦੇ ਕਈ ਮਾਮਲਿਆਂ ਵਿਚ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਉਸ ਉਪਰ ਬਾਲਗਾਂ ਤੇ ਬੱਚਿਆਂ ਨਾਲ ਸੈਕਸ ਅਪਰਾਧ ਕਰਨ ਦੇ ਦੋਸ਼ ਆਇਦ ਕੀਤੇ ਗਏ ਹਨ। ਇਨਾਂ ਦੋਸ਼ਾਂ ਵਿਚ ਬੱਚਿਆਂ ਦਾ ਸਰੀਰਕ ਸੋਸ਼ਣ ਕਰਨ, ਨਿਰਵਸਤਰ ਵਿਅਕਤੀਆਂ ਦੀਆਂ ਤਸਵੀਰਾਂ ਖਿੱਚਣ ਤੇ ਅਪਰਾਧ ਲਈ ਕੰਪਿਊਟਰ ਦੀ ਵਰਤੋਂ ਕਰਨ ਦੇ ਦੋਸ਼ ਸ਼ਾਮਿਲ ਹਨ। ਉਸ ਨੇ ਕਥਿੱਤ ਤੌਰ 'ਤੇ ਕਪੜੇ ਬਦਲਣ ਵਾਲੇ ਕਮਰਿਆਂ, ਨਹਾਉਣ ਵਾਲੇ ਕਮਰਿਆਂ , ਹਸਪਤਾਲ ਦੇ ਕਮਰਿਆਂ ਤੇ ਹੋਰ ਨਿੱਜੀ ਸਥਾਨਾਂ 'ਤੇ ਗੁਪਤ ਰੂਪ ਵਿਚ ਕੈਮਰੇ ਲਾਏ ਹੋਏ ਸਨ ਜਿਨਾਂ ਰਾਹੀਂ ਉਹ ਪੀੜਤਾਂ ਦੀਆਂ ਗਤੀਵਿਧੀਆਂ ਵੇਖਦਾ ਸੀ।

ਓਕਲੈਂਡ ਕਾਊਂਟੀ ਸ਼ੈਰਿਫ ਮਾਈਕਲ ਬੋਚਰਡ ਅਨੁਸਾਰ ਡਾਕਟਰ ਵੱਲੋਂ ਰਿਕਾਰਡ ਕੀਤੇ ਕੁਝ ਦ੍ਰਿਸ਼ ਤੇ ਖਿੱਚੀਆਂ ਤਸਵੀਰਾਂ ਪ੍ਰੇਸ਼ਾਨ ਕਰ ਦੇਣ ਵਾਲੀਆਂ ਹਨ। ਏਜਾਜ਼ ਭਾਰਤੀ ਨਾਗਰਿਕ ਹੈ ਤੇ ਉਹ 2011 ਤੋਂ ਅਮਰੀਕਾ ਵਿਚ ਰਹਿ ਰਿਹਾ ਹੈ। ਏਜਾਜ਼ ਵਿਆਹ ਹੋਇਆ ਹੈ ਤੇ ਉਸ ਦੇ 2 ਨੌਜਵਾਨ ਬੱਚੇ ਹਨ। ਏਜਾਜ਼ ਦੀ ਗ੍ਰਿਫਤਾਰੀ ਉਸ ਦੀ ਪਤਨੀ ਵੱਲੋਂ ਸ਼ਿਕਾਇਤ ਕਰਨ 'ਤੇ ਹੋਈ ਜਾਂਚ ਤੋਂ ਬਾਅਦ ਕੀਤੀ ਗਈ ਹੈ।

# ਗੁਰੂ ਨਾਨਕ ਯੂਨੀਵਰਸਿਟੀ ਦੇ ਬੈਚਲਰ ਆਫ਼ ਡਿਜ਼ਾਈਨਿੰਗ (ਸਮੈਸਟਰ ਚੌਥੇ) ਦੀ ਵਿਦਿਆਰਥਣ ਭਾਵਿਨੀ ਨੇ ਪਹਿਲਾ ਸਥਾਨ ਕੀਤਾ ਹਾਸਲ




ਜਲੰਧਰ (ਤੇਜਿੰਦਰ ਮਨਚੰਦਾ)-ਗੁਰੂ ਨਾਨਕ ਯੂਨੀਵਰਸਿਟੀ ਦੇ ਬੈਚਲਰ ਆਫ਼ ਡਿਜ਼ਾਈਨਿੰਗ (ਸਮੈਸਟਰ ਚੌਥੇ) ਦਾ ਨਤੀਜਾ ਐਲਾਨ ਕੀਤਾ ਗਿਆ ਹੈ। ਜਿਸ ਵਿੱਚ ਹੰਸ ਰਾਜ ਕਾਲਜ ਜਲੰਧਰ ਦੀ ਵਿਦਿਆਰਥਣ ਭਾਵਿਨੀ ਨੇ ਯੂਨੀਵਰਸਿਟੀ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ। ਬੀ.ਬੀ.ਕੇ ਡੀ.ਏ.ਵੀ ਕਾਲਜ ਫ਼ਾਰ ਵੂਮੈਨ ਅੰਮ੍ਰਿਤਸਰ ਦੀ ਵਿਦਿਆਰਥਣ ਸਵਾਨਿਕਾ ਨੇ ਦੂਜਾ, ਸ਼ਰੂਤੀ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਭਾਵਨੀ ਨੂੰ ਪੇਂਟਿੰਗ ਦਾ ਸ਼ੌਕ ਬਚਪਨ ਤੋਂ ਹੀ ਸੀ, ਉਸ ਵੱਲੋਂ ਬਣਾਈਆਂ ਪੇਂਟਿੰਗਸ ਨੂੰ ਲੋਕ ਖਰੀਦਦੇ ਹਨ।

ਕੁਝ ਲੋਕ ਉਸ ਕੋਲੋਂ ਖਾਸ ਆਰਡਰ 'ਤੇ ਵੀ ਪੇਂਟਿੰਗਸ ਬਣਵਾਉਂਦੇ ਹਨ, ਇਸ ਤਰ੍ਹਾਂ ਉਹ ਆਪਣੀ ਮਿਹਨਤ ਨਾਲ ਕਾਲਜ ਦੀ ਫੀਸ ਦਾ ਭੁਗਤਾਨ ਕਰਦੀ ਹੈ। ਭਾਵਨੀ ਪੀਐਚਡੀ ਕਰਕੇ ਬੱਚਿਆਂ ਨੂੰ ਪੜ੍ਹਾਉਣ ਦਾ ਕੰਮ ਕਰਨਾ ਚਾਹੁੰਦੀ ਹੈ ਅਤੇ ਆਪਣਾ ਡਿਜ਼ਾਈਨਿਗ ਦਾ ਬ੍ਰਾਂਡ ਬਣਾਉਣਾ ਉਸ ਦਾ ਸੁਪਨਾ ਵੀ ਪੂਰਾ ਕਰਨਾ ਚਾਹੁੰਦੀ ਹੈ। ਭਾਵਨੀ ਨੇ ਹੱਸਦਿਆਂ ਕਿਹਾ ਕਿ ਬਚਪਨ ਵਿੱਚ ਮੈਂ ਪੜ੍ਹਾਈ ਤੋਂ ਦੂਰ ਭੱਜਦੀ ਸੀ ਕਿਉਂਕਿ ਮੈਨੂੰ ਪੜ੍ਹਾਈ ਦੀ ਅਹਿਮੀਅਤ ਨਹੀਂ ਪਤਾ ਸੀ। ਇਸ ਲਈ ਕੋਈ ਪੁੱਛਦਾ ਸੀ, ਜੇ ਤੁਸੀਂ ਨਹੀਂ ਪੜ੍ਹੋਗੇ ਤਾਂ ਤੁਸੀਂ ਕੀ ਕਰੋਗੇ ? ਉਦੋਂ ਮੈਂ ਕਿਹਾ ਸੀ ਕਿ ਮੈਂ ਮੁੱਖ ਮੰਤਰੀ ਜਾਂ ਪ੍ਰਧਾਨ ਮੰਤਰੀ ਬਣਾਂਗੀ। ਕਿਉਂਕਿ ਉਸ ਸਮੇਂ ਇਸ ਤਰ੍ਹਾਂ ਦੀਆਂ ਖ਼ਬਰਾਂ ਸੁਣ ਕੇ ਮੈਨੂੰ ਲੱਗਦਾ ਸੀ ਕਿ ਕੋਈ ਅਨਪੜ੍ਹ ਬੰਦਾ ਵੀ ਆਸਾਨੀ ਨਾਲ ਲੀਡਰ ਬਣ ਸਕਦਾ ਹੈ। ਪਰ ਸਮੇਂ ਦੇ ਨਾਲ ਮੈਨੂੰ ਸਿੱਖਿਆ ਦੀ ਮਹੱਤਤਾ ਦਾ ਪਤਾ ਲੱਗਾ। ਹੁਣ ਮੈਂ ਸਾਰੇ ਜਾਨਣ ਵਾਲੇ ਬੱਚਿਆਂ ਨੂੰ ਖੂਬ ਪੜ੍ਹਨ ਲਈ ਉਤਸ਼ਾਹਿਤ ਕਰਦੀ ਹਾਂ।

# ਕਿਸਮਤ ਦੇ ਸਿਤਾਰੇ

## ਵੀਰਵਾਰ 29 ਅਗਸਤ ਬੁੱਧਵਾਰ 04 ਸਤੰਬਰ 2024 ਤੱਕ

ਰਾਸ਼ੀਫਲ ਜਾਂ 'ਕਿਸਮਤ ਦੇ ਸਿਤਾਰੇ' ਬਹੁਤ ਸਾਰੇ ਲੋਕ ਵੱਖ ਵੱਖ ਮੀਡੀਆ ਰਾਹੀਂ ਲੰਮੇ ਸਮੇਂ ਤੋਂ ਪੜ੍ਹਦੇ ਸੁਣਦੇ ਆ ਰਹੇ ਹਨ। ਅਸੀਂ ਇਹਨਾਂ ਚੀਜ਼ਾਂ ਵਿੱਚ ਵਿਸ਼ਵਾਸ ਨਹੀਂ ਰੱਖਦੇ, ਪਰ ਪਾਠਕਾਂ ਦੀ ਦਿਲਚਸਪੀ ਦੇਖ ਕੇ ਇਹ ਕਾਲਮ ਉਹਨਾਂ ਨੂੰ ਠੱਗਾਂ ਦੇ ਚੁੰਗਲ ਵਿੱਚ ਫਸਣ ਤੋਂ ਬਚਾਉਣ ਲਈ ਛਾਪਿਆ ਜਾ ਰਿਹਾ ਹੈ, ਤਾਂ ਜੋ ਉਹਨਾਂ ਨੂੰ ਕੋਈ ਸੇਧ ਵੀ ਮਿਲ ਸਕੇ ਅਤੇ ਗਲਤ ਪਾਸੇ ਜਾਣ ਤੋਂ ਬਚ ਵੀ ਸਕਣ। -ਸੰਪਾਦਕ

**ਮੇਖ – (ਜਨਮ 14 ਮਾਰਚ ਤੋਂ 13 ਅਪ੍ਰੈਲ)** ਇਸ ਹਫਤੇ ਆਪਣੀ ਮਿਹਨਤ ਨਾਲ ਧਨ ਪ੍ਰਾਪਤੀ ਦੇ ਯੋਗ ਬਣਨਗੇ। ਵਪਾਰਕ ਖੇਤਰਾਂ ਵਿੱਚ ਤਰੱਕੀ ਦੇ ਕਈ ਮੌਕੇ ਮਿਲਣਗੇ। ਕਿਸੇ ਨਵੇਂ ਕੰਮ ਦੀ ਯੋਜਨਾ ਵੀ ਬਣੇਗੀ। ਜ਼ਮੀਨ ਸਵਾਰੀ ਆਦਿ ਦਾ ਲੈਣ-ਦੇਣ ਹੋਵੇਗਾ। ਪ੍ਰਮਾਤਮਾ ਵਿੱਚ ਵਿਸ਼ਵਾਸ ਰੱਖੋ ਅਤੇ ਉਸ ਦੀ ਰਜ਼ਾ ਵਿੱਚ ਹੀ ਰਹਿਣ ਨਾਲ ਮਨ ਸ਼ਾਂਤ ਰਹੇਗਾ।

**ਬ੍ਰਿਖ – (ਜਨਮ 14 ਅਪ੍ਰੈਲ ਤੋਂ 14 ਮਈ)** ਸ਼ੁਰੂ ਵਿੱਚ ਨਵੇਂ ਲੋਕਾਂ ਦੇ ਸਹਿਯੋਗ ਤੇ ਹਿੰਮਤ ਨਾਲ ਕੋਈ ਖਾਸ ਉਲਝਣਾਂ ਵਾਲਾ ਕੰਮ ਪੂਰਾ ਹੋਵੇਗਾ। ਕਾਰੋਬਾਰ ਵਿੱਚ ਤਰੱਕੀ, ਸੰਤਾਨ ਸਬੰਧੀ ਚਿੰਤਾ, ਫਜ਼ੂਲ ਦੀ ਭੱਜ-ਦੌੜ, ਧਨ ਦਾ ਖਰਚ ਜ਼ਿਆਦਾ ਤੇ ਦੂਰ ਦੀ ਯਾਤਰਾ ਦੀ ਯੋਜਨਾ ਵੀ ਬਣ ਸਕਦੀ ਹੈ। ਮਾਤਾ ਪਿਤਾ ਨੂੰ ਪਿਆਰ ਨਾਲ ਬੁਲਾਉ, ਕਾਰਜ ਸਿੱਧ ਹੋਣਗੇ।

**ਮਿਥੁਨ – (ਜਨਮ 15 ਮਈ ਤੋਂ 14 ਜੂਨ)** ਸੰਘਰਸ਼ ਭਰੇ ਹਾਲਾਤਾਂ ਦੇ ਬਾਵਜੂਦ ਗੁਜ਼ਾਰੇਯੋਗ ਆਮਦਨ ਦੇ ਸਾਧਨ ਬਣਦੇ ਰਹਿਣਗੇ। ਮਨ ਅਸ਼ਾਂਤ, ਅਸੰਤੁਸ਼ਟ ਤੇ ਪ੍ਰੇਸ਼ਾਨ ਰਹੇਗਾ। ਆਮਦਨ ਘੱਟ ਤੇ ਖਰਚ ਜ਼ਿਆਦਾ ਹੋਵੇਗਾ। ਪਰਿਵਾਰ ਵਿੱਚ ਫਜ਼ੂਲ ਦਾ ਟਕਰਾਅ ਰਹੇਗਾ, ਲਾਭ ਦੇ ਰਸਤੇ ਵੀ ਖੁੱਲ੍ਹਣਗੇ। ਕਿਸੇ ਤਾਂਤਰਿਕ ਜਾਂ ਅਖੌਤੀ ਬਾਬਿਆਂ ਕੋਲੋਂ ਸਲਾਹ ਨਾ ਲਵੋ।

**ਕਰਕ – (ਜਨਮ 15 ਜੂਨ ਤੋਂ 15 ਜੁਲਾਈ)** ਕਾਰੋਬਾਰ ਵਿੱਚ ਜ਼ਿਆਦਾ ਉਲਝੇ ਰਹੋਗੇ। ਵਿਲਾਸ ਆਦਿ ਕੰਮਾਂ 'ਤੇ ਖਰਚ ਜ਼ਿਆਦਾ ਹੋਵੇਗਾ। ਧਨ ਦਾ ਫਜ਼ੂਲ ਖਰਚ ਅਤੇ ਕਿਸੇ ਉੱਚ ਅਧਿਕਾਰੀ ਨਾਲ ਵਿਰੋਧ ਪੈਦਾ ਹੋਣਗੇ। ਬਿਨਾਂ ਕਾਰਨ ਹੀ ਪਰਿਵਾਰ ਵਿੱਚ ਤਣਾਅ ਹੋ ਸਕਦਾ ਹੈ, ਪਰ ਮਿਲ ਬੈਠ ਕੇ ਮਸਲਾ ਸੁਲਝ ਵੀ ਸਕਦਾ ਹੈ। ਸ੍ਰੀ ਸੁਖਮਨੀ ਸਾਹਿਬ ਦਾ ਪਾਠ ਕਰਨਾ ਸ਼ੁੱਭ ਰਹੇਗਾ।

**ਸਿੰਘ – (ਜਨਮ 16 ਜੁਲਾਈ ਤੋਂ 15 ਅਗਸਤ)** ਸੁੱਖ-ਸਾਧਨਾਂ ਵਿੱਚ ਵਾਧਾ ਅਤੇ ਖਰੀਦੋ-ਫਰੋਖਤ ਦੇ ਕੰਮਾਂ ਵਿੱਚ ਲਾਭ ਦੇ ਯੋਗ ਹਨ, ਪਰ ਮਾਤਾ-ਪਿਤਾ ਨਾਲ ਮੱਤਭੇਦ ਤੇ ਉਨ੍ਹਾਂ ਦੀ ਮਦਦ ਵਿੱਚ ਕੁਝ ਕਮੀ ਰਹੇਗੀ। ਹਫਤੇ ਦੇ ਅਖੀਰ ਵਿੱਚ ਮਨ ਉਦਾਸ ਅਤੇ ਉਚਾਟਤਾ ਰਹੇਗੀ। ਮਾਤਾ ਪਿਤਾ ਕੋਲ ਬੈਠ ਕੇ ਪਰਿਵਾਰ ਦੀਆਂ ਗੱਲਾਂ ਸਾਂਝੀਆਂ ਕਰੋ, ਰਿਸ਼ਤੇ ਮਜ਼ਬੂਤ ਬਣਨਗੇ।

**ਕੰਨਿਆ – (ਜਨਮ 16 ਅਗਸਤ ਤੋਂ 14 ਸਤੰਬਰ)** ਗੁਜ਼ਾਰੇਯੋਗ ਆਮਦਨ ਦੇ ਵਸੀਲੇ ਬਣਦੇ ਰਹਿਣਗੇ। ਸਮਾਜਿਕ ਤੇ ਧਾਰਮਿਕ ਕੰਮਾਂ ਵੱਲ ਰੁਝਾਨ ਹੋਵੇਗਾ। ਸਵਾਰੀ ਆਦਿ ਸੁੱਖਾਂ ਵਿੱਚ ਵਾਧਾ ਹੋਵੇਗਾ। ਪਰਿਵਾਰ ਵਿੱਚ ਸ਼ੁੱਭ ਮੰਗਲ ਕੰਮਾਂ 'ਤੇ ਖਰਚ ਹੋਵੇਗਾ। ਪਰਿਵਾਰ ਵਿੱਚ ਮੱਤਭੇਦ ਤੇ ਕਾਰੋਬਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਸਕਦੈ। ਬੱਚਿਆਂ ਨਾਲ ਪਰਿਵਾਰ ਦੀਆਂ ਗੱਲਾਂ ਬਾਤਾਂ ਕਰੋ।

**ਤੁਲਾ – (ਜਨਮ 15 ਸਤੰਬਰ ਤੋਂ 14 ਅਕਤੂਬਰ)** ਕਾਰੋਬਾਰੀ ਖੇਤਰ ਵਿੱਚ ਹੌਲੀ-ਹੌਲੀ ਸੁਧਾਰ ਹੋਵੇਗਾ। ਮਾਣ-ਇੱਜ਼ਤ ਵਿੱਚ ਵਾਧਾ ਅਤੇ ਉੱਚ-ਪੱਧਰੀ ਲੋਕਾਂ ਨਾਲ ਮੇਲ-ਜੋਲ ਬਣਨਗੇ। ਧਨ ਆਉਣ ਦੇ ਵਸੀਲੇ ਬਣਦੇ ਰਹਿਣਗੇ। ਮਾਨਸਿਕ ਤਣਾਅ, ਪਰਿਵਾਰ ਵਿੱਚ ਮੱਤਭੇਦ ਤੇ ਕੁਝ ਕੰਮਾਂ ਵਿੱਚ ਅਸਮੰਜਸ ਵਾਲੇ ਹਾਲਾਤ ਬਣੇ ਰਹਿਣਗੇ। ਆਪਣੀ ਚਾਦਰ ਦੇਖ ਕੇ ਹੀ ਪੈਰ ਪਸਾਰੋ, ਆਰਥਿਕ ਉਲਝਣਾਂ ਤੋਂ ਬਚੇ ਰਹੋਗੇ।

**ਬ੍ਰਿਸ਼ਚਕ – (ਜਨਮ 15 ਅਕਤੂਬਰ ਤੋਂ 13 ਨਵੰਬਰ)** ਆਮਦਨ ਘੱਟ ਤੇ ਖਰਚ ਜ਼ਿਆਦਾ ਰਹਿਣਗੇ। ਕਾਰੋਬਾਰ/ਨੌਕਰੀ ਵਿੱਚ ਰੁਕਾਵਟਾਂ ਤੇ ਘਰੇਲੂ ਉਲਝਣਾਂ ਕਰਕੇ ਮਨ ਪ੍ਰੇਸ਼ਾਨ ਰਹੇਗਾ। ਬੇਕਾਰ ਦੀ ਭੱਜ-ਦੌੜ ਵੀ ਜ਼ਿਆਦਾ ਰਹੇਗੀ। ਵਧੇਰੇ ਸੰਘਰਸ਼ ਦੇ ਬਾਵਜੂਦ ਗੁਜ਼ਾਰੇਯੋਗ ਧਨ ਪ੍ਰਾਪਤੀ ਦੇ ਸਾਧਨ ਬਣਦੇ ਰਹਿਣਗੇ। ਮਾਤਾ ਪਿਤਾ ਬੱਚਿਆਂ ਨੂੰ ਗੁਰੂ ਘਰ ਜਰੂਰ ਲਿਜਾਉ।

**ਧਨੁ – (ਜਨਮ 14 ਨਵੰਬਰ ਤੋਂ 13 ਦਸੰਬਰ)** ਇਸ ਹਫਤੇ ਧਨ ਲਾਭ ਤੇ ਪਰਿਵਾਰਕ ਸੁੱਖਾਂ ਵਿੱਚ ਵਾਧੇ ਦੇ ਯੋਗ ਹਨ। ਕਿਸੇ ਮਿੱਤਰ ਦੀ ਮਦਦ ਨਾਲ ਰੁੱਕਿਆ ਕੰਮ ਬਣੇਗਾ। ਆਰਥਿਕ ਖੇਤਰਾਂ ਵਿੱਚ ਹਾਲਾਤ ਡਾਵਾਂਡੋਲ ਤੇ ਅਸਥਿਰ ਰਹਿਣਗੇ। ਧਨ ਦਾ ਖਰਚ ਜ਼ਿਆਦਾ ਅਤੇ ਵਿਵਾਹਿਕ ਜੀਵਨ ਵਿੱਚ ਮੱਤਭੇਦ ਰਹਿਣਗੇ। ਤਾਂਤਰਿਕ ਜੋਤਸ਼ੀਆਂ ਨੂੰ ਨਾ ਮਿਲੋ।

**ਮਕਰ – (ਜਨਮ 14 ਦਸੰਬਰ ਤੋਂ 12 ਜਨਵਰੀ)** ਪਿਛਲੇ ਸਮੇਂ ਦੌਰਾਨ ਕੀਤੀਆਂ ਕੋਸ਼ਿਸ਼ਾਂ ਵਿੱਚ ਕਾਮਯਾਬੀ ਮਿਲੇਗੀ। ਉੱਚ ਅਹੁਦੇ ਦੇ ਲੋਕਾਂ ਨਾਲ ਮੇਲ-ਜੋਲ ਵੱਧਣਗੇ। ਕਾਰੋਬਾਰ ਵਿੱਚ ਲਾਭ ਦੇ ਯੋਗ ਹਨ। ਜ਼ਮੀਨ/ਵਾਹਨ ਆਦਿ ਦੇ ਖਰੀਦਣ ਜਾਂ ਵੇਚਣ ਦਾ ਕੰਮ ਵੀ ਹੋ ਸਕਦਾ ਹੈ। ਪਰਿਵਾਰ ਦਰਮਿਆਨ ਮੱਤਭੇਦ ਹੋ ਸਕਦੇ ਹਨ। ਘਰ ਵਿੱਚ ਸ਼ਰਾਬ ਦੀ ਵਰਤੋਂ ਨਾ ਕਰਨੀ, ਘਰ ਵਿੱਚ ਸ਼ਾਂਤੀ ਆਵੇਗੀ।

**ਕੁੰਭ – (ਜਨਮ 13 ਜਨਵਰੀ ਤੋਂ 11 ਫਰਵਰੀ)** ਇਸ ਹਫਤੇ ਖਾਸ ਜਰੂਰੀ ਕੰਮਾਂ ਵਿੱਚ ਅੜਚਨਾਂ ਪੈਣਗੀਆਂ। ਧਨ ਲਾਭ ਤੇ ਤਰੱਕੀ ਦੇ ਰਸਤੇ ਖੁੱਲ੍ਹਣਗੇ। ਕਿਸੇ ਖਾਸ ਉੱਚ ਅਧਿਕਾਰੀ ਨਾਲ ਮੇਲ ਅਤੇ ਸਹਿਯੋਗ ਨਾਲ ਸੰਤਾਨ ਦੀ ਕੋਈ ਉਲਝਣ ਹੱਲ ਹੋਣ ਦੇ ਆਸਾਰ ਹਨ। ਸਿਹਤ ਸਬੰਧੀ ਪ੍ਰੇਸ਼ਾਨੀ ਦੇ ਯੋਗ ਹਨ। ਪਾਠ ਕਰੋ ਅਤੇ ਗੁਰੂ ਘਰ ਜਰੂਰ ਹਾਜ਼ਰੀ ਭਰੋ।

**ਮੀਨ – (ਜਨਮ 12 ਫਰਵਰੀ ਤੋਂ 13 ਮਾਰਚ)** ਇਸ ਹਫਤੇ ਮਿਲੇ-ਜੁਲੇ ਪ੍ਰਭਾਵ ਹੋਣਗੇ। ਹਫਤੇ ਦੇ ਪਹਿਲੇ ਦੋ-ਤਿੰਨ ਦਿਨ ਧਨ ਲਾਭ ਤੇ ਸੁੱਖ ਵਿੱਚ ਵਾਧਾ ਹੋਵੇਗਾ। ਅਮੋਦ-ਪ੍ਰਮੋਦ ਦੇ ਸਾਧਨਾਂ ਵਿੱਚ ਵੀ ਵਾਧਾ ਹੋਵੇਗਾ। ਧਰਮ-ਕਰਮ ਦੇ ਕੰਮਾਂ ਵਿੱਚ ਰੁਝਾਨ ਵਧੇਗਾ, ਪਰਿਵਾਰਕ ਉਲਝਣਾਂ ਕਰਕੇ ਮਨ ਉਦਾਸ ਰਹੇਗਾ। ਸ੍ਰੀ ਜਪੁਜੀ ਸਾਹਿਬ ਦਾ ਪਾਠ ਕਰਨਾ ਕਲਿਆਣਕਾਰੀ ਰਹੇਗਾ।

## ਹਾਸੇ ਦੀ ਪਟਾਰੀ

**ਮੇਰੇ** ਇਕ ਸ਼ੁੱਭਚਿੰਤਕ ਨੇ ਮੈਨੂੰ ਸੁਝਾਅ ਦਿੱਤਾ ਕਿ ਪਤਨੀ ਤੋਂ ਬਹਿਸ ਨਾਲ ਨਾ ਜਿੱਤੋ, ਸਗੋਂ ਆਪਣੀ ਮੁਸਕਰਾਹਟ ਨਾਲ ਉਸ ਨੂੰ ਹਰਾਉ।

ਮੈਂ ਕੋਸ਼ਿਸ਼ ਕੀਤੀ। ਪਤਨੀ ਬੋਲੀ, ਬਹੁਤ ਜ਼ਿਆਦਾ ਹਾਸਾ ਆ ਰਿਹਾ ਹੈ ਤੈਨੂੰ ਅੱਜ ਕੱਲ੍ਹ, ਲੱਗਦੈ ਤੇਰਾ ਭੂਤ ਉਤਾਰਨਾ ਪਵੇਗਾ।

*---*---*

**ਪਲੱਸ** ਪੋਲੀਉ ਟੀਮ ਘਰ ਆਈ।

ਮਹਿੰਦਰ (ਪਤਨੀ ਨੂੰ), ਭਾਗਵਾਨੇ ਬੰਦੂਕ ਤੇ ਕਾਰਤੂਸ ਕਿਥੇ ਨੇ?

ਟੀਮ ਭੱਜੀ ਤਾਂ ਪਿੱਛਿਉਂ ਮਹਿੰਦਰ ਨੇ ਆਵਾਜ਼ ਲਾਈ, ਰੁਕੋ, ਓਏ ਰੁਕੋ, ਇਹ ਸਾਡੇ ਬੱਚਿਆਂ ਦੇ ਨਾਂ ਹਨ।

*---*---*

**ਮੁੰਡਾ,** ਤੇਰਾ ਨਾਂ ਕੀ ਹੈ?

ਕੁੜੀ, ਤਮੰਨਾ।

ਮੁੰਡਾ, ਤਾਂ ਫਿਰ ਤੇਰੇ ਪਿਤਾ ਜੀ ਦਾ ਨਾਂ ਸਰਫਰੋਸ਼ੀ ਹੋਵੇਗਾ।

ਕੁੜੀ, ਤੂੰ ਇਹ ਕਿਵੇਂ ਕਹਿ ਸਕਦਾ ਏਂ?

ਮੁੰਡਾ, ਕਿਉਂਕਿ ਸਰਫਰੋਸ਼ੀ ਕੀ ਤਮੰਨਾ, ਅਬ ਹਮਾਰੇ ਦਿਲ ਮੇਂ ਹੈ।

*---*---*


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

FOR SUBSCRIPTION
(PLEASE TICK ONE RELEVANT BOX)

6 MONTHS ---- £95 ☐
1 YEAR ---- £180 ☐

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਚੰਦਾ ਬੈਂਕ ਅਕਾਊਂਟ ਵਿੱਚ ਵੀ ਪਾ ਸਕਦੇ ਹੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.......................................................................................
ADDRESS...................................................................................
..........................................................POST CODE.............................
TEL...........................................................................................

Barclays Bank details: ACCOUNT: Punjab Times Trust
ACCOUNT NO: 20853011 SORT CODE: 20-25-85

Post with payments to: SUBSCRIPTION
PANJAB TIMES BRIDLE GATE LANE, ALVASTON, DERBY, DE24 0QW, U.K.
TEL: 01332 372851 FAX: 01332 374819
or please ring on Mo: 07966 388 388
www.panjabtimes.uk Email: Panjabtimes@aol.com



ਵਿਆਹ, ਪਾਰਟੀਆਂ ਤੇ ਹਰ ਤਰ੍ਹਾਂ ਦੇ ਸਮਾਗਮਾਂ ਲਈ ਹੰਸਲੋ ਵਿਖੇ ਸ਼ਾਨਦਾਰ ਟਿਕਾਣਾ

ਕਿੰਗਜ਼ਵੇਅ ਬੈਂਕਿਊਟਿੰਗ ਸੂਈਟ


ਸਾਡੇ ਤਾਜ਼ਾ ਤੇ ਵੰਨ-ਸੁਵੰਨੇ ਖਾਣਿਆਂ ਦੀ ਚੋਣ ਤੁਹਾਡੀ ਤੇ ਸੇਵਾ ਸਾਡੀ

ਹਰ ਤਰ੍ਹਾਂ ਦੀਆਂ ਪਾਰਟੀਆਂ ਲਈ ਹਾਲ ਮੁਫ਼ਤ!

ਕਿਸੇ ਵੀ ਤਰ੍ਹਾਂ ਦੀ ਪਾਰਟੀ ਦਾ ਆਯੋਜਨ ਕਰਨ ਤੋਂ ਪਹਿਲਾਂ ਇਕ ਵਾਰ ਸਾਡੇ ਨਾਲ ਗੱਲ ਜ਼ਰੂਰ ਕਰੋ।
ਸਾਡੀ ਵਧੀਆ ਅਤੇ ਸ਼ਾਨਦਾਰ ਸਰਿਵਸ ਦੇਖ ਕੇ ਤੁਹਾਡੇ ਮਹਿਮਾਨ ਅਸ਼-ਅਸ਼ ਕਰ ਉਠਣਗੇ।

ਵਿਆਹ ਮੌਕੇ ਗੁਰਦੁਆਰਾ ਸਾਹਿਬ ਵਿਖੇ ਸਵੇਰ ਦੀ ਚਾਹ ਨਾਲ ਤਾਜ਼ਾ ਸਮੋਸੇ, ਪਕੌੜੇ, ਸਪਰਿੰਗ ਰੋਲ ਤੇ ਤੁਹਾਡੀ ਮਨਪਸੰਦ ਮਿਠਿਆਈ ਬਹੁਤ ਰਿਆਇਤੀ ਭਾਅ ਤੇ ਉਪਲਬਧ ਕਰਦੇ ਹਾਂ!

ਅੱਜ ਹੀ ਸੰਪਰਕ ਕਰੋ ਤੇ ਖਾਣਿਆਂ ਦੇ ਬਾਦਸ਼ਾਹ
ਸਵ: ਉਮਰਾਓ ਅਟਵਾਲ ਦੇ 40 ਸਾਲਾ ਤਜ਼ਰਬੇ ਦਾ ਲਾਭ ਉਠਾਓ


ਸਵ: ਸ੍ਰ. ਉਮਰਾਓ ਅਟਵਾਲ

ਯੂ.ਕੇ. 'ਚ ਲੱਡੂਆਂ ਦੇ ਸਭ ਤੋਂ ਮਾਹਿਰ

KINGSWAY BANQUETING SUITE
270-272 BATH ROAD, HOUNSLOW, MIDDLESEX, TW4 7DF.
(OPP. HOUNSLOW WEST TUBE STATION)
TEL: 020 8570 8351
Email: Kingswaylondon@icloud.com, www.kingswaybanqueting.com

# ਸ਼੍ਰੋਮਣੀ ਅਕਾਲੀ ਦਲ ਮੁੜ ਸੁਰਜੀਤ ਕਰੋ ਨਹੀਂ ਤਾਂ ਸਿਖ ਪੰਥ ਦੀ ਦੁੱਖਾਂ ਦੀ ਕਾਲ਼ੀ-ਬੋਲ਼ੀ ਰਾਤ ਮੁੱਕਣੀ ਨਹੀਂ

ਗੁਰਤੇਜ ਸਿੰਘ ਆਈਏਐਸ

• • •



ਸ਼੍ਰੋਮਣੀ ਅਕਾਲੀ ਦਲ ਦੀ ਨਵ-ਸੁਰਜੀਤੀ ਬਾਰੇ ਜ਼ਿਕਰ ਪਿੱਛੇ (2024 ਵਿੱਚ) ਹੋਈਆਂ ਲੋਕ ਸਭਾ ਚੋਣਾਂ ਤੋਂ ਬਾਅਦ ਨਵੇਂ ਜੋਸ਼ ਨਾਲ ਹੋ ਰਿਹਾ ਹੈ। ਅਸਲੋਂ ਔਝੜ ਪਏ ਜਾਂ ਮੁੱਢੋਂ ਭੋਲ਼ੇ ਲੋਕਾਂ ਨੂੰ ਛੱਡ ਕੇ ਸਭ ਨੂੰ ਪਤਾ ਸੀ ਕਿ ਜਦੋਂ ਵੀ 'ਅਕਾਲ ਚਲਾਣਾ' ਕਰ ਚੁੱਕੇ ਅਕਾਲੀ ਦਲ ਨੂੰ ਸੁਰਜੀਤ ਕਰਨ ਦੀ ਗੱਲ ਚੱਲੇਗੀ ਤਾਂ ਅਕਾਲੀ ਦਲ ਦੇ ਆਈਨ ਤੋਂ ਹੀ ਸ਼ੁਰੂ ਹੋਵੇਗੀ। ਕਾਰਣ ਇਹ ਹੈ ਕਿ ਇਸਦੀ ਜਾਣ-ਬੁੱਝ ਕੇ ਕੀਤੀ ਤਬਾਹੀ ਵੇਲੇ ਵੀ ਸ਼ੁਰੂਆਤ ਦਲ ਦੇ ਪੌਣੀ ਸਦੀ ਪਹਿਲਾਂ ਬਣੇ ਆਈਨ ਨੂੰ ਨੇਸਤੋ-ਨਾਬੂਦ ਕਰ ਕੇ ਹੀ ਕੀਤੀ ਗਈ ਸੀ। ਸੋ ਅਮਰੀਕਾ, ਕਨੇਡਾ, ਯੂ. ਕੇ. ਦੇ ਗੁਰਸਿੱਖ ਹਮਦਰਦਾਂ ਨਾਲ ਰਲ ਕੇ ਦਿੱਲੀ ਅਤੇ ਪੰਜਾਬ ਦੇ ਕੁਝ ਜਾਗਰੂਕ ਲੋਕਾਂ ਨੇ ਕੋਵਿਡ ਦੇ ਵਿਹਲੇ ਦਿਨੀਂ ਕਰੜੀ ਮਿਹਨਤ ਕਰ ਕੇ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਨੂੰ ਅਜੋਕੀ ਵਿਸ਼ਵ-ਪੱਧਰੀ ਲੋਕ-ਰਾਜੀ ਸਿਆਸੀ ਸੋਚ ਦੀ ਪੁੱਠ ਦੇ ਕੇ ਪੰਜਾਬੀ ਅਤੇ ਅੰਗ੍ਰੇਜ਼ੀ ਵਿੱਚ ਤਿਆਰ ਕੀਤਾ। ਉਮੀਦ ਸੀ ਕਿ ਜਦੋਂ ਸਿੱਖ ਕੌਮ ਆਪਣੀ ਸਿਆਸੀ ਹੋਂਦ ਬਾਰੇ ਫ਼ਿਕਰ ਕਰਨਾ ਸ਼ੁਰੂ ਕਰੇਗੀ ਤਾਂ ਉਸ ਵੇਲੇ ਘੱਟੋ-ਘੱਟ ਆਈਨ ਦਾ ਇੱਕ ਨਿੱਗਰ ਸਰੂਪ (ਜਾਂ ਖਰੜਾ) ਤਾਂ ਉਸ ਕੋਲ ਹੋਵੇਗਾ ਅਤੇ ਇਉਂ ਕੀਮਤੀ ਸਮੇ ਦੀ ਬਹੁਤ ਬੱਚਤ ਹੋ ਜਾਵੇਗੀ। ਤਿਆਰ ਕੀਤੇ ਆਈਨ ਨੂੰ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਅਤੇ ਅੰਗੇਜ਼ੀ ਵਿੱਚ ਛਪਵਾ ਵੀ ਲਿਆ ਗਿਆ ਸੀ।

ਸਿਆਸੀ ਲੋਕਾਂ ਦਾ ਧਿਆਨ ਖਿੱਚਣ ਲਈ ਇਸ ਨੂੰ ਕਈ ਪੰਥਕ ਇਕੱਠਾਂ ਵਿੱਚ ਵੰਡਿਆ ਗਿਆ। ਪੂਰੀ ਵਾਹ ਲਾ ਕੇ ਪ੍ਰਚਾਰ ਕੀਤਾ ਗਿਆ ਕਿ ਜੇ ਪੰਥ ਦੀ ਸੁਵੱਲੀ ਨਜ਼ਰ ਹੋ ਜਾਵੇ ਤਾਂ ਇਸ ਨੂੰ ਪ੍ਰਵਾਨ ਕਰ ਲਿਆ ਜਾਵੇ ਨਹੀਂ ਤਾਂ ਇਸ ਨੂੰ ਖਰੜਾ ਸਮਝ ਕੇ ਯੋਗ ਤਬਦੀਲੀਆਂ ਕਰ ਲਈਆਂ ਜਾਣ। ਪਰ ਸ਼ਾਇਦ "ਨਾ ਮੈ ਰੂਪੁ ਨ ਬੰਕੇ ਨੈਣਾ ॥ ਨਾ ਕੁਲ ਢੰਗੁ ਨ ਮੀਠੇ ਬੈਣਾ ॥੧॥ ਰਹਾਉ ॥" (ਮਹਲਾ ੧, ਪੰਨਾ 750) ਗੁਰ-ਫ਼ੁਰਮਾਨ ਅਨੁਸਾਰ ਗੈਰ-ਸਿਆਸੀ ਲੋਕਾਂ ਵੱਲੋਂ ਆਇਆ ਜਾਣ ਕੇ ਕਿਸੇ ਨੇ ਇਸ ਵੱਲ ਤਵੱਜੋਂ ਤਾਂ ਕੀ ਦੇਣੀ ਸੀ, ਇਸ ਵਿਸ਼ੇ ਵੱਲ ਵੀ ਮਿਹਰ ਦੀ ਨਜ਼ਰ ਨਹੀਂ ਕੀਤੀ।

ਕੌਮ ਦਾ ਧਿਆਨ ਸੰਵਿਧਾਨ ਦੀ ਅਹਿਮੀਅਤ ਵੱਲ ਖਿੱਚਣ ਲਈ ਇੱਕ ਹੋਰ ਹੱਥਲਾ ਹੰਭਲਾ ਮਾਰਿਆ ਜਾ ਰਿਹਾ ਹੈ।

ਜਦੋਂ ਵੀ ਕੋਈ ਵੱਡਾ ਕਾਰਜ ਸਿਰੇ ਚਾੜ੍ਹਨਾ ਹੋਵੇ ਤਾਂ ਉਸ ਲਈ ਮੁੱਢਲੀ ਤਿਆਰੀ ਕਰਨੀ ਲਾਜ਼ਮੀ ਹੁੰਦੀ ਹੈ। ਅਮਰੀਕਾ ਨੇ 1776 ਵਿੱਚ ਸੰਵਿਧਾਨ ਬਣਾ ਕੇ ਮੁਲਕਾਂ ਦੀ ਕਤਾਰ ਵਿੱਚ ਸ਼ਮੂਲੀਅਤ ਕੀਤਾ ਅਤੇ ਹਿੰਦੋਸਤਾਨ ਨੇ 1946 ਵਿੱਚ ਹੀ ਵਿਧਾਨ-ਘੜਨੀ ਸਭਾ ਬਣਾ ਕੇ 1947 ਦੀ ਤਿਆਰੀ ਆਰੰਭ ਦਿੱਤੀ ਸੀ। ਏਸੇ ਤਰ੍ਹਾਂ ਕਾਰਲ ਮਾਰਕਸ ਨੇ ਆਪਣੀ ਕੱਮਿਊਨਿਸਟ ਮੈਨੀਫੈਸਟੋ ਨਾਲ ਲੈਸ ਕਰ ਕੇ ਹੀ ਕੌਮਿਊਨਿਸਟ ਪਾਰਟੀ ਨੂੰ ਸਿਆਸਤ ਵਿੱਚ ਠੇਲ੍ਹਿਆ ਸੀ। ਇਹ ਗੱਲ ਏਨੀਂ ਜਗਤ ਵਿਖਿਆਤ ਹੈ ਕਿ ਇਸ ਦੀ ਅਹਿਮੀਅਤ ਦੱਸਣ ਲੱਗਿਆਂ ਵੀ ਸੰਗ ਜਿਹੀ ਮਹਿਸੂਸ ਹੁੰਦੀ ਹੈ। ਜਿਨ੍ਹਾਂ ਦੇ ਗੁਰੂ ਨੇ ਪਹਿਲਾਂ ਗੁਰੂ ਗ੍ਰੰਥ ਤਿਆਰ ਕੀਤਾ ਅਤੇ ਫਿਰ ਖ਼ਾਲਸਾ ਸਾਜਿਆ, ਉਹਨਾਂ ਨੂੰ ਆਈਨ ਦੀ ਅਹਿਮੀਅਤ ਦੱਸਣ ਦੀ ਤਾਂ ਲੋੜ ਹੀ ਨਹੀਂ ਹੋਣੀ ਚਾਹੀਦੀ ਸੀ।

ਸਮਝ ਨਹੀਂ ਸੀ ਆ ਰਹੀ ਕਿ ਕਿਉਂ ਲੋਕਾਂ ਦਾ ਧਿਆਨ ਵਿਧਾਨ ਦੀ ਘਾਟ ਵੱਲ ਨਹੀ ਜਾਂਦਾ। ਇੱਕ ਫੁਰਨਾ ਫੁਰਿਆ ਕਿ ਸ਼ਾਇਦ ਲੋਕਾਂ ਨੂੰ ਪਤਾ ਨਹੀਂ ਕਿ ਅਕਾਲੀ ਦਲ ਦੇ ਕਤਲ ਦੀ ਪ੍ਰਕਿਰਿਆ ਆਈਨ ਨੂੰ ਕਤਲ ਕਰ ਕੇ ਹੀ ਸ਼ੁਰੂ ਕੀਤੀ ਗਈ ਸੀ। ਅੱਜ ਇਸ ਦੇ ਸੰਵਿਧਾਨ ਨੂੰ ਕਤਲ ਕਰਨ ਦੀ ਸਾਖੀ ਵੀ ਸੁਹਿਰਦ ਲੋਕਾਂ ਦੀ ਕਚਹਿਰੀ ਵਿੱਚ ਪੇਸ਼ ਕਰੀਏ ਜਿਵੇਂ 'ਅਕਾਲੀ ਦਲ ਕੇ ਅਕਾਲ ਚਲਾਣੇ ਕੀ ਸਾਖੀ' ਕਦੇ ਪੇਸ਼ ਕੀਤੀ ਸੀ। ਸ਼ਾਇਦ ਕੋਈ ਤਵੱਜੋਂ ਦੇ ਸਕੇ।

ਤੱਥ ਦੱਸਦੇ ਹਨ ਕਿ ਤਕਰੀਬਨ 1980 ਵਿੱਚ ਸਭ ਨੂੰ ਚਾਨਣ ਹੋ ਗਿਆ ਸੀ ਕਿ ਅਕਾਲੀ ਦਲ ਦੇ ਪਾਟੋਧਾੜ ਹੋਣ ਕਾਰਣ ਅਕਾਲੀ ਦਲ ਦਾ ਸੰਵਿਧਾਨ ਅਲੋਪ ਹੋ ਗਿਆ ਹੈ। ਦਰਅਸਲ ਫ਼ਤਹਿ ਸਿੰਘ ਦੇ ਸਿਆਸਤ ਵਿੱਚ ਦਾਖ਼ਲੇ ਨਾਲ ਇਹ ਅੱਖਰ-ਅੱਖਰ ਕਰ ਕੇ ਖੁਰਨਾ ਸ਼ੁਰੂ ਹੋ ਚੁੱਕਾ ਸੀ। 1980 ਵਾਲਾ ਦਲ ਦੋਫਾੜ ਹੋਣਾ ਆਈਨ ਦੇ ਤਾਬੂਤ ਵਿੱਚ ਆਖ਼ਰੀ ਕਿੱਲ ਸੀ। ਇਸ ਤੋਂ ਬਾਅਦ ਤਾਂ ਦਲ-ਦਲ ਹੀ ਬਣ ਗਈ। ਬਣਦੀ ਵੀ ਕਿਉਂ ਨਾ! ਆਈਨ ਦੀ ਤਾਂ ਲੋੜ ਨਹੀਂ ਸੀ। ਜਿਸ ਨੇ ਚਾਈ ਟੋਟਰੂ ਇਕੱਠੇ ਕਰ ਲਏ ਦਲ ਬਣਾ ਬੈਠਾ। ਇਉਂ ਬਾਦਲ ਦਲ, ਬਰਨਾਲਾ ਦਲ, ਅਮਰਿੰਦਰ ਦਲ, ਬਾਬਾ ਦਲ, ਪੰਚ-ਪ੍ਰਧਾਨੀ ਦਲ, ਪੰਥਕ ਅਕਾਲੀ ਦਲ, ਅਕਾਲੀ ਦਲ ਲੌਂਗੋਵਾਲ, ਮਾਨ ਦਲ, ਸੰਯੁਕਤ ਦਲ, ਮਨਜੀਤ ਸਿੰਘ ਦਲ, ੩੩ ਆਦਿ ਹੋਂਦ ਵਿੱਚ ਆ ਗਏ। ਸੰਵਿਧਾਨ ਕਿਸੇ ਨਾ ਬਣਾਇਆ, ਨਾ ਲੋੜ ਸਮਝੀ। ਜਿਨ੍ਹਾਂ ਨੇ ਲੋਕਾਂ ਦੀਆਂ ਅੱਖਾਂ ਵਿੱਚ ਦੱਬ ਕੇ ਘੱਟਾ ਪਾਉਣਾ ਸੀ ਉਹਨਾਂ ਕਾਗ਼ਜ਼ਾਂ ਵਿੱਚ ਦੋ-ਦੋ ਵਿਧਾਨ ਘੜ ਲਏ। ਕਾਗ਼ਜ਼ ਦੇ ਪੁਤਲਿਆਂ ਵਾਂਗ ਇਹ ਕਦੇ ਅਸਰ-ਅੰਦਾਜ਼ ਨਾ ਹੋਏ ਪਰ ਆਪਣੀ ਮਾਈ-ਬਾਪ ਬਣੀ ਕੇਂਦਰੀ ਸਰਕਾਰ ਦੇ ਕਾਗਜ਼ਾਂ ਦਾ ਢਿੱਡ ਭਰਨ ਲਈ ਕਾਫ਼ੀ ਸਨ।

ਇਸ ਘੱਟਾ-ਪਾਊ ਅਮਲ ਦੀ ਸ਼ੁਰੂਆਤ ਕਰਦਿਆਂ ਸੰਤ ਹਰਚੰਦ ਸਿੰਘ ਨੇ ਫ਼ਰੀਦਕੋਟ ਦੇ ਬਲਬੀਰ ਸਿੰਘ ਬਰਾੜ ਅਧੀਨ ਆਈਨ ਘੜਨ ਲਈ ਇੱਕ ਕਮੇਟੀ ਸਤੰਬਰ 1980 ਵਿੱਚ ਬਣਾਈ। ਉਸ ਨੇ ਮਈ 17, 1981 ਦੇ ਜਨਰਲ ਇਜਲਾਸ ਵਿੱਚ ਆਈਨ ਦਾ ਖਰੜਾ ਪੇਸ਼ ਕਰ ਦਿੱਤਾ। ਸੰਤ ਲੌਂਗੋਵਾਲ ਨੇ ਤੁਰੰਤ 2000 ਦੀ ਗਿਣਤੀ ਵਿੱਚ ਛਾਪ ਲਿਆ। ਪਰ ਇਸ ਵਿੱਚ ਅਨੇਕਾਂ ਗ਼ਲਤੀਆਂ ਸਨ, ਇਸ ਲਈ ਤੁਰੰਤ ਰੱਦ ਕਰ ਦਿੱਤਾ ਗਿਆ। ਫੇਰ ਧਰਮ ਯੁੱਧ ਮੋਰਚਾ ਸ਼ੁਰੂ ਹੋ ਗਿਆ। ਇਹਨੀ ਦਿਨੀਂ ਭਰਪੂਰ ਸਿੰਘ ਬਲਬੀਰ ਨੇ ਵੀ ਇੱਕ



ਆਈਨ ਘੜ ਕੇ ਆਪਣਾ ਯੋਗਦਾਨ ਪਾਇਆ। ਪਰ ਸਹਿਮਤੀ ਕਿਸੇ ਖਰੜੇ ਉੱਤੇ ਨਾ ਹੋ ਸਕੀ। ਸੰਤ ਲੌਂਗੋਵਾਲ ਨੇ ਮੋਰਚੇ ਦੇ ਖ਼ਾਤਮੇ ਤੋਂ ਤਿੰਨ ਦਿਨ ਬਾਅਦ ਸਭਾ ਬੁਲਾ ਕੇ ਵਿਧਾਨ ਨੂੰ ਮਨਜ਼ੂਰੀ ਦੇਣ ਦਾ ਐਲਾਨ ਕਰ ਦਿੱਤਾ। ਪਰ ਮੋਰਚੇ ਦਾ ਅੰਤ ਹੋਇਆ ਤੋਪਾਂ ਦੇ ਗੋਲ਼ਿਆਂ, ਕਤਲੋਗਾਰਤ ਨਾਲ। ਕਲਮਾਂ, ਕਾਗ਼ਜ਼ ਅਤੇ ਨੇਕ ਇਰਾਦੇ ਸਭ ਧੂ-ਧੂ ਕਰ ਕੇ ਬਲ-ਮੱਚ ਗਏ।

1985 ਵਿੱਚ ਬਰਨਾਲਾ ਦਲ ਨਾਂਅ ਹੇਠ ਸਰਕਾਰ ਬਣ ਗਈ। ਰਾਜੀਵ ਗਾਂਧੀ ਦੇ ਥਾਪੜੇ ਨਾਲ ਬਣੀ ਸੀ, ਇਸ ਲਈ ਕਿਸੇ ਨਾ ਵਿਚਾਰਿਆ ਕਿ ਸੰਵਿਧਾਨ ਕੀ ਸ਼ੈਅ ਹੁੰਦੀ ਹੈ। ਬਰਨਾਲਾ ਸਰਕਾਰ ਦੀਆਂ ਕਰਤੂਤਾਂ ਕਾਰਣ 1986 ਵਿੱਚ ਇੱਕ ਵਾਰ ਫੇਰ ਅਕਾਲੀ ਦਲ ਦੋਫਾੜ ਹੋ ਗਿਆ। ਜੂਨ 4, 1986 ਨੂੰ ਪ੍ਰਕਾਸ਼ ਸਿੰਘ ਬਾਦਲ ਪਾਰਟੀ ਪ੍ਰਧਾਨ ਬਣ ਗਿਆ ਅਤੇ ਇਸ ਤੋਂ ਬਾਅਦ ਕਈ ਉਤਰਾਅ-ਚੜ੍ਹਾਅ ਫੇਰ ਵੀ ਆਏ ਪਰ ਕਾਗ਼ਜ਼ੀ ਸੰਵਿਧਾਨਾਂ ਤੋਂ ਅਗਾਂਹ ਕਦੇ ਕਿਸੇ ਸੰਵਿਧਾਨ ਦੀ ਲੋੜ ਹੀ ਨਾ ਸਮਝੀ ਗਈ। ਫਰਵਰੀ 1987 ਵਿੱਚ ਸਿੰਘ ਸਾਹਿਬ ਦਰਸ਼ਨ ਸਿੰਘ ਜੀ ਨੇ ਨੌਂ ਮੈਂਬਰੀ ਕਮੇਟੀ ਬਣਾ ਕੇ ਸੰਵਿਧਾਨ ਵਾਲਾ ਫਸਤਾ ਹੀ ਵੱਢ ਦਿੱਤਾ। ਇਸ ਤੋਂ ਬਾਅਦ ਜੇਲ ਅੰਦਰ ਮਾਨ ਦਲ ਅਤੇ ਬਾਹਰ ਬਾਬਾ ਜੋਗਿੰਦਰ ਸਿੰਘ ਦਲ ਬਿਨਾ ਆਈਨ ਤੋਂ ਧੜੱਲੇ ਨਾਲ ਚੱਲਦੇ ਰਹੇ।

ਇਹਨੀਂ ਦਿਨੀਂ ਕਰਨਾ ਕਰਤਾਰ ਦਾ ਐਸਾ ਹੋਇਆ ਕਿ ਮੈਨੂੰ (ਲੇਖਕ ਨੂੰ) ਵੀ ਪ੍ਰੋਫ਼ੈਸਰ ਦਰਸ਼ਨ ਸਿੰਘ ਦੇ, ਇੱਕ ਭੈਣ ਅਤੇ ਇੱਕ ਬਜ਼ੁਰਗ ਦੇ ਹੁਕਮ ਅਨੁਸਾਰ ਸ਼੍ਰੋਮਣੀ ਅਕਾਲੀ ਦਲ ਵਿੱਚ ਭਰਤੀ ਹੋਣਾ ਪੈ ਗਿਆ। ਮੈਂ ਸ਼੍ਰੋਮਣੀ ਅਕਾਲੀ ਦਲ ਸਮਝ ਕੇ ਹੀ ਭਰਤੀ ਹੋਇਆ ਅਤੇ ਇਸੇ ਨਾਂਅ ਹੇਠ ਚਿੱਠੀ-ਪੱਤਰ ਲਈ ਕਾਗ਼ਜ਼ਾਤ ਛਾਪ ਲਏ। ਪਰ ਕਲਕੱਤੇ ਪ੍ਰੈਸ ਕਲੱਬ ਵਿੱਚ ਬਿਆਨ ਜਾਰੀ ਕਰਨ ਲਈ ਤਿਆਰ ਹੋ ਕੇ ਆਇਆ ਤਾਂ ਪਤਾ ਚੱਲਿਆ ਕਿ ਮੈ 'ਮਾਨ ਦਲ' ਵਿੱਚ ਸ਼ਾਮਲ ਸਾਂ। ਕਾਫ਼ੀ ਹੀਲ-ਹੁੱਜਤ ਕੀਤੀ ਪਰ ਉਸ ਵੇਲੇ ਦੇ ਮਹਾਨਤਮ ਅਕਾਲੀ, ਜਸਟਿਸ ਅਜੀਤ ਸਿੰਘ ਬੈਂਸ ਦੇ ਹੁਕਮ ਉੱਤੇ ਸਮਾਂ ਲੰਘਾਉਣ ਲਈ ਪ੍ਰੈੱਸ ਮਿਲਣੀ ਵਿੱਚ ਚੁੱਪ ਕਰ ਰਿਹਾ। ਬਾਅਦ ਵਿੱਚ ਜੱਜ ਸਾਹਬ ਦੀ ਜੱਜਮੈਂਟ ਆਈ ਕਿ ਦਲ ਇਵੇਂ ਹੀ ਕਿਸੇ ਨਾ ਕਿਸੇ ਨਾਂਅ ਨਾਲ ਚਲਾਉਣ ਦਾ ਰਿਵਾਜ ਹੈ। ਮਾਨ ਦਲ ਵੀ ਇਵੇਂ ਚੱਲੇਗਾ। ਮੈਂ ਅਪੀਲ ਕੀਤੀ। ਮਾਨ ਦੇ ਜੇਲ੍ਹ ਤੋਂ ਬਾਹਰ ਆਉਣ ਉੱਤੇ ਸਲਾਹ ਦਿੱਤੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਸੰਵਿਧਾਨ ਅਨੁਸਾਰ ਭਰਤੀ ਕਰਕੇ ਚੋਣਾਂ ਕਰਵਾਈਆਂ ਜਾਣ। ਇਉਂ ਅਸੀਂ ਏਸ਼ੀਆ ਦੀ ਸਭ ਤੋ ਵੱਧ ਲੋਕਰਾਜੀ ਤਨਜ਼ੀਮ ਬਣ ਉੱਭਰ ਸਕਦੇ ਸਾਂ। ਇਸ ਚੱਕਰ ਵਿੱਚ, 'ਮਾਨ ਦਲ', ਜਿਸ ਨੂੰ ਮੈਂ ਕਦੇ ਮਾਨਤਾ ਹੀ ਨਹੀਂ ਸੀ ਦਿੱਤੀ, ਵਿੱਚੋਂ ਸ. ਸੁਖਿੰਦਰ ਸਿੰਘ ਸਮੇਤ 'ਸਸਪੈਂਡ' ਹੋਣਾ ਪਿਆ। ਫੇਰ ਕਦੇ ਮੁੜ ਕੇ ਨਾ ਵੇਖਿਆ।

ਨੱਬਵਿਆਂ ਵਿੱਚ ਕੁਝ ਦੋਸਤਾਂ ਦੀ ਮਦਦ ਨਾਲ ਅਕਾਲੀ ਦਲ ਦੀ ਭਰਤੀ ਅਤੇ ਚੋਣਾਂ ਕਰਵਾਉਣ ਦੇ ਹੱਕ ਵਿੱਚ ਜ਼ਬਰਦਸਤ ਅਖ਼ਬਾਰੀ ਮੁਹਿੰਮ ਚਲਾਈ। ਉਹ ਕਿਸੇ ਹੱਦ ਤੱਕ ਸਫ਼ਲ ਵੀ ਹੋਈ। ਸਾਰੇ ਦਲਾਂ ਨੇ ਤਕਰੀਬਨ 25-30 ਲੱਖ ਤੱਕ ਦੀ ਭਰਤੀ ਕਰ ਲਈ। ਭਰਤੀ ਅਨੁਸਾਰ ਚੋਣਾਂ ਕਿਸੇ ਨਾ ਕਰਵਾਈਆਂ। ਪ੍ਰਧਾਨ ਉਹੀ ਬਣੇ ਰਹੇ। ਦੋ-ਦੋ ਸਕੱਤਰ, ਕਈ-ਕਈ ਵਾਈਸ ਪ੍ਰਧਾਨ, ਇੱਕ-ਇੱਕ ਸਕੱਤਰ ਜਨਰਲ ਸਭ ਨੇ ਥਾਪ ਲਏ। ਪਰ ਖਜ਼ਾਨਚੀ ਕਿਸੇ ਇੱਕ ਨੇ ਵੀ ਨਾ ਬਣਾਇਆ, ਨਾ ਹੀ ਅੱਜ ਤੱਕ ਕੋਈ ਹੈ। ਗੁਰੂ ਦੀ ਐਸੀ ਮਿਹਰ ਹੋਈ ਕਿ ਭਰਤੀ ਅਨੁਸਾਰ ਸਾਰੇ ਅਕਾਲੀ ਦਲਾਂ ਦੇ ਸਾਰੇ ਮੈਂਬਰਾਂ ਦੀ ਗਿਣਤੀ ਪੰਜਾਬ ਵਿੱਚ ਵੱਸਦੇ ਸਿੱਖਾਂ ਦੀ ਗਿਣਤੀ ਤੋਂ ਵੀ ਵਧ ਗਈ। ਖ਼ਜ਼ਾਨਚੀ ਅਤੇ ਵਿਧਾਨ ਤੋਂ ਬਿਨਾਂ ਅੱਜ ਤੱਕ ਸਾਰੇ ਦਲ ਚੱਲ ਰਹੇ ਹਨ। ਕਈ ਵਾਰ ਇੱਕ ਦੂਜੇ ਵਿੱਚ ਵਿਲੀਨ ਹੋਏ ਪਰ ਸਮਾਂ ਪੈ ਕੇ ਫੇਰ ਸਬੂਤੇ ਹੀ ਦੁਬਾਰਾ ਕਾਇਮ ਹੋ ਗਏ।

ਹਾਸੇ-ਠੱਠੇ ਲਈ ਤਾਂ ਇਹ ਵਾਹਵਾ ਮੌਜੂ ਲੱਗਦਾ ਹੈ ਪਰ ਯਥਾਰਥ ਵਜੋਂ ਬਹੁਤ ਹੀ ਨਮੋਸ਼ੀ ਦਾ ਆਲਮ ਹੈ ਕਿ ਸਿੱਖ ਸਿਆਸਤ ਬਿਨਾ ਧੁਰੇ ਤੋਂ ਹੀ ਚੱਲ ਰਹੀ ਹੈ - ਤਕਰੀਬਨ ਅੱਧੀ ਸਦੀ ਤੋਂ। ਸਾਡੀ ਪੀੜ੍ਹੀ ਦੇ ਦੌਰਾਨ ਸਿੱਖਾਂ ਉੱਤੇ ਅਸਹਿ ਜ਼ੁਲਮ ਹੋਏ ਪਰ ਪੱਕੀ-ਪੀਢੀ ਪੁਖ਼ਤਾ ਸਿਆਸੀ ਤਨਜ਼ੀਮ ਨਾ ਹੋਣ ਕਾਰਣ ਸਭ ਕੁਝ ਉੱਤੇ ਪਰਦਾ ਪੈ ਗਿਆ। ਯਕੀਨਨ, ਲੋਕਾਂ ਉੱਤੇ ਜ਼ੁਲਮ ਇਸ ਲਈ ਹੋਏ ਕਿ ਉਹਨਾਂ ਦੀ ਕੋਈ ਸਿਆਸੀ ਤਨਜ਼ੀਮ ਨਹੀਂ ਸੀ। 'ਖੜਗ ਕਾਠ ਜਿਨ ਤਜਿਓ...॥

ਇੱਕ ਵਾਰ ਫੇਰ ਆਪਣੀ ਕੌਮ ਨੂੰ ਅਪੀਲ ਹੈ ਕਿ ਲੋਕ-ਰਾਜੀ ਲੀਹਾਂ ਉੱਤੇ ਆਈਨ ਸਿਰਜ ਕੇ ਇੱਕ ਨਿੱਗਰ ਸਿਆਸੀ ਤਨਜ਼ੀਮ ਸ਼੍ਰੋਮਣੀ ਅਕਾਲੀ ਦਲ ਦੇ ਰੂਪ ਵਿੱਚ ਸੁਰਜੀਤ ਕਰੋ ਨਹੀਂ ਤਾਂ ਇਹ ਦੁੱਖਾਂ ਦੀ ਕਾਲ਼ੀ-ਬੋਲ਼ੀ ਰਾਤ ਮੁੱਕਣੀ ਨਹੀਂ। ਆਪਣੇ ਝਮੇਲਿਆਂ ਵਿੱਚੋਂ ਨਿਕਲ ਕੇ ਗੁਰੂ ਗ੍ਰੰਥ ਦਾ ਚਾਨਣ ਸੰਸਾਰ ਵਿੱਚ ਫੈਲਾਉ। ਸੰਸਾਰ ਸੁਖਦ ਸੁਨੇਹੇ ਨੂੰ ਉਡੀਕ ਰਿਹਾ ਹੈ। ਤਰਸ ਕਰੋ ਆਪਣੇ-ਆਪ ਉੱਤੇ ਅਤੇ 'ਹੈ ਹੈ ਕਰਦੀ' ਲੁਕਾਈ ਉੱਤੇ। ਸੰਵਿਧਾਨ ਬਿਨਾ ਕੋਈ ਤਨਜ਼ੀਮ ਨਹੀ ਉਸਰ ਸਕਦੀ ਅਤੇ ਤਨਜ਼ੀਮ ਬਿਨਾ ਤਬਾਹੀ ਤੇ ਬਰਬਾਦੀ ਤੋਂ ਬਿਨਾ ਕੁਝ ਹਾਸਲ ਨਹੀਂ ਹੋ ਸਕਦਾ। ਇੱਕੀਵੀਂ ਸਦੀ ਇੱਕ ਚੌਥਾਈ ਬੀਤ ਚੁੱਕੀ ਹੈ। ਜਾਗਣ ਦਾ ਵੇਲਾ ਹੈ। ਸੱਚੇ ਸਾਹਿਬ ਦਾ ਫੁਰਮਾਨ ਹੈ: "ਜੋ ਜਾਗੇ ਸੇ ਉਬਰੇ ਸੂਤੇ ਗਏ ਮੁਹਾਇ ॥" (ਮਹਲਾ ੩) (ਪੰਨਾ 34)

**ਨਿਰਮਲ ਸਿੰਘ ਕੰਧਾਲਵੀ**



# ਕਬੂਤਰਬਾਜ਼ (ਬਾਬੇ)



**ਜਦੋਂ ਇਹਨਾਂ ਦਾ ਬਾਬਾ ਆਪਣੇ ਡੇਰੇ ਮੁੜਿਆ ਤਾਂ ਸ਼ਰਨਜੀਤ ਦੇ ਮੰਮੀ ਡੈਡੀ ਨੇ ਡੇਰੇ 'ਚ ਫ਼ੂਨ ਕਰ ਕਰ ਕੇ ਮਾਫ਼ੀਆਂ ਮੰਗੀਆਂ ਪਰ ਬਾਬਾ ਟੱਸ ਤੋਂ ਮੱਸ ਨਾ ਹੋਇਆ। ਬਾਬਾ ਇਨ੍ਹਾਂ ਉਪਰ ਬਹੁਤ ਕ੍ਰੋਧਵਾਨ ਹੋਇਆ ਤੇ ਉਹਨੇ ਫ਼ੁਰਮਾਨ ਸੁਣਾ ਦਿਤਾ ਕਿ ਇਹ ਵਿਆਹ ਤੋੜ ਨਹੀਂ ਚੜ੍ਹੇਗਾ ਕਿਉਂਕਿ ਕੁੜੀ ਤੇ ਮੁੰਡੇ 'ਚੋਂ ਇਕ ਦੀ ਮੌਤ ਅਵੱਸ਼ ਹੋ ਜਾਣੀ ਹੈ। ਸ਼ਰਨਜੀਤ ਦੇ ਮੰਮੀ ਡੈਡੀ ਨੂੰ ਇਸ ਬਾਬੇ ਉਪਰ ਰੱਬ ਨਾਲੋਂ ਵੀ ਜ਼ਿਆਦਾ ਵਿਸ਼ਵਾਸ ਹੈ। ਮੈਂ ਆਪਣਾ ਸਾਰਾ ਟਿੱਲ ਲਾ ਕੇ ਇਨ੍ਹਾਂ ਨੂੰ ਸਮਝਾ ਚੁੱਕਾ ਹਾਂ ਪਰ ਇਸ ਅੰਧ-ਵਿਸ਼ਵਾਸੀ ਟੱਬਰ 'ਤੇ ਕੋਈ ਅਸਰ ਨਹੀਂ ਹੋਇਆ। ਮੇਰੀ ਵਿਗਿਆਨਕ ਸੋਚ ਟੱਕਰਾਂ ਮਾਰ ਮਾਰ ਕੇ ਥੱਕ ਗਈ। ਸ਼ਰਨਜੀਤ ਵੀ ਮਾਂ ਬਾਪ ਦੇ ਮਗਰ ਹੀ ਚਲਦੀ ਹੈ।**

ਪੰਜਾਬ ਦਾ ਇਕ ਛੋਟਾ ਜਿਹਾ ਪਿੰਡ ਸੀ ਇਹ। ਅਮਰੀਕਾ ਤੋਂ ਆਈ ਹੋਈ ਖ਼ਬਰ ਨੇ ਘਰ ਵਾਲਿਆਂ ਨੂੰ ਤਾਂ ਪ੍ਰੇਸ਼ਾਨ ਕਰਨਾ ਹੀ ਸੀ ਸਗੋਂ ਆਂਢੀ ਗੁਆਂਢੀ, ਰਿਸ਼ਤੇਦਾਰ ਤੇ ਪਿੰਡ ਵਾਲੇ ਵੀ ਬੜੇ ਹੈਰਾਨ ਸਨ ਕਿ ਵਿਆਹ ਹੋਏ ਨੂੰ ਤਾਂ ਅਜੇ ਕੁਝ ਮਹੀਨੇ ਹੀ ਹੋਏ ਸਨ ਤੇ ਕੁੜੀ ਨੇ ਮੁੰਡੇ ਨੂੰ ਅਮਰੀਕਾ ਸੱਦ ਕੇ ਤਲਾਕ ਦੇ ਦਿਤਾ ਸੀ। ਜਿਸ ਕਿਸੇ ਨੇ ਵੀ ਸੁਣਿਆ ਉਹ ਸੁੰਨ ਹੋ ਗਿਆ ਤੇ ਲੋਕ ਤਰ੍ਹਾਂ ਤਰ੍ਹਾਂ ਦੀਆਂ ਅਫ਼ਵਾਹਾਂ ਉਡਾਉਣ ਲੱਗੇ।

ਨੰਬਰਦਾਰਾਂ ਦੇ ਦਲਬੀਰ ਦਾ ਰਿਸ਼ਤਾ ਅਮਰੀਕਾ ਤੋਂ ਆਈ ਸ਼ਰਨਜੀਤ ਨਾਲ ਪੱਕਾ ਹੋ ਗਿਆ ਸੀ। ਅਮਰੀਕਾ ਤੋਂ ਲੜਕੀ ਸ਼ਰਨਜੀਤ ਤੇ ਉਸ ਦੇ ਮਾਂ ਬਾਪ ਵਿਸ਼ੇਸ਼ ਤੌਰ 'ਤੇ ਇਸੇ ਕੰਮ ਲਈ ਪੰਜਾਬ ਆਏ ਸਨ ਕਿ ਚੰਗਾ ਜਿਹਾ ਰਿਸ਼ਤਾ ਲੱਭ ਕੇ ਉਹ ਸ਼ਰਨਜੀਤ ਦਾ ਵਿਆਹ ਕਰ ਦੇਣ। ਕਿਸੇ ਦੂਰ ਦੇ ਰਿਸ਼ਤੇਦਾਰ ਨੇ ਉਹਨਾਂ ਨੂੰ ਇਸ ਪਿੰਡ ਦੇ ਨੰਬਰਦਾਰ ਪਿਆਰਾ ਸਿੰਘ ਦੇ ਮੁੰਡੇ ਦੀ ਦੱਸ ਪਾਈ ਸੀ। ਸ਼ਰਨਜੀਤ ਦੇ ਬਾਪ ਨੇ ਕਿਸੇ ਨਾ ਕਿਸੇ ਤਰ੍ਹਾਂ ਮੁੰਡੇ ਦੇ ਖ਼ਾਨਦਾਨ ਬਾਰੇ ਸੂਹ ਕੱਢ ਲਈ ਸੀ ਤੇ ਪਰਵਾਰ ਪੂਰੀ ਤਰ੍ਹਾਂ ਸੰਤੁਸ਼ਟ ਸੀ। ਉਸੇ ਹੀ ਦੂਰ ਦੇ ਰਿਸ਼ਤੇਦਾਰ ਨੂੰ ਉਹਨਾਂ ਨੇ ਵਿਚੋਲਗਿਰੀ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿਤੀ। ਮਿਥੇ ਦਿਨ 'ਤੇ ਮਾਂ ਬਾਪ ਸ਼ਰਨਜੀਤ ਨੂੰ ਵੀ ਨਾਲ ਹੀ ਲੈ ਆਏ। ਉਹ ਚਾਹੁੰਦੇ ਸਨ ਕੇ ਜੇ ਮੁੰਡਾ ਸ਼ਰਨਜੀਤ ਦੇ ਵੀ ਪਸੰਦ ਹੋਇਆ ਤਾਂ ਉਹ ਉਸੇ ਸਮੇਂ ਹੀ ਪੱਕ-ਠੱਕ ਕਰ ਲੈਣਗੇ।

ਮਾਂ ਬਾਪ ਨੇ ਮੁੰਡਾ ਦੇਖਿਆ ਤੇ ਉਥੇ ਹੀ ਲੱਟੂ ਹੋ ਗਏ। ਛੇ ਫੁੱਟ ਉਚਾ ਕੱਦ, ਰੰਗ ਗੋਰਾ ਨਿਛੋਹ, ਬਿੱਲੀਆਂ ਅੱਖਾਂ ਤੇ ਐਮ.ਏ. ਪੜ੍ਹਿਆ ਹੋਇਆ। ਸਾਰਿਆਂ ਦੀ ਸਲਾਹ ਨਾਲ਼ ਦਲਬੀਰ ਤੇ ਸ਼ਰਨਜੀਤ ਨੂੰ ਇਕ ਅਲੱਗ ਕਮਰੇ 'ਚ ਬਿਠਾ ਦਿਤਾ ਗਿਆ ਤਾਂ ਕਿ ਉਹ ਆਪਸ ਵਿਚ ਗੱਲਬਾਤ ਕਰ ਸਕਣ। ਸ਼ਰਨਜੀਤ ਦੇ ਮੂੰਹ 'ਚੋਂ ਮਾਖਿਉਂ ਮਿੱਠੀ ਪੰਜਾਬੀ ਡੁੱਲ੍ਹ ਡੁੱਲ੍ਹ ਪੈਂਦੀ ਸੁਣ ਕੇ ਦਲਬੀਰ ਨੂੰ ਯਕੀਨ ਨਾ ਆਵੇ ਕਿ ਇਹ ਕੁੜੀ ਵਾਕਿਆ ਹੀ ਅਮਰੀਕਾ ਤੋਂ ਆਈ ਹੋਈ ਸੀ।

ਸ਼ਰਨਜੀਤ ਭਾਵੇਂ ਕੱਦ ਦੀ ਮਧਰੀ ਸੀ ਪਰ ਸੋਹਣੀ ਰੱਜ ਕੇ। ਬੋਲ ਚਾਲ ਤੋਂ ਲਗਦਾ ਹੀ ਨਹੀਂ ਸੀ ਕਿ ਅਮਰੀਕਾ ਤੋਂ ਆਈ ਹੋਈ ਸੀ। ਇਉਂ ਲਗਦਾ ਸੀ ਜਿਵੇਂ ਹੁਣੇ ਹੀ ਬਾਹਰਲੀ ਹਵੇਲੀਉਂ ਧਾਰਾਂ ਕੱਢ ਕੇ ਆਈ ਹੋਵੇ। ਫਰਨ ਫਰਨ ਪੰਜਾਬੀ ਤੇ ਅੰਗਰੇਜ਼ੀ ਬੋਲਦੀ। ਟੈਕਸ ਮਹਿਕਮੇ ਵਿਚ ਉਚ ਅਹੁਦੇ 'ਤੇ ਕੰਮ ਕਰਦੀ। ਮਿੰਟਾਂ ਵਿਚ ਹੀ ਸਭ ਨਾਲ ਇਉਂ ਘੁਲ ਮਿਲ ਗਈ ਜਿਵੇਂ ਸਭ ਨੂੰ ਚਿਰਾਂ ਤੋਂ ਜਾਣਦੀ ਹੋਵੇ। ਦਲਬੀਰ ਵੀ ਉਸ ਦੀਆਂ ਅਦਾਵਾਂ 'ਤੇ ਮਰ ਮਿਟਿਆ ਸੀ ਤੇ ਸ਼ਰਨਜੀਤ ਦਾ ਮਧਰਾ ਕੱਦ ਸਗੋਂ ਉਹਨੂੰ ਹੋਰ ਵੀ ਪਿਆਰਾ ਲਗਣ ਲਗ ਪਿਆ ਸੀ। ਵੈਸੇ ਵੀ ਉਹ ਅਮਰੀਕਾ ਜਾਣ ਦੇ ਚਾਅ ਨਾਲ ਹਵਾਵਾਂ 'ਚ ਉਡਦਾ ਹੋਇਆ ਮਹਿਸੂਸ ਕਰ ਰਿਹਾ ਸੀ।

ਸ਼ਰਨਜੀਤ ਦੇ ਮੰਮੀ ਡੈਡੀ ਜਲਦੀ ਤੋਂ ਜਲਦੀ ਵਿਆਹ ਕਰਨਾ ਚਾਹੁੰਦੇ ਸਨ, ਉਹਨਾਂ ਨੂੰ ਖ਼ਦਸ਼ਾ ਸੀ ਕਿ ਬਾਹਰਲੇ ਕਿਸੇ ਮੁਲਕ ਤੋਂ ਆਈ ਹੋਈ ਕੋਈ ਹੋਰ ਸਾਮੀ ਰੰਗ 'ਚ ਭੰਗ ਹੀ ਨਾ ਪਾ ਦੇਵੇ। ਪੰਜਾਬ ਵਿਚ ਅਜਿਹੇ ਕੇਸ ਆਮ ਸੁਣਨ ਨੂੰ ਮਿਲਦੇ ਰਹਿੰਦੇ ਸਨ ਜਿੱਥੇ ਪੈਸੇ ਦੀ ਚਮਕ ਦਮਕ ਨਾਲ ਲੋਕ ਆਪਣੇ ਕੀਤੇ ਵਾਅਦਿਆਂ ਤੋਂ ਮੁਕਰ ਜਾਂਦੇ ਸਨ।

ਕੁਝ ਦਿਨਾਂ ਵਿਚ ਸਾਰੇ ਪ੍ਰਬੰਧ ਕਰ ਕੇ ਬੜੀ ਸ਼ਾਨੋ-ਸ਼ੌਕਤ ਨਾਲ ਵਿਆਹ ਕੀਤਾ ਗਿਆ। ਨਾਲ ਹੀ ਸਿਵਲ ਮੈਰਿਜ ਕਰ ਕੇ ਤੇ ਸਾਰੇ ਕਾਗਜ਼-ਪੱਤਰ ਤਿਆਰ ਕਰਵਾ ਕੇ ਸ਼ਰਨਜੀਤ ਵਾਪਸ ਅਮਰੀਕਾ ਮੁੜ ਗਈ ਕਿਉਂਕਿ ਉਹਨੇ ਆਪਣੀ ਨੌਕਰੀ 'ਤੇ ਹਾਜ਼ਰ ਹੋਣਾ ਸੀ। ਉਸ ਨੇ ਅਮਰੀਕਾ ਪਹੁੰਚ ਕੇ ਲੋੜੀਂਦੇ ਕਾਗ਼ਜ਼- ਪੱਤਰ ਜਲਦੀ ਹੀ ਦਲਬੀਰ ਨੂੰ ਭੇਜ ਦਿਤੇ।

ਛੇਆਂ ਕੁ ਮਹੀਨਿਆਂ ਬਾਅਦ ਦਲਬੀਰ ਵੀ ਦਿੱਲੀ ਏਅਰਪੋਰਟ ਦੀ ਲਾਉਂਜ ਵਿਚ ਬੈਠਾ ਜਹਾਜ਼ ਚੜ੍ਹਨ ਦਾ ਇੰਤਜ਼ਾਰ ਕਰ ਰਿਹਾ ਸੀ। ਉਹਨੂੰ ਅਜੇ ਵੀ ਇਹ ਸਾਰਾ ਕੁਝ ਇਕ ਸੁਪਨੇ ਵਾਂਗ ਹੀ ਲਗਦਾ ਸੀ।

ਅਮਰੀਕਾ ਪਹੁੰਚ ਕੇ ਪਹਿਲਾਂ ਪਹਿਲਾਂ ਤਾਂ ਉਸ ਨੂੰ ਸਭ ਕੁਝ ਬਹੁਤ ਓਪਰਾ ਓਪਰਾ ਜਿਹਾ ਲੱਗਿਆ ਪਰ ਸਹੁਰਿਆਂ ਦੇ ਘਰ ਦਾ ਪੰਜਾਬੀ ਮਾਹੌਲ ਹੋਣ ਕਰ ਕੇ ਵਧੇਰੇ ਮਹਿਸੂਸ ਨਾ ਹੋਇਆ। ਉਸਦੇ ਸਹੁਰੇ ਨੇ ਆਪਣੇ ਕਿਸੇ ਦੋਸਤ ਦੇ ਸਟੋਰ 'ਤੇ ਉਸ ਨੂੰ ਕੰਮ 'ਤੇ ਵੀ ਰਖਵਾ ਦਿਤਾ। ਪੰਜਾਬ ਵਿਚ ਕਦੀ ਪਸ਼ੂਆਂ ਨੂੰ ਪੱਠਿਆਂ ਦਾ ਟੋਕਰਾ ਚੁੱਕ ਕੇ ਵੀ ਨਾ ਪਾਉਣ ਵਾਲੇ ਦਲਬੀਰ ਨੂੰ ਜਦੋਂ ਡਲਿਵਰੀ ਲਾਰੀਆਂ 'ਚੋਂ ਬਕਸੇ ਤੇ ਬੋਰੀਆਂ ਉਤਾਰਨੀਆਂ ਪੈਂਦੀਆਂ ਤਾਂ ਉਸ ਨੂੰ ਆਪਣੀ ਐਮ. ਏ. ਦੀ ਡਿਗਰੀ ਇਕ ਛਲਾਵਾ ਜਿਹਾ ਲਗਦੀ। ਹੌਲੀ ਹੌਲੀ ਉਹ ਸਮਝ ਗਿਆ ਕਿ ਸਮੇਂ ਨਾਲ਼ ਹੀ ਸਾਰੇ ਕੰਮ ਰਾਸ ਹੋਣਗੇ। ਅਮਰੀਕਾ 'ਚ ਵਸਦੇ ਕਈ ਕਰੋੜਪਤੀ ਪੰਜਾਬੀਆਂ ਬਾਰੇ ਉਸਨੇ ਪੜ੍ਹਿਆ ਹੋਇਆ ਸੀ ਕਿ ਉਹ ਸਭ ਇਸੇ ਰਸਤੇ ਹੀ ਲੰਘੇ ਸਨ। ਹੁਣ ਤਾਂ ਫੇਰ ਵੀ ਬਹੁਤ ਸਹੂਲਤਾਂ ਸਨ ਪਰ ਜਦੋਂ ਉਹ ਲੋਕ ਇਥੇ ਆਏ ਸਨ ਤਾਂ ਬਹੁਤ ਦੁਸ਼ਵਾਰੀਆਂ ਨਾਲ ਜੂਝਣਾ ਪਿਆ ਸੀ ਉਹਨਾਂ ਨੂੰ। ਸਭ ਤੋਂ ਵੱਡੀ ਜ਼ਿੱਲਤ ਉਹਨਾਂ ਨੂੰ ਝੱਲਣੀ ਪੈਂਦੀ ਸੀ ਨਸਲੀ ਗਾਲ੍ਹਾਂ ਦੀ। ਗੋਰੇ ਕਾਲ਼ੀ ਤੇ ਭੂਰੀ ਚਮੜੀ ਵਾਲਿਆਂ ਨੂੰ ਬਹੁਤ ਘਟੀਆ ਸਮਝਦੇ ਸਨ। ਭਾਵੇਂ ਕਿ ਅੱਗੇ ਨਾਲੋਂ ਕਾਫੀ ਸੁਧਾਰ ਹੋਇਆ ਸੀ ਪਰ ਗੋਰੇ ਅਜੇ ਵੀ ਬਹੁਤੀ ਵਾਰੀ ਲੁਕਵੇਂ ਜਿਹੇ ਢੰਗ ਨਾਲ ਦਰਸਾ ਦਿੰਦੇ ਸਨ ਕਿ ਉਹਨਾਂ ਨੂੰ ਕਾਲ਼ੀ ਤੇ ਭੂਰੀ ਚਮੜੀ ਵਾਲੇ ਲੋਕ ਪਸੰਦ ਨਹੀਂ। ਕਈ ਲੋਕ ਨਸਲੀ ਹਿੰਸਾ ਦਾ ਸ਼ਿਕਾਰ ਹੋ ਕੇ ਆਪਣੀਆਂ ਜਾਨਾਂ ਵੀ ਗੁਆ ਚੁੱਕੇ ਸਨ ਖਾਸ ਕਰ ਟਵਿਨ-ਟਾਵਰਾਂ ਦੇ ਹਮਲੇ ਤੋਂ ਬਾਅਦ।

ਸਖਤ ਮਿਹਨਤ ਨਾਲ ਕਾਮਯਾਬ ਹੋਏ ਲੋਕਾਂ ਦੀਆਂ ਮਿਸਾਲਾਂ ਆਪਣੇ ਸਾਹਮਣੇ ਰੱਖ ਕੇ ਉਹ ਸਿਰ ਸੁੱਟ ਕੇ ਕੰਮ ਕਰਦਾ ਤੇ ਸਟੋਰ ਮਾਲਕ ਨੂੰ ਕਿਸੇ ਸ਼ਿਕਾਇਤ ਦਾ ਮੌਕਾ ਨਾ ਦਿੰਦਾ। ਜ਼ਿੰਦਗੀ ਹੌਲੀ ਹੌਲੀ ਰਿੜ੍ਹਣ ਲੱਗ ਪਈ। ਸ਼ਰਨਜੀਤ ਵਲੋਂ ਵੀ ਉਸ ਨੂੰ ਬੜੀ ਹੱਲਾਸ਼ੇਰੀ ਮਿਲਦੀ। ਕੰਮ ਦੇ ਨਾਲ ਨਾਲ਼ ਉਹ ਇਸ ਦੇਸ਼ ਦੇ ਸਿਸਟਮ ਨੂੰ ਸਮਝਣ ਦੀ ਕੋਸ਼ਿਸ਼ ਕਰਦਾ ਤੇ ਅਗਾਂਹ ਪੜ੍ਹਨ ਦੀਆਂ ਵਿਉਂਤਾਂ ਬਣਾਉਂਦਾ ਰਹਿੰਦਾ।

ਨੰਬਰਦਾਰ ਪਿਆਰਾ ਸਿੰਘ ਨੂੰ ਹਫ਼ਤੇ ਦਸ ਦਿਨ ਬਾਅਦ ਦਲਬੀਰ ਤੇ ਸ਼ਰਨਜੀਤ ਦਾ ਅਮਰੀਕਾ ਤੋਂ ਟੈਲੀਫ਼ੂਨ ਆ ਜਾਂਦਾ। ਕਦੀ ਕਦੀ ਉਹਨਾਂ ਦੋਨਾਂ ਦੀ ਸਾਂਝੀ ਲਿਖੀ ਹੋਈ ਚਿੱਠੀ ਵੀ ਆ ਜਾਂਦੀ। ਪਿਆਰਾ ਸਿੰਘ ਦਾ ਦੁਮਾਲਾ ਹੋਰ ਵੀ ਉਚਾ ਹੋ ਗਿਆ ਸੀ। ਕਈ ਲੋਕ ਉਹਦੀ ਕਿਸਮਤ 'ਤੇ ਰਸ਼ਕ ਕਰਦੇ ਤੇ ਕਹਿੰਦੇ ਬਈ ਪਰੀ ਇਕ ਆਕਾਸ਼ੋਂ ਉਤਰੀ ਤੇ ਦਲਬੀਰ ਨੂੰ ਵੀ ਨਾਲ ਹੀ ਉਡਾ ਕੇ ਲੈ ਗਈ । ਪੰਜਾਬ ਵਿਚ, ਵਿਦੇਸ਼ ਜਾਣ ਦੇ ਚਾਹਵਾਨ ਲੱਖਾਂ ਰੁਪਏ ਜੇਬਾਂ 'ਚ ਪਾਈ ਏਜੰਟਾਂ ਦੇ ਗੇੜੇ ਕੱਢਦੇ ਰਹਿੰਦੇ। ਕਈ ਲੁੱਟੇ ਜਾਂਦੇ। ਟਰੈਵਲ ਏਜੰਟ ਇਹੋ ਜਿਹੀ ਤਸਵੀਰ ਖਿੱਚ ਕੇ ਦਿਖਾਉਂਦੇ ਕਿ ਬੰਦਾ ਆਪਣੇ ਆਪ ਨੂੰ ਅਮਰੀਕਾ 'ਚ ਬੈਠਾ ਮਹਿਸੂਸ ਕਰਦਾ। ਪਤਾ ਉਦੋਂ ਲਗਦਾ ਜਦੋਂ ਖ਼ਤਰਨਾਕ ਜੰਗਲਾਂ ਵਿਚੋਂ ਦੀ ਏਜੰਟਾਂ ਦੇ ਕਰਿੰਦੇ ਕਈ ਕਈ ਦਿਨ ਉਹਨਾਂ ਨੂੰ ਤੋਰਦੇ। ਕਈ ਵਿਚਾਰੇ ਤਾਂ ਰਾਹ ਵਿਚ ਹੀ ਜਾਨ ਤੋਂ ਵੀ ਹੱਥ ਧੋ ਬੈਠਦੇ। ਕਿਸੇ ਨਾ ਕਿਸੇ ਪਿੰਡ ਵਿਚੋਂ ਅਜਿਹੀਆਂ ਕਹਾਣੀਆਂ ਸੁਣਨ ਨੂੰ ਮਿਲਦੀਆਂ ਰਹਿੰਦੀਆਂ ਕਿ ਕਈ ਸਾਲ ਹੋ ਗਏ ਅਮਰੀਕਾ ਗਏ ਮੁੰਡਿਆਂ ਦੀ ਕੋਈ ਉੱਘ-ਸੁੱਘ ਨਹੀਂ ਨਿਕਲੀ।

ਇਸੇ ਕਰ ਕੇ ਹੀ ਲੋਕ ਕਹਿੰਦੇ ਪਈ ਪਿਆਰਾ ਸਿੰਘ ਦੇ ਘਰ ਦਾ ਕੁੰਡਾ ਤਾਂ ਕਿਸਮਤ ਨੇ ਆਪ ਆ ਕੇ ਖੜਕਾਇਆ ਸੀ।

ਤੇ ਅੱਜ ਪਿਆਰਾ ਸਿੰਘ ਤਾਂ ਟੈਲੀਫ਼ੂਨ ਸੁਣ ਕੇ ਸੁੰਨ ਹੀ ਹੋ ਗਿਆ ਸੀ। ਘਰ ਵਿਚ ਮਰਗ ਵਰਗਾ ਮਾਹੌਲ ਹੋ ਗਿਆ। ਉਧਰ ਦਲਬੀਰ ਤੋਂ ਵੀ ਟੈਲੀਫ਼ੂਨ ਉਪਰ ਗੱਲ ਨਹੀਂ ਸੀ ਹੋ ਰਹੀ। ਉਹਨੇ ਚਿੱਠੀ 'ਚ ਸਭ ਕੁਝ ਲਿਖਣ ਬਾਰੇ ਕਿਹਾ ਸੀ ਤੇ ਥੋੜ੍ਹੇ ਦਿਨਾਂ ਬਾਅਦ ਹੀ ਉਹਦੀ ਚਿੱਠੀ ਅਮਰੀਕਾ ਤੋਂ ਆਈ ਜਿਸ ਵਿਚ ਉਸ ਨੇ ਪੂਰੀ ਕਹਾਣੀ ਬਿਆਨ ਕੀਤੀ ਹੋਈ ਸੀ।

ਪਿਆਰੇ ਬਾਪੂ ਜੀ ਤੇ ਬੇਬੇ ਜੀ,

ਸਤਿ ਸ੍ਰੀ ਅਕਾਲ।

ਬਾਪੂ ਜੀ ਤੇ ਬੇਬੇ ਜੀ, ਜੋ ਕੁਝ ਵੀ ਹੋਇਆ ਹੈ ਇਸ ਵਿਚ ਸ਼ਰਨਜੀਤ ਦਾ ਕੋਈ ਦੋਸ਼ ਨਹੀਂ ਹੈ। ਤੁਸੀਂ ਉਸ ਬਾਰੇ ਕੁਝ ਵੀ ਬੁਰਾ ਭਲਾ ਨਹੀਂ ਕਹਿਣਾ। ਅਸੀਂ ਵੀ ਥੋੜ੍ਹੀ ਗ਼ਲਤੀ ਕਰ ਗਏ, ਜੇ ਅਸੀਂ ਸ਼ਰਨਜੀਤ ਦੇ ਮਾਂ-ਬਾਪ ਤੇ ਖ਼ਾਨਦਾਨ ਬਾਰੇ ਪਤਾ ਕਰ ਲੈਂਦੇ ਤਾਂ ਸ਼ਾਇਦ ਇੰਜ ਨਾ ਹੁੰਦਾ। ਲਉ ਸੁਣੋ ਪੂਰੀ ਕਹਾਣੀ। ਉਹਦੇ ਮਾਂ ਬਾਪ ਪੰਜਾਬ ਵਿਚ ਇਕ ਬਾਬੇ ਨੂੰ ਬਹੁਤ ਮੰਨਦੇ ਆ। ਇਥੇ ਘਰ ਵਿਚ ਵੀ ਥਾਂ ਥਾਂ 'ਤੇ ਇਸ ਬਾਬੇ ਦੀਆਂ ਵੱਡੀਆਂ ਵੱਡੀਆਂ ਫੋਟੋਆਂ ਟੰਗੀਆਂ ਹੋਈਆਂ ਹਨ ਤੇ ਦੋ ਟਾਈਮ ਏਸ ਬਾਬੇ ਦੀ ਫੋਟੋ ਨੂੰ ਧੂਫ਼ ਦਿੰਦੇ ਹਨ ਤੇ ਮੱਥਾ ਟੇਕਦੇ ਹਨ। ਬਾਬਾ ਇਥੇ ਅਮਰੀਕਾ ਵਿਚ ਵੀ ਕਈ ਗੇੜੇ ਮਾਰ ਚੁੱਕਿਐ। ਕੋਈ ਵੀ ਕੰਮ ਕਰਨ ਤੋਂ ਪਹਿਲਾਂ ਇਹ ਟੱਬਰ ਬਾਬੇ ਦੀ ਸਲਾਹ ਜ਼ਰੂਰ ਲੈਂਦੈ। ਸਾਡੇ ਵਿਆਹ ਵੇਲੇ ਬਾਬਾ ਕਿਧਰੇ ਕਲਕੱਤੇ ਵਲ ਆਪਣੀ ਸਿੱਖੀ-ਸੇਵਕੀ ਚਮਕਾਉਣ ਗਿਆ ਹੋਇਆ ਸੀ। ਇਨ੍ਹਾਂ ਦਾ ਸੰਪਰਕ ਉਹਦੇ ਨਾਲ ਨਹੀਂ ਸੀ ਹੋ ਸਕਿਆ। ਦੂਜੇ ਪਾਸੇ ਇਹ ਵੀ ਨਹੀਂ ਸਨ ਚਾਹੁੰਦੇ ਕਿ ਏਦਾਂ ਦਾ ਰਿਸ਼ਤਾ ਹੱਥੋਂ ਨਿਕਲ ਜਾਵੇ। ਸੋ ਸ਼ਰਨਜੀਤ ਦੇ ਮੰਮੀ ਡੈਡੀ ਨੇ ਆਪਸ ਵਿਚੀਂ ਸਲਾਹ ਕੀਤੀ ਕਿ ਜਲਦੀ ਤੋਂ ਜਲਦੀ ਵਿਆਹ ਹੋ ਜਾਵੇ ਤੇ ਉਹ ਬਾਬੇ ਪਾਸੋਂ ਆਪਣੀ ਭੁੱਲ ਬਖ਼ਸ਼ਵਾ ਲੈਣਗੇ।

ਜਦੋਂ ਇਹਨਾਂ ਦਾ ਬਾਬਾ ਆਪਣੇ ਡੇਰੇ ਮੁੜਿਆ ਤਾਂ ਸ਼ਰਨਜੀਤ ਦੇ ਮੰਮੀ ਡੈਡੀ ਨੇ ਡੇਰੇ 'ਚ ਫ਼ੂਨ ਕਰ ਕਰ ਕੇ ਮਾਫ਼ੀਆਂ ਮੰਗੀਆਂ ਪਰ ਬਾਬਾ ਟੱਸ ਤੋਂ ਮੱਸ ਨਾ ਹੋਇਆ। ਬਾਬਾ ਇਨ੍ਹਾਂ ਉਪਰ ਬਹੁਤ ਕ੍ਰੋਧਵਾਨ ਹੋਇਆ ਤੇ ਉਹਨੇ ਫ਼ੁਰਮਾਨ ਸੁਣਾ ਦਿਤਾ ਕਿ ਇਹ ਵਿਆਹ ਤੋੜ ਨਹੀਂ ਚੜ੍ਹੇਗਾ ਕਿਉਂਕਿ ਕੁੜੀ ਤੇ ਮੁੰਡੇ 'ਚੋਂ ਇਕ ਦੀ ਮੌਤ ਅਵੱਸ਼ ਹੋ ਜਾਣੀ ਹੈ। ਸ਼ਰਨਜੀਤ ਦੇ ਮੰਮੀ ਡੈਡੀ ਨੂੰ ਇਸ ਬਾਬੇ ਉਪਰ ਰੱਬ ਨਾਲੋਂ ਵੀ ਜ਼ਿਆਦਾ ਵਿਸ਼ਵਾਸ ਹੈ।

**ਬਾਕੀ ਹਿਸਾ ਸਫਾ 28 'ਤੇ ਪੜ੍ਹੋ**

27 ਸਫੇ ਦੀ ਬਾਕੀ

ਮੈਂ ਆਪਣਾ ਸਾਰਾ ਟਿੱਲ ਲਾ ਕੇ ਇਨ੍ਹਾਂ ਨੂੰ ਸਮਝਾ ਚੁੱਕਾ ਹਾਂ ਪਰ ਇਸ ਅੰਧ-ਵਿਸ਼ਵਾਸੀ ਟੱਬਰ 'ਤੇ ਕੋਈ ਅਸਰ ਨਹੀਂ ਹੋਇਆ। ਮੇਰੀ ਵਿਗਿਆਨਕ ਸੋਚ ਟੱਕਰਾਂ ਮਾਰ ਮਾਰ ਕੇ ਥੱਕ ਗਈ। ਸ਼ਰਨਜੀਤ ਵੀ ਮਾਂ ਬਾਪ ਦੇ ਮਗਰ ਹੀ ਚਲਦੀ ਹੈ। ਉਹ ਇਸ ਤਰ੍ਹਾਂ ਦੇ ਮਾਹੌਲ 'ਚ ਪਲ਼ੀ ਹੈ ਕਿ ਜੇ ਉਹਦੇ ਮਾਂ ਬਾਪ ਉਹਨੂੰ ਖੂਹ ਵਿਚ ਸੁੱਟਣ ਲਈ ਕਹਿਣਗੇ ਤਾਂ ਉਹ ਆਪ ਹੀ ਛਾਲ਼ ਮਾਰ ਦੇਵੇਗੀ। ਮੈਂ ਤਾਂ ਸਮਝਾ ਸਮਝਾ ਕੇ ਹਾਰ ਗਿਆ ਹਾਂ। ਉਹਨੇ ਮੈਨੂੰ ਸਾਫ਼ ਕਹਿ ਦਿਤਾ ਹੈ ਕਿ ਜਿਤਨਾ ਚਿਰ ਮੈਨੂੰ ਗਰੀਨ ਕਾਰਡ ਨਹੀਂ ਮਿਲ ਜਾਂਦਾ ਉਹ ਤਲਾਕ ਦੀ ਕਾਨੂੰਨੀ ਕਾਰਵਾਈ ਸ਼ੁਰੂ ਨਹੀਂ ਕਰੇਗੀ ਪਰ ਮੇਰੇ ਨਾਲ ਕਿਸੇ ਕਿਸਮ ਦਾ ਸਬੰਧ ਨਹੀਂ ਰਖੇਗੀ ਨਹੀਂ ਤਾਂ ਬਾਬੇ ਦੀ ਕਰੋਪੀ ਨਾਲ ਉਹਨਾਂ ਦਾ ਸਾਰਾ ਟੱਬਰ ਭਸਮ ਹੋ ਜਾਵੇਗਾ। ਮੈਂ ਤਾਂ ਤੁਹਾਨੂੰ ਇਹੀ ਕਹਾਂਗਾ ਕਿ ਇਸ ਸਾਰੇ ਕਾਸੇ ਨੂੰ ਇਕ ਸੁਪਨਾ ਹੀ ਸਮਝੋ। ਮੈਂ ਆਪਣੀ ਪੂਰੀ ਵਾਹ ਲਾ ਕੇ ਦੇਖ ਲਈ ਹੈ। ਬਾਬੇ ਨੇ ਏਸ ਟੱਬਰ ਨੂੰ ਬਹੁਤ ਬੁਰੀ ਤਰ੍ਹਾਂ ਆਪਣੇ ਮਕੜ-ਜਾਲ਼ ਵਿਚ ਫ਼ਸਾਇਆ ਹੋਇਆ ਹੈ। ਇਹੋ ਜਿਹੇ ਅਖੌਤੀ ਬਾਬਿਆਂ ਨੂੰ ਇਧਰ ਵੀ ਹੇੜ੍ਹਾਂ ਦੀਆਂ ਹੇੜ੍ਹਾਂ ਅਕਲ ਦੇ ਅੰਨ੍ਹਿਆਂ ਦੀਆਂ ਮਿਲ ਜਾਂਦੀਆਂ ਹਨ। ਇਹਨਾਂ ਦੀਆਂ ਕਰਤੂਤਾਂ ਦੇ ਚਿੱਠੇ ਇਧਰ ਬਾਹਰਲੇ ਮੁਲਕਾਂ ਵਿਚ ਵੀ ਬਹੁਤ ਨਸ਼ਰ ਹੁੰਦੇ ਰਹਿੰਦੇ ਹਨ ਪਰ ਇਹਨਾਂ ਦੇ ਮਗਰ ਲੱਗਣ ਵਾਲਿਆਂ 'ਤੇ ਕੋਈ ਅਸਰ ਨਹੀਂ ਹੁੰਦਾ।

ਬਸ ਤੁਸੀਂ ਹੌਸਲਾ ਰੱਖਣਾ ਹੈ, ਘਬਰਾਉਣਾ ਨਹੀਂ, ਸਭ ਕੁਝ ਠੀਕ ਠਾਕ ਹੋ ਜਾਵੇਗਾ। ਮੈਂ ਬਿਲਕੁਲ ਠੀਕ ਠਾਕ ਹਾਂ। ਕੰਮ 'ਤੇ ਲੱਗਿਆ ਹੋਇਆ ਹਾਂ ਤੇ ਮੈਨੂੰ ਗਰੀਨ ਕਾਰਡ ਵੀ ਮਿਲ ਜਾਣਾ ਹੈ। ਸ਼ਰਨਜੀਤ ਨੇ ਸਾਰੀ ਕਾਰਵਾਈ ਕਰ ਦਿਤੀ ਹੈ। ਕੋਈ ਫ਼ਿਕਰ ਨਹੀਂ ਕਰਨਾ। ਛੇਤੀ ਹੀ ਹੋਰ ਚਿੱਠੀ ਲਿਖਾਂਗਾ।

ਆਪ ਦਾ ਸਪੁੱਤਰ
ਦਲਬੀਰ ਸਿੰਘ

ਦਲਬੀਰ ਨੂੰ ਹੁਣ ਗਰੀਨ ਕਾਰਡ ਮਿਲ ਚੁੱਕਾ ਸੀ ਤੇ ਸ਼ਰਨਜੀਤ ਤੇ ਦਲਬੀਰ ਦਾ ਤਲਾਕ ਹੋ ਗਿਆ ਸੀ। ਕਿਤੇ ਰਾਹ ਗਲੀ ਜਾਂ ਕਦੀ ਸ਼ਾਪਿੰਗ ਕਰਦਿਆਂ ਦਲਬੀਰ ਅਤੇ ਸ਼ਰਨਜੀਤ ਦੀ ਮੁਲਾਕਾਤ ਹੋ ਜਾਂਦੀ ਪਰ ਬਿਲਕੁਲ ਹੀ ਸਰਸਰੀ ਜਿਹੀ। ਫਿਰ ਇਕ ਦਿਨ ਸ਼ਰਨਜੀਤ ਨੇ ਦਲਬੀਰ ਨੂੰ ਦੱਸਿਆ ਕਿ ਉਹਦੇ ਮੰਮੀ ਡੈਡੀ ਉਹਦੇ ਲਈ ਇੰਡੀਆ ਤੋਂ ਮੁੰਡਾ ਮੰਗਵਾਉਣ ਦੀ ਯੋਜਨਾ ਬਣਾ ਰਹੇ ਹਨ। ਉਹਨੇ ਇਹ ਵੀ ਦੱਸਿਆ ਕਿ ਬਾਬੇ ਨੇ ਕੁੰਡਲੀਆਂ ਤੇ ਟੇਵੇ ਮੇਲ਼ ਕੇ ਤੇ ਆਪਣੀ ਪੂਰੀ ਤਸੱਲੀ ਕਰਕੇ ਇਹ ਰਿਸ਼ਤਾ ਲੱਭਿਆ ਹੈ। ਦਲਬੀਰ ਨੇ ਦਿਲ 'ਤੇ ਪੱਥਰ ਰੱਖ ਕੇ ਇਹ ਖ਼ਬਰ ਸੁਣੀ ਤੇ ਉਹ ਸ਼ਰਨਜੀਤ ਨੂੰ ਇਸ ਨਵੇਂ ਰਿਸ਼ਤੇ ਦੀ ਵਧਾਈ ਵੀ ਨਾ ਦੇ ਸਕਿਆ।

ਜਦੋਂ ਵੀ ਦਲਬੀਰ ਦੀ ਕਿਧਰੇ ਸ਼ਰਨਜੀਤ ਨਾਲ਼ ਸਰਸਰੀ ਜਿਹੀ ਮੁਲਾਕਾਤ ਵੀ ਹੋ ਜਾਂਦੀ ਤਾਂ ਉਹ ਕਈ ਕਈ ਦਿਨ ਆਪੇ ਤੋਂ ਗੁਆਚਿਆ ਰਹਿੰਦਾ। ਸ਼ਰਨਜੀਤ ਨਾਲ ਬਿਤਾਏ ਹੋਏ ਪਲ ਯਾਦ ਕਰ ਕਰ ਕੇ ਉਹ ਝੂਰਦਾ ਤੇ ਕਈ ਵਾਰੀ ਆਪਣੀ ਕਿਸਮਤ ਨੂੰ ਕੋਸਦਾ ਕਿ ਉਸ ਨਾਲ ਇਹ ਕਿਸ ਤਰ੍ਹਾਂ ਦੀ ਖੇਡ ਖੇਡੀ ਗਈ ਸੀ। ਹੁਣ ਇਸ ਟਾਊਨ ਤੋਂ ਉਸ ਦਾ ਮਨ ਉਚਾਟ ਹੋ ਗਿਆ ਸੀ ਤੇ ਉਸ ਨੇ ਇਹਨੂੰ ਛੱਡਣਾ ਹੀ ਬਿਹਤਰ ਸਮਝਿਆ ਤੇ ਉਹਨੇ ਵੀਹ ਕੁ ਮੀਲ ਦੂਰ ਇਕ ਹੋਰ ਟਾਊਨ ਵਿਚ ਰਿਹਾਇਸ਼ ਕਰ ਲਈ ਤੇ ਕੰਮ ਭਾਲਣ ਲੱਗਿਆ।

ਕਈ ਮਹੀਨੇ ਬੀਤ ਗਏ। ਇਸ ਸਮੇਂ ਦੌਰਾਨ ਦਲਬੀਰ ਨੂੰ ਇਕ ਵੱਡੇ ਸਾਰੇ ਡੀਪਾਰਟਮੈਂਟਲ ਸਟੋਰ ਵਿਚ ਸਕਿਉਰਿਟੀ ਅਫ਼ਸਰ ਦੀ ਨੌਕਰੀ ਮਿਲ ਗਈ। ਉਸੇ ਸਟੋਰ ਵਿਚ ਹੀ ਇਕ ਹੋਰ ਪੰਜਾਬੀ ਮੁੰਡਾ ਗੁਰਨਾਮ ਵੀ ਸਕਿਉਰਿਟੀ ਦਾ ਕੰਮ ਕਰਦਾ ਸੀ। ਉਸ ਦਾ ਵੀ ਤਲਾਕ ਹੋ ਗਿਆ ਸੀ ਪਰ ਉਸ ਦੇ ਤਲਾਕ ਦਾ ਕਾਰਨ ਉਹਦੀ ਪਤਨੀ ਦੇ ਕਿਸੇ ਹੋਰ ਆਦਮੀ ਨਾਲ ਨਾਜਾਇਜ਼ ਸਬੰਧ ਬਣੇ ਸਨ। ਦੋਨਾਂ ਦੀ ਦੋਸਤੀ ਹੋ ਗਈ ਤੇ ਉਹ ਇਕ ਦੂਜੇ ਦਾ ਸਹਾਰਾ ਬਣਨ ਲੱਗੇ। ਗੁਰਨਾਮ ਨੂੰ ਆਇਆਂ ਚਾਰ ਸਾਲ ਹੋਣ ਕਰ ਕੇ ਉਹਦਾ ਕਾਫੀ ਤਜਰਬਾ ਹੋ ਚੁੱਕਾ ਸੀ ਤੇ ਉਹ ਅੱਜ ਕਲ ਪਾਰਟ-ਟਾਈਮ ਪੜ੍ਹਾਈ ਵੀ ਕਰ ਰਿਹਾ ਸੀ। ਗੁਰਨਾਮ ਨੇ ਦਲਬੀਰ ਨੂੰ ਵੀ ਕਾਫੀ ਜਾਣਕਾਰੀ ਦਿਤੀ ਤੇ ਅੱਗੋਂ ਪੜ੍ਹਨ ਲਈ ਆਖਿਆ।

ਸ਼ਰਨਜੀਤ ਕਈ ਵਾਰੀ ਸੋਚਦੀ ਕਿ ਦਲਬੀਰ ਹੁਣ ਕਿਉਂ ਨਹੀਂ ਟੱਕਰਿਆ ਕਦੀ? ਉਹਨੂੰ ਸ਼ੱਕ ਤਾਂ ਸੀ ਕਿ ਦਲਬੀਰ ਨੇ ਜ਼ਰੂਰ ਟਾਊਨ ਬਦਲ ਲਿਆ ਹੈ ਪਰ ਉਹ ਕਿਸ ਤੋਂ ਪਤਾ ਕਰੇ। ਉਸ ਦੀ ਇਕ ਸਹੇਲੀ ਦਾ ਵਿਆਹ ਸੀ ਤੇ ਉਹ ਸ਼ਰਨਜੀਤ ਨੂੰ ਨਾਲ਼ ਲੈ ਕੇ ਨਾਲ਼ ਦੇ ਵੱਡੇ ਟਾਊਨ ਵਿਚ, ਜਿੱਥੇ ਕਈ ਵੱਡੇ ਸਟੋਰ ਸਨ, ਸ਼ਾਪਿੰਗ ਕਰਨ ਚਲੇ ਗਈਆਂ। ਸਟੋਰਾਂ 'ਚ ਘੁੰਮਦੀਆਂ ਘੁੰਮਦੀਆਂ ਉਹ ਉਸੇ ਸਟੋਰ 'ਚ ਜਾ ਪਹੁੰਚੀਆਂ ਜਿੱਥੇ ਦਲਬੀਰ ਕੰਮ ਕਰਦਾ ਸੀ। ਅਚਾਨਕ ਦਲਬੀਰ ਦੀ ਨਿਗਾਹ ਸ਼ਰਨਜੀਤ 'ਤੇ ਪਈ। ਉਸ ਨੇ ਕੱਪੜਿਆਂ ਦੀ ਰੇਲ ਦੇ ਉਹਲੇ ਹੋ ਕੇ ਬਚਣਾ ਚਾਹਿਆ ਪਰ ਸ਼ਰਨਜੀਤ ਨੇ ਵੀ ਉਸ ਨੂੰ ਦੇਖ ਲਿਆ ਸੀ। ਦਲਬੀਰ ਚਾਹੁੰਦਾ ਸੀ ਕਿ ਸ਼ਰਨਜੀਤ ਨੂੰ ਨਾ ਹੀ ਮਿਲੇ ਪਰ ਕਿਸਮਤ ਨੇ ਫਿਰ ਉਨ੍ਹਾਂ ਨੂੰ ਇਕ ਦੂਜੇ ਦੇ ਸਾਹਮਣੇ ਖੜ੍ਹੇ ਕਰ ਦਿਤਾ ਸੀ। ਦਲਬੀਰ ਨੇ ਓਪਰਾ ਜਿਹਾ ਹਾਲ ਚਾਲ ਹੀ ਪੁੱਛਿਆ ਸੀ ਕਿ ਸ਼ਰਨਜੀਤ ਹੁਬਕੀਂ ਰੋ ਪਈ। ਦਲਬੀਰ ਨੇ ਉਹਨੂੰ ਹੌਸਲਾ ਦਿਤਾ ਤੇ ਉਹਨੇ ਡੁਸਕਦੀ ਡੁਸਕਦੀ ਨੇ ਦੱਸਿਆ ਕਿ ਇੰਡੀਆ ਤੋਂ ਆਇਆ ਹੋਇਆ ਉਹਦਾ ਪਤੀ ਨਸ਼ਿਆਂ ਦਾ ਆਦੀ ਹੈ ਤੇ ਉਹਦੀ ਕਮਾਈ ਦੇ ਇਕ ਇਕ ਸੈਂਟ ਦਾ ਹਿਸਾਬ ਉਹਦੇ ਕੋਲੋਂ ਮੰਗਦਾ ਹੈ। ਘਰ ਵਿਚ ਨਿੱਤ ਕਲੇਸ਼ ਰੱਖਦਾ ਹੈ ਤੇ ਉਹਦੇ ਮਾਪਿਆਂ ਦੇ ਗਲ਼ ਅੰਗੂਠਾ ਦੇ ਕੇ ਪੈਸੇ ਮੰਗਦਾ ਹੈ ਤੇ ਕਹਿੰਦਾ ਹੈ ਕਿ ਉਹਨਾਂ ਦੇ ਕੰਜਰ ਕਬੂਤਰਬਾਜ਼ ਸਾਧ ਨੇ ਤੀਹ ਲੱਖ ਲੈ ਕੇ ਇਹ ਰਿਸ਼ਤਾ ਕਰਵਾਇਆ ਹੈ ਤੇ ਉਹਨੇ ਪਹਿਲਾਂ ਤੀਹ ਲੱਖ ਦਾ ਕਰਜ਼ਾ ਉਤਾਰਨਾ ਹੈ। ਕਹਿੰਦਾ ਹੈ ਕਿ ਜੇ ਦਹੇਜ ਦੇਣਾ ਪੈਂਦਾ ਫਿਰ ਵੀ ਤਾਂ ਪੈਸੇ ਖਰਚਦੇ ਤੁਸੀਂ। ਸ਼ਰਾਬ ਪੀ ਕੇ ਬਹੁਤ ਗੰਦ ਬਕਦਾ ਹੈ। ਜੇ ਅਸੀਂ ਕੋਈ ਕੰਮ-ਕਾਰ ਕਰਨ ਲਈ ਕਹਿੰਦੇ ਹਾਂ ਤਾਂ ਅੱਗਿਉਂ ਕਹਿੰਦਾ, " ਮੈਂ ਏਥੇ ਕੰਮ ਕਰਨ ਆਇਆਂ, ਮੈਂ ਥੋਡਾ ਜੁਆਈ ਆਂ, ਮੇਰੀ ਸੇਵਾ ਕਰੋ।"

ਸ਼ਰਨਜੀਤ ਬਹੁਤ ਕੁਝ ਦੱਸਣਾ ਚਾਹੁੰਦੀ ਸੀ। ਉਹਦੇ ਹਟਕੋਰੇ ਹੋਰ ਉਚੇ ਹੋ ਗਏ ਸਨ ਤੇ ਬੋਲਿਆ ਨਹੀਂ ਸੀ ਜਾ ਰਿਹਾ। ਉਹ ਅਮਰਵੇਲ ਵਾਂਗ ਦਲਬੀਰ ਦੇ ਗਲ਼ ਲਗੀ ਹੋਈ ਸੀ।

ਸਟੋਰ ਵਿਚ ਖ਼ਰੀਦਦਾਰੀ ਕਰ ਰਹੇ ਲੋਕ ਅਚੰਭੇ ਨਾਲ ਉਨ੍ਹਾਂ ਵਲ ਵੇਖ ਰਹੇ ਸਨ।

# ਪੰਜਾਬੀ ਫਿਲਮ ਐਂਡ ਟੀ ਵੀ ਐਕਟਰ ਐਸੋਸ਼ੀਏਸ਼ਨ (ਪਫ਼ਟਾ) ਵਲੋਂ ਸਥਾਪਨਾ ਦਿਵਸ ਆਯੋਜਿਤ



ਚੰਡੀਗੜ੍ਹ-(ਹਰਜਿੰਦਰ ਸਿੰਘ ਜਵੰਦਾ) ਪੰਜਾਬੀ ਫਿਲਮ ਐਂਡ ਟੀ ਵੀ ਐਕਟਰ ਐਸੋਸ਼ੀਏਸ਼ਨ (ਪਫ਼ਟਾ) ਵਲੋਂ ਸੰਸਥਾ ਪ੍ਰਧਾਨ ਪਦਮਸ਼੍ਰੀ ਨਿਰਮਲ ਰਿਸ਼ੀ, ਜਨਰਲ ਸਕੱਤਰ ਬੀ ਐੱਨ ਸ਼ਰਮਾ, ਕੈਸ਼ੀਅਰ ਭਾਰਤ ਭੂਸ਼ਣ ਵਰਮਾ ਅਤੇ ਮਲਕੀਤ ਰੌਣੀ ਦੀ ਅਗਵਾਈ ਹੇਠ ਰਤਨ ਪ੍ਰੋਫੈਸ਼ਨਲ ਕਾਲਜ ਮੋਹਾਲੀ ਵਿਖੇ ਸੰਸਥਾ ਦੇ ਸਥਾਪਨਾ ਦਿਵਸ ਮੌਕੇ ਇੱਕ ਵਿਸ਼ੇਸ ਸਮਾਗਮ ਆਯੋਜਿਤ ਕੀਤਾ ਗਿਆ।ਇਸ ਮੌਕੇ ਐਸੋਸ਼ੀਏਸ਼ਨ ਦੇ ਸਾਬਕਾ ਪ੍ਰਧਾਨ ਕਰਮਜੀਤ ਅਨਮੋਲ, ਐਸੋਸ਼ੀਏਸ਼ਨ ਦੇ ਮੀਤ ਪ੍ਰਧਾਨ ਬੀਨੂੰ ਢਿਲੋਂ, ਗਾਇਕ ਪੰਮੀ ਬਾਈ ਅਤੇ ਉੱਘੇ ਗੀਤਕਾਰ ਸ਼ਮਸ਼ੇਰ ਸੰਧੂ ਸਮੇਤ ਪੰਜਾਬੀ ਫ਼ਿਲਮ ਇੰਡਸਟਰੀ ਅਤੇ ਟੀਵੀ ਜਗਤ ਨਾਲ ਸਬੰਧਿਤ 200 ਦੇ ਕਰੀਬ ਨਾਮੀ ਕਲਾਕਾਰਾਂ ਨੇ ਸ਼ਮੂਲੀਅਤ ਕੀਤੀ।ਇਸ ਸਮਾਗਮ ਦਾ ਆਗਾਜ਼ ਗਾਇਕਾ ਨਵੀ ਰਠੌਰ ਨੇ ਲੋਕ ਗੀਤ 'ਬੋਲ ਮਿੱਟੀ ਦੇ ਬਾਵਿਆ' ਨਾਲ ਕੀਤਾ ਗਿਆ।

ਇਸ ਮੌਕੇ ਮੰਚ ਸੰਚਾਲਨ ਐਸੋਸੀਏਸ਼ਨ ਦੇ ਐਡਵਾਈਜ਼ਰੀ ਕਮੇਟੀ ਮੈਂਬਰ ਮਲਕੀਤ ਰੌਣੀ ਵਲੋਂ ਕੀਤਾ ਗਿਆ ਅਤੇ ਉਨਾਂ ਸੰਸਥਾਂ ਦੀਆਂ ਪ੍ਰਾਪਤੀਆਂ ਦੀ ਰਿਪੋਰਟ ਪੇਸ਼ ਕਰਦੇ ਹੋਏ ਸੰਸਥਾ ਵਲੋਂ ਕੀਤੇ ਜਾ ਰਹੇ ਕਾਰਜਾਂ ਤੇ ਵਿਸਥਾਰ ਪੂਰਵਕ ਚਾਨਣਾ ਪਾਇਆ। ਇਸ ਮੌਕੇ ਸਰਦਾਰ ਸੋਹੀ ਅਤੇ ਬੀਨੂੰ ਢਿਲੋਂ ਨੇ ਸੰਸਥਾ ਦੇ ਸਥਾਪਨਾ ਦਿਵਸ ਦੀ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦੱਸਿਆ ਕਿ ਪੰਜਾਬੀ ਸਿਨੇਮਾ ਦੇ ਕਲਾਕਾਰਾਂ ਨੂੰ ਆਉਂਦੀਆਂ ਸਮੱਸਿਆਵਾਂ ਨੂੰ ਦੇਖਦਿਆਂ ਅਤੇ ਪੰਜਾਬੀ ਸਿਨੇਮਾ ਦਾ ਮਿਆਰ ਉੱਚਾ ਚੁੱਕਣ ਲਈ ਪੰਜਾਬੀ ਫਿਲਮ ਐਂਡ ਟੀਵੀ ਐਕਟਰਜ਼ ਐਸੋਸੀਏਸ਼ਨ ਦੀ ਸੰਸਥਾ ਦੀ ਸਥਾਪਨਾ ਕੀਤੀ ਗਈ ਸੀ, ਜੋ ਕਿ ਅੱਜ ਤੱਕ ਆਪਣੀ ਸੇਵਾਵਾਂ ਦਿੰਦੀ ਆ ਰਹੀ ਹੈ।ਇਸ ਮੌਕੇ ਸੰਸਥਾ ਦੇ ਕੈਸ਼ੀਅਰ ਭਾਰਤ ਭੂਸ਼ਣ ਵਰਮਾ ਅਤੇ ਪ੍ਰੈਸ ਸਕੱਤਰ ਸ਼ਵਿੰਦਰ ਮਾਹਲ ਨੇ ਮੀਡੀਆ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਸੰਸਥਾ ਵਲੋਂ ਕਰੋਨਾ ਕਾਲ ਦੌਰਾਨ ਉਨ੍ਹਾਂ ਛੋਟੇ ਕਲਾਕਾਰਾਂ ਜਿਵੇਂ ਕਿ ਲਾਈਟ ਮੈਨ, ਮੇਕਅੱਪ ਮੈਨ, ਟੈਕਨੀਸ਼ੀਅਨ ਆਦਿ ਦੀ ਬਾਂਹ ਫੜੀ ਗਈ ਸੀ ਅਤੇ ਉਸ ਸਮੇਂ ਬੇਰੁਜ਼ਗਾਰੀ ਦੇ ਦੌਰ ਚ ਇਨ੍ਹਾਂ ਲੋਕਾਂ ਨੂੰ 19 ਲੱਖ ਰੁਪਏ ਦਾ ਰਾਸ਼ਨ ਅਤੇ ਦਵਾਈਆਂ ਵੰਡੀਆਂ ਗਈਆਂ ਸਨ। ਉਨਾਂ ਅੱਗੇ ਦੱਸਿਆ ਕਿ ਕਿਸੇ ਵੀ ਕਲਾਕਾਰ ਤੇ ਕੋਈ ਮੁਸੀਬਤ ਜਾਂ ਭੀੜ ਪੇ ਜਾਣ ਤੇ ਸੰਸਥਾ ਪਹਿਲ ਦੇ ਅਧਾਰ ਤੇ ਕਲਾਕਾਰ ਦੇ ਨਾਲ ਖੜਦੀ ਹੈ। ਇਸ ਮੌਕੇ ਪੰਜਾਬੀ ਗਾਇਕ ਪੰਮੀ ਬਾਈ ਅਤੇ ਗੀਤਕਾਰ ਸ਼ਮਸ਼ੇਰ ਸੰਧੂ ਨੇ ਐਸੋਸੀਏਸ਼ਨ ਵਲੋਂ ਲੋੜਵੰਦ ਕਲਾਕਾਰਾਂ ਦੀ ਮਦਦ ਕਰਨਾ, ਕਿਸੇ ਦਾ ਇਲਾਜ ਕਰਵਾਉਣਾ, ਕਿਸੇ ਵੀ ਮੁਸੀਬਤ ਦੀ ਘੜੀ ਚ ਕਲਾਕਾਰ ਦੇ ਨਾਲ ਖੜਣਾ ਆਦਿ ਕਾਰਜਾਂ ਦੀ ਖੂਬ ਪ੍ਰਸ਼ੰਸਾ ਕੀਤੀ ਅਤੇ ਕਾਮਨਾ ਕੀਤੀ ਕਿ ਐਸੋਸੀਏਸ਼ਨ ਦਿਨ ਦੁੱਗਣੀ ਅਤੇ ਰਾਤ ਚੌਗੁਣੀ ਤਰੱਕੀ ਕਰੇ।ਇਸ ਮੌਕੇ ਅਦਾਕਾਰ ਕਰਮਜੀਤ ਅਨਮੋਲ ਨੇ ਕਿਹਾ ਕਿ ਕੋਈ ਸੰਸਥਾ ਬਣਾਉਣੀ ਅਤੇ ਇੱਕ ਪਲੇਟਫਾਰਮ ਸਭ ਨੂੰ ਇਕੱਠਾ ਕਰਨਾ ਬਹੁਤ ਔਖਾ ਹੁੰਦਾ ਹੈ ਅਤੇ ਉਸ ਤੋਂ ਵੱਧ ਔਖਾ ਉਸ ਸੰਸਥਾ ਨੂੰ ਚਲਾਉਣਾ ਹੁੰਦਾ ਹੈ। ਉਨ੍ਹਾਂ ਹਾਜ਼ਰੀਨ ਕਲਾਕਾਰਾਂ ਨੂੰ ਬੇਨਤੀ ਕੀਤੀ ਕਿ ਉਹ ਆਪਣੀ ਇੱਛਾ ਅਨੁਸਾਰ ਵਿੱਤੀ ਯੋਗਦਾਨ ਪਾਉਣ ਕਿਉਂਕਿ ਐਸੋਸੀਏਸ਼ਨ ਨੂੰ ਚਲਾਉਣ ਲਈ ਪੈਸੇ ਦੀ ਜ਼ਰੂਰਤ ਹੁੰਦੀ ਹੈ।ਇਸ ਮੌਕੇ ਮੈਡਮ ਸੁਨੀਤਾ ਧੀਰ, ਬੀ ਐਨ ਸ਼ਰਮਾ ਅਤੇ ਵਨਿੰਦਰ ਬਿੰਨੀ ਵਲੋਂ ਸੰਸਥਾ ਦੇ ਸਥਾਪਨਾ ਦਿਵਸ ਦੀ ਮੁਬਾਰਕਬਾਦ ਦਿੰਦੇ ਹੋਏ ਆਪਣੇ ਵਿਚਾਰ ਸਾਂਝੇ ਕੀਤੇ ਗਏ।ਇਸ ਮੌਕੇ ਐਸੋਸੀਏਸ਼ਨ ਵਲੋਂ ਪੰਜਾਬੀ ਸਿਨੇਮਾ ਨਾਲ ਜੁੜੀਆਂ ਸ਼ਖ਼ਸੀਅਤਾਂ, ਗਾਇਕ, ਲੇਖਕ, ਪੱਤਰਕਾਰ, ਫਾਈਟ ਮਾਸਟਰ, ਮੇਕਅੱਪ ਮੈਨ, ਲਾਈਟਮੈਨ, ਨਿਰਦੇਸ਼ਕ ਆਦਿ ਨੂੰ ਉਨ੍ਹਾਂ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਵਿਸ਼ੇਸ਼ ਐਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ।ਜਿਸ ਵਿੱਚ ਗਾਇਕਾ ਰਜਿੰਦਰ ਰਾਜਨ,ਉੱਘੇ ਲੇਖਕ ਨਵਦੀਪ ਗਿੱਲ, ਨਿਰਦੇਸ਼ਕ ਸਿਮਰਜੀਤ ਹੁੰਦਲ, ਨਿਰਦੇਸ਼ਕ ਮਨਪ੍ਰੀਤ ਬਰਾੜ, ਕੈਮਰਾਮੈਨ ਤੇ ਨਿਰਦੇਸ਼ਕ ਸ਼ਿਵਤਾਰ ਸ਼ਿਵ, ਪਰਮਜੀਤ ਪੱਲੂ, ਪੱਤਰਕਾਰ ਹਰਜਿੰਦਰ ਸਿੰਘ ਜਵੰਦਾ, ਫਾਈਟ ਮਾਸਟਰ ਵਿਸ਼ਾਲ ਅਤੇ ਬੱਬੀ ਆਦਿ ਨਾਂ ਸ਼ਾਮਿਲ ਹਨ।ਇਸ ਮੌਕੇ ਰਣਜੀਤ ਸ਼ਰਮਾ ਅਤੇ ਪੂਨਮ ਸ਼ੂਧ ਵਲੋਂ ਆਏ ਹੋਏ ਮਹਿਮਾਨਾਂ ਦਾ ਸਵਾਗਤ ਕੀਤਾ ਗਿਆ।

ਇਸ ਸਮਾਰੋਹ ਮੌਕੇ ਅਦਾਕਾਰ ਤਰਸੇਮ ਪੌਲ, ਪਰਮਜੀਤ ਸਿੰਘ ਭੰਗੂ, ਤੋਤਾ ਸਿੰਘ ਦੀਨਾ, ਵਨਿੰਦਰ ਬਿੰਨੀ, ਦੀਦਾਰ ਗਿੱਲ,ਗਗਨ ਥਿੰਦ, ਸੁਨੀਤਾ ਧੀਰ, ਮੈਡਮ ਗੁਰਪ੍ਰੀਤ ਭੰਗੂ, ਸੀਮਾ ਕੌਸ਼ਲ, ਸਤਵੰਤ ਕੌਰ, ਸਿਮਰਨ ਸਹਿਜਪਾਲ, ਨਿਰਭੈ ਸਿੰਘ ਧਾਲੀਵਾਲ, ਸੰਜੂ ਸੋਲੰਕੀ, ਜਸਦੀਪ ਸਿੰਘ ਰਤਨ, ਅਮਨ ਜੌਹਲ, ਬੱਲ ਤੁਲੇਵਾਲ ਅਤੇ ਯੁਵੀ ਜਵੰਦਾ ਆਦਿ ਵੀ ਮੌਜੂਦ ਰਹੇ।

# ਵਿਸਮਾਦੀ ਸੁਰਾਂ ਦੇ ਮਾਲਕ ਪ੍ਰਸਿੱਧ ਰਾਗੀ ਭਾਈ ਹੀਰਾ ਸਿੰਘ ਨੂੰ ਯਾਦ ਕਰਦਿਆਂ

**6 ਸਤੰਬਰ ਨੂੰ ਬਰਸੀ 'ਤੇ ਵਿਸ਼ੇਸ਼**



– ਲੇਖਕ –
ਭਗਵਾਨ ਸਿੰਘ ਜੌਹਲ
Email:bhagwansinghjohal@gmail.com

ਗੁਰਮਤਿ ਸੰਗੀਤ ਦੇ ਅਹਿਮ ਪੰਨੇ ਇਸ ਗੱਲ ਦੀ ਗਵਾਹੀ ਦਿੰਦੇ ਹਨ ਕਿ ਗੁਰਮਤਿ ਸੰਗੀਤ ਦੀਆਂ ਵਿਸਮਾਦੀ ਧੁਨਾਂ ਨਾਲ ਮਨੁੱਖੀ ਆਤਮਾ ਨੂੰ ਅਕਹਿ ਸ਼ਾਂਤੀ ਤੇ ਸਕੂਨ ਮਿਲਦਾ ਹੈ। ਸਾਡੀ ਆਤਮਾ ਗਗਨਚੁੰਬੀ ਉਚਾਈਆਂ ਨੂੰ ਛੂਹ ਲੈਂਦੀ ਹੈ। 20ਵੀਂ ਸਦੀ ਦੇ ਆਰੰਭ ਵਿਚ ਇਕ ਅਜਿਹਾ ਸੁਰੀਲਾ ਕੀਰਤਨੀਆ ਖ਼ਾਲਸਾ ਪੰਥ ਨੂੰ ਮਿਲਿਆ, ਜਿਸ ਨੇ ਭਰ ਜਵਾਨੀ ਵਿੱਚ ਗੁਰਬਾਣੀ ਕੀਰਤਨ ਦੀਆਂ ਧੁਨਾਂ ਨਾਲ ਲੱਖਾਂ ਹਿਰਦਿਆਂ ਨੂੰ ਸ਼ਾਂਤ ਕੀਤਾ। ਭਾਈ ਹੀਰਾ ਸਿੰਘ ਦਾ ਜਨਮ 1879 ਈ: ਨੂੰ ਪੱਛਮੀ ਪੰਜਾਬ ਦੇ ਜ਼ਿਲ੍ਹਾ ਸਰਗੋਧਾ ਦੇ ਪਿੰਡ ਫਰੂਕਾ ਵਿਖੇ ਭਾਈ ਭਾਗ ਸਿੰਘ ਅਤੇ ਮਾਤਾ ਸਭਰਾਈ ਦੇ ਗ੍ਰਹਿ ਵਿਖੇ ਹੋਇਆ। ਜ਼ਿਕਰ ਮਿਲਦਾ ਹੈ ਕਿ ਭਾਈ ਭਾਗ ਸਿੰਘ ਦੀ ਸ਼ਾਦੀ ਹੋਇਆਂ 18 ਵਰ੍ਹੇ ਬੀਤ ਗਏ, ਪਰ ਕੋਈ ਔਲਾਦ ਨਾ ਹੋਈ। ਸੇਵਾ ਪੰਥੀ ਬਾਬਾ ਰਾਮ ਸਿੰਘ ਦੀ ਅਰਦਾਸ ਨਾਲ ਭਾਈ ਹੀਰਾ ਸਿੰਘ ਦਾ ਜਨਮ ਹੋਇਆ। ਮੁੱਢਲੀ ਸਿੱਖਿਆ ਪਿੰਡ ਦੀ ਧਰਮਸ਼ਾਲਾ ਤੋਂ ਪ੍ਰਾਪਤ ਕੀਤੀ। ਇਸ ਤੋਂ ਪਿਛੋਂ ਪ੍ਰਾਇਮਰੀ ਦੀ ਪੜ੍ਹਾਈ ਵੀ ਪਿੰਡ ਦੇ ਸਕੂਲ ਤੋਂ ਪ੍ਰਾਪਤ ਕੀਤੀ। ਮਿਡਲ ਕਰਨ ਲਈ ਸਾਹੀਵਾਲ ਜਾਣਾ ਪਿਆ। ਇਸ ਤੋਂ ਬਾਅਦ ਗੁਰਬਾਣੀ ਤੇ ਸਿੱਖ ਇਤਿਹਾਸ ਦੀ ਸਿੱਖਿਆ ਭਾਈ ਮਾਹਣਾ ਸਿੰਘ ਤੋਂ ਪ੍ਰਾਪਤ ਕੀਤੀ।

ਭਾਈ ਹੀਰਾ ਸਿੰਘ ਦੇ ਪਿਤਾ ਜੀ ਭਾਈ ਭਾਗ ਸਿੰਘ ਦਾ ਸਾਰੰਗੀ ਤੇ ਤਾਊਸ ਵਜਾਉਣ ਵਿੱਚ ਕੋਈ ਮੁਕਾਬਲਾ ਨਹੀਂ ਸੀ। ਘਰ ਵਿੱਚ ਪਿਤਾ ਜੀ ਤੋਂ ਗੁਰਮਤਿ ਸੰਗੀਤ ਵਿੱਚ ਪ੍ਰਬੀਨਤਾ ਪ੍ਰਾਪਤ ਕਰਨ ਤੋਂ ਬਾਅਦ ਭਾਈ ਹੀਰਾ ਸਿੰਘ ਨੇ ਨਿਰੰਕਾਰੀ ਦਰਬਾਰ ਰਾਵਲਪਿੰਡੀ ਅਤੇ ਨਾਮਧਾਰੀ ਦਰਬਾਰ ਭੈਣੀ ਸਾਹਿਬ ਤੋਂ ਕਲਾਸੀਕਲ ਸੰਗੀਤ ਸਿੱਖ ਕੇ ਮੁਹਾਰਤ ਹਾਸਲ ਕੀਤੀ।

ਭਾਈ ਹੀਰਾ ਸਿੰਘ ਦੀ ਆਪਣੇ ਜੀਵਨ ਦੀ ਸਭ ਤੋਂ ਵੱਡੀ ਕਮਾਈ ਉਸ ਸਮੇਂ ਨਾਮਬਾਣੀ ਦੇ ਰਸੀਏ ਮਹਾਂਪੁਰਸ਼ ਸੰਤ ਅਤਰ ਸਿੰਘ ਮਸਤੂਆਣਾ ਵਾਲਿਆਂ ਦੇ ਜਥੇ ਵਿੱਚ ਸ਼ਾਮਿਲ ਹੋ ਕੇ ਪ੍ਰਭੂ ਭਗਤੀ ਵਿੱਚ ਲੀਨ ਹੋਣਾ ਅਤੇ ਨਾਲ ਹੀ ਸੰਤ ਬਾਬਾ ਜੀ ਨਾਲ ਸ੍ਰੀ ਹਜ਼ੂਰ ਸਾਹਿਬ ਦੀ ਯਾਤਰਾ ਕਰਨਾ ਸੀ। 1897 ਈ: ਵਿੱਚ ਜਦੋਂ ਸਿੰਘ ਸਭਾ ਲਹਿਰ ਸਿੱਖ ਧਰਮ ਦੇ ਪ੍ਰਚਾਰ ਨੂੰ ਸਿਖਰ 'ਤੇ ਪਹੁੰਚਾ ਚੁੱਕੀ ਸੀ, ਉਸ ਸਮੇਂ ਆਪ ਆਪਣੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਆ ਵਸੇ। ਇਥੇ ਆ ਕੇ ਸ੍ਰੀ ਹਰਿਮੰਦਰ ਸਾਹਿਬ ਦੇ ਆਪਣੇ ਸਮੇਂ ਉਘੇ ਹਜ਼ੂਰੀ ਕੀਰਤਨੀਏ ਭਾਈ ਤਖ਼ਤ ਸਿੰਘ ਤੋਂ ਗੁਰਮਤਿ ਸੰਗੀਤ ਦੀਆਂ ਬਾਰੀਕੀਆਂ ਗ੍ਰਹਿਣ ਕੀਤੀਆਂ।

ਉਹ ਅਜਿਹਾ ਸਮਾਂ ਸੀ ਜਦੋਂ ਸਿੱਖ ਕੌਮ ਸਿੱਖਿਆ ਦੇ ਖੇਤਰ ਵਿੱਚ ਬਹੁਤ ਪੱਛੜੀ ਹੋਈ ਸੀ। 1908 ਈ: ਵਿੱਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਹੋਈ ਵਿੱਦਿਅਕ ਕਾਨਫਰੰਸ



ਲਈ ਥਾਂ-ਪੁਰ-ਥਾਂ ਜਾ ਕੇ ਸਿੱਖਿਆ ਦੇ ਪ੍ਰਸਾਰ, ਪ੍ਰਚਾਰ ਤੇ ਵਿਕਾਸ ਲਈ ਰਾਤ-ਦਿਨ ਪ੍ਰਚਾਰ ਮੁਹਿੰਮ ਵਿੱਚ ਯੋਗਦਾਨ ਪਾਇਆ। ਅਸਲ ਵਿੱਚ ਚੀਫ਼ ਖ਼ਾਲਸਾ ਦੀਵਾਨ ਨੇ ਸਿੱਖਿਆ ਦੇ ਪ੍ਰਸਾਰ ਲਈ ਜਿਹੜਾ ਕਾਰਜ ਆਰੰਭਿਆ ਸੀ, ਉਸ ਲਈ ਸਭ ਤੋਂ ਵੱਧ ਨਿੱਠ ਕੇ ਕਾਰਜ ਕਰਨ ਵਾਲਿਆਂ ਵਿੱਚ ਭਾਈ ਹੀਰਾ ਸਿੰਘ ਨੂੰ ਵੱਡਾ ਮਾਣ ਪ੍ਰਾਪਤ ਹੋਇਆ।

ਭਾਈ ਹੀਰਾ ਸਿੰਘ ਨੇ ਆਪਣੇ ਪਿਤਾ ਜੀ ਨਾਲ ਜਿਹੜਾ ਕੀਰਤਨੀ ਜਥਾ ਬਣਾਇਆ, ਉਸ ਜਥੇ ਨੇ ਅਣਵੰਡੇ ਦੇਸ਼ ਵਿੱਚ ਲੱਖਾਂ ਸਿੱਖ ਸੰਗਤਾਂ ਨੂੰ ਵਿਸਮਾਦੀ ਸੁਰਾਂ ਨਾਲ ਕੀਲਿਆ। ਆਪ ਦੀ ਅਵਾਜ਼ ਵਿੱਚ ਵਿਸ਼ੇਸ਼ ਕਿਸਮ ਦੀ ਰੱਬੀ ਬਖ਼ਸ਼ਿਸ਼ ਸੀ। 1925 ਈ: ਵਿੱਚ ਭਾਈ ਹੀਰਾ ਸਿੰਘ ਗਵਾਲੀਅਰ ਵਿਖੇ ਕੀਰਤਨ ਦੀ ਸੇਵਾ ਨਿਭਾਉਣ ਲਈ ਪ੍ਰਚਾਰ ਦੌਰੇ 'ਤੇ ਗਏ ਹੋਏ ਸਨ, ਜਦੋਂ ਉਨ੍ਹਾਂ ਇਲਾਹੀ ਬਾਣੀ ਦੀ ਕੀਰਤਨ ਦੀ ਧੁਨੀ ਦਾ ਰਾਗ-ਬੱਧ ਸੁਰ ਅਲਾਪਿਆ ਅਤੇ ਨਾਲ ਹੀ ਇਤਿਹਾਸ ਦੀ ਕਥਾ ਸਰਵਣ ਕਰਵਾਈ। ਉਥੇ ਪੁੱਜੇ ਹੋਏ ਸਰੋਤਿਆਂ ਵਿੱਚ ਇਕ ਮੁਸਲਮਾਨ ਸ਼ਰਧਾਲੂ ਹਾਜ਼ੀ ਮਸਕੀਨ ਵੀ ਝੂਮਣ ਲੱਗ ਪਿਆ। ਹੁਣ ਉਹ ਭਾਈ ਹੀਰਾ ਸਿੰਘ ਨਾਲ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ-ਦੀਦਾਰਿਆਂ ਲਈ ਵੀ ਬੜੀ ਸ਼ਰਧਾ ਭਾਵਨਾ ਨਾਲ ਪੁੱਜਾ। ਉਸ ਨੇ ਇਕ ਲੱਖ ਪੰਜਤਾਲੀ ਹਜ਼ਾਰ ਸੰਦਲੀ ਤਾਰਾਂ ਦਾ ਆਪਣੇ ਹੱਥੀਂ ਬਣਾਇਆ ਸੁੰਦਰ ਚੌਰ ਧੰਨ ਗੁਰੂ ਰਾਮਦਾਸ ਜੀ ਦੇ ਪਾਵਨ ਸ੍ਰੀ ਦਰਬਾਰ ਸਾਹਿਬ ਭੇਟ ਕੀਤਾ, ਜੋ ਅੱਜ ਵੀ ਤੋਸ਼ੇਖਾਨੇ ਵਿੱਚ ਸੁਰੱਖਿਅਤ ਹੈ।

ਇਹ ਵਿਸਮਾਦੀ ਸੁਰਾਂ ਦਾ ਮਾਲਕ ਭਾਈ ਹੀਰਾ ਸਿੰਘ ਗੰਭੀਰ ਬੀਮਾਰੀ ਨਾਲ 6 ਸਤੰਬਰ, 1926 ਈ: ਦੇਹਰਾਦੂਨ ਵਿਖੇ ਆਪਣੇ ਪਿਆਰੇ ਕੀਰਤਨ ਰਸੀਏ ਸਿੱਖ, ਮੁਸਲਮਾਨ ਤੇ ਹਿੰਦੂ ਸਰੋਤਿਆਂ ਨੂੰ ਸਦੀਵੀ ਵਿਛੋੜਾ ਦੇ ਗਿਆ। ਸਿੱਖ ਸੰਗਤ ਅਤੇ ਦੂਜੇ ਧਰਮਾਂ ਦੇ ਲੱਖਾਂ ਸਰੋਤਿਆਂ ਵੱਲੋਂ ਜਿਹੜਾ ਮਾਣ ਭਾਈ ਹੀਰਾ ਸਿੰਘ ਨੂੰ ਮਿਲਿਆ, ਉਸ ਦੀ ਗਵਾਹੀ ਉਸ ਸਮੇਂ ਦੇ ਵੱਖ-ਵੱਖ ਭਾਸ਼ਾਵਾਂ ਵਾਲੇ ਛਪਣ ਵਾਲੇ ਅਖ਼ਬਾਰਾਂ ਤੇ ਰਸਾਲਿਆਂ ਨੇ ਆਪਣੇ ਪੰਨਿਆਂ ਵਿੱਚ ਕੀਤਾ ਅਤੇ ਹਿਰਦੇ ਵੇਦਕ ਸ਼ਰਧਾਂਜਲੀਆਂ ਭੇਟ ਕੀਤੀਆਂ। ਅੱਜ ਮਹਾਨ ਕੀਰਤਨੀਏ ਦੀ ਯਾਦ ਹੀ ਬਾਕੀ ਹੈ।

* * * * * * *

# ਗੁਰਦੁਆਰਾ ਦਸਮੇਸ਼ ਸਾਹਿਬ ਲੈਸਟਰ ਵਿਖੇ ਗੁਰੂ ਨਾਨਕ ਸੰਗੀਤ ਸਭਾ ਯੂ ਕੇ ਵੱਲੋਂ ਕੀਰਤਨ ਦਰਬਾਰ ਸਜਾਇਆ ਗਿਆ, ਭਾਈ ਹਰਜਿੰਦਰ ਸਿੰਘ ਦਾ ਵਿਸ਼ੇਸ਼ ਸਨਮਾਨ



ਲੈਸਟਰ-(ਸੁਖਜਿੰਦਰ ਸਿੰਘ ਢੱਡੇ)-ਧਰਮ ਪ੍ਰਚਾਰ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਗੁਰੂ ਦਸਮੇਸ਼ ਸਾਹਿਬ ਲੈਸਟਰ ਵਿਖੇ ਸਰਬੱਤ ਦੇ ਭਲੇ ਲਈ ਪੰਥਕ ਸੰਸਥਾ ਗੁਰੂ ਨਾਨਕ ਸੰਗੀਤ ਸਭਾ ਯੂ.ਕੇ. ਵੱਲੋਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸੰਗਤਾਂ ਦੇ ਸਹਿਯੋਗ ਨਾਲ ਸੰਗੀਤ ਅਚਾਰੀਆ ਗਿਆਨੀ ਬਲਵੰਤ ਸਿੰਘ ਲਿਤਰਾਂ ਵਾਲਿਆਂ ਦੀ ਅਗਵਾਈ ਵਿੱਚ ਕੀਰਤਨ ਦਰਬਾਰ ਸਜਾਇਆ ਗਿਆ, ਜਿਸ ਵਿੱਚ ਹਜ਼ੂਰੀ ਰਾਗੀ ਜਥਾ ਭਾਈ ਜਸਪਾਲ ਸਿੰਘ ਜੀ, ਭਾਈ ਗੁਰਦੀਪ ਸਿੰਘ ਜੀ ਡਰਬੀ ਵਾਲੇ, ਭਾਈ ਬਲਜੀਤ ਸਿੰਘ ਯੂ.ਐਸ.ਏ., ਭਾਈ ਹਰਜਿੰਦਰ ਸਿੰਘ ਨੇ ਗੁਰਬਾਣੀ ਰੱਸ ਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਕੀਰਤਨ ਦੀ ਮਹਾਨਤਾ 'ਤੇ ਚਾਨਣਾ ਪਾਉਂਦਿਆਂ ਗਿਆਨੀ ਬਲਜਿੰਦਰ ਸਿੰਘ, ਗਿਆਨੀ ਬਲਵੰਤ ਸਿੰਘ ਲਿਤਰਾਂ, ਪੰਥ ਪ੍ਰਸਿੱਧ ਕੀਰਤਨੀਏ ਭਾਈ ਜਗਦੀਸ਼ ਸਿੰਘ ਜੱਗੀ ਅਤੇ ਗਿਆਨੀ ਸੁਖਚੈਨ ਸਿੰਘ ਹੈੱਡ ਗ੍ਰੰਥੀ ਨੇ ਖੋਜ ਭਰਪੂਰ ਰੋਸ਼ਨੀ ਪਾਈ। ਅੰਤ ਵਿੱਚ ਭਾਈ ਰਣਧੀਰ ਸਿੰਘ ਸੰਭਲ ਅਨੁਸਾਰ ਇਸ ਵਿਸ਼ੇਸ਼ ਸਮਾਗਮ ਵਿੱਚ ਪੰਥ ਦੇ ਅਨਮੋਲ ਹੀਰੇ ਪ੍ਰਸਿੱਧ ਕੀਰਤਨੀਏ ਭਾਈ ਹਰਜਿੰਦਰ ਸਿੰਘ ਜੀ ਨੂੰ ਗੁਰੂ ਨਾਨਕ ਸੰਗੀਤ ਸਭਾ ਯੂ.ਕੇ. ਵੱਲੋਂ ਸ: ਮੁਹਿੰਦਰਪਾਲ ਸਿੰਘ, ਗਿਆਨੀ ਬਲਵੰਤ ਸਿੰਘ ਲਿਤਰਾਂ, ਪ੍ਰਬੰਧਕ ਕਮੇਟੀ ਵੱਲੋਂ ਸ: ਜਰਨੈਲ ਸਿੰਘ ਰਾਣਾ ਦੀ ਅਗਵਾਈ ਵਿੱਚ ਜਸਪਾਲ ਸਿੰਘ ਢਿੱਲੋਂ, ਸੰਭਲ, ਗੁਰੂ ਘਰ ਦੇ ਗ੍ਰੰਥੀਆਂ ਵੱਲੋਂ ਗਿਆਨੀ ਸੁਖਚੈਨ ਸਿੰਘ ਜੀ ਦਮਦਮੀ ਟਕਸਾਲ ਵੱਲੋਂ ਗਿਆਨੀ ਬਲਜਿੰਦਰ ਸਿੰਘ ਜੀ ਨੇ ਸਿਰੋਪਾਉ ਦੀ ਬਖ਼ਸ਼ਿਸ਼ ਕਰਕੇ ਵਿਸ਼ੇਸ਼ ਸਨਮਾਨਿਤ ਕੀਤਾ ਗਿਆ। ਮੰਚ ਦਾ ਸੰਚਾਲਣ ਗਿਆਨੀ ਸੁਖਚੈਨ ਸਿੰਘ ਅਤੇ ਗਿਆਨੀ ਬਲਵੰਤ ਸਿੰਘ ਲਿਤਰਾਂ ਨੇ ਬਾਖ਼ੂਬੀ ਕੀਤਾ। ਅਖੀਰ ਵਿੱਚ ਭਾਈ ਰਣਧੀਰ ਸਿੰਘ ਸੰਭਲ ਨੇ ਸਮੂਹ ਕੀਰਤਨੀ ਜਥਿਆਂ, ਪ੍ਰਬੰਧਕ ਕਮੇਟੀ, ਗਿਆਨੀ ਬਲਵੰਤ ਸਿੰਘ ਲਿਤਰਾਂ, ਸ: ਮਹਿੰਦਰਪਾਲ ਸਿੰਘ ਅਤੇ ਸਾਧ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਭਾਈ ਕੁਲਤਾਰਨ ਸਿੰਘ, ਸ: ਹਾਕਮ ਸਿੰਘ, ਗਿਆਨੀ ਗੁਰਮੀਤ ਸਿੰਘ ਸੰਧੂ, ਭਾਈ ਅਵਤਾਰ ਸਿੰਘ ਜੱਸੋਮਜਾਰਾ, ਗਿਆਨੀ ਕੀਰਤ ਸਿੰਘ ਦਿੱਲੀ ਵਾਲੇ, ਸ: ਤਲਵਿੰਦਰ ਸਿੰਘ ਆਹਲੂਵਾਲੀਆ ਅਤੇ ਭਾਈ ਸਰਜੀਤ ਸਿੰਘ ਦੇਸੀ ਸਵੀਟ ਵਾਲੇ ਵੀ ਸੰਗਤ ਦੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਹਾਸੇ ਦੀ ਪਟਾਰੀ

**ਪੁਲਸ,** ਅਸੀਂ ਤੁਹਾਡੇ ਘਰ ਦੀ ਤਲਾਸ਼ੀ ਲੈਣੀ ਹੈ। ਸੁਣਿਆ ਹੈ ਤੁਹਾਡੇ ਘਰ ਵਿੱਚ ਵਿਸਫੋਟਕ ਸਮੱਗਰੀ ਹੈ।

ਬੱਬੂ, ਖ਼ਬਰ ਤਾਂ ਪੱਕੀ ਹੈ, ਪਰ ਹੁਣ ਪੇਕੇ ਗਈ ਹੋਈ ਹੈ।

*---*---*

**ਸੋਨੂੰ** ਤੇ ਮੋਨੂੰ ਦੋ ਭਰਾ ਸਨ, ਜੋ ਇਕੋ ਜਮਾਤ ਵਿੱਚ ਪੜ੍ਹਦੇ ਸਨ। ਇਕ ਦਿਨ ਜਮਾਤ ਵਿੱਚ ਅਧਿਆਪਕਾ ਨੇ ਉਨ੍ਹਾਂ ਨੂੰ ਪੁੱਛਿਆ, ਤੁਸੀਂ ਦੋਵਾਂ ਨੇ ਆਪਣੇ ਪਾਪਾ ਦਾ ਨਾਂ ਵੱਖ-ਵੱਖ ਕਿਉਂ ਲਿਖਿਆ ਹੈ ?

ਸੋਨੂੰ ਬੋਲਿਆ, ਮੈਡਮ, ਫਿਰ ਤੁਸੀਂ ਕਹੋਗੇ ਕਿ ਨਕਲ ਮਾਰੀ ਹੈ, ਇਸ ਲਈ।

*---*---*

**ਇਕ** ਵੋਟਰ ਈ. ਵੀ. ਐਮ. ਅੱਗੇ ਬੜੀ ਦੇਰ ਤੋਂ ਬਿਨਾਂ ਵੋਟਿੰਗ ਕੀਤਿਆਂ ਖੜ੍ਹਾ ਸੀ।

ਪੋਲਿੰਗ ਅਧਿਕਾਰੀ ਨੇ ਪੁੱਛਿਆ, ਭਾਅ ਜੀ, ਕੀ ਸੋਚ ਰਹੇ ਹੋ, ਵੋਟ ਕਿਉਂ ਨਹੀਂ ਪਾਉਂਦੇ ?

ਵੋਟਰ, ਅਸਲ ਵਿੱਚ ਰਾਤ ਨੂੰ ਕਿਸ ਨੇ ਪਿਆਈ, ਹੁਣ ਉਹ ਯਾਦ ਨਹੀਂ ਆ ਰਿਹਾ।

*---*---*

# ਭੱਟ ਸਾਹਿਬਾਨ ਦੀ ਦ੍ਰਿਸ਼ਟੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ

**ਆਖਰੀ ਕਿਸ਼ਤ**

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ


- ਲੇਖਕ -

ਗਿ: ਗੁਰਬਖਸ਼ ਸਿੰਘ ਗੁਲਸ਼ਨ

ਸੰਪਰਕ ਲਈ:

+44 7956 302743




**ਸਾਹਿਬਜ਼ਾਦਾ ਬਾਬਾ ਰਾਮਰਾਇ ਜੀ ਦੀ ਪੈਦਾਇਸ਼ ਤਕ ਸਤਿਗੁਰਾਂ ਦੀ ਉਮਰ ਕੇਵ਼ਲ ੧੭ ਕੁ ਸਾਲ ਬਣਦੀ ਹੈ। ਬਾਬਾ ਰਾਮਰਾਇ ਜੀ ਦੇ ਜਨਮ ਤੋਂ ਪੰਦਰਾਂ ਸਾਲ ਬਾਦ ਕਤਕ ਵਦੀ ਨੌਂਵੀਂ ਐਤਵਾਰ ਸੰਮਤ ੧੭੧੮ ਬਿ./੧੬੬੧ ਈ. ਨੂੰ ਗੁਰੂ ਹਰਿਰਾਇ ਜੀ ਜੋਤੀ ਜੋਤਿ ਸਮਾ ਗਏ ਸੀ।.. ਸਤਿਗੁਰਾਂ ਦੇ ਜੋਤਿ ਜੋਤਿ ਸਮਾਉਣ ਤੋਂ ੭ ਮਹੀਨੇ ਪਹਿਲੋਂ ਬਾਬਾ ਰਾਮਰਾਇ ਜੀ ਦਿੱਲੀ ਗਏ ਸਨ। ਇਸ ਤਰ੍ਹਾਂ ਸਾਨੂੰ ਸਾਰੀ ਸੰਗਲੀ ਨੂੰ ਜੋੜਨ ਵਾਸਤੇ ਸੰਨ ੧੬੨੯ ਨੂੰ ਹੀ ਅਵਤਾਰ ਹੋਣਾ ਮੰਨਣਾ ਚਾਹੀਦਾ ਹੈ।**



ਗੁਰੂ ਹਰਿਗੋਬਿੰਦ ਸਾਹਿਬ ਜੀ

### ਹਰਿਰਾਇ ਜੀ ਦਾ ਵਿਆਹ

ਬਾਬਾ ਗੁਰਦਿੱਤਾ ਜੀ ਚੇਤ੍ਰ ਸੁਦੀ ਦਸਮੀ ੧੬੯੫ ਬਿਕਰਮੀ/੧੬੩੮ ਈਸਵੀ ਨੂੰ ੩੧ ਵਰ੍ਹੇ ਉਮਰ ਭੋਗ ਕੇ ਪ੍ਰਲੋਕ ਗਮਨ ਕਰ ਗਏ। ਇਸ ਵਾਕਿਆ ਤੋਂ ਦੋ ਸਾਲ ਬਾਦ ਉਨ੍ਹਾਂ ਦੇ ਛੋਟੇ ਸਪੁਤ੍ਰ ਸ੍ਰੀ ਹਰਿਰਾਇ ਜੀ ਦੇ ਵਿਆਹ ਦਾ ਜ਼ਿਕਰ ਭੱਟ ਵਹੀਆਂ ਇਉਂ ਕਰਦੀਆਂ ਹਨ:

ੳ. ਸ੍ਰੀ ਹਰਿਰਾਇ ਜੀ ਬੇਟਾ ਬਾਬਾ ਗੁਰਦਿੱਤਾ ਜੀ ਕਾ ਪੋਤਾ ਗੁਰੂ ਹਰਿਗੋਬਿੰਦ ਜੀ ਮਹਿਲ ਛਟਮ ਕਾ... ਬਿਵਾਹ ਸਾਲ ਸੋਲਾ ਸੈ ਸਤਾਨਮੇ ਅਸਾੜ ਮਾਸ ਕੀ ਸਤਾਰਮੀ ਕੇ ਦਿਹੁ ਗਾਮ ਅਰੂਪ ਪ੍ਰਗਨਾ ਐਮਨਾਬਾਦ ਮੇਂ ਭਾਈ ਦੈਆ ਰਾਮ ਸਿਲੀ ਖਤ੍ਰੀ ਕੀ ਪੁਤ੍ਰੀ ਸ੍ਰੀ ਸੁਲਖਨੀ ਸੇ ਹੂਆ। ਬਾਬਾ ਅਨੀ ਰਾਇ ਨੇ ਇਸ ਸ਼ੁਭ ਸਮਾਗਮ ਸਮੇਂ ਆਇ ਗ੍ਰੀਬ ਗੁਰਬੇ ਕੋ ਦਾਨ ਕੀਆ। ਤੀਜੇ ਦਿਵਸ ਬਰਾਤ ਅਰੂਪ ਗਾਮ ਸੇ ਚੱਲ ਕੀਰਤਪੁਰ ਆਇ ਗਈ। ਮਾਤਾ ਨੇਤੀ (ਬੱਸੀ) ਨੇ ਸਿਰ ਬਾਰਨਾ ਕੀਆ। (ਭੱਟ ਵਹੀ ਤਲਉਂਡਾ, ਜੀਂਦ)

ਅ. ਦੀਵਾਨ ਜੀ ਨੇ ਸਾਹੇ ਚਿੱਠੀ ਬਾਚ ਕੇ ਸੁਨਾਈ ਕਿ ਸ੍ਰੀ ਹਰਿ ਰਾਇ ਜੀ ਕੇ ਬਿਬਾਹ ਕਾ ਸ਼ੁਭ ਦਿਵਸ ਸਾਲ ਸੋਲਾਂ ਸੈ ਸਤਾਨਮੇ ਸਤ੍ਰਾਂ ਹਾੜ ਹਾ ਹੈ ਤਿਆਰੀ ਕਰਨੀ ਚਾਹੀਏ।...ਗੁਰੂ ਜੀ ਨੇ ਬੇਟੇ ਅਨੀ ਰਾਇ ਕੋ ਸਾਰੀ ਬਾਰਤਾ ਸਮਝਾਇ ਕੇ ਤਿਆਰ ਕੀਆ। ਜਨੇਤ ਸਾਥ ਸ੍ਰੀ ਸੂਰਜ ਮਲ, ਸ੍ਰੀ ਤੇਗ ਬਹਾਦੁਰ, ਤੇ ਧਰਿ ਮਲ ਆਦਿ ਆਏ।...ਦੈਆ ਰਾਮ ਸਿੱਲੀ ਨੇ ਇਨ ਕੇ ਆਏ ਕਾ ਬਡਾ ਆਉ ਭਗਤ ਕੀਆ। ਅਗਲੇ ਦਿਹੁ ਇਸ ਕੀ ਬੇਟੀ ਸ੍ਰੀ ਸੁਲਖਨੀ ਕਾ ਸ਼ੁਭ ਬਿਬਾਹ ਸ੍ਰੀ ਹਰਿ ਰਾਇ ਜੀ ਸੇ ਹੂਆ।(ਸਰੂਪ ਸਿੰਘ ਕੌਸ਼ਿਸ਼, ਸਾਖੀ ਤੀਜੀ)

ੲ. ਸੰਮਤ ਸੋਲਾਂ ਸੈ ਸਤਾਨਵੇ ਜਬ ਗਏ। ਤਬ ਗੁਰੂ ਹਰਿ ਰਾਇ ਜੀ ਅਰੂਪ ਗਾਉਂ ਮੇ ਬਿਆਹ ਕਰਤੇ ਭਏ।...੨॥ (ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ, ਚਰਨ ਸਤਵਾਂ)

ਗਿਆਨੀ ਗਰਜਾ ਸਿੰਘ ਦਾ ਕਥਨ ਹੈ:

'ਇਸ ਵੇਲੇ ਗੁਰੂ ਹਰਿਰਾਇ ਜੀ ਦੀ ਆਯੂ ਕੇਵਲ ਯਾਰਾਂ ਸਾਲਾਂ ਦੀ ਸੀ, ਇਨ੍ਹਾਂ ਦਾ ਸ਼ੁਭ ਜਨਮ ਸੰਮਤ ੧੬੮੬ ਬਿਕਰਮੀ/੧੬੨੯ ਈ. ਨੂੰ ਹੋਇਆ ਸੀ, ਜੈਸਾ ਕਿ ਕਵਿ ਰਾਮ ਸੁਖ ਰਾਉ ਜੀ ਇੰਜ ਲਿਖਦੇ ਹਨ:

'ਸ੍ਰੀ ਗੁਰੂ ਹਰਿਰਾਇ ਜੀ...ਬਾਬਾ ਗੁਰਦਿੱਤਾ ਜੀ ਦੇ ਘਰ ...ਸੰਮਤ ੧੬੮੬ ਮਾਘ ਦਿਨ ੧੩...ਯਾਰਾਂ ਘੜੀਆਂ ਰਾਤ ਗਈ (ਕੀਰਤਪੁਰ) ਪੈਦਾ ਹੂਏ) ਫੇਰ ਵਿਆਹ ਹੋਇਆ ਅਰੂਪ ਗਿਰਾਇ..। ਚੇਤ੍ਰ ਦਿਨ ਸਤਾਰਾਂ ਸੰਮਤ ੧੭੦੩ ਬਿਕਰਮੀ/੧੬੪੬ ਈ. ਰਾਮਰਾਇ ਜੀ ਜਨਮੇ।...ਕੀਰਤਪੁਰ ਮੇਂ। (ਕਵਿ ਰਾਮ ਸੁਖ ਰਾਉ, ਉਕਤ ਰਚਨਾ, ਅਧਿਆਇ ਪੰਜਵਾਂ, ਪੱਤਰਾ ੨੫ ਤੋਂ ੨੯)

ਇਹੋ ਤਾਰੀਖ਼ ਤੇ ਸੰਮਤ ਨੂੰ ਡਾ.ਗੰਡਾ ਸਿੰਘ ਨੇ A Short History of the Sikhs ਵਿਚ ਮੰਨਿਆ ਹੈ:

ਸਾਹਿਬਜ਼ਾਦਾ ਬਾਬਾ ਰਾਮਰਾਇ ਜੀ ਦੀ ਪੈਦਾਇਸ਼ ਤਕ ਸਤਿਗੁਰਾਂ ਦੀ ਉਮਰ ਕੇਵ਼ਲ ੧੭ ਕੁ ਸਾਲ ਬਣਦੀ ਹੈ। ਬਾਬਾ ਰਾਮਰਾਇ ਜੀ ਦੇ ਜਨਮ ਤੋਂ ਪੰਦਰਾਂ ਸਾਲ ਬਾਦ ਕਤਕ ਵਦੀ ਨੌਂਵੀਂ ਐਤਵਾਰ ਸੰਮਤ ੧੭੧੮ ਬਿ./੧੬੬੧ ਈ. ਨੂੰ ਗੁਰੂ ਹਰਿਰਾਇ ਜੀ ਜੋਤੀ ਜੋਤਿ ਸਮਾ ਗਏ ਸੀ।.. ਸਤਿਗੁਰਾਂ ਦੇ ਜੋਤਿ ਜੋਤਿ ਸਮਾਉਣ ਤੋਂ ੭ ਮਹੀਨੇ ਪਹਿਲੋਂ ਬਾਬਾ ਰਾਮਰਾਇ ਜੀ ਦਿੱਲੀ ਗਏ ਸਨ। ਇਸ ਤਰ੍ਹਾਂ ਸਾਨੂੰ ਸਾਰੀ ਸੰਗਲੀ ਨੂੰ ਜੋੜਨ ਵਾਸਤੇ ਸੰਨ ੧੬੨੯ ਨੂੰ ਹੀ ਅਵਤਾਰ ਹੋਣਾ ਮੰਨਣਾ ਚਾਹੀਦਾ ਹੈ।


ਸਤਿਗੁਰੂ ਹਰਿਗੋਬਿੰਦ ਸਾਹਿਬ ਜੀ ਆਪਣਾ ਅੰਤਮ ਸਮਾਂ ਆਇਆ ਜਾਣ ਕੇ ਬਾਬਾ ਗੁਰਦਿੱਤਾ ਜੀ ਦੇ ਦੋਹਾਂ ਬੇਟਿਆਂ ਸ੍ਰੀ ਧੀਰ ਮੱਲ ਤੇ ਸ੍ਰੀ ਹਰਿਰਾਇ ਜੀ ਨੂੰ ਬਿਠਾ ਕੇ ਆਦਿ ਬੀੜ ਵੱਡੇ ਸਾਹਿਬਜ਼ਾਦੇ ਨੂੰ ਤੇ ਗੁਰਿਆਈ ਸ੍ਰੀ ਹਰਿਰਾਇ ਨੂੰ ਦਿੱਤੀ। ਆਪ ਸੰਮਤ ੧੭੦੧ ਬਿ. ਮੁਤਾਬਕ ੧੬੪੪ ਈ. ਨੂੰ ਗੁਰਪੁਰੀ ਪਧਾਰ ਗਏ:

ਸੰਮਤ ਸਤ੍ਰਹ ਸੈ ਏਕ ਚੇਤ ਸੁਦੀ ਥਿਤ ਪੰਚਮੀ। ਆਇਤਵਾਰ ਵਸੈਖ ਨੌ ਘਟਕਾ ਰਾਤ੍ਰ ਗਈ। (ਸਰੂਪ ਦਾਸ ਭੱਲਾ, ਮਹਿਮਾ ਪ੍ਰਕਾਸ਼, ਸਾਖੀ ੨੨ਵੀਂ)

**ਨੋਟ :-ਅਗਲੇ ਹਫ਼ਤੇ ਤੋਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਜੀਵਨ ਬਾਰੇ ਲੇਖ ਸ਼ੁਰੂ ਕੀਤਾ ਜਾਵੇਗਾ ।**

# "The Sikh community needs to analyze history, understand the present, and plan for the future."

**Iqbal Singh Lalpura**




As followers of Guru Nanak, we embody the spirit of "sant sipahi" (saint-soldiers), strong fighters like the Samurai, brave, and capable of defeating 100 enemies alone. Our Gurus, from Guru Nanak to Guru Gobind Singh, taught us the values of courage, compassion, and righteousness.

Our history boasts of Maharaja Ranjeet Singh, who exemplified Sikhism's true spirit, showcasing bravery, kindness, and secularism. He ruled Punjab for 50 years, saving Indian society from invincible invaders.

However, our history has been marred by challenges:

- British colonial powers divided us, erased our achievements, and attacked our religious principles.
- The Gurdwara Sudhar movement lacked leadership, allowing Congress and Britishers to gain the upper hand.
- We lost Nankana Sahib, the birthplace of Sikhism, during the partition of India. Nankana Sahib, where Guru Nanak was born, is a sacred place that holds our roots and identity.
- Sikhs in Pakistan face persecution, while those in Indian Punjab exploit Sikh sentiment for political power.
- We suffered the 1984 Sikh Massacre and Operation Blue Star without justice.
- Unresolved issues persist, and Sikhs abroad are influenced by anti-India forces.



Now, we are out of power in Punjab due to corrupt leadership, and our Gurdwaras and religion face attacks. It's time to:

- Unite at all levels
- Revive our saint-soldier image
- Re-emerge as a political force
- Support leaders like Narinder Modi, who have shown sympathy towards Sikhs
- Plan to secure maximum benefits for our community

Let us learn from Maharaja Ranjeet Singh's legacy and:

- Emulate his bravery and kindness
- Foster unity and cooperation
- Promote Sikhism's true spirit globally

We must discuss and address these challenges on social platforms to:

- Raise awareness about our history and struggles
- Inspire a new generation of Sikhs
- Build a united and strong Sikh community

Let us involve Sikh intelligentsia, bureaucrats, army officers, and selfless social workers to create a positive impact. We must be cautious of those who have misguided Sikhs in the past for personal gains.

Let us work together to revive our rich heritage and create a brighter future for Sikhism, focusing on positive planning rather than blaming each other.

# ਐਮਰਜੈਂਸੀ ਫਿਲਮ ਦਾ ਸਿਖ ਪੰਥ ਵਲੋਂ ਵਿਰੋਧ ਕਿਉਂ

ਬਘੇਲ ਸਿੰਘ ਧਾਲੀਵਾਲ
99142-58142

## ✪ ਸਿਆਸੀ ਫਿਰਕੂ ਪਾਤਰ ਕੰਗਨਾ ਮੋਦੀ ਸਰਕਾਰ ਦਾ ਸਿੱਖ ਵਿਰੋਧੀ ਏਜੰਡਾ



ਜਦੋਂ ਐਮਰਜੈਂਸੀ ਦਾ ਨਾਮ ਚਰਚਾ ਵਿੱਚ ਆਉਂਦਾ ਹੈ ਤਾਂ ਝੱਟ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਵੱਲੋਂ ਆਪਣੇ ਵਿਰੋਧ ਨੂੰ ਦਬਾਉਣ ਲਈ 1975 ਵਿੱਚ ਲਾਈ ਗਈ ਐਮਰਜੈਂਸੀ ਜਿਹਨ ਵਿੱਚ ਆ ਜਾਂਦੀ ਹੈ ਅਤੇ ਉਸ ਐਮਰਜੈਂਸੀ ਸਮੇ ਸਿੱਖਾਂ ਨੇ ਜਿਹੜੀ ਜਮਹੂਰੀਅਤ ਪ੍ਰਸਤੀ ਵਾਲੀ ਭੂਮਿਕਾ ਅਦਾ ਕੀਤੀ ਸੀ, ਉਹਦੇ ਤੋਂ ਭਾਰਤ ਮੁਲਕ ਦੇ ਲੋਕਾਂ ਨੂੰ ਸਿੱਖਾਂ 'ਤੇ ਮਾਣ ਹੋਣਾ ਚਾਹੀਦਾ ਸੀ,ਪਰ ਅਜਿਹਾ ਹੋਇਆ ਨਹੀਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਉਸ ਮੌਕੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਇਹ ਬੇਨਤੀਆਂ ਵੀ ਕੀਤੀਆਂ ਸਨ ਕਿ ਉਹ ਜੋ ਚਾਹੁਣ ਪੰਜਾਬ ਦੇ ਲਈ ਕੇਂਦਰ ਸਰਕਾਰ ਤੋਂ ਲੈ ਸਕਦੇ ਹਨ, ਪਰ ਉਹ ਮੇਰੇ ਵਿਰੋਧ ਵਿੱਚ ਖੜੇ ਨਾ ਹੋਣ, ਭਾਵ ਐਮਰਜੈਂਸੀ ਦਾ ਵਿਰੋਧ ਨਾ ਕਰਨ,ਪਰ ਸਿੱਖ ਆਗੂਆਂ ਨੇ ਉਸ ਮੌਕੇ ਆਪਣੇ ਸੂਬੇ ਦੇ ਹਿਤਾਂ ਨੂੰ ਦਰ-ਕਿਨਾਰ ਕਰਕੇ ਜਨਸੰਘ ਦੇ ਆਖੇ ਲੱਗ ਕੇ ਐਮਰਜੈਂਸੀ ਖਿਲਾਫ ਮੋਰਚਾ ਲਾ ਦਿੱਤਾ, ਸਿੱਖਾਂ ਵੱਲੋਂ ਲਾਏ ਮੋਰਚੇ ਕਾਰਨ ਮਜਬੂਰ ਹੋ ਕੇ ਇੰਦਰਾ ਗਾਂਧੀ ਨੂੰ ਐਮਰਜੈਸੀ ਹਟਾਉਣੀ ਪਈ ਸੀ।

ਇਹੋ ਕਾਰਨ ਸੀ ਕਿ ਇੰਦਰਾ ਗਾਂਧੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਲਈ ਜੂਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਸਾਹਿਬ ਸਮੇਤ ਕੋਈ ਤਿੰਨ ਦਰਜਨ ਤੋਂ ਵੱਧ ਇਤਿਹਾਸਿਕ ਗੁਰਦੁਆਰਾ ਸਾਹਿਬਾਨਾਂ ਤੇ ਫੌਜੀ ਹਮਲਾ ਕਰਵਾਇਆ। ਇਹ ਕੈਸੀ ਅਕ੍ਰਿਤਘਣਤਾ ਸੀ ਕਿ ਜਿਹੜੀ ਜਨ ਸੰਘ ਦੇ ਪਿੱਛੇ ਲੱਗ ਕੇ ਅਕਾਲੀਆਂ ਨੇ ਐਮਰਜੈਂਸੀ ਖਿਲਾਫ ਮੋਰਚਾ ਲਾਇਆ ਸੀ,ਉਯਹੀ ਜਨ ਸੰਘ ਦੇ ਆਗੂਆਂ ਨੇ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੇ ਹਮਲਾ ਕਰਨ ਲਈ ਮਜਬੂਰ ਕੀਤਾ। ਕਹਿਣ ਤੋਂ ਭਾਵ ਹੈ ਇਸ ਮੁਲਕ ਨੇ ਸਿੱਖਾਂ ਨਾਲ ਕਦੇ ਵੀ ਨਿਆਂ ਨਹੀ ਕੀਤਾ, ਬਲਕਿ ਸਿੱਖਾਂ ਦੇ ਅਹਿਸਾਨਮੰਦ ਰਹਿਣ ਦੀ ਬਜਾਏ ਸਿੱਖਾਂ ਨੂੰ ਦੁਨੀਆਂ ਪੱਧਰ ਉਪਰ ਬਦਨਾਮ ਕਰਨ ਦੇ ਝੂਠੇ ਮੌਕੇ ਵੀ ਖੁੰਝਣ ਨਹੀਂ ਦਿੱਤੇ। ਕੇਂਦਰ ਦੀ ਏਸੇ ਸਿੱਖ ਵਿਰੋਧੀ ਕੜੀ ਦਾ ਹਿੱਸਾ ਭਾਰਤੀ ਸਿਨੇਮਾ ਵੀ ਬਣਦਾ ਆ ਰਿਹਾ ਹੈ। ਇਸ ਕਰਕੇ ਹੀ ਭਾਰਤੀ ਸਿਨੇਮਾ ਅਕਸਰ ਵਿਵਾਦ ਪੂਰਨ ਚਰਚਾ ਵਿੱਚ ਰਹਿੰਦਾ ਹੈ। ਬੀਤੇ ਦਿਨੀਂ ਕੰਗਣਾ ਰਾਣੌਤ ਦੀ ਫਿਲਮ ਐਮਰਜੈਂਸੀ ਦੇ ਟਰੇਲਰ ਨੇ ਸਪੱਸਟ ਕਰ ਦਿੱਤਾ ਹੈ ਕਿ ਇਹ ਫਿਲਮ ਕਿਹੜੀ ਸੋਚ ਨਾਲ ਬਣਾਈ ਗਈ ਹੈ। ਫਿਲਮ ਨੂੰ ਬਨਾਉਣ ਵਿੱਚ ਕਿਹੜੀਆਂ ਤਾਕਤਾਂ ਦੀ ਅਹਿਮ ਭੂਮਿਕਾ ਰਹੀ ਹੈ ਅਤੇ ਫਿਲਮ ਚਲਾਉਣ ਲਈ ਉਨ੍ਹਾਂ ਦੀ ਭੂਮਿਕਾ ਕਿਹੋ ਜਿਹੀ ਹੋਵੇਗੀ। ਇਹ ਕੋਈ ਅਸਪਸ਼ਟ ਵਰਤਾਰਾ ਨਹੀਂ ਬਲਕਿ ਸਾਰਾ ਕੁੱਝ ਸਪਸ਼ਟ ਅਤੇ ਪਰਤੱਖ ਰੂਪ ਵਿੱਚ ਵਾਪਰਨ ਵਾਲਾ ਹੈ,ਪਰ ਇਸ ਫਿਲਮ ਰਾਹੀਂ ਇੱਕ ਵਾਰ ਫਿਰ ਪੰਜਾਬ ਦੀ ਸ਼ਾਂਤ ਫਿਜ਼ਾ ਵਿੱਚ ਨਫਰਤ ਦੀ ਜ਼ਹਿਰ ਘੋਲਣ ਦੇ ਯਤਨ ਕੀਤੇ ਜਾ ਰਹੇ ਹਨ। ਇਹ ਵੀ ਸਪੱਸ਼ਟ ਹੈ ਕਿ ਜਿਸਤਰ੍ਹਾਂ ਇਸ ਦੇ ਟਰੇਲਰ ਵਿੱਚ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਵੀਹਵੀਂ ਸਦੀ ਦੇ ਮਹਾਨ ਸਿੱਖ ਸ਼ਹੀਦ ਦਾ ਰੁਤਬਾ ਪਾਉਣ ਵਾਲੀ ਸ਼ਖਸ਼ੀਅਤ ਸੰਤ ਬਾਬਾ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉਹਨੂੰ ਸਿੱਖ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕਰਨਗੇ। ਫਿਲਮ ਦੇ ਟਰੇਲਰ ਨੇ ਇਹ ਸਪਸ਼ਟ ਕਰ ਦਿੱਤਾ ਹੈ ਕਿ ਸੈਂਸਰ ਬੋਰਡ ਅਤੇ ਕੰਗਣਾ ਰਾਣੌਤ ਸਮੇਤ ਭਾਰਤੀ ਸਿਸਟਮ ਨੇ ਸਿੱਖਾਂ ਪ੍ਰਤੀ ਕਿੰਨੀ ਨਫਰਤ ਪਾਲੀ ਹੋਈ ਹੈ। ਸਿੱਖ ਸੰਘਰਸ਼ ਜਾਂ ਸਿੱਖ ਯੋਧਿਆਂ ਦੀ ਜਿੰਦਗੀ ਤੇ ਬਣੀਆਂ ਫਿਲਮਾਂ ਵਿੱਚ ਇਹੋ ਸੈਂਸਰ ਬੋਰਡ ਦਰਜਨਾਂ ਸੀਨ ਕਟਵਾ ਦਿੰਦਾ ਹੈ,ਜਾਂ ਕਈ ਫਿਲਮਾਂ ਤੇ ਪਾਬੰਦੀ ਹੀ ਲਾ ਦਿੰਦਾ ਹੈ, ਪਰ ਕੰਗਣਾ ਦੀ ਫਿਲਮ ਬਗੈਰ ਕੁੱਝ ਦੇਖੇ ਝੱਟ ਹੀ ਪਾਸ ਕਰ ਦਿੱਤੀ, ਜਿਸ ਤੋ ਇੰਜ ਪਰਤੀਤ ਹੁੰਦਾ ਹੈ, ਜਿਵੇਂ ਇਹ ਫਿਲਮ ਬੜੀ ਸੋਚੀ ਸਮਝੀ ਸਾਜਿਸ਼ ਤਹਿਤ ਹੀ ਬਣਾਈ ਗਈ ਹੈ।

ਕਿੰਨੀ ਹੈਰਾਨੀ ਦੀ ਗੱਲ ਹੈ ਕਿ ਜਿਹੜੇ ਸਿੱਖਾਂ ਨੇ ਆਪਣੇ ਹੱਕਾਂ, ਹਿਤਾਂ ਨੂੰ ਕੁਰਬਾਨ ਕਰਕੇ ਐਮਰਜੈਂਸੀ ਮੌਕੇ ਭਾਰਤੀ ਲੋਕਾਂ ਦਾ ਸਾਥ ਦਿੱਤਾ, ਉਸੇ ਦੌਰ ਦੇ ਵਿਰੋਧ ਵਿੱਚ ਕੰਗਣਾ ਰਾਣੌਤ ਵੱਲੋਂ ਬਣਾਈ ਫਿਲਮ ਵਿੱਚ ਸਿੱਖਾਂ ਦੀ ਅਸਲ ਭੂਮਿਕਾ ਦਿਖਾਉਣ ਦੀ ਬਜਾਏ ਉਹਨਾਂ ਦੀ ਕਿਰਦਾਰਕੁਸ਼ੀ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ।

ਇਸ ਹਰਕਤ ਨੂੰ ਕੰਗਣਾ ਦੀ ਬੇਸਮਝੀ ਤਾਂ ਨਹੀ ਕਿਹਾ ਜਾ ਸਕਦਾ, ਬਲਕਿ ਇੱਕ ਸੋਚੀ ਸਮਝੀ ਸਾਜਿਸ਼ ਜਰੂਰ ਕਿਹਾ ਜਾ ਸਕਦਾ ਹੈ। ਕੰਗਣਾ, ਕਿਸਾਨੀ ਅੰਦੋਲਨ ਦੌਰਾਨ ਪੰਜਾਬ ਦੇ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਦਿੱਤੇ ਨਫਰਤੀ ਬਿਆਨ ਤੋ ਬਾਅਦ ਜ਼ਿਆਦਾ ਚਰਚਾ ਵਿੱਚ ਆਈ ਸੀ। ਉਸ ਮੌਕੇ ਇਸਦੇ ਵੱਲੋਂ ਕਿਸਾਨਾਂ ਅਤੇ ਪੰਜਾਬ ਦੀਆਂ ਔਰਤਾਂ ਪ੍ਰਤੀ ਜਿਸਤਰ੍ਹਾਂ ਦੀ ਸਬਦਾਵਲੀ ਵਰਤੀ ਗਈ, ਉਹਦੇ ਤੋਂ ਕਈ ਗੱਲਾਂ ਸਪੱਸ਼ਟ ਹੋ ਗਈਆਂ ਸਨ। ਇੱਕ ਤਾਂ ਇਹ ਕਿ ਕੰਗਣਾ ਕੋਈ ਕਲਾਕਾਰ ਜਾਂ ਅਭਿਨੇਤਰੀ ਨਹੀਂ ਬਲਕਿ ਉਹ ਇੱਕ ਖਾਸ ਮਿਸ਼ਨ ਦੀ ਪੂਰਤੀ ਕਈ ਕੰਮ ਕਰਨ ਵਾਲੀ ਕਾਰਕੁਨ ਹੈ, ਜਿਸ ਦਾ ਕੰਮ ਨਫਰਤ ਫੈਲਾ ਕੇ ਵੱਖ ਵੱਖ ਫਿਰਕਿਆਂ ਦੀ ਭਾਈਚਾਰਕ ਸਾਂਝ ਨੂੰ ਤੋੜਨਾ ਹੈ ਤਾਂ ਕਿ ਚੋਣਾਂ ਮੌਕੇ ਉਸ ਦਾ ਲਾਭ ਸਿੱਧੇ ਰੂਪ ਵਿੱਚ ਉਨ੍ਹਾਂ ਤਾਕਤਾਂ ਨੂੰ ਮਿਲ ਸਕੇ, ਜਿੰਨਾਂ ਦੇ ਮਿਸ਼ਨ ਨੂੰ ਉਹ ਅੱਗੇ ਵਧਾ ਰਹੀ ਹੈ। ਦੂਜਾ ਉਸਦਾ ਮੁੱਖ ਮਕਸਦ ਅਜਿਹੀ ਨਫਰਤ ਫੈਲਾ ਕੇ ਸਿਆਸਤ ਵਿੱਚ ਆਪਣੇ ਪੈਰ ਜਮਾਉਣਾ ਸੀ, ਜਿਸ ਵਿੱਚ ਉਹ ਕਾਫੀ ਹੱਦ ਤੱਕ ਕਾਮਯਾਬ ਵੀ ਹੋ ਚੁੱਕੀ ਹੈ। ਕੰਗਣਾ ਇਹ ਗੱਲ ਬਹੁਤ ਚੰਗੀ ਤਰ੍ਹਾਂ ਸਮਝਦੀ ਸੀ ਕਿ ਉਹ ਬਤੌਰ ਕਲਾਕਾਰ/ ਅਭਿਨੇਤਰੀ ਸਫਲ ਨਹੀ ਹੋ ਸਕਦੀ ਇਸ ਲਈ ਉਹਦਾ ਗੈਰ ਹਿੰਦੂ ਲੋਕਾਂ ਪ੍ਰਤੀ ਨਫਰਤ ਵਾਲਾ ਰਵੱਈਆ ਉਹਨੂੰ ਲੀਡਰ ਜਰੂਰ ਬਣਾ ਸਕਦਾ ਹੈ। ਇਸ ਲਈ ਉਹਨੇ ਨਫਰਤ




ਵਾਲਾ ਰਾਹ ਚੁਣਨ ਨੂੰ ਤਰਜੀਹ ਦਿੱਤੀ ਹੈ, ਜਿਸ ਦਾ ਨਤੀਜਾ ਇਹ ਨਿਕਲਿਆ ਕਿ ਉਹ ਅਠਾਰਵੀਂ ਲੋਕ ਸਭਾ ਲਈ ਹਿਮਾਚਲ ਪਰਦੇਸ ਤੋ ਮੈਂਬਰ ਪਾਰਲੀਮੈਂਟ ਚੁਣੀ ਗਈ। ਮੈਂਬਰ ਪਾਰਲੀਮੈਂਟ ਬਣਦਿਆਂ ਜਿਸਤਰ੍ਹਾਂ ਚੰਡੀਗੜ੍ਹ ਦੇ ਏਅਰ ਪੋਰਟ ਤੇ ਥੱਪੜ ਖਾਣ ਦੇ ਬਾਵਜੂਦ ਉਸ ਘਟਨਾ ਤੋ ਸਬਕ ਲੈਣ ਦੀ ਬਜਾਏ ਉਹਨੇ ਫਿਰ ਸਿੱਖਾਂ ਅਤੇ ਪੰਜਾਬ ਦੇ ਖਿਲਾਫ ਜਹਿਰ ਉਗਲ ਕੇ ਆਪਣੀ ਤੰਗ ਦਿਲੀ ਸੋਚ ਦਾ ਪ੍ਰਗਟਾਵਾ ਕੀਤਾ,ਉਹਦੀ ਉਸ ਹਰਕਤ ਨੇ ਪੰਜਾਬੀਆਂ ਅਤੇ ਹਿਮਾਚਲੀਆਂ ਦਰਮਿਆਨ ਇੱਕ ਦਰਾੜ ਪੈਦਾ ਕਰ ਦਿੱਤੀ ਹੈ, ਜਿਹੜੀ ਭਾਈਚਾਰਕ ਸਾਂਝਾਂ ਲਈ ਵੱਡਾ ਖਤਰਾ ਬਣ ਗਈ ਹੈ।

ਉਹਨੇ ਐਥੇ ਹੀ ਬੱਸ ਨਹੀਂ ਕੀਤਾ ਬਲਕਿ ਇਸ ਤੋਂ ਵੀ ਅੱਗੇ ਕਦਮ ਪੁੱਟਦਿਆਂ ਇੱਕ ਅਜਿਹੀ ਫਿਲਮ ਦਾ ਮੁੱਖ ਕਿਰਦਾਰ ਬਣ ਗਈ ਜਿਸ ਵਿੱਚ ਫੁੱਟ ਪਾਊ ਤਾਕਤਾਂ ਨੂੰ ਲਾਭ ਪਹੁੰਚਾਉਣ ਲਈ ਜਿੱਥੇ ਉਹਨੇ ਕਾਂਗਰਸ ਨੂੰ ਕਟਹਿਰੇ ਵਿੱਚ ਖੜਾ ਕਰਨ ਦੀ ਕੋਸ਼ਿਸ਼ ਕੀਤੀ ਹੈ,ਓਥੇ ਉਹਨੇ ਆਪਣੀ ਅਤੇ ਸਟੇਟ ਦੀ ਸਿੱਖਾਂ ਪ੍ਰਤੀ ਨਫਰਤੀ ਸੋਚ ਦਾ ਵੀ ਖੁੱਲ੍ਹ ਕੇ ਇਜਹਾਰ ਕੀਤਾ ਹੈ। ਇਹ ਸੱਚ ਹੈ ਕਿ ਸਿੱਖ ਮੁੱਢੋਂ ਹੀ ਦਿੱਲੀ ਨੂੰ ਰਾਸ ਨਹੀਂ ਆਏ, ਫਿਰ ਉਹਨਾਂ ਪ੍ਰਤੀ ਦਿੱਲੀ ਤਖਤ ਦੀ ਨੀਅਤ ਸਾਫ ਕਿਵੇਂ ਹੋ ਸਕਦੀ ਹੈ, ਇਸ ਲਈ ਕੇਂਦਰੀ ਤਾਕਤਾਂ ਇਹ ਕੋਸ਼ਿਸ਼ ਵਿੱਚ ਰਹਿੰਦੀਆਂ ਹਨ ਕਿ ਕਦੋ ਕਿਹੜੇ ਫਿਰਕੇ ਪ੍ਰਤੀ ਕਿਹੋ ਜਿਹੇ ਮਾਪਦੰਡ ਅਖਤਿਆਰ ਕਰਨੇ ਹਨ। ਜੰਮੂ ਕਸ਼ਮੀਰ ਅਤੇ ਪੰਜਾਬ ਪ੍ਰਤੀ ਨਫਰਤ ਨੂੰ ਪੱਕੇ ਪੈਰੀਂ ਕਰਨ ਲਈ ਭਾਰਤੀ ਸਿਨੇਮਾ ਸਮੇ ਸਮੇ ਜਿਕਰਯੋਗ ਭੂਮਿਕਾ ਨਿਭਾਉਂਦਾ ਰਹਿੰਦਾ ਹੈ। ਲਿਹਾਜ਼ਾ ਦੇਸ਼ ਦੇ ਬਹੁ ਗਿਣਤੀ ਲੋਕ ਘੱਟ ਗਿਣਤੀਆਂ ਤੇ ਜਬਰ ਕਰਨਾ ਆਪਣਾ ਹੱਕ ਸਮਝਣ ਲੱਗਦੇ ਹਨ, ਕਿਉਂਕਿ ਉਹਨਾਂ ਦੇ ਮਨਾਂ ਵਿੱਚ ਇਹ ਹਊਆ ਬੈਠਾ ਦਿੱਤਾ ਗਿਆ ਹੈ ਕਿ ਪੰਜਾਬ ਇੱਕ ਅਜਿਹਾ ਲਟ ਲਟ ਬਲ਼ਦਾ ਭਾਂਬੜ ਹੈ,ਜਿਹੜਾ ਕਿਸੇ ਵੀ ਸਮੇ ਗੈਰ ਸਿੱਖ ਭਾਈਚਾਰੇ ਨੂੰ ਆਪਣੀ ਲਪੇਟ ਵਿੱਚ ਲੈ ਸਕਦਾ ਹੈ ਅਤੇ ਪਲਾਂ ਵਿੱਚ ਹੀ ਸਾੜ ਕੇ ਸਵਾਹ ਕਰ ਸਕਦਾ ਹੈ,ਜਦੋਂਕਿ ਹਕੀਕਤ ਵਿੱਚ ਅਜਿਹਾ ਕੁੱਝ ਵੀ ਨਹੀ ਹੈ।


ਬਿਨਾਂ ਸ਼ੱਕ ਜਦੋਂ ਅਜਿਹੀ ਸੋਚ ਭਾਰੂ ਹੋਣ ਲੱਗਦੀ ਹੈ,ਉਦੋਂ ਫਿਰਕੂ ਰਾਜਨੀਤੀ ਤਾਕਤ ਵਿੱਚ ਆਉਂਦੀ ਹੈ। ਜਦੋ ਅਜਿਹੀ ਸੋਚ ਰਾਜਸੀ ਤੌਰ ਤੇ ਤਾਕਤਵਰ ਹੁੰਦੀ ਹੈ, ਉਸ ਮੌਕੇ ਕੰਗਣਾ ਰਾਣੌਤ ਵਰਗੇ ਕਿਰਦਾਰ ਪੈਦਾ ਹੁੰਦੇ ਹਨ। ਮਰਹੂਮ ਇੰਦਰਾ ਗਾਂਧੀ ਨੂੰ ਆਪਣਾ ਰੋਲ ਮਾਡਲ ਮੰਨਣ ਵਾਲੀ ਭਾਜਪਾ ਦੀ ਮੈਂਬਰ ਪਾਰਲੀਮੈਂਟ ਕੰਗਣ ਰਾਣੌਤ ਇੱਕ ਪਾਸੇ ਫਿਲਮ ਵਿੱਚ ਕਾਂਗਰਸ ਨੂੰ ਲੋਕ ਵਿਰੋਧੀ ਦਿਖਾਉਣ ਦੀ ਕੋਸ਼ਿਸ਼ ਕਰਦੀ ਹੈ,ਜਦੋਂ ਕਿ ਉਹ ਖੁਦ ਇੰਦਰਾ ਗਾਂਧੀ ਤੋ ਐਨੀ ਪ੍ਰਭਾਵਤ ਹੈ ਕਿ ਕਿਸਾਨੀ ਅੰਦੋਲਨ ਦੌਰਾਨ ਮੌਜੂਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਵੀ ਪੰਜਾਬੀ ਕਿਸਾਨਾਂ ਦੇ ਮਾਮਲੇ ਵਿੱਚ ਸਵ: ਇੰਦਰਾ ਗਾਂਧੀ ਦੇ ਨਕਸ਼ੇ ਕਦਮਾਂ ਤੇ ਚੱਲਣ ਦੀ ਸਲਾਹ ਦਿੰਦੀ ਹੈ। ਜਿੱਥੋਂ ਤੱਕ ਇਸ ਫਿਲਮ ਐਮਰਜੈਂਸੀ ਵਿੱਚ ਸਿੱਖਾਂ ਦੀ ਭੂਮਿਕਾ ਦਾ ਸਵਾਲ ਹੈ, ਉਹਨੇ ਬਹੁਤ ਬੇਸ਼ਰਮੀ ਅਤੇ ਢੀਠਤਾਈ ਨਾਲ ਸੰਤ ਭਿੰਡਰਾਂ ਵਾਲਿਆਂ ਨੂੰ ਬੇ ਵਜਾ ਫਿਲਮ ਵਿੱਚ ਫਿੱਟ ਕਰਨ ਦੀ ਕੋਸ਼ਿਸ਼ ਕਰਕੇ ਇੱਕ ਅਜਿਹੀ ਚਿੰਗਾਰੀ ਨੂੰ ਭਾਂਬੜ ਬਨਾਉਣ ਦੀ ਕੋਸ਼ਿਸ਼ ਕੀਤੀ ਹੈ,ਜਿਹੜੀ ਪੰਜਾਬ ਹੀ ਨਹੀਂ ਬਲਕਿ ਪੂਰੇ ਮੁਲਕ ਲਈ ਘਾਤਕ ਸਾਬਤ ਹੋ ਸਕਦੀ ਹੈ। ਇਹਦੇ ਵਿੱਚ ਕੋਈ ਸ਼ੱਕ ਨਹੀ ਕਿ ਪੰਜਾਬ ਅੰਦਰ ਇਸ ਫਿਲਮ ਨੂੰ ਕਿਸੇ ਵੀ ਕੀਮਤ ਤੇ ਚੱਲਣ ਨਹੀਂ ਦਿੱਤਾ ਜਾਵੇਗਾ, ਪਰ ਇਸ ਤੋ ਨਿਕਲਣ ਵਾਲੇ ਨਤੀਜਿਆਂ ਦਾ ਜ਼ਿੰਮੇਵਾਰ ਕੌਣ ਹੋਵੇਗਾ, ਇਹ ਵੀ ਸਮਝਣ ਦੀ ਲੋੜ ਹੈ। ਸੈਂਸਰ ਬੋਰਡ ਵੱਲੋਂ ਜਿਸਤਰ੍ਹਾਂ ਇਸ ਫਿਲਮ ਨੂੰ ਬਗੈਰ ਕੋਈ ਇਤਰਾਜ਼ ਉਠਾਉਂਦਿਆਂ ਕਲੀਨ ਚਿਟ ਦਿੱਤੀ ਗਈ ਹੈ, ਉਹਦੇ ਤੋਂ ਸਟੇਟ ਦੀ ਘੱਟ ਗਿਣਤੀਆਂ ਪ੍ਰਤੀ ਨੀਅਤ ਵੀ ਜੱਗ ਜਾਹਰ ਹੋ ਜਾਂਦੀ ਹੈ। ਅਤੀਤ ਵਿੱਚ ਜਦੋਂ ਵੀ ਸੂਖਮ ਢੰਗ ਦੇ ਨਾਲ ਸਿੱਖਾਂ 'ਤੇ ਸਿਧਾਂਤਕ ਹਮਲੇ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਸਿੱਖਾਂ ਨੇ ਅਜਿਹੇ ਹਮਲਿਆਂ ਨੂੰ ਬੇਅਸਰ ਕੀਤਾ ਹੈ, ਪਰ ਇਹ ਹਮਲਾ ਪਹਿਲੇ ਹਮਲਿਆਂ ਤੋਂ ਬਹੁਤ ਖਤਰਨਾਕ ਹੈ। ਜਿਸ ਦੇ ਭਿਆਨਕ ਨਤੀਜੇ ਬੇਹੱਦ ਚਿੰਤਾ ਜਨਕ ਹੋਣਗੇ, ਇਸ ਲਈ ਜਿੱਥੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਫਰਜ ਬਣਦਾ ਹੈ ਕਿ ਉਹ ਆਪਣੇ ਕੌਮੀ ਸ਼ਹੀਦਾਂ ਨੂੰ ਅਪਮਾਨਤ ਕਰਨ ਵਾਲੀਆਂ ਅਜਿਹੀਆਂ ਫਿਲਮਾਂ ਤੇ ਰੋਕ ਲਵਾਉਣ ਲਈ ਡਟ ਕੇ ਅਵਾਜ਼ ਬੁਲੰਦ ਕਰਨ ਅਤੇ ਸੈਂਸਰ ਬੋਰਡ ਨੂੰ ਡਰੂ ਜਿਹੀ ਅਪੀਲ ਕਰਨ ਦੀ ਬਜਾਏ ਇਸ ਫਿਲਮ ਤੇ ਪਾਬੰਦੀ ਲਾਉਣ ਜਾਂ ਸਿੱਖ ਵਿਰੋਧੀ ਸੀਨ ਕਟਵਾਉਣ ਕਈ ਸਖਤ ਕਦਮ ਚੁੱਕਣ, ਓਥੇ ਸੂਬਾ ਸਰਕਾਰ ਨੂੰ ਵੀ ਇਹ ਯਕੀਨੀ ਬਨਾਉਣਾ ਚਾਹੀਦਾ ਹੈ ਕਿ ਇਹ ਫਿਲਮ 'ਤੇ ਪੰਜਾਬ ਵਿੱਚ ਮੁਕੰਮਲ ਪਾਬੰਦੀ ਲਾਈ ਜਾਵੇਗੀ।

ਇਸ ਤੋਂ ਇਲਾਵਾ ਕੇਂਦਰ ਸਰਕਾਰ ਨੂੰ ਵੀ ਚਾਹੀਦਾ ਹੈ ਕਿ ਉਹ ਸਿੱਖਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਨ ਵਾਲਿਆਂ ਦਾ ਸਾਥ ਦੇਕੇ ਅੱਗ ਨਾਲ ਖੇਡਣ ਦੀ ਗਲਤੀ ਨਾ ਕਰੇ,ਇਹਦੇ ਵਿੱਚ ਹੀ ਸਿੱਖ ਪੰਥ, ਪੰਜਾਬ ਅਤੇ ਦੇਸ਼ ਦੀ ਭਲਾਈ ਹੋਵੇਗੀ।

# ਕਿਉਂ ਹੁੰਦੀਆਂ ਨੇ ਦਲਿਤ ਔਰਤਾਂ ਹਿੰਸਾ ਦਾ ਸ਼ਿਕਾਰ

**ਕਵਰ ਸਟੋਰੀ** ✪ ਦਲਿਤ ਔਰਤਾਂ 'ਤੇ ਹੋ ਰਹੇ ਜ਼ੁਲਮਾਂ 'ਤੇ ਕਬਰਾਂ ਵਰਗੀ ਚੁੱਪ ਕਿਉਂ ? ✪ ਭਾਰਤ ਵਿਚ ਹਰ 16 ਮਿੰਟ ਬਾਅਦ ਹੁੰਦੀ ਹੈ ਜਿਨਸੀ ਹਿੰਸਾ





ਭਾਰਤ ਵਿਚ ਹਰੇਕ 16 ਮਿੰਟ ਬਾਅਦ ਇਕ ਔਰਤ ਨਾਲ ਜਬਰ ਜਨਾਹ ਹੋ ਰਿਹਾ ਹੈ। ਐਨਸੀਆਰਬੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਰਿਪੋਰਟ ਅਨੁਸਾਰ 2022 ਨੂੰ ਭਾਰਤ ਵਿਚ ਜਬਰ ਜਨਾਹ ਦੇ 31 ਹਜ਼ਾਰ ਤੋਂ ਵੱਧ ਕੇਸ ਦਰਜ ਕੀਤੇ ਗਏ ਸਨ। ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਮਤਲਬ ਹਰ ਘੰਟੇ ਵਿਚ ਲਗਭਗ 51 ਐਫ.ਆਈ.ਆਰ ਦਰਜ ਕੀਤੀਆਂ ਗਈਆਂ। ਸਭ ਤੋਂ ਵੱਧ 2016 ਵਿਚ ਇਕ ਸਾਲ ਦੌਰਾਨ ਜਬਰ ਜਨਾਹ ਦੇ 39000 ਕੇਸ ਦਰਜ ਕੀਤੇ ਗਏ ਸਨ। ਨੈਸ਼ਨਲ ਕ੍ਰਾਈਮ ਬਿਊਰੋ ਦੀ ਰਿਪੋਰਟ ਮੁਤਾਬਿਕ ਸਾਲ 2020 ਤੱਕ ਜਬਰ ਜਨਾਹ ਦੇ ਮੁਲਜ਼ਮਾਂ ਵਿਚੋਂ ਕੇਵਲ 28 ਫ਼ੀਸਦੀ ਨੂੰ ਦੋਸ਼ੀ ਠਹਿਰਾਇਆ ਜਾਂਦਾ ਰਿਹਾ ਸੀ, ਪਰ 2023 ਵਿਚ ਇਹ ਔਸਤ 60 ਫ਼ੀਸਦੀ ਨੂੰ ਪਾਰ ਕਰ ਗਈ ਹੈ।

ਔਰਤਾਂ ਲਈ ਰਾਜਸਥਾਨ ਸਭ ਤੋਂ ਵੱਧ ਅਸੁਰੱਖਿਅਤ ਮੰਨਿਆ ਜਾ ਰਿਹਾ ਹੈ, ਜਿੱਥੇ ਜਬਰ ਜਨਾਹ ਦੇ ਹਰ ਰੋਜ਼ 90 ਕੇਸ ਸਾਹਮਣੇ ਆ ਰਹੇ ਹਨ। ਪਿਛਲੇ 10 ਸਾਲਾਂ ਦੌਰਾਨ ਰਾਜਸਥਾਨ ਵਿਚ ਜਬਰ ਜਨਾਹ ਦੇ ਕੇਸਾਂ ਵਿਚ 295 ਫੀਸਦੀ ਦਾ ਵਾਧਾ ਹੋਇਆ ਹੈ। ਭਾਰਤ ਦੇ ਜਿਨ੍ਹਾਂ ਦਸ ਰਾਜਾਂ ਵਿਚ ਜਬਰ ਜਨਾਹ ਦੇ ਸਭ ਤੋਂ ਵੱਧ ਮਾਮਲੇ ਦਰਜ ਹੋ ਰਹੇ ਹਨ, ਉਨ੍ਹਾਂ ਵਿਚੋਂ ਦੋ ਤਿਹਾਈ ਮਾਮਲੇ ਯੂ.ਪੀ., ਰਾਜਸਥਾਨ ਅਤੇ ਕੇਰਲ ਦੇ ਹਨ।

### ਕਲਕੱਤਾ ਦਾ ਤਾਜ਼ਾ ਮਾਮਲਾ

ਹੁਣੇ ਜਿਹੇ ਕੋਲਕਾਤਾ ਦੇ ਆਰ.ਜੀ. ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿਚ ਇਕ ਸਿਖਾਂਦਰੂ ਡਾਕਟਰ ਨਾਲ ਕਥਿਤ ਤੌਰ 'ਤੇ ਜਬਰ ਜਨਾਹ ਅਤੇ ਕਤਲ ਦੀ ਵਾਪਰੀ ਘਟਨਾ ਨੇ ਪੂਰੇ ਮੁਲਕ ਨੂੰ ਹਿਲਾ ਕੇ ਰੱਖ ਦਿੱਤਾ ਹੈ। ਭਾਰਤ ਭਰ ਦੇ ਰੈਜ਼ੀਡੈਂਟ ਡਾਕਟਰ ਸਿਹਤ ਸੇਵਾਵਾਂ ਠੱਪ ਕਰ ਕੇ ਹੜਤਾਲ 'ਤੇ ਚੱਲ ਰਹੇ ਹਨ ਅਤੇ ਮਰੀਜ਼ ਇਲਾਜ ਲਈ ਵਿਲਕ ਰਹੇ ਹਨ। ਪੱਛਮੀ ਬੰਗਾਲ ਦੀ ਪੁਲਿਸ ਤੋਂ ਕੇਸ ਦੀ ਜਾਂਚ ਲੈ ਕੇ ਸੀ.ਬੀ.ਆਈ. ਨੂੰ ਸੌਂਪ ਦਿੱਤੀ ਗਈ ਹੈ।

ਹੁਣ ਮੁਲਕ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਖ਼ੁਦ ਨੋਟਿਸ ਲਿਆ ਹੈ ਅਤੇ ਇਸ ਦੀ 20 ਅਗਸਤ ਨੂੰ ਹੋਈ ਸੁਣਵਾਈ ਵਿਚ ਜਿਥੇ ਸੁਪਰੀਮ ਕੋਰਟ ਨੇ ਪੱਛਮੀ ਬੰਗਾਲ ਦੀ ਸਰਕਾਰ ਦੀ ਢਿੱਲੀ ਕਾਰਵਾਈ ਲਈ ਉਸ ਦੀ ਆਲੋਚਨਾ ਕੀਤੀ ਹੈ, ਉਥੇ ਡਾਕਟਰੀ ਪੇਸ਼ੇ ਨਾਲ ਜੁੜੇ ਲੋਕਾਂ ਦੀ ਸੁਰੱਖਿਆ ਲਈ ਨੈਸ਼ਨਲ ਟਾਸਕ ਫੋਰਸ ਬਣਾਉਣ ਦਾ ਵੀ ਐਲਾਨ ਕੀਤਾ ਹੈ।

ਮੀਡੀਆ ਰਿਪੋਰਟਾਂ ਅਨੁਸਾਰ ਮਾਮਲੇ ਦੀ ਜਾਂਚ ਲਈ ਦਿੱਲੀ ਤੋਂ ਸੀ.ਬੀ.ਆਈ. ਦੀ 65 ਮੈਂਬਰੀ ਟੀਮ ਕੋਲਕਾਤਾ ਪਹੁੰਚ ਗਈ ਹੈ। ਸੀ.ਬੀ.ਆਈ. ਦੀ ਟੀਮ ਵਲੋਂ ਹਸਪਤਾਲ ਦੇ ਬੀਤੇ ਤਿੰਨ ਮਹੀਨਿਆਂ ਦੇ ਰੋਸਟਰ ਭਾਵ ਡਿਊਟੀ ਰਜਿਸਟਰ ਦੀ ਪੜਤਾਲ ਕੀਤੀ ਜਾ ਰਹੀ ਹੈ, ਇਸ ਤੋਂ ਇਹ ਪਤਾ ਲੱਗ ਸਕੇਗਾ ਕਿ ਤਿੰਨ ਮਹੀਨੇ ਦੌਰਾਨ ਕਿਨ੍ਹਾਂ-ਕਿਨ੍ਹਾਂ ਡਾਕਟਰਾਂ ਨਾਲ ਮ੍ਰਿਤਕਾ ਨੇ ਡਿਊਟੀ ਕੀਤੀ ਸੀ, ਉਸ ਤੋਂ ਬਾਅਦ ਹਰੇਕ ਡਾਕਟਰ ਤੋਂ ਪੁੱਛ ਪੜਤਾਲ ਕੀਤੀ ਜਾਵੇਗੀ। ਸੀ.ਬੀ.ਆਈ. ਦੇ ਸੂਤਰਾਂ ਦਾ ਕਹਿਣਾ ਹੈ ਕਿ ਹੁਣ ਤੱਕ ਦੀ ਜਾਂਚ ਤੋਂ ਕਈ ਸਵਾਲ ਖੜ੍ਹੇ ਹੋਏ ਹਨ। ਸਭ ਤੋਂ ਵੱਡਾ ਸਵਾਲ ਮ੍ਰਿਤਕਾਂ ਦਾ ਕਾਹਲੀ ਵਿਚ ਕੀਤਾ ਗਿਆ ਪੋਸਟਮਾਰਟਮ ਹੈ। ਸੀ.ਬੀ.ਆਈ. ਵਲੋਂ ਮੈਡੀਕਲ ਕਾਲਜ ਦੇ ਸਾਬਕਾ ਪ੍ਰਿੰਸੀਪਲ ਸੰਦੀਪ ਤੋਂ ਵੀ ਪਿਛਲੇ ਤਿੰਨ ਦਿਨਾਂ ਤੋਂ ਲਗਾਤਾਰ ਪੁੱਛ-ਗਿੱਛ ਕੀਤੀ ਜਾ ਰਹੀ ਹੈ। ਸਾਬਕਾ ਪ੍ਰਿੰਸੀਪਲ ਦੇ ਬਿਆਨਾਂ ਵਿਚ ਵੀ ਕਾਫੀ ਝੂਠ ਦਿਸਦਾ ਹੈ।

ਇਸੇ ਦੌਰਾਨ ਮ੍ਰਿਤਕਾ ਦੀ ਮਾਂ ਨੇ ਦੋਸ਼ ਲਾਇਆ ਹੈ ਕਿ ਉਨ੍ਹਾਂ ਦੀ ਬੇਟੀ ਹਰ ਰੋਜ਼ ਡਾਇਰੀ ਲਿਖਦੀ ਸੀ ਪਰ ਇਸ ਡਾਇਰੀ ਵਿਚੋਂ ਕਈ ਸਾਰੇ ਪੰਨੇ ਫਟੇ ਹੋਏ ਮਿਲੇ ਹਨ। ਮੰਨਿਆ ਜਾ ਰਿਹਾ ਹੈ ਕਿ ਪੀੜਤਾ ਦੀ ਮੌਤ ਨਾਲ ਜੁੜੇ ਹੋਏ ਕਈ ਭੇਦ ਇਸ ਵਿਚ ਅੰਕਿਤ ਹੋ ਸਕਦੇ ਹਨ। ਮ੍ਰਿਤਕਾ ਦੀ ਮਾਂ ਦਾ ਦਾਅਵਾ ਹੈ ਕਿ ਸਬੂਤ ਮਿਟਾਉਣ ਦੇ ਮਕਸਦ ਨਾਲ ਹੀ ਡਾਇਰੀ ਦੇ ਪੰਨੇ ਗਾਇਬ ਕੀਤੇ ਗਏ ਹਨ। ਪੁਲਿਸ ਦੇ ਹੱਥ ਡਾਇਰੀ ਅਤੇ ਲੈਪਟਾਪ ਦੋਵੇਂ ਲੱਗ ਗਏ ਹਨ। ਇਸ ਤੋਂ ਜਾਂਚ ਦੇ ਅੱਗੇ ਵਧਣ ਦੀ ਸੰਭਾਵਨਾ ਬਣਦੀ ਹੈ।

ਸਰਕਾਰ ਉੱਤੇ ਦਬਾਅ ਬਣਾਉਣ ਲਈ ਅਤੇ ਹੱਤਿਆਕਾਂਡ 'ਤੇ ਰੋਸ ਪ੍ਰਗਟ ਕਰਦਿਆਂ 70 ਤੋਂ ਵੱਧ ਪਦਮ ਪੁਰਸਕਾਰ ਜੇਤੂ ਡਾਕਟਰਾਂ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਨਾਲ ਨਜਿੱਠਣ ਲਈ ਵਿਸ਼ੇਸ਼ ਕਾਨੂੰਨ ਬਣਾਉਣ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਸੁਝਾਅ ਦਿੱਤਾ ਹੈ ਕਿ ਕੇਂਦਰ ਸਰਕਾਰ ਸਿਹਤ ਸੰਭਾਲ ਵਰਕਰਾਂ ਖ਼ਿਲਾਫ਼ ਹਿੰਸਾ ਵਿਚ ਸ਼ਾਮਿਲ ਲੋਕਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਯਕੀਨੀ ਬਣਾਉਣ ਲਈ ਫੌਰੀ ਆਰਡੀਨੈਂਸ ਲਿਆਵੇ।

ਦੁੱਖ ਦੀ ਗੱਲ ਇਹ ਕਿ ਇਕ ਪਾਸੇ ਮੁਲਕ ਕੋਲਕਾਤਾ ਕਾਂਡ ਨੂੰ ਲੈ ਕੇ ਵਿਲਕ ਰਿਹਾ ਹੈ ਦੂਜੇ ਪਾਸੇ ਔਰਤਾਂ ਨਾਲ ਜਬਰ ਜਨਾਹ ਦੀਆਂ ਵਾਰਦਾਤਾਂ ਰੁਕ ਨਹੀਂ ਰਹੀਆਂ।

### ਦਲਿਤ ਔਰਤਾਂ ਦੇ ਹੋਰ ਮਾੜੇ ਹਾਲਾਤ

ਪੱਛਮੀ ਬੰਗਾਲ ਵਿੱਚ ਇੱਕ ਔਰਤ ਡਾਕਟਰ ਦੇ ਬਲਾਤਕਾਰ ਅਤੇ ਕਤਲ ਤੋਂ ਬਾਅਦ ਹੁਣ ਬਿਹਾਰ ਵਿੱਚ ਇੱਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਹੈ, ਜੋ ਕਿ ਬਹੁਤ ਹੀ ਹੈਰਾਨ ਕਰਨ ਵਾਲੀ ਘਟਨਾ ਹੈ। ਔਰਤਾਂ ਦੀ ਸੁਰੱਖਿਆ ਦੀ ਮੰਗ ਅਕਸਰ ਸੜਕਾਂ ਤੋਂ ਲੈ ਕੇ ਸੰਸਦ ਤੱਕ ਉਠਾਈ ਜਾਂਦੀ ਹੈ ਪਰ ਪਿਛਲੇ ਕੁਝ ਸਮੇਂ ਦੌਰਾਨ ਦੇਸ਼ ਦੇ ਵੱਖ-ਵੱਖ ਸੂਬਿਆਂ ਵਿਚ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਘਟਨਾਵਾਂ ਨੇ ਸਰਕਾਰ ਅਤੇ ਪ੍ਰਸ਼ਾਸਨ ਉਪਰ ਸਵਾਲ ਖੜ੍ਹੇ ਕਰ ਦਿੱਤੇ ਹਨ। ਖਾਸ ਕਰਕੇ ਦਲਿਤ ਔਰਤਾਂ ਅਤੇ ਲੜਕੀਆਂ ਵਿਰੁੱਧ ਹੋ ਰਹੇ ਜੁਰਮ ਬਹੁਤ ਚਿੰਤਾਜਨਕ ਹਨ। ਦਲਿਤ ਔਰਤਾਂ ਅਤੇ ਲੜਕੀਆਂ ਨਾਲ ਬਲਾਤਕਾਰ ਦੀਆਂ ਕੁਝ ਤਾਜ਼ਾ ਘਟਨਾਵਾਂ ਨੂੰ ਇਸ ਰਿਪੋਰਟ ਵਿੱਚ ਸ਼ਾਮਲ ਕੀਤਾ ਗਿਆ ਹੈ, ਜੋ ਸਮਾਜ ਦੀਆਂ ਵਿਗੜੀ ਹੋਈ ਪ੍ਰਵਿਰਤੀਆਂ ਦਾ ਪਰਦਾਫਾਸ਼ ਕਰਦੀ ਹੈ।

### ਬਿਹਾਰ

ਦੱਸ ਦੇਈਏ ਕਿ ਹਾਲ ਹੀ ਵਿੱਚ ਬਿਹਾਰ ਦੇ ਮਧੂਬਨੀ ਜ਼ਿਲ੍ਹੇ ਵਿੱਚ ਇੱਕ 18 ਸਾਲਾ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਵਿੱਚ ਇੱਕ 14 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕਰਕੇ ਕਤਲ ਕਰ ਦਿੱਤਾ ਗਿਆ ਸੀ। ਇਨ੍ਹਾਂ ਘਟਨਾਵਾਂ ਕਾਰਨ ਭਾਰੀ ਹੰਗਾਮਾ ਹੋਇਆ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਨੇ ਬਿਹਾਰ ਵਿਚ ਕਾਨੂੰਨ ਵਿਵਸਥਾ ਦੀ ਸਥਿਤੀ ਨੂੰ ਲੈ ਕੇ ਨਿਤੀਸ਼ ਸਰਕਾਰ 'ਤੇ ਲਗਾਤਾਰ ਨਿਸ਼ਾਨਾ ਸਾਧਿਆ ਹੈ। ਇਸ ਦੌਰਾਨ ਬਸਪਾ ਮੁਖੀ ਮਾਇਆਵਤੀ ਨੇ ਵੀ ਬਿਹਾਰ ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਨੂੰ ਲੈ ਕੇ ਸਖ਼ਤ ਤਾੜਨਾ ਕੀਤੀ ਹੈ।

ਬਸਪਾ ਮੁਖੀ ਮਾਇਆਵਤੀ ਨੇ ਆਪਣੇ ਸੋਸ਼ਲ ਮੀਡੀਆ ਅਕਾਊਂਟ ਐਕਸ 'ਤੇ ਲਿਖਿਆ ਕਿ ਬਿਹਾਰ ਰਾਜ ਇਕਾਈ ਤੋਂ ਪ੍ਰਾਪਤ ਹੋਈ ਇਹ ਰਿਪੋਰਟ ਬਹੁਤ ਦੁਖਾਂਤਕਅਤੇ ਚਿੰਤਾਜਨਕ ਹੈ ਹਾਲ ਹੀ ਵਿੱਚ ਬਿਹਾਰ ਵਿੱਚ ਮਧੂਬਨੀ ਜ਼ਿਲ੍ਹੇ ਦੀ ਇੱਕ 18 ਸਾਲਾ ਦਲਿਤ ਲੜਕੀ ਨਾਲ ਕਮਲੇਸ਼ ਯਾਦਵ ਅਤੇ ਉਸ ਦੇ ਸਾਥੀਆਂ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ ਅਤੇ ਕੁਝ ਦਿਨਾਂ ਬਾਅਦ ਮੁਜ਼ੱਫਰਪੁਰ ਜ਼ਿਲ੍ਹੇ ਦੀ ਇੱਕ 14 ਸਾਲਾ ਦਲਿਤ ਲੜਕੀ ਨਾਲ ਸੰਜੇ ਰਾਏ ਵੱਲੋਂ ਸਮੂਹਿਕ ਬਲਾਤਕਾਰ ਕੀਤਾ ਗਿਆ। (ਯਾਦਵ) ਅਤੇ ਉਸ ਦੇ ਸਾਥੀਆਂ ਨੇ ਪੀੜਤਾ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ। ਬਿਹਾਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਦੋਵਾਂ ਘਟਨਾਵਾਂ ਨੂੰ ਗੰਭੀਰਤਾ ਨਾਲ ਲੈਂਦਿਆਂ ਸਾਰੇ ਦੋਸ਼ੀਆਂ ਖ਼ਿਲਾਫ਼ ਸਖ਼ਤ ਕਾਰਵਾਈ ਕਰੇ, ਤਾਂ ਜੋ ਅਜਿਹੀਆਂ ਘਟਨਾਵਾਂ ਮੁੜ ਨਾ ਵਾਪਰਨ। ਸਰਕਾਰ ਨੂੰ ਦਲਿਤਾਂ ਦੀ ਸੁਰੱਖਿਆ ਅਤੇ ਸਨਮਾਨ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ।

ਬਾਕੀ ਹਿਸਾ ਸਫਾ 33 ਤੇ ਪੜ੍ਹੋ →

32 ਸਫ਼ੇ ਦੀ ਬਾਕੀ

## ਉੱਤਰ ਪ੍ਰਦੇਸ਼

ਗੋਂਡਾ ਜ਼ਿਲ੍ਹੇ ਵਿਚ ਇਸ ਸਾਲ ਜੁਲਾਈ ਵਿੱਚ ਇੱਕ 16 ਸਾਲਾ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ ਸੀ। ਪੁਲਿਸ ਮੁਤਾਬਕ ਇਹ ਘਟਨਾ ਖੋਂਡਾਰੇ ਥਾਣਾ ਖੇਤਰ ਦੇ ਇੱਕ ਪਿੰਡ ਵਿੱਚ ਵਾਪਰੀ। ਪੀੜਤਾ ਆਪਣੀ ਮਾਂ ਨਾਲ ਜੰਗਲ ਪਾਣੀ ਕਰਨ ਗਈ ਸੀ ਜਦੋਂ ਉਸ ਨਾਲ ਕਿਸੇ ਉਚ ਜਾਤੀ ਭਾਈਚਾਰੇ ਦੇ ਦੋ ਨੌਜਵਾਨਾਂ ਨੇ ਬਲਾਤਕਾਰ ਕੀਤਾ।

ਵਧੀਕ ਪੁਲਿਸ ਸੁਪਰਡੈਂਟ (ਪੂਰਬੀ) ਮਨੋਜ ਕੁਮਾਰ ਰਾਵਤ ਦੇ ਅਨੁਸਾਰ, ਮੋਟਰਸਾਈਕਲ ਸਵਾਰ ਲੜਕੀ ਨੂੰ ਖੇਤ ਵਿਚ ਖਿੱਚ ਕੇ ਲੈ ਗਏ ਅਤੇ ਉਸ ਨਾਲ ਸਮੂਹਿਕ ਬਲਾਤਕਾਰ ਕੀਤਾ। ਮਾਂ ਦੀਆਂ ਚੀਕਾਂ ਸੁਣ ਕੇ ਆਸ-ਪਾਸ ਦੇ ਪਿੰਡ ਵਾਸੀ ਉਥੇ ਪਹੁੰਚ ਗਏ ਪਰ ਉਦੋਂ ਤੱਕ ਮੁਲਜ਼ਮ ਫ਼ਰਾਰ ਹੋ ਚੁੱਕੇ ਸਨ।

ਪਿਛਲੇ ਸਾਲ ਨਵੰਬਰ ਵਿੱਚ, ਉੱਤਰ ਪ੍ਰਦੇਸ਼ ਦੇ ਬਾਂਦਾ ਜ਼ਿਲ੍ਹੇ ਦੇ ਗਿਰਵਾਨ ਥਾਣਾ ਖੇਤਰ ਵਿੱਚ ਇੱਕ 40 ਸਾਲਾ ਦਲਿਤ ਔਰਤ ਦਾ ਬਲਾਤਕਾਰ ਅਤੇ ਕਤਲ ਕਰ ਦਿੱਤਾ ਗਿਆ ਸੀ। ਪੁਲਿਸ ਨੇ ਔਰਤ ਦੀ ਲਾਸ਼ ਨੂੰ ਤਿੰਨ ਟੁਕੜਿਆਂ ਵਿੱਚ ਬਰਾਮਦ ਕੀਤਾ ਸੀ।

ਗਿਰਵਾਂ ਥਾਣੇ ਦੇ ਇੰਚਾਰਜ ਇੰਸਪੈਕਟਰ (ਐਸਐਚਓ) ਸੰਦੀਪ ਤਿਵਾਰੀ ਦੇ ਅਨੁਸਾਰ, 40 ਸਾਲਾ ਔਰਤ ਰਾਜਕੁਮਾਰ ਸ਼ੁਕਲਾ ਦੇ ਘਰ ਆਟਾ ਚੱਕੀ ਵਿੱਚ ਚਿੱਟਾ ਧੋਣ ਦਾ ਕੰਮ ਕਰਨ ਗਈ ਸੀ। ਜਦੋਂ ਔਰਤ ਦੀ 20 ਸਾਲਾ ਧੀ ਕੁਝ ਸਮੇਂ ਬਾਅਦ ਉਥੇ ਪਹੁੰਚੀ ਤਾਂ ਉਸ ਨੇ ਚੱਕੀ ਦੇ ਘਰ ਦਾ ਦਰਵਾਜ਼ਾ ਖੜਕਾਇਆ। ਇਸ ਦੌਰਾਨ ਉਸ ਨੇ ਆਪਣੀ ਮਾਂ ਦੇ ਚੀਕਣ ਦੀ ਆਵਾਜ਼ ਸੁਣੀ। ਕੁਝ ਸਮੇਂ ਬਾਅਦ ਜਦੋਂ ਦਰਵਾਜ਼ਾ ਖੋਲ੍ਹਿਆ ਤਾਂ ਬੇਟੀ ਨੇ ਆਪਣੀ ਮਾਂ ਦੀ ਲਾਸ਼ ਤਿੰਨ ਟੁਕੜਿਆਂ 'ਚ ਪਈ ਦੇਖੀ ਅਤੇ ਪੁਲਸ ਨੂੰ ਸੂਚਨਾ ਦਿੱਤੀ।

ਸੂਬੇ ਦੇ ਬੁਲੰਦਸ਼ਹਿਰ ਵਿਚ ਖੇਤੀਬਾੜੀ ਵਿਭਾਗ ਦੇ ਇਕ ਸਰਕਾਰੀ ਅਧਿਕਾਰੀ ਨੇ 6 ਸਾਲ ਦੀ ਦਲਿਤ ਬੱਚੀ ਨਾਲ ਕਥਿਤ ਤੌਰ 'ਤੇ ਬਲਾਤਕਾਰ ਕੀਤਾ। ਮੀਡੀਆ ਰਿਪੋਰਟਾਂ ਮੁਤਾਬਕ ਮੁਲਜ਼ਮ ਗਜੇਂਦਰ ਸਿੰਘ ਨੂੰ ਪੁਲਿਸ ਨੇ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਉਸ ਨੂੰ ਉਸ ਦੇ ਅਹੁਦੇ ਤੋਂ ਮੁਅੱਤਲ ਕਰ ਦਿੱਤਾ ਗਿਆ ਹੈ।

## ਰਾਜਸਥਾਨ

ਪਿਛਲੇ ਮਹੀਨੇ ਰਾਜਸਥਾਨ ਦੇ ਝਾਲਾਵਾੜ ਤੋਂ ਇੱਕ ਨਾਬਾਲਗ ਦਲਿਤ ਲੜਕੀ ਨਾਲ ਬਲਾਤਕਾਰ ਦਾ ਮਾਮਲਾ ਸਾਹਮਣੇ ਆਇਆ ਸੀ। ਇਲਜ਼ਾਮ ਅਨੁਸਾਰ ਲੜਕੀ ਦੀਆਂ ਇਤਰਾਜ਼ਯੋਗ ਵੀਡੀਓਜ਼ ਵੀ ਬਣਾਈਆਂ ਗਈਆਂ ਸਨ। ਪੁਲਸ ਨੇ ਪੀੜਤ ਲੜਕੀ ਦੀ ਸ਼ਿਕਾਇਤ 'ਤੇ ਉਸ ਦਾ ਮੈਡੀਕਲ ਕਰਵਾਇਆ ਅਤੇ ਦੋਸ਼ੀ ਖਿਲਾਫ ਗੰਭੀਰ ਧਾਰਾਵਾਂ ਤਹਿਤ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

## ਉਤਰਾਖੰਡ

ਉੱਤਰਾਖੰਡ ਵਿਚ ਇਸ ਸਾਲ ਜੂਨ ਮਹੀਨੇ ਸੂਬੇ ਦੇ ਦੁਰਾਹਾਟ ਵਿਚ 19 ਸਾਲਾ ਦਲਿਤ ਲੜਕੀ ਨਾਲ ਵਹਿਸ਼ੀਪੁਣੇ ਦਾ ਮਾਮਲਾ ਸਾਹਮਣੇ ਆਇਆ ਸੀ। ਮੀਡੀਆ ਰਿਪੋਰਟਾਂ ਮੁਤਾਬਕ ਲੜਕੀ ਨੂੰ ਜ਼ਬਰਦਸਤੀ ਘਰ ਅੰਦਰ ਵੜ ਕੇ ਸ਼ਰਾਬ ਪਿਲਾਈ ਅਤੇ ਬਲਾਤਕਾਰ ਕੀਤਾ ਗਿਆ।

ਲੜਕੀ ਦੇ ਭਰਾ ਨੇ ਪੁਲੀਸ ਨੂੰ ਦੱਸਿਆ ਸੀ ਕਿ ਉਸ ਦੀ ਭੈਣ ਆਪਣੇ ਪਰਿਵਾਰ ਨਾਲ ਪਿੰਡ ਤੋਂ ਤਿੰਨ ਕਿਲੋਮੀਟਰ ਦੂਰ ਜਾਗਰਣ ਗਈ ਹੋਈ ਸੀ। ਰਾਤ 11 ਵਜੇ ਉਹ ਆਪਣੇ ਪਰਿਵਾਰ ਨੂੰ ਚਾਰਜਰ ਲਿਆਉਣ ਲਈ ਕਹਿ ਕੇ ਘਰ ਆ ਗਈ।

ਰਾਤ 1 ਵਜੇ ਤੱਕ ਜਦੋਂ ਉਹ ਵਾਪਸ ਨਹੀਂ ਪਰਤੀ ਤਾਂ ਉਹ ਆਪਣੀ ਭੈਣ ਦੀ ਭਾਲ ਵਿਚ ਘਰ ਪਹੁੰਚਿਆ ਤਾਂ ਉਸ ਨੂੰ ਬੇਹੋਸ਼ੀ ਦੀ ਹਾਲਤ ਵਿਚ ਦੇਖਿਆ। ਸਵੇਰੇ 3 ਵਜੇ ਜਦੋਂ ਉਸ ਨੂੰ ਹੋਸ਼ ਆਇਆ ਤਾਂ ਉਸ ਨੇ ਦੱਸਿਆ ਕਿ ਦੋਸ਼ੀ ਪ੍ਰਮੋਦ ਬਿਸ਼ਟ ਨੇ ਉਸ ਨੂੰ ਜ਼ਬਰਦਸਤੀ ਸ਼ਰਾਬ ਪਿਲਾਈ ਅਤੇ ਉਸ ਨਾਲ ਬਲਾਤਕਾਰ ਕੀਤਾ। ਜਦੋਂ ਉਸ ਦੀ ਸਿਹਤ ਵਿਗੜ ਗਈ ਤਾਂ ਉਸ ਨੂੰ ਕਮਿਊਨਿਟੀ ਹੈਲਥ ਸੈਂਟਰ ਲਿਜਾਇਆ ਗਿਆ।

ਐਨਸੀਆਰਬੀ ਦੀ ਰਿਪੋਰਟ ਮੁਤਾਬਕ ਭਾਰਤ ਵਿੱਚ ਔਰਤਾਂ ਦੀ ਸੁਰੱਖਿਆ ਦੀ ਸਥਿਤੀ ਬਹੁਤ ਚਿੰਤਾਜਨਕ ਹੈ। ਰਿਪੋਰਟ ਮੁਤਾਬਕ ਸਾਲ 2022 ਵਿਚ ਔਰਤਾਂ ਵਿਰੁੱਧ ਅਪਰਾਧ ਦੀਆਂ 4,45,256 ਘਟਨਾਵਾਂ ਹੋਈਆਂ, ਭਾਵ ਹਰ ਘੰਟੇ 'ਚ ਲਗਭਗ 51 ਐੱਫ.ਆਈ.ਆਰ. ਜਦੋਂ ਕਿ ਸਾਲ 2021 ਵਿੱਚ ਔਰਤਾਂ ਵਿਰੁੱਧ ਅਪਰਾਧਾਂ ਦੀ ਗਿਣਤੀ 4,28,278 ਸੀ ਅਤੇ ਸਾਲ 2020 ਵਿੱਚ ਇਹ 3,71,503 ਸੀ।

ਜਾਤੀ ਅੱਤਿਆਚਾਰ ਸਿਰਫ਼ ਜਾਤ ਆਧਾਰਿਤ ਨਹੀਂ ਹੁੰਦੇ; ਉਹ ਜਾਤ ਅਤੇ ਲਿੰਗ 'ਤੇ ਵੀ ਆਧਾਰਿਤ ਹਨ ਭਾਰਤ ਵਿੱਚ ਔਰਤਾਂ ਨੂੰ ਪਹਿਲਾਂ ਹੀ ਦੂਜੇ ਦਰਜੇ ਦੀ ਨਾਗਰਿਕ ਮੰਨਿਆ ਜਾਂਦਾ ਹੈ ਅਤੇ ਜੇਕਰ ਉਹ ਦਲਿਤ ਜਾਂ ਘੱਟ ਗਿਣਤੀ ਹਨ, ਤਾਂ ਇਹ ਸ਼੍ਰੇਣੀ ਉਨ੍ਹਾਂ ਦੀ ਜਾਤ ਅਤੇ ਧਰਮ ਦੇ ਕਾਰਨ ਹੋਰ ਹੇਠਾਂ ਚਲੀ ਜਾਂਦੀ ਹੈ। ਬਲਾਤਕਾਰੀ ਸੱਭਿਆਚਾਰ ਕਾਰਨ ਹਾਲਾਤ ਹੋਰ ਵੀ ਪ੍ਰਤੀਕੂਲ ਹੋ ਜਾਂਦੇ ਹਨ। ਦਲਿਤ ਔਰਤਾਂ ਜਿਨਸੀ ਹਿੰਸਾ ਦਾ ਨਿਸ਼ਾਨਾ ਬਣ ਜਾਂਦੀਆਂ ਹਨ। ਜ਼ਿਆਦਾਤਰ ਦਲਿਤ ਲੜਕੀਆਂ ਲਈ ਹਿੰਸਾ ਦਾ ਸਭ ਤੋਂ ਵੱਡਾ ਰੂਪ ਜਿਨਸੀ ਹਿੰਸਾ ਹੈ। ਇਹ ਉਚ ਜਾਤੀਆਂ ਰਾਹੀਂ ਕੀਤਾ ਜਾਂਦਾ ਹੈ ਜੋ ਸਿਆਸੀ ਤੇ ਪ੍ਰਸ਼ਾਸ਼ਨਿਕ ਪਹੁੰਚ ਕਾਰਣ ਬਚ ਜਾਂਦੇ ਹਨ।ਇਸ ਦਾ ਕਾਰਣ ਇਹ ਵੀ ਹੈ ਕਿ ਦਲਿਤਾਂ ਦਾ ਵਿਸ਼ਾਲ ਸਿਆਸੀ ਸੰਗਠਨ ਨਹੀਂ ਹੈ ਜੋ ਸੜਕਾਂ ਉਪਰ ਉਤਰ ਸਕੇ।ਸਰਕਾਰ ਨੂੰ ਫਾਸਟ ਟਰੈਕ ਅਦਾਲਤਾਂ ਬਣਾ ਕੇ ਕੇਸਾਂ ਦੀ ਸੁਣਵਾਈ ਜਲਦੀ ਨਿਬੇੜਨੀ ਚਾਹੀਦੀ ਹੈ, ਤਾਂ ਜੋ ਪੀੜਤਾਂ ਨੂੰ ਇਨਸਾਫ ਮਿਲ ਸਕੇ। ਸੂਬਾ ਤੇ ਕੇਂਦਰ ਸਰਕਾਰ ਨੂੰ ਇਸ ਪਾਸੇ ਵੱਲ ਬਿਨਾਂ ਦੇਰੀ ਠੋਸ ਕਦਮ ਚੁੱਕਣ ਦੀ ਲੋੜ ਹੈ। ਨਹੀਂ ਤਾਂ ਲੋਕਾਂ ਦਾ ਸਿਸਟਮ ਉੱਤੋਂ ਭਰੋਸਾ ਉੱਠ ਜਾਵੇਗਾ। ਲੋਕ ਇਨਸਾਫ਼ ਲਈ ਆਪ ਮੁਹਾਰੇ ਸੜਕਾਂ 'ਤੇ ਨਿਕਲ ਆਉਣਗੇ। ਡਾਕਟਰਾਂ ਦੀ ਇਸ ਦੇਸ਼ ਵਿਆਪੀ ਹੜਤਾਲ ਨੂੰ ਇਸੇ ਸੰਦਰਭ ਵਿਚ ਦੇਖਿਆ ਜਾਣਾ ਬਣਦਾ ਹੈ

# ਕੈਂਸਰ ਤੋਂ ਜੰਗ ਜਿੱਤਣ ਵਾਲੇ ਕ੍ਰਿਕੇਟ ਖਿਡਾਰੀ ਯੁਵਰਾਜ ਸਿੰਘ 'ਤੇ ਬਣ ਰਹੀ ਫਿਲਮ

ਯੁਵਰਾਜ ਸਿੰਘ ਨੂੰ ਭਾਰਤੀ ਕ੍ਰਿਕਟ ਵਿਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਲਈ ਜਾਣਿਆ ਜਾਂਦਾ ਹੈ। ਕ੍ਰਿਕਟਰ ਨੇ 2007 ਆਈਸੀਸੀ ਟੀ-20 ਵਿਸ਼ਵ ਕੱਪ ਅਤੇ 2011 ਆਈਸੀਸੀ ਕ੍ਰਿਕਟ ਵਿਸ਼ਵ ਕੱਪ 'ਚ ਭਾਰਤ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ ਸੀ। ਇਹ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਹਿੱਸਾ ਹੈ। ਇਸ ਤੋਂ ਇਲਾਵਾ ਸਾਲ 2011 ਵਿਚ ਉਨ੍ਹਾਂ ਨੂੰ ਕੈਂਸਰ ਹੋ ਗਿਆ ਜਿਸ 'ਤੇ ਉਨ੍ਹਾਂ ਨੇ ਕਾਬੂ ਪਾਇਆ। ਹੁਣ ਉਨ੍ਹਾਂ ਦੇ ਇਸ ਸਫ਼ਰ 'ਤੇ ਬਾਇਓਪਿਕ ਬਣਨ ਜਾ ਰਹੀ ਹੈ।




ਫਿਲਮ ਆਲੋਚਕ ਤਰਨ ਆਦਰਸ਼ ਨੇ ਪੋਸਟ ਸ਼ੇਅਰ ਕਰ ਕੇ ਇਹ ਜਾਣਕਾਰੀ ਦਿੱਤੀ ਹੈ। ਫਿਲਮ ਆਲੋਚਕ ਤਰਨ ਆਦਰਸ਼ ਨੇ ਐਕਸ 'ਤੇ ਪੋਸਟ ਕਰਦੇ ਹੋਏ ਇਹ ਜਾਣਕਾਰੀ ਦਿੱਤੀ। ਉਨ੍ਹਾਂ ਲਿਖਿਆ- ਭੂਸ਼ਣ ਕੁਮਾਰ-ਰਵੀ ਭਗਚੰਦਕਾ ਇਸ ਬਾਇਓਪਿਕ ਨੂੰ ਪ੍ਰੋਡਿਊਸ ਕਰਨਗੇ। ਇਸ ਦਾ ਸਿਰਲੇਖ ਅਜੇ ਤੈਅ ਨਹੀਂ ਹੋਇਆ ਹੈ। ਇਸ ਵਿਚ ਉਨ੍ਹਾਂ ਦੀਆਂ ਆਨ ਫੀਲਡ ਤੇ ਆਫ ਫੀਲਡ ਲੜਾਈਆਂ ਨੂੰ ਦਿਖਾਇਆ ਜਾਵੇਗਾ।

ਇਸ ਬਾਇਓਪਿਕ ਦੇ ਐਲਾਨ ਤੋਂ ਬਾਅਦ ਪ੍ਰਸ਼ੰਸਕਾਂ 'ਚ ਖਾਸਾ ਉਤਸ਼ਾਹ ਹੈ। ਉਨ੍ਹਾਂ ਨੂੰ ਉਮੀਦ ਹੈ ਕਿ ਭੂਸ਼ਣ ਕੁਮਾਰ ਤੇ ਰਵੀ ਭਗਚੰਦਕਾ ਇਸ ਪ੍ਰੋਜੈਕਟ ਰਾਹੀਂ ਯੁਵਰਾਜ ਦੀ ਲਿਗੇਸੀ ਨਾਲ ਇਨਸਾਫ਼ ਕਰਨਗੇ।

ਕੌਣ ਹੋਵੇਗਾ ਅਦਾਕਾਰ ?-ਤੁਹਾਨੂੰ ਦੱਸ ਦੇਈਏ ਕਿ ਫਿਲਮ ਵਿਚ ਯੁਵਰਾਜ ਸਿੰਘ ਦਾ ਕਿਰਦਾਰ ਕਿਹੜਾ ਐਕਟਰ ਨਿਭਾਏਗਾ, ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ। ਇਸ ਤੋਂ ਇਲਾਵਾ ਭਗਚੰਦਕਾ ਦੀ ਇਹ ਦੂਜੀ ਬਾਇਓਪਿਕ ਹੋਵੇਗੀ ਜਦੋਂ ਉਹ ਕਿਸੇ ਕ੍ਰਿਕਟਰ ਦੀ ਜ਼ਿੰਦਗੀ ਨੂੰ ਪਰਦੇ 'ਤੇ ਉਤਾਰ ਰਹੇ ਹਨ। ਇਸ ਤੋਂ ਪਹਿਲਾਂ 2017 'ਚ ਉਹ ਸਚਿਨ ਤੇਂਦੁਲਕਰ ਦੀ ਡਾਕੂਮੈਂਟਰੀ 'ਸਚਿਨ: ਏ ਬਿਲੀਅਨ ਡ੍ਰੀਮਜ਼' ਲਿਆ ਚੁੱਕੇ ਹਨ।

### -ਮਾਮਲਾ ਪਿੰਡ ਵਲੋਂ ਭਈਆਂ ਵਿਰੁੱਧ ਫੁਰਮਾਨ ਦਾ-

# ਹਾਈਕੋਰਟ ਦੀ ਮੁੱਧੋ ਸੰਗਤੀਆਂ ਦੇ ਫਰਮਾਨ 'ਤੇ ਸਖਤ ਟਿੱਪਣੀ!

- ਕਿਹਾ ਕਿ ਪ੍ਰਵਾਸੀ ਚਲੇ ਗਏ ਤਾਂ ਤੁਹਾਡੀ ਫਸਲ ਕੌਣ ਵੱਢੇਗਾ ?
- ਮਾਮਲੇ ਦੇ ਹੱਲ ਕਰਨ ਲਈ 5 ਮੈਂਬਰੀ ਕਮੇਟੀ ਬਣਾਈ

ਮੁਹਾਲੀ-ਮੁਹਾਲੀ ਦੇ ਕੁਰਾਲੀ ਦੇ ਪਿੰਡ ਮੁੱਧੋ ਸੰਗਤੀਆਂ ਦੇ ਵੱਲੋਂ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੇ ਮਾਮਲੇ ਵਿੱਚ ਪੰਜਾਬ ਹਰਿਆਣਾ ਹਾਈਕੋਰਟ ਵਿੱਚ ਸੁਣਵਾਈ ਹੋਈ। ਜਿਸ ਵਿੱਚ ਪੰਜਾਬ ਸਰਕਾਰ ਨੇ ਆਪਣਾ ਪੱਖ ਰੱਖ ਦੇ ਹੋਏ ਕਿਹਾ ਅਸੀਂ ਮਾਮਲੇ ਦਾ ਹੱਲ ਕਰਨ ਲਈ 5 ਮੈਂਬਰੀ ਕਮੇਟੀ ਬਣਾ ਦਿੱਤੀ ਹੈ। ਜਿਸ ਤੋਂ ਬਾਅਦ ਅਦਾਲਤ ਨੇ ਕਿਹਾ ਇਸ ਮਾਮਲੇ ਨੂੰ ਬੈਠ ਕੇ ਸੁਲਝਾਉਣਾ ਚਾਹੀਦਾ ਹੈ। ਇਸ ਦੌਰਾਨ ਹਾਈਕੋਰਟ ਨੇ ਸਖਤ ਟਿੱਪਣੀ ਕਰਦੇ ਹੋਏ ਇਹ ਵੀ ਕਿਹਾ ਕਿ ਜੇਕਰ ਪ੍ਰਵਾਸੀਆਂ ਨੂੰ ਕੱਢ ਦਿੱਤਾ ਗਿਆ ਤਾਂ ਫਸਲਾਂ ਕੌਣ ਵੱਢੇਗਾ, ਕਿਸਾਨ ਅਤੇ ਮਜ਼ਦੂਰ ਮਿਲ ਕੇ ਕੰਮ ਕਰਦੇ ਹਨ।

ਮੱਧੋ ਸੰਗਤੀਆਂ ਪਿੰਡ ਦੇ ਵੱਲੋਂ ਪ੍ਰਵਾਸੀਆਂ ਤੇ ਇਲਜ਼ਾਮ ਲਗਾਏ ਗਏ ਸਨ ਕਿ ਉਨ੍ਹਾਂ ਦੀ ਵਜ੍ਹਾ ਕਰਕੇ ਪਿੰਡ ਵਿੱਚ ਅਪਰਾਧਿਕ ਵਾਰਦਾਤਾਂ ਵੱਧ ਗਈਆਂ ਹਨ। ਇਸ ਲਈ ਉਨ੍ਹਾਂ ਨੂੰ 1 ਹਫਤੇ ਦੇ ਅੰਦਰ ਘਰ ਛੱਡ ਕੇ ਜਾਣਾ ਹੋਵੇਗਾ। ਇਸ ਦੇ ਖਿਲਾਫ਼ ਵਕੀਲ ਵੈਭਵ ਵਤਸ ਨੇ ਹਾਈਕੋਰਟ ਵਿੱਚ ਪਟੀਸ਼ਨ ਪਾਈ ਸੀ ਕਿ ਸੰਵਿਧਾਨ ਹਰ ਇਕ ਨੂੰ ਬਰਾਬਰ ਦੇ ਹੱਕ ਦਿੰਦਾ ਹੈ ਅਤੇ ਆਪਣੀ ਮਰਜ਼ੀ ਮੁਤਾਬਕ ਰਹਿਣ ਦਾ ਅਧਿਕਾਰ ਵੀ ਦਿੰਦਾ ਹੈ।



ਉਨ੍ਹਾਂ ਕਿਹਾ ਸੀ ਕਿ ਪ੍ਰਵਾਸੀ ਮਜ਼ਦੂਰਾਂ ਨੂੰ ਇਸ ਤਰ੍ਹਾਂ ਪਿੰਡੋਂ ਬਾਹਰ ਕੱਢਣਾ ਉਨ੍ਹਾਂ ਦੇ ਹੱਕਾਂ ਦਾ ਘਾਣ ਹੈ। ਵਕੀਲ ਵੈਭਵ ਨੇ ਕਿਹਾ ਕਿ ਇਸ ਮਤੇ ਨਾਲ ਪਿੰਡ ਦੇ ਸਰਪੰਚ ਸਹਿਮਤ ਨਹੀਂ ਹਨ ਅਤੇ ਜੋ ਪ੍ਰਵਾਸੀਆਂ ਨੂੰ ਪਿੰਡੋਂ ਕੱਢਣ ਦਾ ਮਤਾ ਪਾਸ ਕੀਤਾ ਹੈ, ਇਸ ਨਾਲ ਪ੍ਰਵਾਸੀ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਨੂੰ ਬੱਚਿਆਂ ਦਾ ਪੜ੍ਹਾਈ ਦੇ ਨਾਲ-ਨਾਲ ਰੁਜ਼ਗਾਰ ਵਿੱਚ ਵੀ ਸਮੱਸਿਆ ਹੋ ਰਹੀ ਹੈ।

## ਹਾਸ ਵਿਅੰਗ

ਸੁਖਬੀਰ ਸਿੰਘ ਖੁਰਮਣੀਆਂ

# ਨਿਮਾਣਾ ਸਿਹੁੰ ਦੀ ਸੇਵਾਮੁਕਤੀ !

ਨਿਮਾਣਾ ਸਿਹੁੰ ਦੇ ਇਕ ਸਾਥੀ ਦੇ ਸੇਵਾਮੁਕਤ ਹੋਣ ਵਿਚ ਥੋੜ੍ਹੇ ਹੀ ਦਿਨ ਰਹਿ ਗਏ ਸਨ। ਉਸ ਨੂੰ ਬਿਨਾਂ ਮੰਗਿਆਂ ਸਲਾਹਾਂ ਦੇਣ ਵਾਲੇ ਹਰ ਮੋੜ 'ਤੇ ਮਿਲ ਜਾਂਦੇ। ਉਸ ਨੂੰ ਸਮਝਾਉਂਦੇ ਕਿ ਵੇਖਿਓ ! ਵਿਹਲੇ ਨਾ ਰਹਿਓ। ਭਾਵੇਂ ਗੁਜ਼ਾਰੇ ਜੋਗੀ ਤੁਹਾਡੀ ਪੈਨਸ਼ਨ ਲੱਗ ਹੀ ਜਾਣੀ ਹੈ, ਪਰ ਕੋਈ ਨਾ ਕੋਈ ਰੁਝੇਵਾਂ ਜ਼ਰੂਰ ਰੱਖਿਓ। ਅਸੀਂ ਬੜੇ ਵੇਖੇ ਜੇ ਸੇਵਾਮੁਕਤੀ ਤੋਂ ਬਾਅਦ ਜਾਂ ਤਾਂ ਕਈ ਲੋਕ ਪਾਗ਼ਲ ਹੋ ਗਏ ਜਾਂ ਰੱਬ ਨੂੰ ਪਿਆਰੇ। ਸਲਾਹਾਂ ਦੇਣ ਵਾਲਿਆਂ ਵੱਲ ਵੇਖ ਕੇ ਘਰ ਦੇ ਵੀ ਗਰਮ ਲੋਹੇ 'ਤੇ ਸੱਟ ਮਾਰਨ ਵਾਂਗ ਸ਼ੁਰੂ ਹੋ ਜਾਂਦੇ। ਅਸੀਂ ਵੀ ਇਨ੍ਹਾਂ ਨਾਲ ਇਹੋ ਮੱਥਾ ਮਾਰਦੇ ਰਹਿੰਦੇ ਹਾਂ, ਪਰ ਇਨ੍ਹਾਂ ਇਕੋ ਰਟ ਲਾਈ ਹੋਈ ਹੈ ਕਿ ਮੈਂ ਰਹਿੰਦੀ ਜ਼ਿੰਦਗੀ ਟੈਨਸ਼ਨ-ਰਹਿਤ ਆਪਣੀ ਮਰਜ਼ੀ ਨਾਲ ਜਿਊਣੀ ਹੈ।

ਨਿਮਾਣੇ ਦਾ ਸਾਥੀ ਹੋਰ ਤੁਲ ਦਿੰਦਾ ਬੋਲਦਾ ਹੈ ਡਾਕਟਰਾਂ ਨੇ ਚਾਹ ਵੀ ਫ਼ਿੱਕੀ ਪੀਣ ਨੂੰ ਕਿਹਾ, ਤਲੀਆਂ ਚੀਜ਼ਾਂ ਵੀ ਬੰਦ, ਮੈਦੇ ਤੋਂ ਬਣੀਆਂ ਵਸਤਾਂ ਵੀ ਖਾਣੀਆਂ ਬੰਦ। ਦੋ ਫੁਲਕੇ ਖਾਣੇ ਆਂ ਉਹ ਵੀ ਅਣਚੋਪੜੇ । ਉਹ ਭਰੇ ਮਨ ਨਾਲ ਬੋਲਦਾ ਹੈ ਕਿ ਸਾਰੀ ਜ਼ਿੰਦਗੀ ਪਾਈ-ਪਾਈ ਜੋੜ ਕੇ ਮੂੰਹ ਬੰਨ੍ਹ, ਕਰਜ਼ਾ ਚੁੱਕ ਘਰ ਬਣਾਇਆ। ਨਾ ਦਿਨ ਚੜ੍ਹਦਾ ਵੇਖਿਆ ਤੇ ਨਾ ਰਾਤ ਪੈਂਦੀ। ਮੈਨੂੰ ਹੁਣ ਚਾਰ ਸਾਲ ਤਾਂ ਸਕੂਨ ਨਾਲ ਘਰ ਵਿਚ ਰਹਿ ਲੈਣ ਦਿਓ। ਮੈਂ ਵੀ ਆਪਣੇ ਪੋਤਰੇ-ਪੋਤਰੀਆਂ, ਦੋਹਤੇ-ਦੋਹਤੀਆਂ



ਵਿਚ ਰਹਿ ਕੇ ਆਪਣਾ ਬਚਪਨ ਚੇਤੇ ਕਰਦਿਆਂ ਘਰ ਦਾ ਅਨੰਦ ਮਾਣ ਸਕਾਂ। ਇਸ ਸਭ ਦੀਆਂ ਕਨਸੋਆਂ ਜਦੋਂ ਨਿਮਾਣਾ ਸਿਹੁੰ ਦੇ ਕੰਨੀਂ ਪਈਆਂ ਤਾਂ ਉਹ ਵੀ ਆਪਣੇ ਸਾਥੀ ਦੇ ਘਰੇ ਬਿਨਾਂ ਮੰਗਿਆਂ ਸਲਾਹ ਦੇਣ ਤੁਰ ਪਿਆ। ਉਸ ਦੇ ਸਾਥੀ ਦੀ ਸ੍ਰੀਮਤੀ ਜੀ ਬੋਲੇ, ਵੇਖੋ ਨਿਮਾਣਾ ਸਿਹੁੰ ਜੀ, ਸਾਨੂੰ ਇਨ੍ਹਾਂ ਦੇ ਘਰ ਰਹਿਣ 'ਤੇ ਕੋਈ ਇਤਰਾਜ਼ ਨਹੀਂ ਪਰ ਇਨ੍ਹਾਂ ਨੂੰ ਆਪਣੀਆਂ ਆਦਤਾਂ ਬਦਲਣੀਆਂ ਪੈਣਗੀਆਂ। ਇਨ੍ਹਾਂ 10 ਵਜੇ ਤੱਕ ਸੁੱਤੇ ਨੀ ਉੱਠਿਆ ਕਰਨਾ। ਅਸੀਂ ਝਾੜੂ-ਪੋਚਾ ਵੀ ਲਾਉਣਾ ਹੁੰਦੈ, ਰੋਟੀਆਂ ਪਕਾ ਖਾ, ਭਾਂਡੇ ਮਾਂਜ ਵਿਹਲੇ ਹੋਣਾ ਹੁੰਦਾ ਹੈ। ਇਨ੍ਹਾਂ ਨੇ ਫਿਰ ਕਹਿਣਾ ਮੈਨੂੰ ਹੁਣ ਰੋਟੀ ਦਿਓ ਖਾਣ ਨੂੰ। ਅਸੀਂ ਤਾਂ ਫਿਰ ਇਨ੍ਹਾਂ ਜੋਗੇ ਹੀ ਰਹਿ ਜਾਵਾਂਗੇ।

ਨਿਮਾਣੇ ਦੇ ਸਾਥੀ ਦੀ ਪਤਨੀ ਜਨਰੇਟਰ 'ਤੇ ਲੋਡ ਪੈਣ ਵਾਂਗ ਥੋੜ੍ਹਾ ਹੋਰ ਤੈਸ਼ ਵਿੱਚ ਬੋਲੀ, ਇਨ੍ਹਾਂ ਨੂੰ ਪੀਣ ਲਈ ਚਾਹ ਦਿਓ ਤਾਂ ਇਹ ਛੱਤੀ ਨੁਕਸਬੀਨੀਆਂ ਕੱਢਦੇ ਹਨ, ਅਖੇ ਚਾਹ ਕੁੜੱਤਣ ਮਾਰਦੀ ਆ। ਨਿਮਾਣਾ ਸਿਹੁੰ ਜੀ, ਉਹੋ ਚਾਹ ਅਸੀਂ ਪੀਤੀ ਹੁੰਦੀ ਛੇ ਵਜੇ ਉਹੋ ਚਾਹ ਇਨ੍ਹਾਂ ਨੂੰ ਦੇਈ ਦੀ ਗਰਮ ਕਰਕੇ ਦਸ ਵਜੇ, ਇਨ੍ਹਾਂ ਨਾਲ ਮੱਥਾ ਮਾਰਦਿਆਂ-ਸਮਝਾਉਂਦਿਆਂ ਸਾਡੀ ਆਪਣੀ ਮੱਤ ਮਾਰੀ ਜਾਣੀ ਹੈ। ਇਨ੍ਹਾਂ ਦੇ ਘਰ ਰਿਹਾਂ ਇਨ੍ਹਾਂ ਦਾ ਕੋਈ ਸੰਗੀ ਸਾਥੀ ਵੇਲ਼ੇ-ਕੁਵੇਲੇ ਆਣ ਧਮਕਣਾ। ਫਰਸ਼ਾਂ 'ਤੇ ਲਾਏ ਪੋਚੇ 'ਤੇ ਪੈਰ ਛਾਪ ਕੇ ਫੁੱਲ ਬੂਟੀਆਂ ਪਾ ਕੇ ਉਸ ਔਹ ਜਾਣਾ...। ਇਨ੍ਹਾਂ ਦੇ ਘਰ ਹੁੰਦਿਆਂ ਅਸੀਂ ਤਾਂ ਸਾਰੀ ਦਿਹਾੜੀ ਰਸੋਈ 'ਚੋਂ ਬਾਹਰ ਨਹੀਂ ਨਿਕਲ ਸਕਦੀਆਂ...।

ਮਾਹੌਲ ਗਰਮ ਵੇਖ ਨਿਮਾਣਾ ਸਿਹੁੰ ਕੁਝ ਬੋਲਣ ਤੋਂ ਪਹਿਲਾਂ ਹੀ ਹੌਲੀ ਜਿਹੀ ਆਪਣਾ ਖੂੰਡਾ ਫੜ ਕੇ ਸੱਥ ਵੱਲ ਨੂੰ ਤੁਰਿਆ ਜਾਂਦਾ ਸਮੇਂ ਬਾਰੇ ਸੋਚਦਾ ਹੈ ਕਿ ਕਦੇ ਉਹ ਵੀ ਸਮਾਂ ਹੁੰਦਾ ਹੈ ਜਦ ਬੱਚੇ ਆਪਣੇ ਮਾਪਿਆਂ ਦੇ ਘਰ ਬਾਦਸ਼ਾਹਾਂ ਵਾਂਗ ਰਹਿੰਦੇ ਹਨ, ਪਰ ਜਦ ਬੱਚਿਆਂ ਨੂੰ ਬਜ਼ੁਰਗ ਮਾਪੇ ਰੱਖਣੇ ਪੈ ਜਾਣ ਤਾਂ ਫਿਰ ਬਹੁਤ ਸਾਰੇ ਬਿਰਧ ਆਸ਼ਰਮ ਵੱਲ ਤੋਰ ਦਿੰਦੇ ਹਨ। ਇਹ ਕੁਦਰਤ ਦਾ ਕੈਸਾ ਖੇਲ ਹੈ ! ਮਨ ਨੂੰ ਧਰਵਾਸ ਦੇਣ ਲਈ ਫਿਰ ਉਸ ਨੂੰ ਆਪਣੇ ਸਵ: ਪਿਤਾ ਦੀਆਂ ਸੁਣਾਈਆਂ ਗੱਲਾਂ ਯਾਦ ਆਈਆਂ ਕਿ 'ਪੁੱਤਰਾ ! ਹਰ ਚੀਜ਼ ਦੀ ਮੁਨਿਆਦ ਹੁੰਦੀ ਆ। ਕਿਸੇ ਸਮੇਂ ਲੋਕ ਸਾਈਕਲ ਦਾ ਘਸਿਆ ਟਾਇਰ ਵੀ ਸੰਭਾਲ ਕੇ ਰੱਖਦੇ ਸਨ, ਉਹ ਘਸਿਆ ਟਾਇਰ ਵੀ ਬੱਚਿਆਂ ਦੀ ਖੇਡ ਬਣ ਜਾਂਦਾ ਸੀ। ਉਹ ਸਮੇਂ ਲੱਦ ਗਏ ਜਦ ਪੁਰਾਤਨ ਵਸਤਾਂ ਵੀ ਘਰ ਦਾ ਸ਼ਿੰਗਾਰ ਹੋਇਆ ਕਰਦੀਆਂ ਸਨ। ਹੁਣ ਚਾਅ ਨਾਲ ਖਰੀਦੀ ਵਸਤੂ ਵੀ ਸਮੇਂ ਦੇ ਨਾਲ ਆਪਣੇ ਹੱਥੀਂ ਕਬਾੜ 'ਚ ਵੇਚਣੀ ਪੈਂਦੀ...।

* * * * * * *

# ★ ਮਿੰਨੀ ਕਹਾਣੀਆਂ ★

## ਪਰਵਾਸ

ਹਰਜੀਤ ਨੇ ਐਮ.ਏ. ਤੱਕ ਦੀ ਪੜ੍ਹਾਈ ਕੀਤੀ। ਬਹੁਤ ਕੋਸ਼ਿਸ਼ ਕਰਨ 'ਤੇ ਵੀ ਨੌਕਰੀ ਨਾ ਮਿਲੀ। ਬੇਰੁਜ਼ਗਾਰੀ ਦਾ ਮਾਰਿਆ ਬਾਹਰ ਜਾਣ ਦੀ ਸੋਚਣ ਲੱਗਾ। ਪਾਸਪੋਰਟ ਬਣਾਇਆ, ਆਪਣੀ ਇਕ ਏਕੜ ਜ਼ਮੀਨ ਵੇਚੀ ਤੇ ਆਸਟਰੇਲੀਆ ਨੂੰ ਜਹਾਜ਼ ਚੜ੍ਹ ਗਿਆ। ਉੱਥੇ ਜਾ ਕੇ ਭਾਲਣ 'ਤੇ ਇੱਕ ਫਾਰਮ ਵਿੱਚ ਕੰਮ ਮਿਲ ਗਿਆ। ਹੁਣ ਚਾਰ ਪੈਸੇ ਹੱਥ ਆਉਣ ਲੱਗੇ ਤਾਂ ਆਪਣਾ ਖ਼ਰਚ ਕੱਢਣ ਲੱਗਾ। ਛੇ ਕੁ ਮਹੀਨੇ ਬੀਤਣ ਤੋਂ ਬਾਅਦ ਕੁਝ ਕੁ ਪੈਸੇ ਘਰ ਭੇਜਣ ਲੱਗਾ। ਘਰ ਜ਼ਰਾ ਜਿੰਨੀ ਸੌਖ ਹੀ ਹੋਈ ਸੀ ਕਿ ਸਾਲ ਕੁ ਬੀਤਿਆ, ਉਸ ਦੀ ਮਾਤਾ ਸਖ਼ਤ ਬਿਮਾਰ ਹੋ ਗਈ। ਅਣਹੋਣੀ ਅਜਿਹੀ ਵਾਪਰੀ ਕਿ ਉਹ ਅਕਾਲ ਚਲਾਣਾ ਕਰ ਗਈ। ਜਦੋਂ ਪਿੰਡੋਂ ਬਾਪੂ ਦੀ ਕਾਲ ਆਈ, "ਪੁੱਤ ਹਰਜੀਤ, ਤੇਰੀ ਮਾਤਾ... !"

"ਕੀ ਮਾਤਾ... ? ਤੂੰ ਬੋਲਦਾ ਕਿਉਂ ਨੀ ਬਾਪੂ ? ਕੀ ਹੋਇਆ ਮਾਤਾ ਨੂੰ ?" "ਤੇਰੀ ਮਾਤਾ ਅਕਾਲ ਚਲਾਣਾ ਕਰ ਗਈ।"

ਆਪਣੀ ਮਾਂ ਦੀ ਮੌਤ ਦੀ ਖ਼ਬਰ ਹਰਜੀਤ ਦੇ ਕੰਨੀਂ ਪਈ ਤਾਂ ਉਸ ਦੀ ਧਾਹ ਨਿਕਲ ਗਈ। ਫਾਰਮ ਮਾਲਿਕ ਨਾਲ ਗੱਲ ਕੀਤੀ ਤਾਂ ਉਸ ਨੇ ਲੇਬਰ ਦੀ ਘਾਟ ਕਾਰਨ ਛੁੱਟੀ ਤੋਂ ਜਵਾਬ ਦੇ ਦਿੱਤਾ। ਉਸ ਨੂੰ ਕੁਝ ਵੀ ਸਮਝ ਨਾ ਆਵੇ, ਆਖ਼ਰ ਕਰੇ ਤਾਂ ਕੀ ਕਰੇ... ?

ਕੁਝ ਵੀ ਪੇਸ਼ ਨਾ ਜਾਂਦੀ ਦੇਖ ਕੇ, ਮੁਸੀਬਤਾਂ ਦਾ ਮਾਰਿਆ ਹਰਜੀਤ ਸੋਚਣ ਲੱਗਿਆ, "ਰੱਬਾ ! ਜੇ ਬੇਰੁਜ਼ਗਾਰੀ ਦੇ ਮਾਰੇ ਪਰਵਾਸ ਨਾ ਕੀਤਾ ਹੁੰਦਾ ਤਾਂ ਘੱਟੋ- ਘੱਟ ਅੱਜ ਜਾਂਦੀ ਵਾਰ ਮਾਤਾ ਦਾ ਮੂੰਹ ਤਾਂ ਦੇਖ ਸਕਦਾ ! ਅੱਜ ਆਪਣੀ ਮਾਤਾ ਦੇ ਕਾਨ੍ਹੀ ਤਾਂ ਲੱਗ ਸਕਦਾ।" ਇੰਨਾ ਆਖਦਾ ਹੋਇਆ ਉਹ ਸੁੰਨ ਜਿਹਾ ਹੋ ਗਿਆ। - ਬਲਕਾਰ ਸਿੰਘ

## ਕਾਲੇ ਕੱਛਿਆਂ ਵਾਲੇ

ਪਿੰਡ ਵਿਚ ਰੌਲਾ ਪੈ ਗਿਆ 'ਜਾਣ ਨਹੀਂ ਦੇਣੇ ਮਾਰ ਦੇਣੇ ਨੇ... ਸਾਨੂੰ ਬੜਾ ਦੁਖੀ ਕੀਤਾ ਏ...' ਸਾਰੇ ਡਾਂਗਾਂ-ਸੋਟੇ ਫੜ ਕੇ ਬਾਹਰ ਵਲ ਨੂੰ ਭੱਜ ਪਏ...ਕਿ ਲਾਈਟ ਨਹੀਂ... ਸਾਰੀ ਗਲੀ ਵਿਚ ਹਨੇਰਾ...ਤੇ ਲੋਕ ਅੰਨ੍ਹੇਵਾਹ ਬਾਹਰ ਨੂੰ ਭੱਜ ਰਹੇ ਸੀ... ਤੇ ਕੁਝ ਮਿੰਟਾਂ ਨੂੰ ਲਾਈਟ ਵੀ ਆ ਗਈ।

ਬਾਬਾ ਜੀ ਨੇ ਅਨਾਊਂਸਮੈਂਟ ਕੀਤੀ, 'ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤਹਿ... ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਪਿੰਡ ਕਾਲੇ ਕੱਛਿਆਂ ਵਾਲੇ ਪੈ ਗਏ ਨੇ... ਤੇ ਉਹ ਪਿੰਡ ਵਿਚ ਹੀ ਨੇ... ਤੇ ਆਪਾਂ ਪਿੰਡ ਨੂੰ ਘੇਰਾ ਪਾਉਣਾ ਏ... ਤੇ ਕਾਲੇ ਕੱਛਿਆਂ ਵਾਲੇ ਫੜਨੇ ਨੇ।'

...ਤੇ ਏਨਾ ਸੁਣਨਾ ਸੀ ਜਿਸ ਨੂੰ ਨਹੀਂ ਪਤਾ ਸੀ, ਉਹ ਵੀ ਭੱਜ ਪਿਆ... ਤੇ ਮੈਂ ਵੀ ਡਾਂਗ ਫੜ ਕੇ ਭੱਜ ਪਿਆ... ਸਾਰਿਆਂ ਪਿੰਡ ਵਾਲਿਆਂ... ਕਿਹਾ 'ਅੱਜ ਜੋ ਮਰਜ਼ੀ ਹੋ ਜਾਵੇ, ਕਾਲੇ ਕੱਛਿਆਂ ਵਾਲੇ ਫੜ ਕੇ ਹੀ ਛੱਡਣੇ ਨੇ... ਸਾਰੇ ਪਿੰਡ ਨੂੰ ਘੇਰਾ ਪਾ ਲਿਆ ਗਿਆ.. ਜੋ ਲੋਕ ਘਰ ਸੀ, ਉਹ ਵੀ ਬਹੁਤ ਸਹਿਮੇ ਹੋਏ ਸਨ।' ਬੀਬੀਆਂ ਵਿਚਾਰੀਆਂ, 'ਇਹ ਕਾਲਿਆਂ ਕੱਛਿਆਂ ਵਾਲੇ ਖ਼ਬਰੇ ਕਦੋਂ ਮਗਰੋਂ ਲੈਣਗੇ।'

ਰਾਤ ਦੇ ਦੋ ਵੱਜ ਗਏ... ਸਾਰੇ ਪਿੰਡ... ਦੀਆਂ ਗਲੀਆਂ... ਵੇਖ ਲਈਆਂ ਪਰ ਕਾਲੇ ਕੱਛਿਆਂ ਵਾਲਾ ਕੋਈ ਨਹੀਂ ਮਿਲਿਆ। ਸਾਰੇ ਕਹਿਣ ਬਈ ਆਖਰ ਗਏ ਤਾਂ ਗਏ ਕਿੱਥੇ... ਲੱਭ ਹੀ ਨਹੀਂ ਰਹੇ।

ਸਾਡੇ ਪਿੰਡ ਦੇ ਇਕ ਸਿਆਣੇ ਬੰਦੇ ਨੇ ਸਾਰੇ ਪਿੰਡ ਵਾਲਿਆਂ ਤੋਂ ਪੁੱਛਿਆ ਕਿ ਕਾਲੇ ਕੱਛਿਆਂ ਵਾਲੇ ਕਿਸ ਨੇ ਵੇਖੇ...ਸਾਰੇ ਕਹਿਣ ਜੀ ਵੇਖੇ ਤਾਂ ਕਿਸੇ ਨਹੀਂ...ਬਸ ਜੀ ਰੌਲਾ ਸੁਣਿਆ ਸੀ...ਬਸ ਅਸੀਂ ਸਾਰੇ ਬਾਹਰ ਭੱਜ ਪਏ।

ਫਿਰ ਉਸ ਨੇ ਪੁੱਛਿਆ, 'ਪਹਿਲਾਂ ਕਿਸ ਨੇ ਰੌਲਾ ਪਾਇਆ.... ਦੱਸੋ ?'

ਇਕ ਬੋਲਿਆ ਜੀ ਕਾਕੇ ਅਮਲੀ ਨੇ ਰੌਲਾ ਪਾਇਆ ਸੀ, ਸਾਰੇ ਜਣਿਆਂ ਨੇ ਕਾਕੇ ਅਮਲੀ ਦਾ ਬੂਹਾ ਖੜਕਾਇਆ... ਤੇ ਕਾਕਾ ਅਮਲੀ ਆਰਾਮ ਨਾਲ ਸੁੱਤਾ ਪਿਆ ਸੀ... ਸਾਰਿਆਂ ਜ਼ੋਰ ਨਾਲ ਬੂਹਾ ਖੜਕਾਇਆ। ਕਾਕੇ ਅਮਲੀ ਨੇ ਰੌਲਾ ਪਾ ਦਿੱਤਾ, 'ਕਾਲੇ ਕੱਛਿਆਂ ਵਾਲੇ ਪੈ ਗਏ ਪਿੰਡ ਵਾਲਿਓ ਬਚਾਓ।'

ਪਿੰਡ ਵਾਲਿਆਂ ਕਿਹਾ, 'ਡਰ ਨਾ ਬੂਹਾ ਖੋਲ੍ਹ' ਤੇ ਕਾਕੇ ਅਮਲੀ ਨੇ ਡਰ ਡਰ ਕੇ ਬੂਹਾ ਖੋਲ੍ਹਿਆ... 'ਜੀ, ਆਓ ਜੀ।'

ਕਾਕੇ ਅਮਲੀ ਨੂੰ ਕਿਹਾ ਤੂੰ ਕਾਲੇ ਕੱਛਿਆਂ ਵਾਲੇ ਵੇਖੇ ਸੀ ?

ਕਾਕੇ ਅਮਲੀ ਨੇ ਕਿਹਾ, 'ਜੀ ਨਹੀਂ ਮੈਂ ਵੇਖੇ ਤਾਂ ਨਹੀਂ ਕਿਤੇ ਖਾਧੀ-ਪੀਤੀ ਵਿਚ ਕੁਝ ਬੋਲ ਗਿਆ ਹੋਵਾਂਗਾ...ਬੱਚਿਆਂ ਵਾਲਿਓ ਮੈਨੂੰ ਮੁਆਫ਼ ਕਰੋ।

ਜਾਹ ਯਾਰ ਇਸ ਸ਼ੁਦਾਈ ਪਿੱਛੇ ਲੱਗ ਰਾਤ ਦੀ ਨੀਂਦ ਗੁਆ ਲਈ।

ਹੁਣ ਇਕ-ਇਕ ਕਰਕੇ ਪਿੰਡ ਵਾਲੇ ਖਿਸਕ ਰਹੇ ਸੀ।

## ਹੌਲਦਾਰ ਪਿਆਰਾ ਸਿੰਘ

ਅੱਜ ਕਿਸਾਨ ਆਪਣੇ ਹੱਕਾਂ ਲਈ ਧਰਨੇ 'ਤੇ ਸੀ। ਹੌਲਦਾਰ ਪਿਆਰਾ ਸਿੰਘ ਧਰਨੇ ਤੋਂ ਆਪਣੀ ਡਿਊਟੀ ਨਿਭਾ ਕੇ ਥੱਕਿਆ ਹਾਰਿਆ ਘਰੇ ਪੁੱਜਦਾ ਹੈ। ਪਹੁੰਚਦੇ ਹੀ ਪਾਣੀ ਦੀ ਘੁੱਟ ਪੀ ਕੇ ਘਰਵਾਲੀ ਨੂੰ ਅੱਜ ਧਰਨੇ 'ਤੇ ਜੋ ਕਿਸਾਨਾਂ ਨਾਲ ਹੋਇਆ ਦੱਸਦੇ ਹੋਏ ਛੇਤੀ ਛੇਤੀ ਰੋਟੀ ਦੀ ਮੰਗ ਕਰਦਾ ਹੈ। ਕਹਿੰਦਾ ਹੈ, 'ਅੱਜ ਤਾਂ ਸਾਰਾ ਦਿਨ ਭੁੱਖੇ ਹੀ ਮਾਰਤਾ ਕਿਸਾਨਾਂ ਨੇ, ਧਰਨਾ ਚੁੱਕਣ ਲਈ ਰਾਜ਼ੀ ਹੀ ਨਹੀਂ ਹੋ ਰਹੇ ਸੀ। ਫੇਰ ਕੀ, ਕਰਤਾ ਆਡਰ ਵੱਡੇ ਸਾਹਿਬ ਨੇ ਲਾਠੀਚਾਰਜ ਦਾ, ਵਰ੍ਹਾ ਤੀ ਡਾਂਗ ਫੇਰ।'

ਘਰਵਾਲੀ ਉਸ ਦੀਆਂ ਗੱਲਾਂ ਸੁਣਦੀ-ਸੁਣਦੀ ਜਿਵੇਂ ਹੀ ਰਸੋਈ 'ਚੋਂ ਗਰਮਾ-ਗਰਮ ਰੋਟੀ ਲੈ ਕੇ ਆਉਂਦੀ ਹੈ ਤੇ ਸਹਿਜ ਸੁਭਾਅ ਹੀ ਬੋਲ ਬੈਠਦੀ ਹੈ, 'ਵਿਚਾਰਾ ਅੰਨਦਾਤਾ, ਨਾਲੇ ਤਾਂ ਮਿਹਨਤਾਂ ਨਾਲ ਸਾਰਾ ਜੱਗ ਰਜਾਵੇ ਤੇ ਨਾਲੇ ਥੋੜੀਆਂ ਡਾਂਗਾਂ ਖਾਵੇ, ਹਰ ਪਾਸੇ ਮਾਰ ਹੀ ਮਾਰ ਹੈ।'

ਇੰਨਾ ਸੁਣ ਕੇ ਹੌਲਦਾਰ ਪਿਆਰਾ ਸਿੰਘ ਆਪਣੇ ਹੱਥ 'ਚ ਫੜੀ ਬੁਰਕੀ ਨੂੰ ਬਸ ਵੇਖਦਾ ਰਹਿ ਗਿਆ, ਖਾਣ ਦੀ ਹਿੰਮਤ ਨਾ ਹੋਈ ਤੇ ਉਹ ਇਕੱਠ ਅੱਖਾਂ ਅੱਗੇ ਆ ਗਿਆ ਜਿਸ ਬਾਰੇ ਉਹ ਕਹਿ ਰਿਹਾ ਸੀ,'ਅੱਜ ਤਾਂ ਸਾਰਾ ਦਿਨ ਭੁੱਖੇ ਹੀ ਮਾਰਤਾ ਕਿਸਾਨਾਂ ਨੇ।'

- ਪਰਵੀਨ ਸ਼ਰਮਾ

TAIL PIECE

Dalip Singh Wasan, Advocate
Email: dalipsinghwassan@yahoo.co.in

## THERE ARE TALKS ON CODE OF CONDUCT DURING ASSEMBLY ELECTIONS IN HARYANA




The contesting groups are advised to follow Code of Conduct during their campaign and let they place before the people of Haryana what they shall do for them during the next five years. Most of the problems of Haryana had been created when it was bifurcated from Punjab. Language was no problem in the state because language problem had been solved when Punjabi and Hindi both were introduced in a right manner and even all the refugees who had settled in the state of Haryana are still having their mother tongue Punjabi at their homes. Similarly Hindi being National Language had been adopted in the state of Punjab and number of scholars in Hindi in Punjab is not on lower side.

Much problems had been created by some movements in Punjab and this Punjab got the second bifurcation on this partition when Himachal pradesh and Haryana and even Chandigarh had been taken away from Punjab. Punjab too has been reduced into a village type state. Punjab could pass a rsolution that Chandigarh may be given to Punjab and now the people going to Legislative Assembly for the State of Haryana must come duly prepared to pass a resolution that Haryana must be merged with State of Punjab with Chanditarh as their Capital. Similarly Himachal Pradesh too must try to join Punjab once again. Small states cannot become wholesome states and such types of bifurcations of the country are dangerous for the unity and integrity of India. After partition of 1947 the state of Punjab established was in order and that may be re-established for proper running of the state. All these units bifurcated had been at loss because of bifurcation of Punjab. The states which have come into operation must decide their fate once again.

## LET US CALL PAK OCCUPIED KASHMIR AS PAK OCCUPIED INDIA

It is on recored that Maharaja of Kashmir merged his state with India and was given Privy Purse from India Exchequer like other Rajajas and Maharajas. There is not a single instance where the Maharaj had denied that he had not merged his State with India. The Maharaj remained alive for years and at no stage he had made a statement that he never handed over his state to India. His action was covered under the Partition Act and and there was no provision under this Act that once a ruler merges his state with India or Pakistan, he could withdraw it.

And when the records are in our favour, the occupied area by Pakistan also belongs to India and this occupation is totally illegal and India has the rights to occupy it through a Blue Star Operation. The people who were ousted from the illegally occupied area were never called refugees ousted from Pakistan and if some concession, grants were given to them for enabling them to resettle here, those were special and at no stage they were called refugees.

The resolutions of UNO ordered war like situations and this line of Control was established. And much time has passed when India had been following the resolution and Pakistan had been busy in Proxy War trough Terrorists. The provisions of Article 370 are no more in our Constitution and therefore, people of Kashmir must be allowed to join Parliament and State Legislative Assembly through their Representatives. And we congratulate Election Commission of india for allowing the people to have their Constitutional Rights.

India must try to have back its area illegally occupied by Pakistan by one way or the other as per situations informing the nations as they could do for establishing Bangla Desh .

## Bhagwant Maan CM Punjab invites Industrialists to establish Corporate Houses in Punjab

Sardar Bhagwant Singh Maan, Chief Minister of Punjab, specially wnt to Mumbai and met Industrialists and invited them to establish their corporate houses in the state. He offered them safety and helps from the sate side too. It is a very good news for the state of Punjab because this state had been suffering much during the past and even its size too has been reduced to a village-like. The political and semi politicdal movements started here caused much losses to the state and it is on record that most of the big corporate houses had shifted their units from the state.



Sardar Bhagwant Singh Maan could bring the stae in peacer and could stop shifting of some important industries from Punjab and this type of invitation with assurance shall encourage more industrialists to come here and establish units in field of converting food grains, vegitables, muilk and become or turn Punjab into a big kitchen for whole of India. This small state is still able to fed the people of India with its produts and specially health giving programes.

The Chief Minister may also have a look on Cooperative wing here where some units are already working well. We can establish cooperative units of Gatta Factories, Sugar mills, Paper Mills, Cattle breeding farms, goats breeding farms, poultry farms, cattle feed, Dairies and even small holders could unit and establish big Agriculture Farms to give this sector an administrative touch. The cooperative wing here can ensure that not a single grain should go out unprocessed. There are news that milk, ghee here in market are not pure and milk plants can ensure purety and health giving units.

## Crimes against women are unpardonable- Prime Minister Modi jee

As far as India is concerned, here this woman could never get equality and even in days of our mythroligy hundred and one instanes are found quoted where woman had been the victim. Even rape cases had been on higher side and even then only women had been cursed and condemned to punishments.



In the present age too sins, crimes and misconducts continued against women and because of exposure of woman in society, such items are on he increase. All efforts made could not stop sins, crimes and misconducts against woman. At one stage our Prime Minister Modi had pronounced that our aim is to strengthen woman. That is very good. Woman shall have to protect herself from this man and only government helps would not save her. All religions too have tried and even then more wo en had to fae difficulties from the side of these religious people and institutions.

A woman must be having proper health, proper education, proper training, proper employment and proper income and must be able to protect herself from this man. They must knhow the psycholiogy of this man and must try to have their own life style and save themselves from this man. Let our governments and people in religions too must try to ensure that woman is strengthened in such a way that they could establish themselves in such a way so that dangers from the side of man could be avoided.

**ਬਾਲੀਵੁੱਡ ਦੇ ਮਸ਼ਹੂਰ ਫ਼ਿਲਮ ਸਮੀਖਿਕ, ਫ਼ਿਲਮ ਪ੍ਰੋਡਿਊਸਰ, ਫ਼ਿਲਮ ਨਿਰਦੇਸ਼ਕ, ਫ਼ਿਲਮ ਲੇਖਕ ਅਤੇ ਮੇਰੇ ਜਿਗਰੀ ਯਾਰ ਇਕਬਾਲ ਸਿੰਘ ਚਾਨਾ ਨੂੰ ਸਮਰਪਣ**

**ਲੜੀਵਾਰ ਨਾਵਲ**



ਸ਼ਿਵਚਰਨ ਜੱਗੀ (ਕੁੱਸਾ)



ਫ਼ੋਨ : 07853 317 891

Email: jaggikussa@yahoo.de


# ਕੋਸੀ ਧੁੱਪ ਦਾ ਨਿੱਘ




**ਵਾਪਸ ਮੁੜਦੀ ਅਮਰੋ ਨੂੰ ਮਹਿਸੂਸ ਹੋਇਆ ਜਿਵੇਂ ਉਹ ਬਿਲਕੁਲ ਕੰਗਾਲ ਹੋ ਗਈ ਸੀ। ਉਸ ਦੇ ਅੰਦਰੋਂ ਧੁਖ਼ਦੀ ਚਿਤਾ ਵਾਂਗ ਹਾਉਕਾ ਉਠਿਆ ਅਤੇ ਸਰੀਰ ਦੇ ਤਣ-ਪੱਤਣ ਨੂੰ ਝੰਜੋੜ ਗਿਆ। ਅਮਰੋ ਦੇ ਚਿਹਰੇ 'ਤੇ ਪਿਲੱਤਣ ਸੀ। ਜਿਵੇਂ ਉਹ ਜੁੱਗੜਿਆਂ ਦੀ ਬਿਮਾਰ ਸੀ। ਕੌਰਾ ਬੱਸ ਦੀ ਸੀਟ ਦੇ ਡੰਡੇ 'ਤੇ ਸਿਰ ਸੁੱਟੀ ਬੈਠਾ ਸੀ। ...ਕੀ ਖੱਟਿਆ ਇਸ ਜੱਗ ਤੋਂ ਕੌਰਾ ਸਿਆਂ...? ...ਜੁਆਨੀ ਆਈ, ਵਿਆਹ ਹੋਇਆ, ਜਦੋਂ ਸੁੱਖ ਸ਼ਾਂਤੀ ਨਾਲ਼ ਜਿਉਣ ਦੇ ਦਿਨ ਸੀ ... ਓਦੋਂ ਇਹਨੇ ਦੁਸ਼ਟ ਨੇ ਦੇਵਤੇ ਵਰਗੀ ਦਰਵੇਸ਼ ਭਰਜਾਈ ਸੱਦੋ ਦਾ ਕਤਲ ਕਰ ਦਿੱਤਾ... ਤੇ ਆਪ ਜੇਲ੍ਹ ਚਲੀ ਗਈ...! ਗਊ ਵਰਗਾ ਸਾਊ ਅਤੇ ਹਮਦਰਦ ਭਰਾ ਬਖ਼ਤੌਰ ਹਾਲਾਤਾਂ ਦਾ ਮਾਰਿਆ ਬਾਹਰ ਚਲਿਆ ਗਿਆ...!**


**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**


**ਕਿਸ਼ਤ-66**

## ਕਾਂਡ 26

ਜੰਟਾ ਮੁੜ ਫ਼ੋਨ ਮਿਲਾਉਣ ਲੱਗ ਪਿਆ। ਪਰ ਬੱਗੇ ਦਾ ਫ਼ੋਨ ਬੰਦ ਆ ਰਿਹਾ ਸੀ।

-"ਬੰਦ ਪਿਐ ਬਾਈ...! ਪਹਿਲਾਂ ਬੈੱਲ ਜਾਂਦੀ ਸੀ, ਹੁਣ ਬੰਦ ਹੋ ਗਿਆ...!" ਉਸ ਨੇ ਕੌਰੇ ਨੂੰ ਦੱਸਿਆ।

ਬੱਗੇ ਨੂੰ ਉਡੀਕ-ਉਡੀਕ ਕੇ ਅਖੀਰ ਆਥਣੇ ਚਾਰ ਵਜੇ ਹੀਰੇ ਦਾ ਸਸਕਾਰ ਕਰ ਦਿੱਤਾ।

ਸਾਰੇ ਆਖ਼ਰੀ ਡੱਕੇ ਸੁੱਟ ਘਰ ਆ ਗਏ।

-"ਉਹਨੂੰ ਫੁੱਲਾਂ 'ਤੇ ਨਾਲ਼ ਜ਼ਰੂਰ ਲੈ ਜਿਓ ਕੌਰਿਆ...! ਨਾਲ਼ੇ ਹੀਰੇ ਦੇ ਨਮਿੱਤ ਪਾਠ ਵੀ ਰਖਾਓ...!" ਕੇਹਰਾ ਚਾਚਾ ਡਾਂਗ ਦੇ ਸਹਾਰੇ ਉਠਣ ਲੱਗਿਆ ਬੋਲਿਆ।

-"ਠੀਕ ਐ ਚਾਚਾ...!" ਕੌਰਾ ਮਨ ਭਰੀ ਬੈਠਾ ਸੀ, "ਚਾਚਾ, ਅੱਜ ਰਾਤ ਰਹਿ ਮੇਰੇ ਕੋਲ਼ੇ...!"

ਚਾਚਾ ਡਾਂਗ ਲੰਮੀ ਪਾ ਕੇ ਫੇਰ ਬੈਠ ਗਿਆ।

-"ਅਸੀਂ ਤਾਂ ਹੁਣ ਜਾਵਾਂਗੇ ਕੌਰਿਆ...! ਮਕਾਣ ਆਏ ਰਾਤ ਨੀ ਰਹਿੰਦੇ ਹੁੰਦੇ ਭਾਈ..! ਪਰਸੋਂ ਫੁੱਲਾਂ 'ਤੇ ਵੀ ਆਵਾਂਗੇ, ਤੇ ਜਿਸ ਦਿਨ ਭੋਗ ਪਿਆ, ਓਸ ਦਿਨ ਰਾਤ ਰਹਿ ਕੇ ਜਾਵਾਂਗੇ...! ਹੁਣ ਤਾਂ ਜੇਰਾ ਵੱਡਾ ਕਰ ਕੇ ਜਰਨਾ ਪਊ ਕੌਰਿਆ, ਇਹ ਸੱਟਾਂ ਛੋਟੀਆਂ ਨੀ ਹੁੰਦੀਆਂ ਭਰਾਵਾ...!" ਤੁਰਨ ਲੱਗੀ ਨਸੀਬ ਕੌਰ ਨੇ ਦਿਲਾਸਾ ਦਿੱਤਾ।

ਹੌਲ਼ੀ-ਹੌਲ਼ੀ ਸਾਰੇ ਤੁਰ ਗਏ।

ਘਰ ਵਿੱਚ ਜਿਵੇਂ ਹਾੜ ਬੋਲਣ ਲੱਗ ਪਿਆ ਸੀ। ਕੌਰੇ ਨੂੰ ਹੌਲ ਜਿਹਾ ਪਿਆ। ਅਮਰੋ ਇੱਕ ਖੂੰਜੇ ਬੈਠੀ ਹੁਬਕੀਂ ਰੋ ਰਹੀ ਸੀ।

-"ਹਾਏ ਨੀ ਮੇਰੀਏ ਭੈਣੇ ਸੱਦੋ ਕਿਤੋਂ ਆਜਾ ਮੇਰੀ ਭੈਣ ਬਣ ਕੇ...!" ਅਮਰੋ ਨੇ ਅਜੀਬ ਵੈਣ ਪਾਇਆ, "ਨੀ ਮੈਨੂੰ ਮਾੜੇ ਕਰਮਾਂ ਆਲ਼ੀ ਨੂੰ ਇੱਕ ਆਰੀ ਗਲ਼ ਨਾਲ਼ ਲਾ ਲੈ ਨੀ ਮੇਰੀਏ ਅੰਮਾਂ ਜਾਈਏ...!"

ਪਰ ਆਂਢ ਗੁਆਂਢ ਨੇ ਸੁਣ ਕੇ ਬੁੱਲ੍ਹ ਟੇਰੇ।

-"ਦੇਖ ਬਹੇਲੂ ਚੱਚਰ ਕਿਵੇਂ ਕਰਦੀ ਆ...! ਖ਼ੁਦ ਆਪ ਉਹਨੂੰ ਮਾਰ ਕੇ, ਹੁਣ ਵੈਣ ਕਿਵੇਂ ਪਾਉਂਦੀ ਐ ਪਖੰਡਣ ਜਹਾਨ ਦੀ...!"

ਤੀਜੇ ਦਿਨ ਹੀਰੇ ਦੇ ਫੁੱਲ ਚੁਗੇ ਗਏ। ਕੇਹਰਾ ਚਾਚਾ ਓਸ ਦਿਨ ਦਾ ਕੌਰੇ ਦੇ ਘਰ ਹੀ ਸੀ।

-"ਚਾਚਾ, ਬੱਗਾ ਤਾਂ ਅਜੇ ਵੀ ਨੀ ਬਹੁੜਿਆ, ਹੁਣ ਕੀ ਕਰੀਏ...?" ਕੌਰੇ ਨੇ ਚਾਚੇ ਕੇਹਰੇ ਨੂੰ ਪੁੱਛਿਆ।

-"ਕੋਈ ਵੱਸ ਐ ਪੁੱਤ...? ਫੇਰ ਤੂੰ ਤੇ ਅਮਰੋ ਫੁੱਲ ਤਾਰ ਆਓ, ਮੈਂ ਘਰ ਸਾਂਭ ਲਊਂਗਾ, ਹੋਰ ਕੀ ਵਾਹ ਐ...?"

-"ਚਾਚਾ, ਇਹਦਾ ਘਰੋਂ ਬਾਹਰ ਰਹਿਣਾ ਵੀ ਮੈਨੂੰ ਡਰਾਉਣ ਲੱਗ ਪਿਆ, ਮੈਨੂੰ ਦਿਨ ਰਾਤ ਇਹੀ ਝੋਰਾ ਖਾਂਦਾ ਰਹਿੰਦੈ, ਬਈ ਇਹ ਕੋਈ ਨਵਾਂ ਚੰਦ ਚਾੜ੍ਹਤੂ..!" ਕੌਰੇ ਨੇ ਅੰਦਰਲਾ ਡਰ ਚਾਚੇ ਅੱਗੇ ਰੱਖਿਆ।

-"........!" ਚਾਚਾ ਹਾਉਕਾ ਭਰ ਕੇ ਚੁੱਪ ਹੋ ਗਿਆ।

ਅਮਰੋ ਅਤੇ ਕੌਰਾ ਹੀਰੇ ਦੇ ਫੁੱਲ ਤਾਰਨ ਕੀਰਤਪੁਰ ਸਾਹਿਬ ਨੂੰ ਤੁਰ ਪਏ।

ਅਮਰੋ ਹੀਰੇ ਦੇ ਫੁੱਲ ਹਿੱਕ ਨਾਲ਼ ਘੁੱਟੀ ਬੈਠੀ ਸੀ, ਜਿਵੇਂ ਉਹ ਉਸ ਨੂੰ ਛੋਟੇ ਹੁੰਦੇ ਨੂੰ ਹਿੱਕ ਨਾਲ਼ ਲਾਉਂਦੀ ਹੁੰਦੀ ਸੀ। ਅੱਜ ਅਮਰੋ ਨੂੰ ਇਉਂ ਮਹਿਸੂਸ ਹੋ ਰਿਹਾ ਸੀ, ਜਿਵੇਂ ਕਿਸੇ ਨੇ ਉਸ ਦੇ ਸਰੀਰ ਦਾ ਅੱਧਾ ਹਿੱਸਾ ਵੱਢ ਕੇ ਕਿਤੇ ਸੁੱਟ ਦਿੱਤਾ ਸੀ। ਉਹ ਮਨੋਂ-ਤਨੋਂ ਅਪਾਹਜ ਹੋਈ ਬੈਠੀ ਸੀ। ਜੁਆਨ ਪੁੱਤ ਜਿਉਂ ਹੱਥੋਂ ਖੁੱਸ ਗਿਆ ਸੀ।

ਉਹਨਾਂ ਨੇ ਕੀਰਤਪੁਰ ਸਾਹਿਬ ਜਾ ਕੇ ਦੇਗ ਲੈ ਕੇ ਅਰਦਾਸ ਕਰਵਾਈ। ਫੁੱਲ ਤਾਰਦੀ ਅਮਰੋ ਭੁੱਬੀਂ ਰੋਈ ਸੀ। ਕੌਰਾ ਵੀ ਕੋਲ਼ ਮਨ ਭਰੀ ਖੜ੍ਹਾ ਸੀ। ਫੁੱਲ ਤਾਰਨ ਤੋਂ ਬਾਅਦ ਉਹਨਾਂ ਨੇ ਰਜਿਸਟਰ ਵਿੱਚ ਹੀਰੇ ਦਾ ਨਾਂ ਦਰਜ ਕਰਵਾਇਆ ਅਤੇ ਮੋੜੇ ਪਾ ਲਏ।

ਵਾਪਸ ਮੁੜਦੀ ਅਮਰੋ ਨੂੰ ਮਹਿਸੂਸ ਹੋਇਆ ਜਿਵੇਂ ਉਹ ਬਿਲਕੁਲ ਕੰਗਾਲ ਹੋ ਗਈ ਸੀ। ਉਸ ਦੇ ਅੰਦਰੋਂ ਧੁਖ਼ਦੀ ਚਿਤਾ ਵਾਂਗ ਹਾਉਕਾ ਉਠਿਆ ਅਤੇ ਸਰੀਰ ਦੇ ਤਣ-ਪੱਤਣ ਨੂੰ ਝੰਜੋੜ ਗਿਆ। ਅਮਰੋ ਦੇ ਚਿਹਰੇ 'ਤੇ ਪਿਲੱਤਣ ਸੀ। ਜਿਵੇਂ ਉਹ ਜੁੱਗੜਿਆਂ ਦੀ ਬਿਮਾਰ ਸੀ। ਕੌਰਾ ਬੱਸ ਦੀ ਸੀਟ ਦੇ ਡੰਡੇ 'ਤੇ ਸਿਰ ਸੁੱਟੀ ਬੈਠਾ ਸੀ। ...ਕੀ ਖੱਟਿਆ ਇਸ ਜੱਗ ਤੋਂ ਕੌਰਾ ਸਿਆਂ...? ...ਜੁਆਨੀ ਆਈ, ਵਿਆਹ ਹੋਇਆ, ਜਦੋਂ ਸੁੱਖ ਸ਼ਾਂਤੀ ਨਾਲ਼ ਜਿਉਣ ਦੇ ਦਿਨ ਸੀ ... ਓਦੋਂ ਇਹਨੇ ਦੁਸ਼ਟ ਨੇ ਦੇਵਤੇ ਵਰਗੀ ਦਰਵੇਸ਼ ਭਰਜਾਈ ਸੱਦੋ ਦਾ ਕਤਲ ਕਰ ਦਿੱਤਾ... ਤੇ ਆਪ ਜੇਲ੍ਹ ਚਲੀ ਗਈ...! ਗਊ ਵਰਗਾ ਸਾਊ ਅਤੇ ਹਮਦਰਦ ਭਰਾ ਬਖ਼ਤੌਰ ਹਾਲਾਤਾਂ ਦਾ ਮਾਰਿਆ ਬਾਹਰ ਚਲਿਆ ਗਿਆ...! ਬਾਪੂ ਮਰਨ ਤੋਂ ਬਾਅਦ ਇੱਕੋ ਇੱਕ ਆਸਰਾ ਸੀ ਵੱਡਾ ਬਾਈ ਬਖ਼ਤੌਰ, ਉਹ ਵੀ ਪ੍ਰਦੇਸੀ ਹੋ ਕੇ ਮੈਨੂੰ ਅਨਾਥ ਕਰ ਗਿਆ..! ... ਰੱਬ ਨੇ ਦੋ ਪੁੱਤ ਦਿੱਤੇ... ਪਰ ਉਹ ਵੀ ਨਾ ਹੋਇਆਂ ਵਰਗੇ... ਸਾਰੀ ਉਮਰ ਭੱਠ 'ਚ ਭੁੱਜਦੇ ਨੇ ਕੱਟੀ ਐ...! ਰੱਬ ਨੇ ਸੁਖ ਦਾ ਸਾਹ ਨੀ ਦਿੱਤਾ...! ਬੇਮੁਹਾਰੇ ਹੰਝੂ ਉਸ ਦੀਆਂ ਅੱਖਾਂ 'ਚੋਂ ਕਿਰ ਕੇ ਉਸ ਦੇ ਗੋਡਿਆਂ ਉਪਰ ਡਿੱਗਣ ਲੱਗ ਪਏ।

ਫੁੱਲ ਤਾਰਨ ਤੋਂ ਬਾਅਦ ਹੀਰੇ ਨਮਿੱਤ ਸਹਿਜ ਪਾਠ ਪ੍ਰਕਾਸ਼ ਕਰਵਾ ਕੇ ਭੋਗ ਪਾਇਆ ਗਿਆ ਅਤੇ ਵਿੱਛੜੀ ਰੂਹ ਦੀ ਆਤਮਾ ਦੀ ਸ਼ਾਂਤੀ ਲਈ ਗੁਰੂ ਮਹਾਰਾਜ ਅੱਗੇ ਅਰਦਾਸਾਂ ਹੋਈਆਂ ਸਨ। ਨਸੀਬ ਕੌਰ ਅਤੇ ਇੰਦਰ ਦੋ ਰਾਤਾਂ ਰਹਿ ਕੇ ਗਏ ਸਨ। ਚਾਚਾ ਕੇਹਰਾ ਕੌਰੇ ਦੇ ਘਰ ਹੀ ਸੀ।

## ਕਾਂਡ 27

ਹੀਰੇ ਦੀ ਮੌਤ ਨੂੰ ਤਕਰੀਬਨ ਸਾਲ ਬੀਤ ਗਿਆ ਸੀ।

ਕੌਰਾ ਅਤੇ ਅਮਰੋ ਰੋ ਧੋ ਕੇ ਜ਼ਿੰਦਗੀ ਬਤੀਤ ਕਰ ਰਹੇ ਸਨ।

ਹਫ਼ਤੇ ਵਿੱਚ ਇੱਕ ਵਾਰੀ ਬਖ਼ਤੌਰ ਦਾ ਫ਼ੋਨ ਆ ਜਾਂਦਾ ਤਾਂ ਉਹਨਾਂ ਦਾ ਦਿਲ ਟਿਕ ਜਾਂਦਾ।

ਕੌਰੇ ਅਤੇ ਅਮਰੋ ਦੇ ਸਿਰ 'ਤੇ ਇੱਕ ਹੋਰ ਭਾਵੀ ਟੁੱਟ ਪਈ। ਉਹ ਤਾਂ ਅਜੇ ਹੀਰੇ ਦੀ ਮੌਤ ਦੇ ਸਦਮੇਂ 'ਚੋਂ ਹੀ ਨਹੀਂ ਉਭਰ ਸਕੇ ਸਨ, ਉਤੋਂ ਇਹ ਪਹਾੜ ਟੁੱਟ ਪਿਆ। ਇਸ ਵਾਰਦਾਤ ਦੀ ਸਾਰੇ ਪਿੰਡ ਵਿੱਚ ਚਰਚਾ ਸੀ! ਪਿੰਡ ਵਿੱਚ ਇੱਕ ਤਰ੍ਹਾਂ ਨਾਲ਼ ਹਾਹਾਕਾਰ ਮੱਚੀ ਹੋਈ ਸੀ!! ਕਿਸੇ ਨੂੰ ਸੱਚ ਹੀ ਨਹੀਂ ਆ ਰਿਹਾ ਸੀ!!!

ਬੱਗੇ ਦਾ ਦਿਨ ਦਿਹਾੜ੍ਹੇ ਕਤਲ ਹੋ ਗਿਆ ਸੀ!!

....ਅਸਲ ਵਿੱਚ ਇਸ ਚਿੱਟੇ ਦਿਨ ਕੀਤੇ ਗਏ ਕਤਲ ਦੇ ਪਿੱਛੇ ਇੱਕ ਅਜੀਬ "ਭੇਦ" ਛੁਪਿਆ ਹੋਇਆ ਸੀ, ਜਿਸ ਨੂੰ ਪਿੰਡ ਵਾਸੀਆਂ ਵਿੱਚੋਂ ਸਾਰੇ ਨਹੀਂ ਜਾਣਦੇ ਸਨ। ਕੌੜੇ ਸੱਚ ਦਾ ਕਿਸੇ ਟਾਂਵੇਂ-ਟਾਂਵੇਂ ਨੂੰ ਹੀ ਪਤਾ ਸੀ, ਬਾਕੀਆਂ ਵੱਲੋਂ ਤਾਂ ਬੱਸ ਸੁਣੀਆਂ ਸੁਣਾਈਆਂ ਗੱਲਾਂ ਨੂੰ ਮੁੱਦਾ ਬਣਾ ਕੇ, ਗੱਪਾਂ ਦਾ ਕੜ੍ਹਾਹ ਕੀਤਾ ਜਾ ਰਿਹਾ ਸੀ।

ਬੱਗੇ ਦੀ ਇੱਕ ਕੁੜੀ ਜੋਤੀ ਨਾਲ਼ ਕਾਲਜ ਵਿੱਚ ਦੋਸਤੀ ਸੀ। ਬੱਗਾ ਥੋੜ੍ਹਾ "ਤੱਤੇ" ਪੈਰਾਂ ਵਾਲ਼ਾ ਸੀ, ਜਦ ਕਿ ਜੋਤੀ ਬੜੀ ਸਮਝਦਾਰ ਅਤੇ ਸਹਿਜ ਮਤੇ ਵਾਲ਼ੀ ਕੁੜੀ ਸੀ। ਜੋਤੀ ਤਿੰਨ ਭਰਾਵਾਂ ਦੀ ਸਭ ਤੋਂ ਛੋਟੀ ਅਤੇ "ਲਾਡਲੀ" ਭੈਣ ਸੀ। ਜੋਤੀ ਦਾ ਬਾਪ ਮਿਲਟਰੀ ਵਿੱਚ ਕਰਨਲ ਸੀ ਅਤੇ ਅਜੇ ਹੁਣੇ ਹੀ ਰਿਟਾਇਰ ਹੋਇਆ ਸੀ। ਜੋਤੀ ਡਬਲ ਐਮ. ਏ. ਕਰਨ ਤੋਂ ਬਾਅਦ ਹੁਣ ਬੀ. ਐੱਡ ਕਰ ਰਹੀ ਸੀ। ਨਾਲਾਇਕ ਬੱਗਾ ਕਈ ਸਾਲਾਂ ਤੋਂ ਬਾਰ੍ਹਵੀਂ ਵਿੱਚ ਹੀ ਗੇੜੇ ਖਾਈ ਜਾ ਰਿਹਾ ਸੀ। ਉਹ ਕਿਹੜਾ ਨਸ਼ਾ ਸੀ, ਜੋ ਬੱਗੇ ਨੂੰ ਨਹੀਂ ਚਿੰਬੜਿਆ ਹੋਇਆ ਸੀ। ਛੋਟੀ ਕਿਰਸਾਣੀ ਵਾਲ਼ਾ ਬੱਗੇ ਦਾ ਪਿਉ ਕੌਰਾ ਉਸ ਤੋਂ ਬੜਾ ਹੀ ਦੁਖੀ ਸੀ।

ਆੜ੍ਹਤੀਏ ਦਾ ਕਰਜ਼ਾ ਤਾਂ ਕੌਰੇ ਦੇ ਗਲ਼ ਅੱਗੇ ਹੀ ਸਾਹ ਪੀਣੀਂ ਸਰਾਲ਼ ਬਣ ਕੇ ਪਿਆ ਹੋਇਆ ਸੀ, ਅਤੇ ਬਾਕੀ ਬੱਗੇ ਦੇ ਸ਼ਾਹੀ ਖਰਚੇ ਲੋਟ ਨਹੀਂ ਆਉਂਦੇ ਸਨ। ਬੱਗਾ ਸ਼ਰਾਬ, ਭੁੱਕੀ ਅਤੇ ਹੋਰ ਨਸ਼ਿਆਂ ਨੂੰ ਨਿੱਤ ਮੂੰਹ ਮਾਰਦਾ ਸੀ। ਰਾਤ ਨੂੰ ਜਦ ਉਹ ਨਸ਼ੇ ਕਾਰਨ ਲੁੜਕਦਾ ਆਉਂਦਾ, ਤਾਂ ਦੁਖੀ ਬਾਪ ਨਿੱਤ ਪੁੜਪੜੀਆਂ ਦਾ ਭੇੜੂ ਕਰਦਾ, ਉਸ ਨੂੰ ਸਮਝਾਉਂਦਾ। ਪਰ ਥੰਧੇ ਘੜ੍ਹੇ ਬੱਗੇ ਉਪਰ ਭੋਰਾ ਅਸਰ ਨਾ ਹੁੰਦਾ। ਉਹ ਮਿੱਟੀ ਦਾ ਮਾਧੋ ਜਿਹਾ ਬਣ ਕੇ ਢੀਠ ਹੋਇਆ ਸੁਣਦਾ ਰਹਿੰਦਾ ਅਤੇ ਕੰਨ ਮੁੱਢ ਮਾਰ ਛੱਡਦਾ। ਬਾਪੂ ਦੀਆਂ ਗੱਲਾਂ ਉਪਰ ਉਹ ਕੰਨ ਨਹੀਂ ਧਰਦਾ ਸੀ ਅਤੇ ਨਾ ਹੀ ਉਸ ਦੇ ਮਨ 'ਤੇ ਕੋਈ ਅਸਰ ਹੀ ਹੁੰਦਾ ਸੀ।

-"ਐਦੂੰ ਤਾਂ ਇਹ ਮੇਰਾ ਸਾਲ਼ਾ ਮਰ ਈ ਜਾਵੇ, ਸਬਰ ਤਾਂ ਕਰ ਕੇ ਬਹਿਜਾਂ...! ਅੱਗੇ ਦੂਜਾ ਮਰ ਈ ਗਿਆ..!" ਅੱਕਿਆ ਕੌਰਾ ਅਜੀਬ ਬੋਲ-ਕਬੋਲ ਕਰਦਾ, "ਕਦੇ ਪੀ ਕੇ ਸਾਲ਼ਾ ਆਨੇਂ ਜੇ ਕੱਢੀ ਜਾਊ, ਜਾਂ ਆਹ ਫ਼ੂਨ ਜੇ 'ਚ ਮੂੰਹ ਗੱਡੀ ਰੱਖੂ, ਅਖੇ ਮੈਂ ਫ਼ੇਸਬੁੱਕ ਦੇਖਦੈਂ...! ਜਾਂ ਕੁੜੀ ਦਾ ਯਾਰ ਮੋਟਰ ਛੈਂਕਲ 'ਤੇ ਭਲਵਾਨੀ ਗੇੜੇ ਕੱਢੀ ਜਾਊ, ਜਿਵੇਂ ਸਾਲ਼ਾ ਟਾਟੇ ਦਾ ਪੋਤਾ ਹੁੰਦੈ...!"

-"ਵੇ ਕਾਹਨੂੰ ਕੁਲੈਹਣੀਆਂ ਗੱਲਾਂ ਕਰਦੈਂ ਕੁਵੇਲ਼ੇ...? ਰੱਬ ਤੋਂ ਸੁੱਖ ਮੰਗਿਆ ਕਰ...! ਮੂੰਹੋਂ ਗੱਲ ਕੱਢਣ ਲੱਗਿਆ ਕੋਈ ਵੇਲਾ-ਕੁਵੇਲਾ ਨੀ ਦੇਖਦਾ, ਭਰੜ-ਭਰੜ ਕੱਢੀ ਜਾਊ...! ਅੱਗੇ ਵੱਡੇ ਦਾ ਸਿਵਾ ਸੇਕ ਕੇ ਨਿੱਘਾ ਨੀ ਹੋਇਆ...?" ਛੋਟੇ ਪੁੱਤ ਬਾਰੇ ਮਨਹੂਸ ਜਿਹੀਆਂ ਗੱਲਾਂ ਸੁਣ ਕੇ ਬੱਗੇ ਦੀ ਮਾਂ ਅਮਰੋ ਦਾ ਕਾਲ਼ਜਾ ਫੜ੍ਹਿਆ ਜਾਂਦਾ।

-"ਨੀ ਉਹ ਸਰਾਸਰ ਤੇਰਾ ਚਮਲਾਇਆ ਵਿਐ, ਜੇ ਪਹਿਲੇ ਦਿਨ ਤੋਂ ਈ ਟੋਟਣ 'ਚ ਲਿਵਤਰੇ ਮਾਰੇ ਹੁੰਦੇ, ਅੱਜ ਨੂੰ ਤੱਕਲ਼ੇ ਅਰਗਾ ਸਿੱਧਾ ਹੋਇਆ ਹੁੰਦਾ, ਤੂੰ ਤਾਂ ਬੁੱਕਲ 'ਚ ਬਿਠਾ-ਬਿਠਾ ਕੇ ਇਹਨਾਂ ਨੂੰ ਨਲ਼ੀਚੋਚਲ ਬਣਾਤਾ....!"

-"ਮੈਂ ਈ ਮਾੜੀ ਆਂ ਸਾਰੇ ਜਹਾਨ ਦੀ..! ਜਿਸ ਦਿਨ ਮੈਂ ਮਰਗੀ, ਸਾਰੇ ਸੌਖੇ ਹੋ ਜਾਣਗੇ...! ਚੌੜੇ ਹੋ ਕੇ ਬਹਿ ਜਿਓ...!" ਅਮਰੋ ਰੋਣ ਲੱਗ ਪਈ।

-"ਲੈ...! ਔਹ ਆ ਗਿਆ, ਪਾ ਲੈ ਸਲਾਮੀ ਸੁੱਖੀ ਲੱਧੇ ਨੂੰ...! ਚੋਪੜਲਾ ਸਿੰਗ...!"


ਚਲਦਾ...


**ਨਾਵਲਾਂ, ਕਹਾਣੀਆਂ ਵਿਚ ਪ੍ਰਕਾਸ਼ਿਤ ਹੋਣ ਵਾਲੇ ਨਾਂ, ਥਾਂ ਅਤੇ ਘਟਨਾਵਾਂ ਖ਼ਿਆਲੀ ਹਨ। ਕਿਸੇ ਨਾਂ, ਥਾਂ ਜਾਂ ਘਟਨਾ ਨਾਲ ਕੋਈ ਵਾਸਤਾ ਨਹੀਂ। ਅਗਰ ਕਿਤੇ ਕੋਈ ਮੇਲ ਖਾ ਜਾਵੇ ਤਾਂ ਲੇਖਕ ਅਤੇ ਸੰਪਾਦਕ ਜ਼ਿੰਮੇਵਾਰ ਨਹੀਂ ਹਨ!**

**-ਸੰਪਾਦਕ**

# ਗੁਰਬਾਣੀ ਮੁਤਾਬਿਕ ਸਵਾਲ ਜਵਾਬ

ਡਾ. ਤਰਲੋਕ ਸਿੰਘ ਸਹੋਤਾ, ਥੰਡਰ ਬੇ, ਕੈਨੇਡਾ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

ਜਦ ਕਿ ਗਿਆਨੀ ਪ੍ਰਭੂ ਦੇ ਸ੍ਰੇਸ਼ਟ ਪਿਆਰ ‘ਚ ਜਾਗਦਾ ਤੇ ਸੌਂਦਾ ਹੈ; ਭਾਵ ਸ਼ਾਂਤੀ ਨਾਲ਼ ਸੌਂਦਾ ਹੈ ।“ਮਨਮੁਖ ਭਰਮੈ ਸਹਸਾ ਹੋਵੈ ॥ ਅੰਤਰਿ ਚਿੰਤਾ ਨੀਦ ਨ ਸੋਵੈ ॥ ਗਿਆਨੀ ਜਾਗਹਿ ਸਵਹਿ ਸੁਭਾਇ ॥ ਅੰਗ 646”। ਲੇਕਿਨ ਸਤਿਗੁਰੂ ਜੀ ਸਾਨੂੰ ਸਮਝਾਉਂਦੇ ਹਨ ਕਿ ਉਹੀ ਮਨੁੱਖ ਭਗਤ ਹੈ, ਉਹੀ ਗਿਆਨੀ ਹੈ, ਉਹੀ ਸੁਰਤਿ-ਅਭਿਆਸੀ ਹੈ, ਉਹੀ ਤਪਸ੍ਵੀ ਹੈ, ਜਿਸ ਉਤੇ ਪਰਮਾਤਮਾ ਕਿਰਪਾ ਕਰਦਾ ਹੈ; ਭਾਵ ਪ੍ਰਭੂ ਕਿਰਪਾ ਬਿਨਾ ਕੋਈ ਗਿਆਨੀ ਨਹੀਂ ਬਣ ਸਕਦਾ । “ਸੋਈ ਭਗਤੁ ਗਿਆਨੀ ਧਿਆਨੀ ਤਪਾ ਸੋਈ ਨਾਨਕ ਜਾ ਕਉ ਕਿਰਪਾ ਕੀਜੈ॥3॥1॥29॥ ਅੰਗ 678”। “ਭਗਤੁ ਗਿਆਨੀ ਤਪਾ ਜਿਸੁ ਕਿਰਪਾ ਕਰੈ। ਅੰਗ 958”। ਅਤੇ “ਸੋਈ ਗਿਆਨੀ ਸੋਈ ਜਨੁ ਤੇਰਾ ਜਿਸੁ ਊਪਰਿ ਰੁਚ ਆਵੈ । ਅੰਗ 978”। ਜਿਸਨੇ ਗੁਰੂ ਦੇ ਸ਼ਬਦ ਨਾਲ਼ ਅਟੁੱਟ ਪਿਆਰ ਪਾਇਆ ਹੈ, ਉਹੀ ਗਿਆਨੀ ਹੈ । “ਸੋ ਗਿਆਨੀ ਜਿਨਿ ਸਬਦਿ ਲਿਵ ਲਾਈ ॥ ਅੰਗ 831”। ਉਹੀ ਗਿਆਨੀ ਹੈ ਜੋ ਕਿ ਇਕ ਪ੍ਰਭੂ ਦਾ ਹੀ ਸਿਮਰਨ ਕਰਦਾ ਹੈ । “ਸੋਈ ਗਿਆਨੀ ਜਿ ਸਿਮਰੈ ਏਕ ॥ ਅੰਗ 1150”। ਭਗਤ ਨਾਮ ਦੇਵ ਜੀ ਫੁਰਮਾਉਂਦੇ ਹਨ ਕਿ ਹਿੰਦੂ ਅੰਨ੍ਹਾ ਹੈ (ਕਿਉਂਕਿ ਪੱਥਰ ਪੂਜਦਾ ਹੈ ਤੇ ਰੱਬ ਨੂੰ ਮੰਦਰ ਵਿਚ ਹੀ ਸੀਮਤ ਸਮਝਦਾ ਹੈ), ਮੁਸਲਮਾਨ ਕਾਣਾ ਹੈ (ਕਿਉਂਕਿ ਪੱਥਰ ਨਹੀਂ ਪੂਜਦਾ ਪਰ ਰੱਬ ਨੂੰ ਮਸੀਤ ਤੱਕ ਹੀ ਸੀਮਤ ਸਮਝਦਾ ਹੈ); ਦੋਹਾਂ ਤੋਂ ਗਿਆਨੀ ਸਿਆਣਾ ਹੈ । ਨਾਮਦੇਵ ਨੇ ਉਸ ਸਰਬ ਵਿਆਪਕ ਪਰਮਾਤਮਾ ਦਾ ਸਿਮਰਨ ਕੀਤਾ ਹੈ ਜਿਸ ਦਾ ਨਾ ਕੋਈ ਖ਼ਾਸ ਮੰਦਰ ਹੈ ਤੇ ਨਾ ਹੀ ਮਸਜਿਦ; ਕਹਿਣ ਤੋਂ ਭਾਵ ਕਿ ਗਿਆਨੀ ਪੁਰਸ਼ ਸਰਬ ਵਿਆਪਕ ਪ੍ਰਭੂ ਨੂੰ ਹੀ ਸੇਂਵਦਾ ਹੈ । “ਹਿੰਦੂ ਅੰਨ੍ਹਾ ਤੁਰਕੂ ਕਾਣਾ ॥ ਦੁਹਾਂ ਤੇ ਗਿਆਨੀ ਸਿਆਣਾ ॥ ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥ ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ ॥4॥3॥7॥ ਅੰਗ 875”। ਜੋ ਪ੍ਰਭੂ ਦੇ ਗੁਣਾਂ ਦੀ ਵਿਚਾਰ ਕਰਦਾ ਹੈ, ਉਹੀ ਗਿਆਨੀ ਹੈ, ਕਿਉਂਕਿ (ਪ੍ਰਭੂ ਦੇ) ਗੁਣਾਂ ‘ਚੋਂ ਹੀ ਪ੍ਰਭੂ ਦੇ ਗਿਆਨ ਦੀ ਪ੍ਰਾਪਤੀ ਹੁੰਦੀ ਹੈ । “ਗੁਣ ਵੀਚਾਰੇ ਗਿਆਨੀ ਸੋਇ ॥ ਗੁਣ ਮਹਿ ਗਿਆਨੁ ਪਰਾਪਤਿ ਹੋਇ ॥ ਅੰਗ 931”। ਜੋ ਮਨੁੱਖ ਗੁਰੂ ਨਾਲ ਡੂੰਘੀ ਸਾਂਝ ਬਣਾ ਲੈਂਦਾ ਹੈ, ਉਹ ਗੁਰੂ ਦੇ ਸ਼ਬਦ ਦੁਆਰਾ ਗਿਆਨੀ ਬਣ ਜਾਂਦਾ ਹੈ । “ਗੁਰਮੁਖਿ ਪਰਚੈ ਸੁ ਸਬਦਿ ਗਿਆਨੀ ॥ ਅੰਗ 941”। ਗਿਆਨੀ ਸੱਚੇ ਨਾਮ ਦਾ ਸੁਰਮਾ ਪਾਉਂਦਾ ਹੈ ਤੇ ਦੇਖਣਹਾਰ ਪ੍ਰਭੂ ਨੂੰ ਦੇਖਦਾ ਹੈ । “ਗਿਆਨੀ ਅੰਜਨੁ ਸਚ ਕਾ ਡੇਖੈ ਡੇਖਣਹਾਰੁ ॥ ਅੰਗ 1015”। ਜਿਹੜਾ ਮਨੁੱਖ ਗਿਆਨੀ ਹੋਵੇ, ਉਹ ਗੁਰੂ ਦੇ ਸਨਮੁਖ ਰਹਿ ਕੇ ਇਹ ਬੁੱਝ ਲੈਂਦਾ ਹੈ ਕਿ ਪ੍ਰਭੂ ਦੀ ਸਿਫ਼ਤਿ ਸਾਲਾਹ ਹੀ ਸੱਚੀ ਸਿਫ਼ਤਿ ਸਾਲਾਹ ਹੈ; ਭਾਵ ਸਦਾ ਕਾਇਮ ਰਹਿਣ ਵਾਲ਼ੀ ਹੈ । “ਗਿਆਨੀ ਹੋਵੈ ਸੁ ਗੁਰਮੁਖਿ ਬੂਝੈ ਸਾਚੀ ਸਿਫਤਿ ਸਲਾਹਾ ਹੇ ॥4॥ ਅੰਗ 1056”। ਗਿਆਨੀ ਆਦਮੀ ਵਿਚਾਰੀ ਮੁਕਤੀ (ਦੀ ਮੰਗ) ਵੀ ਤਿਆਗ ਦਿੰਦਾ ਹੈ । “ਮੁਕਤਿ ਬਪੁੜੀ ਭੀ ਗਿਆਨੀ ਤਿਆਗੇ ॥ ਅੰਗ 1078”। ਗਿਆਨੀਆਂ ਦੀ ਇਹ ਵਡਿਆਈ ਹੈ ਕਿ ਉਹ ਆਪਣੇ ਅੰਤਰ ਆਤਮੇ ਟਿਕੇ ਰਹਿੰਦੇ ਹਨ । ਸਦਾ ਥਿਰ ਪ੍ਰਭੂ ‘ਚ ਧਿਆਨ ਲਾ ਕੇ ਉਹ ਪ੍ਰਭੂ ਦੇ ਮਹਿਲ ਦੀ ਪ੍ਰਾਪਤੀ ਕਰ ਲੈਂਦੇ ਹਨ । “ਗਿਆਨੀਆ ਕਾ ਇਹੁ ਮਹਤੁ ਹੈ ਮਨ ਮਾਹਿ ਸਮਾਨਾ ॥ ਹਰਿ ਜੀਉ ਕਾ ਮਹਲੁ ਪਾਇਆ ਸਚੁ ਲਾਇ ਧਿਆਨਾ ॥ ਅੰਗ 1089”। ਪੂਰੇ ਗੁਰੂ ਦੀ ਕਹਾਣੀ ਕਹੀ ਨਹੀਂ ਜਾ ਸਕਦੀ ਜਿਸਨੇ ਬੰਦੇ ਨੂੰ ਮਹਾਂ ਮੂਰਖ ਤੋਂ ਗਿਆਨੀ ਬਣਾ ਦਿੱਤਾ । “ਮਹਾ ਮੁਗਧ ਤੇ ਕੀਆ ਗਿਆਨੀ ॥ ਗੁਰ ਪੂਰੇ ਕੀ ਅਕਥ ਕਹਾਨੀ ॥ ਅੰਗ 1338”। ਗਿਆਨੀ ਅਮਰ ਹੋ ਜਾਂਦਾ ਹੈ, ਉਸਦੀ ਸੁਰਤੀ ਪ੍ਰਭੂ ਵਿਚ ਜੁੜੀ ਰਹਿੰਦੀ ਹੈ ਜਿਸ ਕਰਕੇ ਉਸਦੀ ਲੋਕ ਪ੍ਰਲੋਕ ‘ਚ ਇੱਜ਼ਤ ਹੁੰਦੀ ਹੈ । “ਗਿਆਨੀ ਜੀਵੈ ਸਦਾ ਸਦਾ ਸੁਰਤੀ ਹੀ ਪਤਿ ਹੋਇ ॥ ਅੰਗ 1412”। ਗਿਆਨੀਆਂ ਦੇ ਅੰਦਰ (ਸਦਾ) ਗੁਰੂ ਦਾ ਸ਼ਬਦ ਵਸਦਾ ਹੈ, ਉਹਨਾਂ ਦੀ ਲਗਨ ਸਦਾ ਪ੍ਰਭੂ ਵਿਚ ਲੱਗੀ ਰਹਿਣ ਕਰਕੇ ਉਹ ਸਦਾ ਖਿੜਾਉ ’ਚ ਰਹਿੰਦੇ ਹਨ । ਪਰਮਾਤਮਾ ਗਿਆਨੀਆਂ ਦੀ ਸਦਾ ਇੱਜ਼ਤ ਰੱਖਦਾ ਹੈ, ਮੈਂ ਸਦਾ ਹੀ ਉਹਨਾਂ ਤੋਂ ਕੁਰਬਾਨ ਜਾਂਦਾ ਹਾਂ। ਜਿਹੜੇ ਗੁਰੂ ਅਨੁਸਾਰੀ ਪਰਮਾਤਮਾ ਦੀ ਸੇਵਾ-ਭਗਤੀ ਕਰਦੇ ਰਹਿੰਦੇ ਹਨ, ਦਾਸ ਨਾਨਕ ਉਹਨਾਂ ਦਾ ਸੇਵਕ ਹੈ । “ਗਿਆਨੀਆ ਅੰਦਰਿ ਗੁਰ ਸਬਦੁ ਹੈ ਨਿਤ ਹਰਿ ਲਿਵ ਸਦਾ ਵਿਗਾਸੁ ॥ ਹਰਿ ਗਿਆਨੀਆ ਕੀ ਰਖਦਾ ਹਉ ਸਦ ਬਲਿਹਾਰੀ ਤਾਸੁ ॥ ਗੁਰਮੁਖਿ ਜੋ ਹਰਿ ਸੇਵਦੇ ਜਨ ਨਾਨਕੁ ਤਾ ਕਾ ਦਾਸੁ ॥21॥ ਅੰਗ 1415”। ਹੇ ਨਾਨਕ! ਆਖ—ਹੇ ਮਨ! ਸੁਣ, ਜਿਹੜਾ ਮਨੁੱਖ ਕਿਸੇ ਨੂੰ (ਕੋਈ) ਡਰਾਵੇ ਨਹੀਂ ਦਿੰਦਾ ਅਤੇ ਕਿਸੇ ਦੇ ਡਰਾਵੇ ਨੂੰ ਨਹੀਂ ਮੰਨਦਾ (ਭਾਵ ਕਿਸੇ ਦੇ ਡਰਾਉਣ ਤੇ ਡਰਦਾ ਨਹੀਂ) ਉਸ ਨੂੰ ਗਿਆਨੀ ਆਖੋ (ਭਾਵ ਸਮਝੋ) । “ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ ॥16॥ ਅੰਗ 1427”।

ਗਿਆਨੀਆਂ ਦੀ ਦਾਸੀ ਕੌਣ ਬਣਦੀ ਹੈ? ਮਾਇਆ (ਜੋ ਸਾਰੀ ਦੁਨੀਆਂ ਨੂੰ ਫਸਾਈ ਰੱਖਦੀ ਹੈ) ਗਿਆਨੀ ਦੀ ਦਾਸੀ ਬਣ ਕੇ ਰਹਿੰਦੀ ਹੈ । ਉਸ ਦੇ ਅੱਗੇ ਹੱਥ ਜੋੜਦੀ ਹੈ, ਉਸ ਦੀ ਸੇਵਾ ਕਰਦੀ ਹੈ ਤੇ ਉਸ ਅੱਗੇ ਬੇਨਤੀ ਕਰਦੀ ਹੈ ਕਿ ਮੈਂ ਉਹੀ ਕਾਰ ਕਰਾਂਗੀ ਜੇਹੜੀ ਤੂੰ ਆਖੇਂ, ਮੈਂ ਉਸ ਮਨੁੱਖ ਦੇ ਨੇੜੇ ਨਹੀਂ ਢੁੱਕਾਂਗੀ ਜਿਹੜਾ ਗੁਰੂ ਦੀ ਸ਼ਰਨ ਪੈਂਦਾ ਹੈ । “ਗਿਆਨੀ ਕੀ ਹੋਇ ਵਰਤੀ ਦਾਸਿ ॥ ਕਰ ਜੋੜੇ ਸੇਵਾ ਕਰੇ ਅਰਦਾਸਿ ॥ ਜੋ ਤੂੰ ਕਹਹਿ ਸੁ ਕਾਰ ਕਮਾਵਾ ॥ ਜਨ ਨਾਨਕ ਗੁਰਮੁਖ ਨੇੜਿ ਨ ਆਵਾ ॥4॥1॥ ਅੰਗ 370”।

ਸਭ ਤੋਂ ਵੱਡਾ ਗਿਆਨੀ ਕੌਣ ਹੈ? ਹੇ ਪ੍ਰਭੂ! ਨਾਵਾਂ ਵਿਚੋਂ ਸਭ ਤੋਂ ਉੱਤਮ ਨਾਮ ਤੇਰਾ ਨਾਮ ਹੈ; ਗਿਆਨੀਆਂ ‘ਚੋਂ ਗਿਆਨੀ (ਭਾਵ ਸਭ ਤੋਂ ਵੱਡਾ ਗਿਆਨੀ) ਤੂੰ ਹੀ ਹੈਂ! “ਨਾਮਨ ਮਹਿ ਤੇਰੋ ਪ੍ਰਭ ਨਾਮਾ ਗਿਆਨਨ ਮਹਿ ਗਿਆਨੀ ॥ ਅੰਗ 507”। ਪ੍ਰਭੂ ਆਪ ਹੀ ਗਿਆਨੀ (ਆਪਣੇ ਆਪ ਨੂੰ ਜਾਣਨ ਵਾਲ਼ਾ) ਹੈ, ਆਪ ਹੀ ਆਪਣੇ ਆਪ ਵਿਚ ਸਮਾਧੀ ਲਾਣ ਵਾਲ਼ਾ ਹੈ ਤੇ ਆਪ ਹੀ ਅਤਿ ਗੂੜ੍ਹੇ/ਉੱਚੇ ਆਚਰਨ ਵਾਲ਼ਾ ਹੈ । “ਆਪਿ ਸੁ ਗਿਆਨੀ ਆਪਿ ਧਿਆਨੀ ਆਪਿ ਸਤਵੰਤਾ ਅਤਿ ਗਾੜਾ ॥11॥ ਅੰਗ 1081”। ਸਤਿਗੁਰੂ ਨਾਨਕ ਦੇਵ ਜੀ ਨੇ ਪਰਮਾਤਮਾ ਨੂੰ ਗਿਆਨ ਦਾ ਬਾਦਸ਼ਾਹ ਆਖਿਆ ਹੈ! ਜੇ ਜੀਵ-ਇਸਤ੍ਰੀ ਆਪਣੇ ਮਨ ਦੇ ਮਹਿਲ ਵਿਚ ਗਿਆਨ ਦਾ ਦੀਵਾ ਜਗਾਏ, ਹਿਰਦੇ ਨੂੰ (ਪ੍ਰਭੂ-ਮਿਲਾਪ ਵਾਸਤੇ) ਸੇਜ ਬਣਾਏ, ਹੇ ਨਾਨਕ! (ਉਸ ਦੇ ਇਸ ਸਾਰੇ ਆਤਮਕ ਸ਼ਿੰਗਾਰ ਉਤੇ ਰੀਝ ਕੇ) ਜਦੋਂ ਗਿਆਨ ਦਾ ਬਾਦਸ਼ਾਹ ਪ੍ਰਭੂ ਉਸ ਦੀ ਹਿਰਦੇ-ਸੇਜ ਉਤੇ ਪਰਗਟ ਹੁੰਦਾ ਹੈ, ਤਾਂ ਉਸ ਨਾਲ਼ ਭੋਗ (ਮਿਲਾਪ) ਕਰਦਾ ਹੈ ।


“ਮਨ ਮੰਦਰਿ ਜੇ ਦੀਪਕੁ ਜਾਲੇ ਕਾਇਆ ਸੇਜ ਕਰੇਈ ॥ ਗਿਆਨਰਾਉ ਜਬ ਸੇਜੈ ਆਵੈ ਤ ਨਾਨਕ ਭੋਗੁ ਕਰੇਈ ॥4॥1॥35॥ ਅੰਗ 359”।

ਬਾਕੀ ਅਗਲੇ ਹਫ਼ਤੇ ਪੜ੍ਹੋ

ਪੰਜਾਬੀ ਸਿੱਖਣ ਲਈ ਕਿਤਾਬਾਂ

ਜੀ ਸੀ ਐਸ ਈ ਦੀ ਤਿਆਰੀ ਲਈ ਬੱਚਿਆਂ ਨੂੰ ਤੋਹਫ਼ੇ GIFT ਵਜੋਂ ਇਹ ਕਿਤਾਬਾਂ ਦਿਓ ਤੇ ਪੰਜਾਬੀ ਨਾਲ ਜੋੜੋ

ਜੇ ਤੁਹਾਡੇ ਬੱਚੇ ਜਾਂ ਤੁਸੀਂ ਪੰਜਾਬੀ ਪੜ੍ਹਨੀ ਲਿਖਣੀ ਸਿੱਖਣੀ ਚਾਹੁੰਦੇ ਹੋ, ਤਾਂ ਇਸ ਵਾਸਤੇ ਪੰਜਾਬ ਟਾਈਮਜ਼ ਵੱਲੋਂ 1 ਤੋਂ 4 ਲੈਵਲ ਤੱਕ ਚਾਰ ਪੁਸਤਕਾਂ ਸਿੱਖ ਸਕੂਲ ਡੌਟ ਕੌਮ, ਕੈਲੇਫੋਰਨੀਆ ਦੀ ਆਗਿਆ ਨਾਲ ਛਾਪੀਆਂ ਗਈਆਂ ਹਨ। ਇਹਨਾਂ (Work Books) ਦੀ ਮਦਦ ਨਾਲ ਤੁਸੀਂ ਆਸਾਨੀ ਨਾਲ ਬੱਚਿਆਂ ਨੂੰ ਪੰਜਾਬੀ ਸਿਖਾ ਸਕਦੇ ਹੋ ਇਹਨਾਂ ਪੁਸਤਕਾਂ ਨਾਲ ਅੰਗਰੇਜ਼ੀ ਰਾਹੀਂ ਪੰਜਾਬੀ ਸਿੱਖ ਸਕਦੇ ਹੋ ਪੁਸਤਕਾਂ ਦੀ ਕੀਮਤ ਕੇਵਲ ਲਾਗਤ ਮਾਤਰ ਹੀ ਰੱਖੀ ਗਈ ਹੈ । ਇਹ ਪੁਸਤਕਾਂ ਮੁਨਾਫ਼ਾ ਕਮਾਉਣ ਲਈ ਨਹੀਂ ਬਲਕਿ ਪੰਜਾਬੀ ਦੇ ਪ੍ਰਚਾਰ ਹਿੱਤ ਬਹੁਤ ਹੀ ਸਸਤੀਆਂ ਦਿੱਤੀਆਂ ਜਾ ਰਹੀਆਂ ਹਨ।




ਇਹ ਕਿਤਾਬ ਤੁਹਾਡੇ ਆਪਣੇ ਗੋਰੇ ਸਾਥੀਆਂ ਨੂੰ ਦੇਣ ਲਈ ਵੀ ਬਹੁਤ ਲਾਭਦਾਇਕ ਹੈ । ਜਿਸ ਤੋਂ ਤੁਸੀਂ ਅੰਗਰੇਜ਼ੀ ਤੋਂ ਪੰਜਾਬੀ ਅਤੇ ਪੰਜਾਬੀ ਤੋਂ ਅੰਗਰੇਜ਼ੀ ਬੜੇ ਆਸਾਨ ਤਰੀਕੇ ਨਾਲ ਸਿੱਖ ਸਕਦੇ ਹੋ

4 ਕਿਤਾਬਾਂ ਦੇ ਸੈਟ ਦੀ ਕੀਮਤ ਕੇਵਲ £15.00 ਪੌਂਡ (ਡਾਕ ਖਰਚ ਸਮੇਤ) ਹੈ
ਕਿਤਾਬਾਂ ਦੇ 10 ਸੈਟਾਂ ਤੋਂ ਉੱਪਰ ਆਰਡਰ ਤੇ ਡਿਸਕਾਊਂਟ ਦਿੰਦੇ ਹਾਂ।

ਕਿਤਾਬਾਂ ਮੰਗਵਾਉਣ ਲਈ ਤੁਸੀਂ ਹੇਠਾਂ ਦਿੱਤੇ ਨੰਬਰਾਂ 'ਤੇ ਸੰਪਰਕ ਕਰ ਸਕਦੇ ਹੋ

Whats App (M) 07966 388388

PANJAB TIMES
Bridle Gate Lane, Alvaston, Derby, DE24 0QW, U.K.
Email: panjabtimes@gmail.com,
www.panjabtimes.co.uk Tel: 01332 372 851
www.fb.com/punjabtimesuk

## ਏਅਰ ਇੰਡੀਆ ਨੂੰ 98 ਲੱਖ ਰੁਪਏ ਦਾ ਜੁਰਮਾਨਾ

ਨਵੀਂ ਦਿੱਲੀ : ਡੀਜੀਸੀਏ ਨੇ ਗੈਰ-ਕੁਆਲੀਫਾਈਡ ਕਰੂ ਮੈਂਬਰਾਂ ਨਾਲ ਉਡਾਣਾਂ ਚਲਾਉਣ ਲਈ ਏਅਰ ਇੰਡੀਆ ਨੂੰ 98 ਲੱਖ ਰੁਪਏ ਦਾ ਜੁਰਮਾਨਾ ਕੀਤਾ ਹੈ। ਹਵਾਬਾਜ਼ੀ ਰੈਗੂਲੇਟਰ ਨੇ ਕਿਹਾ ਕਿ ਡਾਇਰੈਕਟੋਰੇਟ ਆਫ਼ ਸਿਵਲ ਐਵੀਏਸ਼ਨ (ਡੀਜੀਸੀਏ) ਨੇ ਗੈਰ-ਕੁਆਲੀਫਾਈਡ ਅਮਲੇ ਦੇ ਮੈਂਬਰਾਂ ਨਾਲ ਉਡਾਣਾਂ ਚਲਾਉਣ ਲਈ ਏਅਰ ਇੰਡੀਆ 'ਤੇ 98 ਲੱਖ ਰੁਪਏ ਦਾ ਜੁਰਮਾਨਾ ਲਗਾਇਆ ਹੈ। ਸਬੰਧਤ ਪਾਇਲਟ ਨੂੰ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਨੂੰ ਰੋਕਣ ਲਈ ਸਾਵਧਾਨੀ ਵਰਤਣ ਦੀ ਚੇਤਾਵਨੀ ਦਿੱਤੀ ਗਈ ਹੈ। ਮੈਸਰਜ਼ ਏਅਰ ਇੰਡੀਆ ਲਿਮਟਿਡ ਨੇ ਇੱਕ ਗੈਰ-ਟ੍ਰੇਨਰ ਦੁਆਰਾ ਫਲਾਈਟ ਚਲਾਈ ਸੀ। ਰੈਗੂਲੇਟਰ ਨੇ ਕਿਹਾ ਕਿ ਇਹ ਘਟਨਾ ਏਅਰ ਇੰਡੀਆ ਦੁਆਰਾ 10 ਜੁਲਾਈ ਨੂੰ ਸੌਂਪੀ ਗਈ ਸਵੈ-ਇੱਛੁਕ ਰਿਪੋਰਟ ਰਾਹੀਂ ਡੀਜੀਸੀਏ ਦੇ ਧਿਆਨ ਵਿੱਚ ਆਈ ਸੀ। ਇਸ ਤੋਂ ਬਾਅਦ, ਡੀਜੀਸੀਏ ਨੇ ਇੱਕ ਜਾਂਚ ਕੀਤੀ ਅਤੇ ਪਾਇਆ ਕਿ ਕਈ ਪੋਸਟ ਹੋਲਡਰਾਂ ਅਤੇ ਸਟਾਫ ਦੁਆਰਾ ਰੈਗੂਲੇਟਰੀ ਵਿਵਸਥਾਵਾਂ ਵਿੱਚ ਕਮੀਆਂ ਅਤੇ ਕਈ ਉਲੰਘਣਾਵਾਂ ਹਨ।

**ਪ੍ਰੋ: ਸਿੰਗਾਰਾ ਸਿੰਘ ਢਿੱਲੋਂ**
*(M.A, M.PHIL, BJMC, B.ED)*
**ਮੋਬਾਈਲ: 07806945964**



ਲੜੀ ਜੋੜਨ ਲਈ ਪਿਛਲਾ ਅੰਕ ਦੇਖੋ
**ਕਿਸ਼ਤ – 32**

# ਮੈਂ ਤੰਦਰੁਸਤ ਕਿਵੇਂ ਹੋਇਆ ?



**ਬਲੱਡ ਸ਼ੂਗਰ, ਬਲੱਡ ਪਰੈਸ਼ਰ ਅਤੇ ਅੱਖਾਂ ਦਾ ਖਾਨਦਾਨੀ ਜਾਂ ਵਿਰਸੇ 'ਚੋਂ ਮਿਲਿਆ ਨੁਕਸ, ਅੱਖਾਂ ਦੀ ਨਜਰ ਖਤਮ ਕਰ ਸਕਦੇ ਹਨ । ਮੇਰੇ ਅਨੁਭਵ ਮੁਤਾਬਿਕ ਬਲੱਡ ਸ਼ੂਗਰ ਤੇ ਬਲੱਡ ਪਰੈਸ਼ਰ ਦੇ ਮਰੀਜਾਂ ਨੂੰ ਹੋਰਨਾਂ ਬਹੁਤ ਸਾਰੀਆਂ ਬਿਮਾਰੀਆਂ ਦੇ ਨਾਲ ਨਾਲ ਦੇਰ ਸਵੇਰ ਅੱਖਾਂ ਦੀ ਨਜਰ ਦੀ ਸਮੱਸਿਆ ਵੀ ਪੇਸ਼ ਆਉਂਦੀ ਹੈ । ਇਹੀ ਕਾਰਨ ਹੈ ਕਿ ਡਾਕਟਰ ਉਕਤ ਬਿਮਾਰੀਆਂ ਨਾਲ ਪੀੜਿਤ ਮਰੀਜਾਂ ਨੂੰ ਦਵਾਈ ਦੇਣ ਦੇ ਨਾਲ ਨਾਲ ਜਿਥੇ ਇਹਨਾਂ ਬਿਮਾਰੀਆਂ ਨੂੰ ਕੰਟਰੋਲ ਕਰਨ ਦੀ ਸਲਾਹ ਦਿੰਦੇ ਹਨ, ਉਥੇ ਸਮੇ ਸਮੇ ਮਰੀਜਾਂ ਨੂੰ ਚੈੱਕ ਵੀ ਕਰਦੇ ਕਹਿੰਦੇ ਹਨ ।**

ਚੱਲ ਰਹੀ ਲੜੀ ਦੇ ਇਸ ਐਪੀਸੋਡ ਵਿਚ ਮੈਂ ਅੱਖਾਂ ਬਾਰੇ ਗੱਲ ਕਰਦਾ ਹੋਇਆ ਆਪਣੀ ਅੱਖਾਂ ਦੀ ਬਿਮਾਰੀ ਤੋਂ ਤੰਦਰੁਸਤੀ ਵੱਲ ਦੀ ਯਾਤਰਾ ਬਾਰੇ ਗੱਲ ਕਰਾਂਗਾ ।

ਅੱਖਾਂ ਕੁਦਰਤ ਦਾ ਜੀਵ ਨੂੰ ਦਿੱਤਾ ਹੋਇਆ ਸਭ ਤੋ ਅਨਮੋਲ ਤੋਹਫਾ ਹੈ । ਇਹਨਾਂ ਦੀ ਰੌਸ਼ਨੀ ਤੋਂ ਬਿਨਾ ਕਿਸੇ ਚੰਗੇ ਭਲੇ ਵਿਅਕਤੀ ਦਾ ਵੀ ਜੱਗ ਹਨੇਰਾ ਹੋ ਜਾਂਦਾ ਹੈ ।

ਵੈਸੇ ਅੰਨ੍ਹੇ ਬੰਦੇ ਨੂੰ ਦੁਨੀਆਂ ਦਾ ਸਭ ਤੋਂ ਸਿਆਣਾ ਬੰਦਾ ਮੰਨਿਆ ਜਾਂਦਾ ਹੈ ਕਿਉਂਕਿ ਉਹ ਹਰ ਅਗਲਾ ਕਦਮ ਪੁੱਟਣ ਤੋਂ ਪਹਿਲਾਂ ਕਈ ਵਾਰ ਟਟੋਲ ਲੈਂਦਾ ਹੈ, ਪਰ ਫਿਰ ਵੀ ਉਸ ਦੀ ਦੁਨੀਆਂ ਹਨੇਰੇ ਤੋਂ ਵੱਧ ਹੋਰ ਕੁੱਝ ਵੀ ਨਹੀਂ ਹੁੰਦੀ ।

ਸਰੀਰ ਦੇ ਬਾਕੀ ਅੰਗ ਜਿਵੇਂ ਕਿ ਕੰਨ, ਨੱਕ, ਜੁਬਾਨ, ਹੱਥ ਤੇ ਪੈਰ ਆਦਿ ਹਨੇਰੇ ਵਿਚ ਵੀ ਕੰਮ ਕਰ ਸਕਦੇ ਹਨ ਜਦ ਕਿ ਅੱਖਾਂ ਸਿਰਫ ਸੂਰਜ/ ਮੋਮਬੱਤੀ ਅਤੇ ਬਿਜਲੀ ਦੇ ਲਾਟੂ ਦੀ ਲੋਅ ਵਿਚ ਹੀ ਦੇਖ ਸਕਦੀਆਂ ਹਨ । ਦੂਜੇ ਸ਼ਬਦਾਂ ਵਿਚ ਰੌਸ਼ਨੀ ਅੱਖਾਂ ਵਾਸਤੇ ਇਕੋ ਇਕ ਸੰਚਾਰ ਵਸੀਲਾ ਹੈ ।

ਅੱਖਾਂ ਵਿਚਲਾ ਕੌਰਨੀਆ ਲੈਂਜ ਜਿਸ ਦੀਆਂ ਪੰਜ ਤਹਿਆਂ ਹੁੰਦੀਆ ਹਨ, ਇੰਨਾ ਸ਼ਕਤੀਸ਼ਾਲੀ ਲੈਂਜ ਹੁੰਦਾ ਹੈ, ਜਿਸ ਦੇ ਮੁਕ-ਾਬਲੇ ਅਜੇ ਵਿਗਿਆਨ ਨੇ ਗੋਹਲੇ ਵਿਚੋਂ ਪੂਣੀ ਵੀ ਨਹੀ ਕੱਤੀ।

ਜਦੋਂ ਇਸ ਕੁਦਰਤੀ ਲੈਂਜ ਦੇ ਪੱਠਿਆਂ ਵਿਚ ਕਿਸੇ ਨਾ ਕਿਸੇ ਕਾਰਨ ਕਮਜੋਰੀ ਪੈ ਜਾਂਦੀ ਹੈ ਤਾਂ ਨਜਰ ਕਮਜੋਰ ਹੋ ਜਾਂਦੀ ਹੈ । ਜੇਕਰ ਅੱਖਾਂ ਦੀ ਆਪਟੀਕਲ ਨਰਵ, ਜੋ ਕਿ ਸਿਰ ਦੇ ਪਿਛਲੇ ਪਾਸੇ ਹੁੰਦੀ ਹੈ, ਸੁੱਕ ਜਾਵੇ ਤਾਂ ਬੰਦਾ ਬਿਲਕੁਲ ਅੰਨ੍ਹਾ ਹੋ ਜਾਂਦਾ ਹੈ। ਇਸ ਤੋਂ ਵੀ ਅੱਗੇ ਇਹ ਹੈ ਕਿ ਇਸ ਤਰਾਂ ਅੰਨ੍ਹੇ ਹੋਏ ਬੰਦੇ ਦੀ ਨਜਰ ਦੁਬਾਰਾ ਵਾਪਸ ਲਿਆਉਣ ਦੀ ਨਾ ਹੀ ਕੋਈ ਦਵਾ ਬਣੀ ਹੈ ਤੇ ਨਾ ਹੀ ਅਪਰੇਸ਼ਨ ਜਾਂ ਸਰਜਰੀ।

ਬਲੱਡ ਸ਼ੂਗਰ, ਬਲੱਡ ਪਰੈਸ਼ਰ ਅਤੇ ਅੱਖਾਂ ਦਾ ਖਾਨਦਾਨੀ ਜਾਂ ਵਿਰਸੇ 'ਚੋਂ ਮਿਲਿਆ ਨੁਕਸ, ਅੱਖਾਂ ਦੀ ਨਜਰ ਖਤਮ ਕਰ ਸਕਦੇ ਹਨ । ਮੇਰੇ ਅਨੁਭਵ ਮੁਤਾਬਿਕ ਬਲੱਡ ਸ਼ੂਗਰ ਤੇ ਬਲੱਡ ਪਰੈਸ਼ਰ ਦੇ ਮਰੀਜਾਂ ਨੂੰ ਹੋਰਨਾਂ ਬਹੁਤ ਸਾਰੀਆਂ ਬਿਮਾਰੀਆਂ ਦੇ ਨਾਲ ਨਾਲ ਦੇਰ ਸਵੇਰ ਅੱਖਾਂ ਦੀ ਨਜਰ ਦੀ ਸਮੱਸਿਆ ਵੀ ਪੇਸ਼ ਆਉਂਦੀ ਹੈ । ਇਹੀ ਕਾਰਨ ਹੈ ਕਿ ਡਾਕਟਰ ਉਕਤ ਬਿਮਾਰੀਆਂ ਨਾਲ ਪੀੜਿਤ ਮਰੀਜਾਂ ਨੂੰ ਦਵਾਈ ਦੇਣ ਦੇ ਨਾਲ ਨਾਲ ਜਿਥੇ ਇਹਨਾਂ ਬਿਮਾਰੀਆਂ ਨੂੰ ਕੰਟਰੋਲ ਕਰਨ ਦੀ ਸਲਾਹ ਦਿੰਦੇ ਹਨ, ਉਥੇ ਸਮੇ ਸਮੇ ਮਰੀਜਾਂ ਨੂੰ ਚੈੱਕ ਵੀ ਕਰਦੇ ਕਹਿੰਦੇ ਹਨ ।

ਮੇਰੀਆਂ ਦੋਹਾਂ ਅੱਖਾਂ ਵਿਚ ਕਾਲਾ ਮੋਤੀਆ ਉਤਰਿਆ ਜਿਸ ਨਾਲ ਕੁੱਝ ਮਹੀਨੇ ਲਗਭਗ ਅੱਖਾਂ ਦੀ ਰੌਸ਼ਨੀ ਤੋਂ ਵੰਚਿਤ ਵੀ ਰਹਿਣਾ ਪਿਆ ਕਿਉਕਿ ਨਿਗਾਹ ਵਾਲੀ ਐਨਕ ਲਗਾਉਣ ਨਾਲ ਵੀ ਸਿਵਾਏ ਧੁੰਦਲੇਪਨ ਤੋਂ ਹੋਰ ਕੁੱਝ ਵੀ ਨਜਰ ਨਹੀਂ ਸੀ ਆਉਂਦਾ । ਅਪਰੇਸ਼ਨ ਕਰਨ ਤੋਂ ਪਹਿਲਾਂ ਡਾਕਟਰਾਂ ਨੇ ਬਹੁਤ ਸਾਰੀਆਂ ਦਵਾਈਆਂ ਅੱਖਾਂ ਵਿਚ ਪਾਉਣ ਵਾਸਤੇ ਦਿੱਤੀਆਂ, ਜਿਹਨਾਂ ਨਾਲ ਕੋਈ ਫਾਇਦਾ ਨਾ ਹੋਇਆ, ਬਲਕਿ ਕਾਲਾ ਮੋਤੀਆ ਲਗਾਤਾਰ ਵਧਦਾ ਹੀ ਚਲਾ ਗਿਆ ।

ਆਖਿਰ ਹਸਪਤਾਲ ਵਿਚ ਨਿਯੁਕਤ ਅੱਖਾਂ ਦੇ ਮਾਹਿਰਾਂ ਨੇ ਮੇਰੀਆਂ ਦੋਵੇਂ ਅੱਖਾਂ ਦੀ ਸਰਜਰੀ ਕਰਨ ਦਾ ਮਨ ਬਣਾ ਲਿਆ । ਪਹਿਲਾਂ ਖੱਬੀ ਅੱਖ ਚੁਣੀ ਗਈ ਤੇ ਫਿਰ ਉਸ ਦੀ ਸਫਲ ਸਰਜਰੀ ਤੇ ਛੇ ਕੁ ਮਹੀਨੇ ਬਾਦ ਸੱਜੀ ਅੱਖ ਦੀ ਸਰਜਰੀ ਕੀਤੀ ਗਈ ।

ਦੋਹਾਂ ਅੱਖਾਂ ਦੇ ਸਫਲ ਅਪਰੇਸ਼ਨਾਂ ਤੋਂ ਬਾਦ ਅੱਖਾਂ ਦੇ ਸਰਜਨ ਨੇ ਦੁਆਈਆਂ ਵੀ ਦਿੱਤੀਆਂ ਤੇ ਅੱਖਾਂ ਦੀ ਭਵਿੱਖ ਵਿਚ ਸਾਂਭ ਸੰਭਾਲ ਬਾਰੇ ਮਸ਼ਵਰਾ ਵੀ ਦਿੱਤਾ । ਜਿਸ ਵਿਚ ਮਿਰਚ ਤੇ ਲੂਣ ਛੱਡਣ ਦੀ ਸਲਾਹ ਦੇ ਨਾਲ ਹੀ ਬਲੱਡ ਪਰੈਸ਼ਰ ਨੂੰ ਕੰਟਰੋਲ ਕਰਨ ਵਾਸਤੇ ਐਮਲੋਡਾਪਾਈਨ 5ਐਮ ਜੀ ਦੀ ਗੋਲੀ ਵੀ ਨੇਮ ਨਾਲ ਖਾਣ ਦੀ ਸਲਾਹ ਵੀ ਦਿੱਤੀ ।

ਦੋਹਾਂ ਅੱਖਾਂ ਦੀ ਸਰਜਰੀ ਤੋਂ ਬਾਅਦ ਮੇਰੀਆਂ ਦੋਵੇਂ ਅੱਖਾਂ ਦੀ ਰੌਸ਼ਨੀ ਹੋਰ ਘਟ ਗਈ, ਦੇਖਣ ਵਿੱਚ ਵਧੇਰੇ ਮੁਸ਼ਕਲ ਪੇਸ਼ ਆਉਣ ਲੱਗੀ । ਡਾਕਟਰਾਂ ਨਾਲ ਸੰਪਰਕ ਕੀਤਾ ਤਾਂ ਉਹਨਾਂ ਦੱਸਿਆ ਕਿ ਸਰਜਰੀ ਤੋਂ ਬਾਅਦ ਅਕਸਰ ਹੀ ਅਜਿਹਾ ਹੁੰਦਾ ਹੈ, ਪਰ ਫਿਕਰ ਵਾਲੀ ਕੋਈ ਗੱਲ ਨਹੀਂ, ਜਦ ਔਪਟਿਕ ਨਰਵ ਕਲੀਅਰ ਹੋ ਜਾਵੇਗੀ ਤਾਂ ਤੁਹਾਡੀ ਨਜ਼ਰ ਵਾਪਸ ਪਹਿਲਾਂ ਵਾਂਗ ਹੀ ਤੇਜ ਤਰਾਰ ਹੋ ਜਾਵੇਗੀ ।

ਕਾਫੀ ਸਮਾਂ ਡਰਾਈਵ ਕਰਨ ਸਮੇਂ ਦੂਰ ਦੀ ਐਨਕ ਵੀ ਲੱਗੀ ਰਹੀ । ਖਾਣੇ ਵਿਚ ਪਰਹੇਜ ਕਰਨਾ ਸ਼ੁਰੂ ਕੀਤਾ, ਦਵਾਈ ਬੂਟੀ ਚਲਦੀ ਰਹੀ, ਸਵੇਰੇ ਸ਼ਾਮ ਠੰਢੇ ਪਾਣੀ ਦੇ ਅੱਖਾਂ ਨੂੰ ਛਿੱਟੇ ਮਾਰਦਾ ਰਿਹਾ, ਅੱਖਾਂ ਦੇ ਆਸ ਪਾਸ ਹਲਕੀ ਮਾਲਿਸ਼ ਵੀ ਨੇਮ ਨਾਲ ਜਾਰੀ ਰੱਖੀ ਤੇ ਆਪਣੇ ਖਾਣ ਪੀਣ ਨੂੰ ਵੀ ਸੰਤੁਲਿਤ ਬਣਾਇਆ । ਇਸ ਦੇ ਨਾਲ ਹੀ ਸਰੀਰਕ ਐਕਸਰਸਾਇਜ ਵੀ ਕਰਦਾ ਰਿਹਾ ਜਿਸ ਵਿਚ ਲੰਮੀ ਸੈਰ, ਹਲਕੀ ਫੁਲਕੀ ਜੌਗਿੰਗ , ਰਾਤ ਨੂੰ ਸੌਣ ਵਕਤ ਅੱਖਾਂ ਦੇ ਆਲੇ ਦੁਆਲੇ ਅਰਿੰਡੀ ਦੇ ਤੇਲ ਦੀ ਹਲਕੀ ਹਲਕੀ ਮਾਲਿਸ਼ ਤੇ ਅੱਖਾਂ ਦੀ ਐਕਸਾਇਜ ਵੀ ਨੇਮ ਨਾਲ ਕਰਦਾ ਰਿਹਾ ।

ਮਿਹਨਤ ਰੰਗ ਲਿਆਈ, ਇਸੇ ਸਾਲ 26 ਜਨਵਰੀ ਨੂੰ ਰੌਇਲ ਇਨਫਰਮਰੀ ਹਸਪਤਾਲ ਦੇ ਡਾਕਟਰਾਂ ਨੇ ਅੱਖਾਂ ਪੂਰੀ ਬਰੀਕੀ ਨਾਲ ਚੈੱਕ ਕੀਤੀਆਂ ਤੇ ਮੈਨੂੰ ਖੁਸ਼ਖਬਰੀ ਦਿੱਤੀ ਕਿ ਤੁਹਾਡੀਆਂ ਅੱਖਾਂ ਹੁਣ ਬਿਲਕੁਲ ਸਿਹਤਮੰਦ ਹਨ, ਕਿਸੇ ਕਿਸਮ ਦੀ ਐਨਕ ਲਗਾਉਣ ਦੀ ਜਰੂਰਤ ਨਹੀਂ, ਬਸ ਅੱਗੋਂ ਤੋਂ ਇਸੇ ਤਰਾਂ ਖਿਆਲ ਰੱਖਦੇ ਜਾਓ, ਤੁਹਾਡੀਆਂ ਅੱਖਾਂ ਹਮੇਸ਼ਾ ਸਿਹਤਮੰਦ ਰਹਿਣਗੀਆਂ । ਇਸ ਸਮੇਂ ਮੈਂ ਰੀਡਿੰਗ ਕਲਾਸ ਅਜੇ ਵੀ ਬੇਸ਼ੱਕ ਆਪਣੀ ਜੇਬ ਵਿਚ ਜਰੂਰ ਰੱਖਦਾ ਹਾਂ, ਪਰ ਵਰਤਦਾ ਬਹੁਤ ਘੱਟ ਹਾਂ ।

ਕੁਲ ਮਿਲਾ ਕੇ ਏਹੀ ਕਹਿਣਾ ਚਾਹਾਂਗਾ ਕਿ ਡਾਕਟਰਾਂ ਦੇ ਸਹਿਯੋਗ ਨਾਲ ਬਿਮਾਰੀ ਕੋਈ ਵੀ ਹੋਵੇ ਕਾਬੂ ਕੀਤੀ ਜਾ ਸਕਦੀ ਹੈ, ਪਰ ਨਿਰੀਆਂ ਦਵਾਈਆਂ ਖਾ ਕੇ ਜਾਂ ਡਾਕਟਰ ਉੱਤੇ ਪੂਰੀ ਤਰਾਂ ਨਿਰਭਰ ਹੋ ਕੇ ਕਿਸੇ ਵੀ ਬਿਮਾਰੀ ਤੋਂ ਪੱਕੇ ਤੌਰ 'ਤੇ ਛੁਟਕਾਰਾ ਪਾ ਸਕਣਾ ਬਹੁਤ ਮੁਸ਼ਕਲ ਹੈ । ਸੋ ਮਰੀਜ਼ ਨੂੰ ਡਾਕਟਰ ਦੀ ਸਲਾਹ ਨਾਲ ਕਿਸੇ ਬਿਮਾਰੀ ਤੋਂ ਮੁਕਤ ਹੋਣ ਵਾਸਤੇ ਆਪ ਵੀ ਉੱਦਮ ਉਪਰਾਲੇ ਕਰਨ ਦੀ ਲੋੜ ਹੈ ਤਾਂ ਕਿ ਸਿਹਤ ਦੀ ਤੰਦਰੁਸਤੀ ਪੂਰੀ ਤਰਾਂ ਮੁੜ ਬਹਾਲ ਹੋ ਸਕੇ ।

———- ਚਲਦਾ

## ਗੁਰੂ ਤੇਗ ਬਹਾਦਰ ਸਾਹਿਬ ਗੁਰਦੁਆਰਾ ਡਡਲੀ ਵਿਖੇ

### ਗ੍ਰੰਥੀ ਸਿੰਘ (ਧਾਰਮਿਕ ਸੇਵਾਦਾਰ) ਦੀ ਤੁਰੰਤ ਲੋੜ

**1 VACANCY- JOB TITLE: RELIGIOUS WORKER - TIER-5 - FULL TIME**

**Duration:** Contract (1 Year)

To carry out the non-pastoral duties and to assist the Minister of Religion and to meet the service needs of Sikh Community.

**Duties & Responsibilities:** Performing Kirtan and Kitchen Sewa.

* Be honest, reliable, collect, manage and ensure administration of Ardas money.
* Must pay the highest respect to the guru Maharaj Ji, as well as public (Guru Ki Sadh Sangat) is essential: be present in Main hall Saturday / Sunday until the Diwan Samapthy, unless you are required/agreed viaTemple elswhere on duty.
* Undertake any other reasonable duties/activities in pursuing the Organization's religious programmes.
* On occassions the candidate maybe required to carry out Kirtan for family functions at the homes of the devotees.
* Benefits include full board and lodges.

**Salary:** National Minimum Wage for 23 hours a week.

**Personal Specifications:**

**The post holder will need to display the following:**

1. Previous experience holding a similar role is essential.
2. Knowledge and understanding of the Sikh Religion and Guru Granth Sahib.
3. Strong motivation and empathy towards the aims and objectives of the organisation.
4. Strong organisational skills.
5. Good communication and interpersonal skills.
6. Ability to work off own initiative as well as within a team.
7. Willingness to work unsocial hoiurs.
8. Knowledge of musical instruments vastly used in Sikh Faith.


**Other details:** Applicants must be able to demonstrate that they are legally entitled to work in the U.K. and where applicable, must provide original proof of their work right and legal status in the United Kingdom. The Temple committee reserve the rights to make official enquiries to make checks against any documents provided.

**Apply/Contact via Phone 01384 238936, or email: sdevsingh56@googlemail.com**
**Closing date: 15th September 2024**

**GURDWARA GURU TEG BAHADHUR SAHIB DUDLEY**
**7 VICAR STREET, DUDLEY, WEST MIDLANDS, DY2 8RQ**

# ਸ. ਗਜਿੰਦਰ ਸਿੰਘ ਦੇ ਲੇਖ ਸੰਗ੍ਰਹਿ 'ਲਕੀਰ' ਦੇ ਕੁੱਝ ਚੋਣਵੇਂ ਲੇਖਾਂ 'ਤੇ ਇੱਕ ਪੰਛੀ ਝਾਤ ਜਿਹਨਾਂ ਦਾ ਸੰਬੰਧ ਪੰਥ ਅਤੇ ਅਕਾਲ ਤਖ਼ਤ ਸਾਹਿਬ ਦੀ ਸਰਬ-ਉੱਚਤਾ ਨਾਲ ਹੈ

ਲੇਖਕ - ਜਥੇਦਾਰ
ਮਹਿੰਦਰ ਸਿੰਘ ਯੂ ਕੇ
ਮੋਬਾਈਲ ਫੋਨ:
07989 927477



ਸ: ਗਜਿੰਦਰ ਸਿੰਘ ਦਾ ਨਾਂਅ ਕਿਸੇ ਜਾਣ ਪਛਾਣ ਦਾ ਮਥਾਜ ਨਹੀਂ ਹੈ। ਹਾਲੇ ਥੋੜ੍ਹੇ ਹਫ਼ਤੇ ਹੀ ਪਹਿਲਾਂ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਬਾਅਦ ਵਿਸ਼ਵ ਭਰ ਵਿੱਚ ਵੱਖ-ਵੱਖ ਸਿੱਖ ਸੰਸਥਾਵਾਂ ਨੇ ਉਨ੍ਹਾਂ ਦੇ ਨਮਿਤ ਸ਼ਰਧਾਂਜਲੀ ਸਮਾਗਮ ਕਰਵਾਏ ਹਨ। ਜਦੋਂ ਵੀ ਕੋਈ ਦੁਸ਼ਮਨ ਤਾਕਤ ਕਿਸੇ ਕੌਮ ਨੂੰ ਬਰਬਾਦ ਕਰਨਾ ਜਾਂ ਗੁਲਾਮ ਬਣਾਉਣਾ ਚਾਹੁੰਦੀ ਹੈ, ਉਹ ਸਭ ਤੋਂ ਪਹਿਲਾਂ, ਉਸ ਕੌਮ ਦੀਆਂ ਪ੍ਰਮੁੱਖ ਸੰਸਥਾਵਾਂ ਨੂੰ ਜਾਂ ਤਾਂ ਤਬਾਹ ਕਰ ਦਿੰਦੀ ਹੈ, ਜਾਂ (ਅਤੇ) ਉਨ੍ਹਾਂ ਦਾ ਮੌਲਿਕ ਸਰੂਪ ਬਦਲ ਦੇਂਦੀ ਹੈ, ਜਾਂ ਉਨ੍ਹਾਂ 'ਤੇ ਕਬਜ਼ਾ ਕਰ ਲੈਂਦੀ ਹੈ। ਇਹ ਕਬਜ਼ਾ ਕਰਨ ਦੀ ਕਾਰਵਾਈ ਸਮੇਂ ਅਤੇ ਹਾਲਾਤ ਦੀ ਲੋੜ ਮੁਤਾਬਕ ਕਈ ਤਰੀਕਿਆਂ ਨਾਲ ਕੀਤੀ ਜਾਂਦੀ ਹੈ, ਕਦੇ ਤਾਕਤ ਦੀ ਸਿੱਧੀ ਵਰਤੋਂ ਕਰਕੇ, ਕਦੇ ਵਿੱਚ ਘੁਸਪੈਠ ਕਰਕੇ ਅਤੇ ਸਭ ਤੋਂ ਖ਼ਤਰਨਾਕ ਤਰੀਕਾ ਉਸ ਕੌਮ ਦੇ ਆਗੂਆਂ ਨੂੰ ਵੱਸ ਵਿੱਚ ਕਰਕੇ। ਹਿੰਦੂਤਵੀ ਸ਼ਕਤੀਆਂ ਸਿੱਖ ਕੌਮ ਦੀ ਅੱਡਰੀ ਤੇ ਸੁਤੰਤਰ ਹਸਤੀ ਮਿਟਾਉਣ ਲਈ ਕਿਵੇਂ ਬਾਨਣੂ ਬੰਨ ਰਹੀਆਂ ਹਨ, ਸ: ਗਜਿੰਦਰ ਸਿੰਘ ਨੇ ਆਪਣੇ ਲੇਖ ਸੰਗ੍ਰਹਿ ਲਕੀਰ ਵਿੱਚ ਜਿਥੇ ਹਿੰਦੂਤਵੀਆਂ ਦੇ ਉਕਤ ਹਮਲਿਆਂ ਤੋਂ ਬਚਣ ਲਈ ਪੰਥ ਨੂੰ ਕੁਝ ਸੁਝਾਅ ਦਿੱਤੇ ਹਨ, ਉਥੇ ਖਾਲਿਸਤਾਨ ਦੀ ਪ੍ਰਾਪਤੀ ਲਈ ਆਪਣੀ ਵਚਨਬੱਧਤਾ ਵੀ ਪ੍ਰਗਟਾਈ ਹੈ। ਸ: ਗਜਿੰਦਰ ਸਿੰਘ ਨੇ ਇਹ ਲੇਖ ਸੰਗ੍ਰਹਿ: ਧਰਤੀ ਉਤੇ ਪਹਿਲੀ ਖ਼ਾਲਸਈ ਹਕੂਮਤ ਕਰਨ, ਨਾਨਕਸ਼ਾਹੀ ਸਿੱਕੇ ਜਾਰੀ ਕਰਨ ਅਤੇ ਗੁਰੂ ਦੇ ਨਾਂ ਦੀ ਮੋਹਰ ਚਲਾਉਣ ਵਾਲੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਰਪਿਤ ਕੀਤਾ ਹੈ। ਲਕੀਰ ਲੇਖ ਸੰਗ੍ਰਿਹ ਦੇ ਦੱਸ ਪੰਨਿਆਂ ਦਾ ਬਹੁਤ ਹੀ ਭਾਵ ਪੂਰਤ ਮੁੱਖ ਬੰਦ ਮਾਣਯੋਗ ਕਰਮਜੀਤ ਸਿੰਘ ਪੱਤਰਕਾਰ ਚੰਡੀਗੜ੍ਹ ਨੇ ਲਿਖਿਆ ਹੈ। ਦਾਸ ਨੇ ਹੱਥਲੇ ਲੇਖ ਨੂੰ ਦੋ ਹਿੱਸਿਆਂ ਵਿੱਚ ਵੰਡਿਆ ਹੈ, ਪਹਿਲੇ ਹਿੱਸੇ ਵਿੱਚ, ਸਿੰਘ ਸਾਹਿਬ ਭਾਈ ਜਸਬੀਰ ਸਿੰਘ ਦੇ ਨਾਂ ਖੁੱਲ੍ਹਾ ਖ਼ਤ, ਅਕਾਲ ਤਖਤ ਸਾਹਿਬ ਦੇ ਜਥੇਦਾਰ ਦੀ ਨਾਮਜ਼ਦਗੀ, ਬਿਪਰ ਸੰਸਕਾਰ ਅਤੇ ਸਿੱਖ ਸਿਆਸਤ - ਸਾਡਾ ਦ੍ਰਿਸ਼ਟੀਕੋਣ, ਲੇਖਾਂ ਦੇ ਕੁਝ ਅੰਸ਼ ਪਾਠਕਾਂ ਨਾਲ ਸਾਂਝੇ ਕੀਤੇ ਜਾਣਗੇ ਅਤੇ ਦੂਜੇ ਹਿੱਸੇ ਵਿੱਚ ਮੁੱਖ ਬੰਦ ਵਿੱਚੋਂ ਕੁਝ ਮਹੱਤਵਪੂਰਨ ਅੰਸ਼, ਪਾਠਕਾਂ ਦੀ ਦ੍ਰਿਸ਼ਟੀ ਗੋਚਰ ਕੀਤੇ ਜਾਣਗੇ। ਜਿਨ੍ਹਾਂ ਲੇਖਾਂ ਦਾ ਦਾਸ ਨੇ ਉਪਰ ਜ਼ਿਕਰ ਕੀਤਾ ਹੈ, ਉਨ੍ਹਾਂ ਦਾ ਕੇਵਲ ਸਾਰ ਅੰਸ਼ (ਸਮੁੱਚਾ ਲੇਖ ਨਹੀਂ) ਹੀ ਲਿਖਿਆ ਜਾਵੇਗਾ।

**ਸਿੰਘ ਸਾਹਿਬ ਭਾਈ ਜਸਬੀਰ ਸਿੰਘ ਦੇ ਨਾਂ ਖੁੱਲ੍ਹਾ ਖ਼ਤ**

ਮਾਰਚ 1988

ਸਿੰਘ ਸਾਹਿਬ ਜੀਓ, ਪੰਥ ਦੇ ਸਰਬਉੱਚ ਅਸਥਾਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਵਜੋਂ ਜ਼ਿੰਮੇਵਾਰੀਆਂ ਸੰਭਾਲਣ ਉਤੇ ਸਾਡੀ ਮੁਬਾਰਕਬਾਦ ਕਬੂਲ ਕਰੋ।

ਆਪ ਜੀ ਹੁਣ ਸਮੁੱਚੇ ਪੰਥ ਲਈ ਸਾਂਝੀ ਸ਼ਖ਼ਸੀਅਤ ਹੋ। ਸਭ ਤੋਂ ਪਹਿਲੀ ਬੇਨਤੀ ਤਾਂ ਮੈਂ ਇਹੀ ਕਰਨੀ ਚਾਹਾਂਗਾ ਕਿ ਜਥੇਦਾਰ ਅਕਾਲ ਤਖ਼ਤ ਦੀ ਪਛਾਣ ਕਿਸੇ ਜਥੇ ਜਾਂ ਜਥੇਬੰਦੀ ਨਾਲ ਉਨ੍ਹਾਂ ਦੇ ਸਬੰਧਾਂ ਦੇ ਆਧਾਰ 'ਤੇ ਨਹੀਂ ਰਹਿਣੀ ਚਾਹੀਦੀ। ਅਕਾਲ ਤਖ਼ਤ ਸਭ ਲਈ ਸਾਂਝਾ ਹੈ। ਸੋ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਇਕ ਸੰਪਰਦਾ ਜਾਂ ਧਿਰ ਦੇ ਵਿਚਾਰਾਂ ਜਾਂ ਫੈਸਲਿਆਂ ਨਾਲ ਨਹੀਂ ਜੁੜਨਾ ਚਾਹੀਦਾ। ਸੰਘਰਸ਼ ਕਰਦੀਆਂ ਜਥੇਬੰਦੀਆਂ ਦੇ ਸਮੇਂ ਦੀਆਂ ਸਰਕਾਰਾਂ ਨਾਲ ਸਮਝੌਤੇ ਹੁੰਦੇ ਅਤੇ ਟੁੱਟਦੇ ਰਹਿੰਦੇ ਹਨ।

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਕਿਸੇ ਜਥੇਬੰਦੀ ਜਾਂ ਜਥੇਬੰਦੀਆਂ ਵੱਲੋਂ ਕੀਤੇ ਹੋਏ ਸਮਝੌਤੇ ਵਿੱਚ ਸ਼ਾਮਿਲ ਹੋਣ ਜਾਂ ਉਸ ਉਤੇ ਤਈਦੀ ਦਸਤਖ਼ਤ ਹਰਗਿਜ਼ ਨਹੀਂ ਕਰਨੇ ਚਾਹੀਦੇ। ਜਥੇਦਾਰ ਸਾਹਿਬ ਨੂੰ ਲੋੜ ਪੈਣ 'ਤੇ ਸਮੁੱਚੇ ਪੰਥਕ ਹਿੱਤਾਂ ਵਿੱਚ ਅਗਵਾਈ ਜਰੂਰ ਦੇਣੀ ਚਾਹੀਦੀ ਹੈ, ਪਰ ਕਿਸੇ ਧਿਰ ਜਾਂ ਧਿਰ ਵੱਲੋਂ ਕੀਤੇ ਹੋਏ ਸਮਝੌਤੇ ਦਾ ਪਾਬੰਦ ਨਹੀਂ ਹੋਣਾ ਚਾਹੀਦਾ।

ਪੰਥ ਵਿੱਚ ਧਰਮ ਅਤੇ ਸਿਆਸਤ ਦਾ ਸੁਮੇਲ, ਪੰਥ ਦੇ ਆਗੂਆਂ ਨੂੰ ਕਿਸੇ ਵੀ ਹੋਰ ਕੌਮ ਦੇ ਆਗੂਆਂ ਨਾਲੋਂ ਵਧੇਰੇ ਜ਼ਿੰਮੇਵਾਰ ਬਣਾਉਂਦਾ ਹੈ। ਸਿਆਸਤ ਵਿੱਚ ਪਏ ਹੋਏ ਵੱਖਰੇਵਿਆਂ ਨੂੰ ਮੇਟਣਾ ਸੌਖਾ ਹੁੰਦਾ ਹੈ। ਪਰ ਧਰਮ-ਕਰਮ ਵਿੱਚ ਪਏ ਹੋਏ ਵੱਖਰੇਵੇਂ ਇਕ ਵਾਰ ਜੜ੍ਹ ਫੜ ਜਾਣ ਤਾਂ ਉਨ੍ਹਾਂ ਨੂੰ ਮੇਟਣਾ ਬਹੁਤ ਔਖਾ ਹੁੰਦਾ ਹੈ।

ਅੰਤ ਵਿੱਚ ਮੈਂ ਇਹ ਵੀ ਸਪੱਸ਼ਟ ਕਰ ਦੇਣਾ ਆਪਣਾ ਫਰਜ਼ ਸਮਝਦਾ ਹਾਂ ਕਿ ਦਲ ਖ਼ਾਲਸਾ ਖਾਲਿਸਤਾਨ ਲਈ ਵਚਨਬੱਧ ਹੈ ਪਰ ਆਪਣੇ ਤੋਂ ਵੱਖ ਵਿਚਾਰ ਰੱਖਣ ਵਾਲਿਆਂ ਨੂੰ ਪੰਥ ਵਿਰੋਧੀ ਜਾਂ ਗ਼ਦਾਰ ਨਹੀਂ ਸਮਝਦਾ। ਅਸੀਂ ਪੰਥ ਦੀ ਪ੍ਰਵਾਨਤ ਮਰਿਯਾਦਾ ਤੇ ਅਕਾਲ ਤਖ਼ਤ ਸਾਹਿਬ ਦੀ ਸਰਵਉਚਤਾ ਵਿੱਚ ਦ੍ਰਿੜ ਯਕੀਨ ਰੱਖਦੇ ਹਾਂ। ਮੇਰੀ ਅਤੇ ਮੇਰੇ ਸਾਥੀਆਂ ਦੀ ਅਦਬ ਸਤਿਕਾਰ ਸਹਿਤ ਫ਼ਤਹਿ ਕਬੂਲ ਕਰੋ।

**ਗਜਿੰਦਰ ਸਿੰਘ**

**ਲਕੀਰ - ਪੰਨਾ 49-50-51**

**ਅਕਾਲ ਤਖ਼ਤ ਸਾਹਿਬ ਦੇ ਜਥੇਦਾਰੀ ਦੀ ਨਾਮਜ਼ਦਗੀ**

**ਅਪ੍ਰੈਲ 1993**

ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਾਮਜ਼ਦਗੀ ਦਾ ਮਸਲਾ ਪਿਛਲੇ ਕਾਫੀ ਸਮੇਂ ਤੋਂ ਸਿੱਖ ਹਲਕਿਆਂ ਵਿੱਚ ਵਾਦ-ਵਿਵਾਦ ਦਾ ਵਿਸ਼ਾ ਬਣਿਆ ਆ ਰਿਹਾ ਹੈ।



**ਸ: ਗਜਿੰਦਰ ਸਿੰਘ**

ਸਿੱਖਾਂ ਦੀਆਂ ਜਮਹੂਰੀ ਤੇ ਜੁਝਾਰੂ ਜਥੇਬੰਦੀਆਂ ਦੇ ਰੋਜ਼ ਹੀ ਨਵੇਂ ਬਿਆਨ ਅਤੇ ਸਿੱਖ ਲੇਖਕਾਂ ਦੇ ਲੇਖ ਇਸ ਵਿਸ਼ੇ 'ਤੇ ਪੜ੍ਹਨ ਨੂੰ ਮਿਲਦੇ ਹਨ। ਚੱਲ ਰਹੇ ਵਾਦ-ਵਿਵਾਦ ਦੇ ਦੌਰਾਨ ਹੀ ਕੁਝ ਦਿਨ ਪਹਿਲਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਤਖ਼ਤ ਸ੍ਰੀ ਕੇਸਗੜ੍ਹ ਦੇ ਜਥੇਦਾਰ ਪ੍ਰੋ: ਮਨਜੀਤ ਸਿੰਘ ਨੂੰ ਅਕਾਲ ਤਖ਼ਤ ਸਾਹਿਬ ਦਾ ਐਕਟਿੰਗ ਜਥੇਦਾਰ ਵੀ ਨਾਮਜ਼ਦ ਕਰ ਦਿੱਤਾ ਗਿਆ ਹੈ। ਇਸ ਨਾਮਜ਼ਦਗੀ ਦਾ ਭਾਵੇਂ ਕੋਈ ਤਿੱਖਾ ਵਿਰੋਧ ਤਾਂ ਨਹੀਂ ਹੋਇਆ, ਪਰ ਅਸਹਿਮਤੀ ਦੀਆਂ ਸੁਰਾਂ ਕਿਤੇ ਨਾ ਕਿਤੇ ਕਿਸੇ ਨਾ ਕਿਸੇ ਰੂਪ ਵਿੱਚ ਸੁਣਾਈ ਦਿੰਦੀਆਂ ਹਨ।

ਵਾਦ-ਵਿਵਾਦ ਦੇ ਇਸ ਵਿਸ਼ੇ ਸਬੰਧੀ ਜੋ ਨੁਕਤੇ ਉਠਾਏ ਜਾ ਰਹੇ ਹਨ, ਉਨ੍ਹਾਂ ਵਿੱਚ ਮੁੱਖ ਨੁਕਤਾ ਇਹ ਹੈ ਕਿ, ਕੀ ਸ਼੍ਰੋਮਣੀ ਗੁਰਦੁਆਰਾ ਕਮੇਟੀ ਨੂੰ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਨਾਮਜ਼ਦ ਕਰਨ ਦਾ ਅਧਿਕਾਰ ਹੈ? ਬਾਕੀ ਦੇ ਸਾਰੇ ਨੁਕਤੇ ਇਸ ਮੁੱਖ ਨੁਕਤੇ ਨਾਲ ਜੁੜੇ ਹੋਏ ਹਨ, ਜਿਵੇਂ ਕਿ ਕੀ ਸਰਬੱਤ ਖ਼ਾਲਸਾ ਵੱਲੋਂ ਜਥੇਦਾਰਾਂ ਦੀ ਨਾਮਜ਼ਦਗੀ ਦੀ ਕੋਈ ਚੱਲੀ ਆ ਰਹੀ ਪਰੰਪਰਾ ਹੈ? ਅਤੇ ਅੱਜ ਦੇ ਹਾਲਾਤ ਵਿੱਚ ਜਥੇਦਾਰ ਦੀ ਚੋਣ ਤੇ ਨਾਮਜ਼ਦਗੀ ਕਿਵੇਂ ਕੀਤੀ ਜਾਵੇ? ਆਦਿ ਆਦਿ। 1984 ਦੇ ਘੱਲੂਘਾਰੇ ਦੌਰਾਨ ਦਾ ਸ਼੍ਰੋਮਣੀ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਦੇ ਬਹੁਤੇ ਨੇਤਾਵਾਂ ਦਾ ਸ਼ੱਕੀ ਤੇ ਕਮਜ਼ੋਰ ਕਿਰਦਾਰ ਹੈ। 1984 ਦੇ ਘੱਲੂਘਾਰੇ ਤੋਂ ਪਹਿਲਾਂ ਤੱਕ ਸਿੱਖ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਸਰਵਉਚਤਾ ਰਹੀ ਹੈ ਅਤੇ ਧਾਰਮਿਕ ਮਾਮਲਿਆਂ ਵਿੱਚ ਸ਼੍ਰੋਮਣੀ ਕਮੇਟੀ ਦੀ ਸਰਬਉਚਤਾ ਨੂੰ ਆਪਣੇ ਘਰ ਬੈਠਕੇ ਭਾਵੇਂ ਕੋਈ ਮੰਨਣੋਂ ਇਨਕਾਰੀ ਹੋਇਆ ਹੋਵੇ ਪਰ ਖੁੱਲ੍ਹੇ-ਆਮ ਕਦੇ ਕਿਸੇ ਨੇ ਚੈਲਿੰਜ ਨਹੀਂ ਸੀ ਕੀਤਾ। ਇਸ ਵਿੱਚ ਕੋਈ ਸ਼ੱਕ ਦੀ ਗੱਲ ਨਹੀਂ ਕਿ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿੱਪ ਦਾ 1984 ਦੇ ਘੱਲੂਘਾਰੇ ਦੌਰਾਨ ਕਿਰਦਾਰ ਸਿੱਖ ਇਤਿਹਾਸ ਦੇ ਮਾਣਮੱਤੇ ਮਿਆਰ ਤੋਂ ਬਹੁਤ ਕਮਜ਼ੋਰ, ਬਹੁਤ ਨੀਵਾਂ ਰਿਹਾ ਹੈ। ਇਸ ਲੀਡਰਸ਼ਿੱਪ ਦੇ ਇਸੇ ਕਿਰਦਾਰ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਭਾਵ ਅਤੇ ਸਤਿਕਾਰ ਵਿੱਚ ਬਹੁਤ ਭਾਰੀ ਕਮੀ ਆਈ ਹੈ, ਪਰ ਜਿਥੋਂ ਤੱਕ ਜ਼ਮੀਨੀ ਸੱਚਾਈ ਦੀ ਗੱਲ ਹੈ। 1920 ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੋਂਦ ਵਿੱਚ ਆਉਣ ਤੋਂ 1986 ਤੱਕ ਸ਼੍ਰੋਮਣੀ ਕਮੇਟੀ ਸਿੱਖਾਂ ਦੀ ਪ੍ਰਤੀਨਿੱਧ ਸੰਸਥਾ ਵਜੋਂ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੀ ਨਾਮਜ਼ਦਗੀ ਪੰਥਕ ਸੰਸਥਾਵਾਂ ਦੀ ਰਾਏ ਨਾਲ ਬਿਨਾਂ ਰੋਕ-ਟੋਕ ਕਰਦੀ ਆ ਰਹੀ ਹੈ। ਪਰ 1986 ਤੋਂ ਬਾਅਦ ਸ਼੍ਰੋਮਣੀ ਕਮੇਟੀ ਨੇ ਪੰਥ ਦੀ ਰਾਏ ਲੈਣੀ ਛੱਡ ਦਿੱਤੀ ਅਤੇ ਹੌਲੀ ਹੌਲੀ ਇਹ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਤੱਕ ਸੀਮਤ ਹੋ ਕੇ ਰਹਿ ਗਿਆ।

ਅੱਜ ਦੀ ਸਥਿਤੀ ਦਾ ਦੂਜਾ ਸੱਚ ਇਹ ਵੀ ਹੈ ਕਿ ਸ਼੍ਰੋਮਣੀ ਪ੍ਰਬੰਧਕ ਕਮੇਟੀ ਦੇ ਪ੍ਰਭਾਵ ਵਿੱਚ ਭਾਵੇਂ ਕਾਫੀ ਕਮੀ ਆ ਚੁੱਕੀ ਹੈ, ਪਰ ਗੁਰਦੁਆਰਾ ਪ੍ਰਬੰਧ ਅਤੇ ਧਾਰਮਿਕ ਰਹਿਤ ਮਰਿਯਾਦਾ ਵਿੱਚ ਇਕਸੁਰਤਾ ਰੱਖਣ ਦੇ ਪੱਖ ਤੋਂ ਇਸ ਦੀ ਲਾਭਦਾਇਕਤਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ ਤੇ ਹਾਲੇ ਸਾਡੇ ਕੋਲ ਇਸ ਦਾ ਕੋਈ ਇਸ ਤੋਂ ਬਿਹਤਰ ਬਦਲ ਵੀ ਨਹੀਂ ਹੈ। ਪਰ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਦੀ ਨਾਮਜ਼ਦਗੀ ਪੰਥਕ ਸੰਸਥਾਵਾਂ ਦੀ ਰਾਏ ਨਾਲ ਪਹਿਲਾਂ ਦੀ ਤਰ੍ਹਾਂ ਹੀ ਹੋਣੀ ਚਾਹੀਦੀ ਹੈ। ਸਮੇਂ ਦੇ ਰਾਹਾਂ ਉਤੇ ਵਿੱਛੀਆਂ ਸੂਲਾਂ ਸਾਨੂੰ ਇਸ ਗੱਲ ਦੀ ਇਜਾਜ਼ਤ ਨਹੀਂ ਦਿੰਦੀਆਂ ਕਿ ਇਕ ਦੂਜੇ ਨੂੰ ਰੱਦ ਕਰਨ ਦੇ ਦਮਗਜੇ ਮਾਰੇ ਜਾਣ ਜਾਂ ਛੁਟਿਆਣ ਦੀਆਂ ਗੱਲਾਂ ਕੀਤੀਆਂ ਜਾਣ, ਸਗੋਂ ਸਿਆਣਪ ਇਕ ਦੂਜੇ ਨੂੰ ਸਤਿਕਾਰ ਦੇਣ ਵਿੱਚ ਹੈ।

**ਲਕੀਰ ਪੰਨਾ - 122-127**

**ਸਿੱਖ ਸਿਆਸਤ - ਸਾਡਾ ਦ੍ਰਿਸ਼ਟੀ**

ਕੋਣ ਅਕਤੂਬਰ 2003 ਸਿੱਖ ਸਿਆਸਤ ਅੱਜ ਇੰਨੀ ਖਿੰਡੀ ਅਤੇ ਦਿਸ਼ਾਹੀਣ ਹੈ, ਜਿੰਨੀ ਸ਼ਾਇਦ ਪਹਿਲਾਂ ਕਦੇ ਵੀ ਨਹੀਂ ਸੀ। ਸਿੱਖ ਸਿਆਸਤ ਦੀ ਨੁਮਾਇੰਦਗੀ ਪਿਛਲੇ ਪੰਜਾਹ ਕੁ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਕੋਲ ਚੱਲੀ ਆ ਰਹੀ ਹੈ। ਹਾਲਾਤ ਇਸ ਹੱਦ ਵੀ ਪਹੁੰਚ ਚੁੱਕੇ ਹਨ ਕਿ ਸਿੱਖਾਂ ਦੀ ਬਹੁ-ਗਿਣਤੀ ਪੇਂਡੂ ਵੱਸੋਂ ਅਕਾਲੀ ਦਲ ਅਤੇ ਪੰਥ ਦਾ ਫਰਕ ਹੀ ਭੁੱਲ ਗਈ ਹੈ। ਸ਼੍ਰੋਮਣੀ ਅਕਾਲੀ ਦਲ ਦੀ ਲੀਡਰਸ਼ਿੱਪ ਭਾਵੇਂ ਕਿੰਨੀ ਵੀ ਅਹਿਲ ਕਿਉਂ ਨਾ ਰਹੀ ਹੋਵੇ ਉਸ ਨੇ ਭੋਲੀ-ਭਾਲੀ ਸਿੱਖ ਜਨਤਾ ਦੀ ਇਸ ਨਾ ਸਮਝੀ ਦਾ ਭਰਪੂਰ ਲਾਭ ਉਠਾਇਆ ਹੈ। ਪੰਥ ਦੇ ਨਾਂ 'ਤੇ ਵੋਟਾਂ ਲੈ ਕੇ ਰਾਜ ਭਾਗ ਦੇ ਮਾਲਿਕ ਬਣਨ ਵਾਲੇ ਪੰਥ ਨੂੰ ਵੇਚ ਵੇਚ ਖਾਂਦੇ ਰਹੇ ਹਨ। ਜਿਹੜੇ ਪੰਥ ਨੇ ਇਨ੍ਹਾਂ ਨੂੰ ਸਰਦਾਰੀਆਂ ਬਖ਼ਸ਼ੀਆਂ ਉਸੇ ਪੰਥ ਦੀਆਂ ਜੜ੍ਹਾਂ 'ਤੇ ਆਰੀ ਚਲਾਉਣ ਵਾਲੀ ਭਾਜਪਾ ਨਾਲ ਇਨ੍ਹਾਂ ਭਾਈਵਾਲੀ ਪਾਈ ਹੋਈ ਹੈ।

ਬਾਕੀ ਹਿਸਾ ਸਫ਼ਾ 40 ਤੇ ਪੜ੍ਹੋ➤

39 ਸਫ਼ੇ ਦੀ ਬਾਕੀ

ਪਰ ਪੰਥ ਇਕ ਖਾਮੋਸ਼ ਦਰਸ਼ਕ ਵਾਂਗ ਬੈਠਾ ਇਹ ਸਭ ਕੁਝ ਤੱਕਦਾ ਆ ਰਿਹਾ ਹੈ (ਨੋਟ– ਸ: ਗਜਿੰਦਰ ਸਿੰਘ ਨੇ ਇਹ ਲੇਖ 2003 ਵਿੱਚ ਲਿਖਿਆ ਜਦੋਂ ਅਕਾਲੀ–ਭਾਜਪਾ ਗੱਠਜੋੜ ਸੀ, ਪਰ ਅੱਜ ਜਦੋਂ ਅਕਾਲੀ–ਭਾਜਪਾ ਗੱਠਜੋੜ ਟੁੱਟ ਚੁੱਕਾ ਹੈ ਅਤੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿਘ ਬਾਦਲ ਹਰ ਰੋਜ਼ ਇਹ ਬਿਆਨ ਦੇ ਰਹੇ ਹਨ ਕਿ ਆਰ.ਐਸ.ਐਸ. ਤੇ ਭਾਜਪਾ ਸਾਡੀਆਂ ਧਾਰਮਿਕ ਸੰਸਥਾਵਾਂ ਵਿੱਚ ਦਖਲਅੰਦਾਜ਼ੀ ਕਰ ਰਹੀ ਹੈ, ਭਾਵ ਸਾਡੀ ਲੱਗਦੀ ਕਿਸੇ ਨਾ ਦੇਖੀ ਟੁੱਟਦੀ ਨੂੰ ਜੱਗ ਜਾਣਦਾ)

ਅੱਜ ਅਸੀਂ ਇਸ ਮੋੜ ਉੱਤੇ ਪੁੱਜ ਗਏ ਹਾਂ ਕਿ ਸਾਡੀ ਸਿਧਾਂਤਕ ਵਿੱਚੋਂ ਸਾਡੀ ਪਰੰਪਰਾ, ਇਤਿਹਾਸ, ਧਾਰਮਿਕ ਹਸਤੀ ਤੇ ਵੱਖਰੀ ਪਹਿਚਾਣ ਦਾ ਅਹਿਸਾਸ ਖ਼ਤਮ ਕਰਨ ਲਈ ਰਾਜਸੀ ਚਾਲ ਚੱਲੀ ਜਾ ਰਹੀ ਹੈ, ਸ: ਪ੍ਰਕਾਸ਼ ਸਿੰਘ ਬਾਦਲ (ਤੇ ਹੁਣ ਸੁਖਬੀਰ ਸਿੰਘ ਬਾਦਲ) ਦੀ ਅਗਵਾਈ ਵਾਲਾ ਅਕਾਲੀ ਦਲ ਇਸ ਸਾਜਿਸ਼ ਦਾ ਸ਼ਿਕਾਰ ਹੋ ਚੁੱਕਾ ਹੈ। ਸਿੱਖ ਸੰਸਥਾਵਾਂ ਦੇ ਬੁਨਿਆਦੀ ਆਦਰਸ਼ਾਂ ਤੇ ਪਰੰਪਰਾਵਾਂ ਨੂੰ ਬਾਦਲ ਪਰਿਵਾਰ ਨੇ ਤਹਿਸ–ਨਹਿਸ ਕਰ ਦਿੱਤਾ ਹੈ। ਸਿੱਖ ਸੰਸਥਾਵਾਂ ਦੀਆਂ ਮੂਲ ਪਰੰਪਰਾਵਾਂ ਅਤੇ ਮਰਿਯਾਦਾਵਾਂ ਨੂੰ ਬਹਾਲ ਕਰਨ ਅਤੇ ਕਾਇਮ ਰੱਖਣ ਲਈ ਪੰਥਕ ਆਗੂਆਂ ਨੂੰ ਗੰਭੀਰਤਾ ਨਾਲ ਸੋਚ ਵਿਚਾਰ ਕਰਨ ਦੀ ਲੋੜ ਹੈ, ਨਹੀਂ ਤਾਂ ਅਜਿਹੀ ਅਵਸਥਾ ਵਿੱਚ ਪੰਥਕ ਧਿਰਾਂ ਵੱਲੋਂ ਅਵੇਸਲੇ ਹੋਣਾ ਆਪਣੀ ਕੌਮੀ ਹਸਤੀ ਨੂੰ ਗੁਆਉਣ ਅਤੇ ਮੌਤ ਨੂੰ ਅਵਾਜ਼ਾਂ ਮਾਰਨਾ ਹੈ।

ਸਾਡੀ ਪਹਿਲੀ ਲੋੜ ਸਿੱਖ ਰਾਜਨੀਤੀ ਦੀ ਬੁਨਿਆਦੀ ਪਰਿਭਾਸ਼ਾ ਨੂੰ ਸਪੱਸ਼ਟ ਕਰਨਾ ਤੇ ਉਸ ਉੱਤੇ ਦ੍ਰਿੜ ਵਿਸ਼ਵਾਸ ਕਰਨਾ ਹੈ। ਮੇਰੇ ਵਿਚਾਰ ਅਨੁਸਾਰ ਸਿੱਖਾਂ ਦਾ ਰਾਜਸੀ ਨਿਸ਼ਾਨਾ ਕੌਮ ਦੀ ਅੱਡਰੀ ਤੇ ਵੱਖਰੀ ਹਸਤੀ ਨੂੰ ਸੁਰੱਖਿਅਤ ਰੱਖਣ ਲਈ ਅਜਿਹੇ ਦੇਸ਼–ਕਾਲ ਅਥਵਾ ਖਾਲਿਸਤਾਨ ਦੀ ਸਥਾਪਨਾ ਕਰਨਾ ਹੈ ਜਿਥੇ ਖ਼ਾਲਸਾ ਜੀ ਦੇ ਬੋਲ–ਬਾਲੇ ਹੋ ਸਕਣ ਅਤੇ ਸਿੱਖੀ ਵੱਧ ਫੁੱਲ ਸਕੇ। ਨਿੱਤ ਅਰਦਾਸ ਵਿੱਚ ਰਾਜ ਕਰੇਗਾ ਖ਼ਾਲਸਾ ਦਾ ਦੋਹਰਾ ਪੜ੍ਹਨ ਵਾਲੀ ਸਿੱਖ ਕੌਮ ਕੁਝ ਅਰਸੇ ਲਈ ਅਵੇਸਲੀ ਤਾਂ ਹੋ ਸਕਦੀ ਹੈ, ਪਰ ਇਸ ਨੂੰ ਛੱਡ ਨਹੀਂ ਸਕਦੀ।

ਅਜਿਹੇ ਹਾਲਾਤ ਵਿੱਚ ਸਿੱਖ ਰਾਸ਼ਟਰ ਦੀ ਗੱਲ ਨਿਖੜਵੇਂ ਤੇ ਖੁੱਲ੍ਹੇ ਰੂਪ ਵਿੱਚ ਸੰਜੀਦਗੀ ਨਾਲ ਅਪਨਾਉਣ ਵਾਲੀ ਪਾਰਟੀ ਹੀ ਪੰਥ ਨੂੰ ਮੰਜ਼ਿਲ ਤੱਕ ਲੈ ਜਾ ਸਕਦੀ ਹੈ।

ਗਜਿੰਦਰ ਸਿੰਘ, ਲਕੀਰ ਪੰਨਾ 158–160

ਬਿਪਰ ਸੰਸਕਾਰ – ਲਕੀਰ ਪੰਨਾ 135

ਬਿਪਰ ਸੰਸਕਾਰ ਦੇ ਸਿਰਲੇਖ ਹੇਠ ਸ: ਗਜਿੰਦਰ ਸਿੰਘ ਜੀ ਲਿਖਦੇ ਹਨ: ਅੱਜ ਕੱਲ੍ਹ ਮੈਂ ਪ੍ਰੋ: ਹਰਿੰਦਰ ਸਿੰਘ ਮਹਿਬੂਬ ਦੀ ਕਿਤਾਬ, ਸਹਿਜੇ ਰਚਿਓ ਖ਼ਾਲਸਾ ਪੜ੍ਹ ਰਿਹਾ ਹਾਂ। ਮਹਿਬੂਬ ਸਾਹਿਬ, ਸਹਿਜੇ ਰਚਿਓ ਖ਼ਾਲਸਾ ਦੇ ਸਫ਼ਾ 696 ਉੱਤੇ ਲਿਖਦੇ ਹਨ, ਬਿਪਰ ਸੰਸਕਾਰ ਨੇ ਆਪਣੇ ਪੈਦਾ ਕੀਤੇ ਕਰਮ ਕਾਂਡ, ਦ੍ਰਿਸ਼ਟੀਕੋਣ ਅਤੇ ਇਤਿਹਾਸ ਰਾਹੀਂ ਸਿੱਖ ਜੀਵਨ ਨੂੰ ਇਸ ਹੱਦ ਤੱਕ ਜਕੜਿਆ ਹੋਇਆ ਹੈ ਕਿ ਸਿੱਖ ਚੇਤਨਾ ਦੀ ਧਾਰਾ ਪੁਰਾਣਿਕ ਪਦਾਰਥਵਾਦ ਅਤੇ ਉਸ ਉੱਤੇ ਬਣੇ ਹੋਰ ਵਹਿਮ, ਵਰਣ ਵੰਡ ਦੇ ਮਾਹੌਲ ਤੋਂ ਬਾਹਰ ਨਾ ਨਿਕਲ ਸਕੀ। ਮਹਿਬੂਬ ਸਾਹਿਬ ਬਚਿੱਤਰ ਨਾਟਕ ਨੂੰ ਦਸਮ ਪਾਤਸ਼ਾਹ ਦੀ ਬਾਣੀ ਨਹੀਂ ਮੰਨਦੇ ਅਤੇ ਇਸ ਸਬੰਧੀ ਉਨ੍ਹਾਂ ਦਾ ਤਰਕ ਬਹੁਤ ਪ੍ਰਭਾਵਿਤ ਕਰਨ ਵਾਲਾ ਹੈ।

ਬਚਿੱਤਰ ਨਾਟਕ ਵਿੱਚ ਜਿਵੇਂ ਸਿੱਖ ਗੁਰੂ ਸਾਹਿਬਾਂ ਨੂੰ ਬੇਦੀ ਸੋਢੀ ਕੁੱਲ ਦੇ ਆਧਾਰ 'ਤੇ ਰਾਮ ਚੰਦਰ ਜੀ ਦੇ (ਕਥਾਂ ਤੋਂ ਬਣਾਏ ਪੁੱਤ) ਪੁੱਤਰਾਂ ਲਵ ਕੁਸ਼ ਨਾਲ ਜੋੜਿਆ ਗਿਆ ਹੈ, ਇਸ ਨਾਲ ਗੁਰੂ ਸਾਹਿਬਾਂ ਦੇ ਸਤਿਕਾਰ ਵਿੱਚ ਵਾਧਾ ਨਹੀਂ ਹੋਇਆ ਸਗੋਂ ਅਪਮਾਨ ਕੀਤਾ ਗਿਆ ਮਹਿਸੂਸ ਹੁੰਦਾ ਹੈ।

ਕੁਝ ਸਿੱਖ ਸੰਸਥਾਵਾਂ ਅੱਜ ਵੀ ਗੁਰੂ ਸਾਹਿਬਾਂ ਦੇ ਇਸ ਤਰ੍ਹਾਂ ਦੇ ਅਪਮਾਨ ਵਿੱਚ ਭਾਗੀਦਾਰ ਬਣ ਰਹੀਆਂ ਹਨ।

ਕਨੇਡੀਅਨ ਟਾਈਮਜ਼ 23 ਫ਼ਰਵਰੀ 1990 ਦੇ ਅੰਕ ਵਿੱਚ, ਬਾਬਰੀ ਮਸਜਿਦ 'ਤੇ ਕਬਜ਼ਾ ਘੱਟ–ਗਿਣਤੀਆਂ ਨੂੰ ਹੜੱਪਣ ਦਾ ਢੰਗ ਨਾਮੀ ਲੇਖ ਦੇ ਇਹ ਲਫ਼ਜ਼ ਸਿੱਖ ਜਗਤ ਦੇ ਧਿਆਨ ਦੀ ਮੰਗ ਕਰਦੇ ਹਨ ਕਿਉਂਕਿ ਬਾਬਰੀ ਮਸਜਿਦ ਦੇ ਮਸਲੇ ਵਿੱਚ ਤੀਜੀ ਧਿਰ ਸਿੱਖਾਂ ਨੂੰ ਬਣਾਇਆ ਜਾ ਰਿਹਾ ਹੈ। ਦਿੱਲੀ ਦੇ ਇਕ ਸਿੱਖ ਪਾਰਲੀਮੈਂਟ ਮੈਂਬਰ ਦੇ ਬਿਆਨ ਨੂੰ ਬੜਾ ਉਛਾਲਿਆ ਜਾ ਰਿਹਾ ਹੈ ਕਿ ਇਸ ਮਸਲੇ ਵਿੱਚ (ਭਾਵ ਬਾਬਰੀ ਮਸਜਿਦ ਰਾਮ ਜਨਮ ਭੂਮੀ) ਸਿੱਖਾਂ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਉਸ ਨੇਤਾ ਦਾ ਬਿਆਨ ਹੈ ਕਿ ਸਿੱਖਾਂ ਦਾ ਸਬੰਧ ਲਵ–ਕੁਸ਼ ਨਾਲ ਮੰਨਿਆ ਜਾਂਦਾ ਹੈ, ਇਸ ਲਈ ਇਸ ਮਸਲੇ 'ਤੇ ਸਿੱਖਾਂ ਦੀ ਰਾਏ ਲੈਣੀ ਬਹੁਤ ਜਰੂਰੀ ਹੈ। ਕਿਸੇ ਸਿੱਖ ਪਾਰਲੀਮੈਂਟ ਦਾ ਬਿਆਨ ਆਪਣੇ ਆਪ ਵਿੱਚ ਕੋਈ ਇਕੱਲੀ ਅਵਾਜ਼ ਨਹੀਂ। ਬਿਪਰ ਸੰਸਕਾਰਾਂ ਦੇ ਪ੍ਰਭਾਵ ਹੇਠ ਇਸ ਵਿਸ਼ਵਾਸ ਦੀਆਂ ਜੜ੍ਹਾਂ ਸਿੱਖਾਂ ਦੇ ਇਕ ਵਰਗ ਵਿੱਚ ਕਾਫੀ ਡੂੰਘੀਆਂ ਲੱਗੀਆਂ ਹੋਈਆਂ ਹਨ। ਮੈਂ ਇਥੇ ਜਿਆਦਾ ਵਿਸਥਾਰ ਵਿੱਚ ਨਹੀਂ ਜਾਣਾ, ਜਿਹੜੇ ਵੀਰ ਵਿਸਥਾਰ ਨਾਲ ਪੜ੍ਹਨਾ ਚਾਹੁੰਦੇ ਹੋਣ ਉਨ੍ਹਾਂ ਨੂੰ ਮੈਂ ਸਹਿਜੇ ਰਚਿਓ ਖ਼ਾਲਸਾ ਦਾ ਬਿਪਰ ਸੰਸਕਾਰ ਵਾਲਾ ਭਾਗ ਪੜ੍ਹਨ ਦੀ ਸਲਾਹ ਦਿਆਂਗਾ। ਮੈਂ ਇਥੇ ਏਨੀ ਹੀ ਅਰਜ਼ ਕਰਨੀ ਹੈ ਕਿ ਬਿਪਰ ਸੰਸਕਾਰਾਂ ਤੋਂ ਮੁਕਤ ਹੋਣ ਲਈ ਬਹੁਤ ਤਕੜਾ ਹੰਭਲਾ ਮਾਰਨ ਦੀ ਲੋੜ ਹੈ (ਭਾਵ ਬੌਧਿਕ ਲੜਾਈ ਲੜਨ ਦੀ ਲੋੜ ਹੈ)।

ਸੋਚਣ ਵਾਲੀ ਗੱਲ ਇਹ ਵੀ ਹੈ ਕਿ ਸਿੱਖ ਗੁਰੂ ਸਾਹਿਬਾਨ ਨੂੰ ਰਾਮ ਚੰਦਰ ਦੀ ਔਲਾਦ ਵਿੱਚੋਂ ਸਾਬਤ ਕਰਕੇ ਅਸੀਂ ਕਿਤੇ ਵਿਸ਼ਵ ਹਿੰਦੂ ਪ੍ਰੀਸ਼ਦ ਵਾਲਿਆਂ ਨੂੰ ਬਾਬਰੀ ਮਸਜਿਦ ਤੋਂ ਬਾਅਦ ਹਰਿਮੰਦਰ ਸਾਹਿਬ ਯਾਨੀ ਦਰਬਾਰ ਸਾਹਿਬ ਉੱਤੇ ਕਬਜ਼ਾ ਕਰਨ ਲਈ ਸੱਦਾ ਤਾਂ ਨਹੀਂ ਦੇ ਰਹੇ?

ਸ: ਗਜਿੰਦਰ ਸਿੰਘ ਜੀ ਅੰਤ ਵਿੱਚ ਲਕੀਰ ਦੀ ਵਿਆਖਿਆ ਕਰਦੇ ਹੋਏ ਲਿਖਦੇ ਹਨ: ਏਕਤਾ ਦੋ ਬਰਾਬਰ ਦਿਆਂ ਵਿੱਚ ਹੁੰਦੀ ਹੈ ਅਤੇ ਇਕ ਦੂਜੇ ਦਿਆਂ ਹੱਕਾਂ ਦਾ ਸਤਿਕਾਰ ਕਰਕੇ ਹੁੰਦੀ ਹੈ। ਹਿੰਦੂ–ਸਿੱਖ ਕੌਮਾਂ ਵਿੱਚ ਅਮਨ ਤੇ ਚੰਗੇ ਸਬੰਧ ਸਥਾਈ ਰੂਪ ਵਿੱਚ ਤਾਂ ਹੀ ਰਹਿ ਸਕਦੇ ਹਨ ਜੇਕਰ ਦੋਹਾਂ ਵਿੱਚਲੀ ਲਕੀਰ ਨੂੰ ਪ੍ਰਵਾਨ ਕੀਤਾ ਜਾਵੇ। ਇਹ ਲਕੀਰ ਪਾਣੀ ਵਿੱਚ ਵਾਹੀ ਹੋਈ ਨਹੀਂ ਹੈ। ਇਹ ਲਕੀਰ ਅਕਾਲ ਪੁਰਖ ਦੇ ਹੁਕਮ ਨਾਲ ਦੱਸ ਗੁਰੂ ਸਾਹਿਬਾਨ ਨੇ ਵਾਹੀ ਹੈ। ਸਦੀਆਂ ਲੰਮੇ ਸੰਘਰਸ਼ਾਂ ਵਿੱਚ ਸਿੰਘਾਂ ਦੇ ਡੁੱਲ੍ਹੇ ਲਹੂ ਨੇ ਇਸ ਲਕੀਰ ਨੂੰ ਇੰਨਾਂ ਪੱਕਾ ਕਰ ਦਿੱਤਾ ਹੈ ਕਿ ਦੁਨੀਆਂ ਦੀ ਕੋਈ ਤਾਕਤ ਇਸ ਨੂੰ ਮਿਟਾ ਨਹੀਂ ਸਕਦੀ..... ਗਜਿੰਦਰ ਸਿੰਘ

**ਭਾਗ ਦੂਜੇ ਵਿੱਚ ਅਗਲੇ ਹਫ਼ਤੇ ਪੜ੍ਹੋ: ਗੁਰਬਾਣੀ ਦੀ ਇਕ ਇਲਾਹੀ ਵਿਸ਼ੇਸ਼ਤਾ ਹੈ ਕਿ ਇਹ ਮਨੁੱਖ ਨੂੰ ਇਤਿਹਾਸ ਵੱਲ ਧੱਕਦੀ ਹੈ ਅਤੇ ਇਤਿਹਾਸ ਦੀ ਜਾਗ ਲਾਉਂਦੀ ਹੈ।**

ਭੁੱਲਾਂ ਚੁੱਕਾਂ ਦੀ ਖਿਮਾਂ
ਗੁਰੂ ਪੰਥ ਦਾ ਦਾਸ
ਜਥੇਦਾਰ ਮਹਿੰਦਰ ਸਿੰਘ, ਯੂ.ਕੇ.

# ਭਾਰਤੀ ਮੂਲ ਦਾ ਨਰੇਸ਼ ਭੱਟ ਆਪਣੀ ਪਤਨੀ ਦੀ ਹੱਤਿਆ ਦੇ ਮਾਮਲੇ ਵਿਚ ਗ੍ਰਿਫਤਾਰ



ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)– ਵਿਰਜੀਨੀਆ ਵਾਸੀ 28 ਸਾਲਾ ਔਰਤ ਮਮਤਾ ਕੈਫਲ ਭੱਟ ਦੀ ਹੋਈ ਹੱਤਿਆ ਦੇ ਮਾਮਲੇ ਵਿਚ ਉਸ ਦੇ ਭਾਰਤੀ ਪਤੀ ਨਰੇਸ਼ ਭੱਟ ਨੂੰ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਪੁਲਿਸ ਅਫਸਰ ਤਲਾਸ਼ੀ ਵਾਰੰਟਾਂ ਦੀ ਤਾਮੀਲ ਕਰਦਿਆਂ ਭੱਟ ਨੂੰ ਹੱਥਕੜੀਆਂ ਲਾ ਕੇ ਲੈ ਗਏ। ਅਦਾਲਤੀ ਦਸਤਾਵੇਜ਼ਾਂ ਅਨੁਸਾਰ ਨਰੇਸ਼ ਭੱਟ ਨੇ ਆਪਣੇ ਘਰ ਦੇ ਅੰਦਰ ਪਤਨੀ ਦੀ ਹੱਤਿਆ ਕਰਨ ਤੋਂ ਬਾਅਦ ਉਸ ਦੀ ਲਾਸ਼ ਬਾਹਰ ਸੁੱਟ ਦਿੱਤੀ। ਹਾਲਾਂ ਕਿ ਭੱਟ ਵਿਰੁੱਧ ਅਜੇ ਰਸਮੀ ਤੌਰ 'ਤੇ ਦੋਸ਼ ਆਇਦ ਨਹੀਂ ਕੀਤੇ ਗਏ ਪਰੰਤੂ ਮੁੱਢਲੀ ਅਪਰਾਧਕ ਸ਼ਿਕਾਇਤ ਅਨੁਸਾਰ 30 ਜੁਲਾਈ ਨੂੰ ਨਰੇਸ਼ ਭੱਟ ਨੇ ਆਪਣੀ ਪਤਨੀ ਮਮਤਾ ਭੱਟ ਦੀ ਹੱਤਿਆ ਕੀਤੀ ਸੀ। ਸ਼ਿਕਾਇਤ ਅਨੁਸਾਰ ਜਾਂਚ ਦੌਰਾਨ ਮਮਤਾ ਭੱਟ ਦੀ ਮੌਤ ਸਬੰਧੀ ਕਈ ਡਿਜੀਟਲ ਤੇ ਫੌਰੈਂਸਿਕ ਸਬੂਤ ਮਿਲੇ ਹਨ। ਇਸ ਸਮੇ ਨਰੇਸ਼ ਭੱਟ ਨੂੰ ਪ੍ਰਿੰਸ ਵਿਲੀਅਮ ਮਾਨਾਸਾਸ ਰਿਜਨਲ ਅਡਲਟ ਡਿਟੈਨਸ਼ਨ ਸੈਂਟਰ ਵਿਚ ਰਖਿਆ ਗਿਆ ਹੈ।


SRI GURU SINGH SABHA SLOUGH

ਸਾਲਾਨਾ ਜਨਰਲ ਅਜਲਾਸ
29 ਸਤੰਬਰ 2024 ਨੂੰ 2:00 ਵਜੇ ਹੋਵੇਗਾ

ਗੁਰੂ ਪਿਆਰੇ ਖਾਲਸਾ ਜੀਓ, ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਲੋਹ ਦੇ ਸਾਰੇ ਰਜਿਸਟਰ ਮੈਂਬਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗੁਰਦੁਆਰਾ ਸਾਹਿਬ ਰਜਿਸਟਰਡ ਮੈਂਬਰਾਂ ਦਾ ਸਾਲਾਨਾ ਜਨਰਲ ਅਜਲਾਸ ਦਿਨ ਐਤਵਾਰ ਮਿਤੀ 29 ਸਤੰਬਰ 2024 ਨੂੰ ਦੁਪਹਿਰ 2:00 ਵਜੇ ਬੁਲਾਇਆ ਗਿਆ ਹੈ ਜੋ ਕਿ ਗੁਰਦੁਆਰਾ ਸਾਹਿਬ ਦੇ ਮੇਨ ਹਾਲ ਵਿੱਚ ਹੋ ਰਿਹਾ ਹੈ। ਸੋ ਗੁਰਦੁਆਰਾ ਸਾਹਿਬ ਦੇ ਸਾਰੇ ਰਜਿਸਟਰਡ ਮੈਂਬਰਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਮੇ ਸਿਰ ਪਹੁੰਚ ਕੇ ਅਤੇ ਗੁਰੂਘਰ ਦੇ ਬਿਹਤਰ ਪ੍ਰਬੰਧ ਵਾਸਤੇ ਸੁਝਾਅ ਦੇ ਕੇ ਧੰਨਵਾਦੀ ਬਣਾਉ ਜੀ।

AGM OF SINGH SABHA SLOUGH
On Sunday 29th September 2024, 2:00 pm

The General Body Meeting of Gurdwara, Sri Guru Singh Sabha, Slough, Wexham Court, Sheehy Way, Slough Berkshire SL2 5SS will be held on Sunday 29th September 2024 at 2pm in the Gurdwara Sahib in the main Diwan Hall. All the registered members of Gurdwara Sahib are requested to attend. The Agenda of the General Body Meeting will be placed on the notice board at the Gurdwara Sahib.

"ਜਿਸ ਨੇ ਵੀ ਸਵਾਲ ਕਰਨਾ ਹੈ ਉਹ 27 ਸਤੰਬਰ ਤੋਂ ਪਹਿਲਾਂ ਹੇਠ ਦਿੱਤੇ ਈ ਮੇਲ 'ਤੇ ਲਿਖਤੀ ਰੂਪ ਵਿੱਚ ਆਪਣੇ ਸਵਾਲ ਭੇਜਣ। ਮੌਕੇ 'ਤੇ ਕੀਤੇ ਕਿਸੇ ਵੀ ਸਵਾਲ ਦਾ ਜਵਾਬ ਨਹੀਂ ਦਿੱਤਾ ਜਾਵੇਗਾ"।
Email : bookings@singhsabhaslough.org

Sri Guru Singh Sabha, Slough
WEXHAM COURT, SHEEHY WAY, SLOUGH, BERKSHIRE, SL2 5SS ENGLAND, U.K.
Tel: 01753 531 826, Tel / Fax : 01753 531 826

| ਗੁਰੂ ਪੰਥ ਦੇ ਦਾਸਰੇ | Bagga Singh<br>President | Amarjeet singh<br>General Secretary |
|---|---|---|

# SIKH ACHIEVERS CAN HELP THE COMMUNITY

**Iqbal Singh Lalpura**



Nankana Sahib, is the birthplace of the Sikh religion, as Guru Nanak was born here and was identified as an angel, not by midwife Daulatan only but also by Rai Bular. The serpentine shadowed his face, and the crops were regrown even after cattle destroyed them. Lahore was the hometown of Guru Ram Das to all the Sodhi Patshahs. The Khalsa established the kingdom with its capital at Lahore in the 18th century, but the Sikhs had to vacate it along with Gurdwaras now in Pakistan after the division of India. We were not united and were seen helping the Britishers against the Maharaja Ranjit Singh family, who had united the Sikhs to make a powerful kingdom.

During the British period, the so-called Sikh princes were there to help them to snub all efforts to revive the Sikh religion and politics during the 19th and 20th centuries. The Khalsa National Party was a pro-British organization that opposed the Shiromani Gurdwara Parbandhak Committee leadership.Divided, we got nothing; all those princes are not read in history to have got any benefits for Sikhs in the new independent countries. We had to leave Nankana Sahib and our capital, Lahore.

After partition, we are again divided on lines of political parties, Deras, and sects. For Sikhs, there is only one Guru, that is, Sri Guru Granth Sahib; those who follow Him are Sikhs, so religiously it is necessary to be seen united under our Guru. Those who have taken Pahul are members of the army of almighty God and are there to serve and protect humanity. This is again a very noble cause, an embodiment of an angel, which Guru Nanak had preached.

After suffering the death of millions, rape, and insult, we forget this loss, and instead of being united, we were totally divided on all issues, including our language, which is Gurmukhi. Instead of promoting it, even in states where Sikh



princes had ruled, we never thought of uniting to get the glow of freedom in independent India. As for political power in Punjab is concerned,Some of them gained the highest political office in the center and states, but there is nothing worth remembering ,about their contribution to Gurmukhi or the Sikh community cause.

From 1980 to 1995, Sikhs were seen killing mostly their own Sikhs brethren's, some were in uniform, and others were misguided or instigated by anti-India elements. Nobody came forward to tell them that there was a political conspiracy to kill them and win the next election. Even the religious and highest temporal authorities were silent spectators or were killed also. Even today, Sikh individuals have reached heights in every sphere, and people are proud of their achievements, but what can be discuss about their contribution for the promotion of our language, economy, and youth? How can their individual achievements be enjoyed by the Sikh community as a whole?

Punjab stands much behind where it was in 1947, and we have no plan to revive it to the stage of 1839, when it was the most peaceful, secure, secular, rich, and a world power. We have to get justice for the 1984 massacre victims; has anybody thought or planned for that? What about those widows who have to sleep out in cold and extreme hot weather in the Delhi widow colony? What about jobs for their dependents? What about army deserters who deserted barracks on the call of politicians in 1984; about 309 of them are living without a pension. What about those who were illegally arrested and detained in Jodhpur and elsewhere after Operation Blue Star? Who will take up the case of Gurdwaras outside Punjab?

Is making a political statement about these issues to exploit Sikh sentiments is enough, or do we need to unite and solve all these? Sikhs are going out of all three pillars of democracy, i.e., legislators, bureaucracy, and judiciary. Is anybody bothered about them? Can anybody tell on record that someone else than Shri Narinder Modi has ever thought to give justice and promote our religion and culture? Why can't we get the benefit of his office? I personally appreciate and congratulate all the Sikh achievers in economic, social, political, education, science, banking, bureaucracy, defense services, but also request them all to unite and contribute for the development of our community and religion; otherwise, everything is perishable. If we want to leave a good legacy and name for our generation, then follow the wisdom in Salok, "Naam rahio Sadhu rahio, rahio gur Govind, koh Nanak eh jagat mein ke na japeo Gurmant" (The name of the Lord is permanent, saints are remembered, the Guru is there to stay permanently, or those who have meditated on God). Ang 1429

Sikh achievers can significantly contribute to the community's development through various means. Mentorship allows them to share experiences and guide young Sikhs in their personal and professional growth. Supporting Sikh institutions, charities, and initiatives promoting education, healthcare, and social welfare is crucial. Preserving and promoting Sikh heritage, language, and traditions through cultural events, educational programs, and digital platforms helps maintain the community's identity.


Creating job opportunities, supporting Sikh-owned businesses, and investing in community development projects fosters economic empowerment. Engaging in volunteer work, supporting social causes, and participating in global initiatives demonstrates a commitment to social service. Leadership roles in Sikh institutions and community initiatives inspire others with vision and expertise. Establishing scholarships, supporting educational institutions, and promoting Sikh values and ethics ensures future success.

Fostering unity and cooperation among Sikhs, promoting collective progress, is vital. Raising awareness about Sikh issues, promoting understanding, and advocating for Sikh rights through dialogue, as Guru Nanak promoted, "Ros na keejai utar deejai "is essential. Role modeling Sikh values, demonstrating compassion, honesty, and service, inspires others. Individual efforts have limited impact, but uniting for the community's cause is key.

Learning from other communities, like the Jewish community, and uniting for a common mission in a democratic setup, where everyone can choose their political party without criticizing others, can help achieve this goal. Let's unite to create an International Singh Sabha, a collective platform for Sikh achievers to make a meaningful impact. Time is of the essence, so let's act now to make this vision a reality.

*Chairman,National commission for Minorities, Government of India.*
*iqbalsingh_73@yahoo.co.in*

# ਸਿਹਤ ਤੇ ਸੁੰਦਰਤਾ



## ਲਸਣ ਦੀਆਂ ਦੋ ਕਲੀਆਂ ਤੇਜ਼ੀ ਨਾਲ ਘਟਾਉਂਦੀਆਂ ਹਨ ਖਰਾਬ ਕੋਲੈਸਟ੍ਰੋਲ



ਅਨਿਯਮਿਤ ਰੁਟੀਨ ਅਤੇ ਗਲਤ ਖਾਣ-ਪੀਣ ਦੀਆਂ ਆਦਤਾਂ ਕਾਰਨ ਖਰਾਬ ਕੋਲੈਸਟ੍ਰੋਲ ਦੀ ਸਮੱਸਿਆ ਲਗਾਤਾਰ ਵਧਦੀ ਜਾ ਰਹੀ ਹੈ। ਨੌਜਵਾਨ ਵੀ ਕੋਲੈਸਟ੍ਰੋਲ ਵਧਣ ਦੀ ਸਮੱਸਿਆ ਦਾ ਸ਼ਿਕਾਰ ਹੋ ਰਹੇ ਹਨ। ਨਿਯਮਿਤ ਤੌਰ 'ਤੇ ਕਸਰਤ ਨਾ ਕਰਨ ਨਾਲ ਵੀ ਸਰੀਰ ਵਿਚ ਕੋਲੈਸਟ੍ਰਾਲ ਦੀ ਮਾਤਰਾ ਵਧ ਜਾਂਦੀ ਹੈ। ਖਰਾਬ ਕੋਲੈਸਟ੍ਰੋਲ ਇੱਕ ਕਿਸਮ ਦੀ ਚਰਬੀ ਹੈ। ਇਸ ਦੇ ਵਧਣ ਨਾਲ ਸਟ੍ਰੋਕ, ਟਾਈਪ 2 ਡਾਇਬਟੀਜ਼ ਅਤੇ ਹਾਰਟ ਅਟੈਕ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਅਜਿਹੇ 'ਚ ਲਗਾਤਾਰ ਵਧਦਾ ਖਰਾਬ ਕੋਲੈਸਟ੍ਰੋਲ ਸਰੀਰ ਲਈ ਘਾਤਕ ਸਾਬਤ ਹੋ ਸਕਦਾ ਹੈ। ਇਸ ਨਾਲ ਦਿਲ ਨੂੰ ਸਭ ਤੋਂ ਵੱਧ ਨੁਕਸਾਨ ਹੁੰਦਾ ਹੈ।

ਕੋਲੇਸਟ੍ਰੋਲ ਕੀ ਹੈ-ਕੋਲੈਸਟ੍ਰੋਲ ਦੀਆਂ ਦੋ ਕਿਸਮਾਂ ਹਨ। ਪਹਿਲਾ ਚੰਗਾ ਕੋਲੈਸਟ੍ਰੋਲ ਹੈ। ਇਹ ਸਰੀਰ ਲਈ ਜ਼ਰੂਰੀ ਹੈ. ਇਸ ਵਿਚ ਪ੍ਰੋਟੀਨ ਜ਼ਿਆਦਾ ਅਤੇ ਚਰਬੀ ਘੱਟ ਹੁੰਦੀ ਹੈ। ਇਹ ਸਰੀਰ ਤੋਂ ਵਾਧੂ ਕੋਲੈਸਟ੍ਰੋਲ ਨੂੰ ਦੂਰ ਕਰਦਾ ਹੈ। ਦੂਜਾ ਬੁਰਾ ਕੋਲੈਸਟ੍ਰੋਲ ਹੈ, ਜੋ ਸਰੀਰ ਲਈ ਹਾਨੀਕਾਰਕ ਹੈ। ਇਸ ਨਾਲ ਸਰੀਰ ਦੇ ਖੂਨ ਦਾ ਪ੍ਰਵਾਹ ਪ੍ਰਭਾਵਿਤ ਹੁੰਦਾ ਹੈ। ਸਾਡੇ ਘਰ 'ਚ ਕਈ ਅਜਿਹੀਆਂ ਚੀਜ਼ਾਂ ਮੌਜੂਦ ਹਨ, ਜਿਨ੍ਹਾਂ ਦੇ ਸੇਵਨ ਨਾਲ ਖਰਾਬ ਕੋਲੈਸਟ੍ਰਾਲ ਨੂੰ ਤੇਜ਼ੀ ਨਾਲ ਘੱਟ ਕੀਤਾ ਜਾ ਸਕਦਾ ਹੈ। ਆਓ ਅਸੀਂ ਤੁਹਾਨੂੰ ਇਸ ਬਾਰੇ ਦੱਸਦੇ ਹਾਂ।


ਲਸਣ ਦਾ ਸੇਵਨ-ਲਸਣ ਹਰ ਘਰ ਵਿੱਚ ਪਾਈ ਜਾਣ ਵਾਲੀ ਇੱਕ ਆਮ ਚੀਜ਼ ਹੈ। ਆਯੁਰਵੇਦ ਵਿੱਚ ਵੀ ਲਸਣ ਦਾ ਵਿਸ਼ੇਸ਼ ਮਹੱਤਵ ਹੈ। ਇਹ ਕਈ ਬਿਮਾਰੀਆਂ ਨਾਲ ਲੜਨ 'ਚ ਮਦਦ ਕਰਦਾ ਹੈ। ਲਸਣ 'ਚ ਐਂਟੀ-ਬੈਕਟੀਰੀਅਲ ਅਤੇ ਐਲੀਸਿਨ ਹੁੰਦਾ ਹੈ, ਜੋ ਖਰਾਬ ਕੋਲੈਸਟ੍ਰਾਲ ਨੂੰ ਘੱਟ ਕਰਨ 'ਚ ਕਾਫੀ ਮਦਦ ਕਰਦਾ ਹੈ। ਇਸ ਦੇ ਨਾਲ ਹੀ ਲਸਣ 'ਚ ਐਂਟੀਆਕਸੀਡੈਂਟ, ਐਲੀਨ ਅਤੇ ਅਜੋਇਨ ਪਾਏ ਜਾਂਦੇ ਹਨ, ਜੋ ਬਲੱਡ ਸਰਕੁਲੇਸ਼ਨ ਨੂੰ ਠੀਕ ਰੱਖਦੇ ਹਨ।

ਲਸਣ ਖਾਣ ਦੇ ਹੋਰ ਫਾਇਦੇ-ਕੱਚੇ ਲਸਣ ਦਾ ਸੇਵਨ ਕਰਨ ਨਾਲ ਕਮਜ਼ੋਰੀ ਦੀ ਸਮੱਸਿਆ ਤੋਂ ਛੁਟਕਾਰਾ ਮਿਲਦਾ ਹੈ। ਰੋਜ਼ਾਨਾ ਖਾਲੀ ਪੇਟ ਲਸਣ ਦਾ ਸੇਵਨ ਕਰਨ ਨਾਲ ਭਾਰ ਘੱਟ ਹੁੰਦਾ ਹੈ। ਲਸਣ ਦਾ ਸੇਵਨ ਸ਼ੂਗਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ। ਲਸਣ ਦੇ ਰੋਜ਼ਾਨਾ ਸੇਵਨ ਨਾਲ ਪਾਚਨ ਕਿਰਿਆ ਵੀ ਠੀਕ ਹੁੰਦੀ ਹੈ।

## 4-5 ਕੱਪ ਚਾਹ ਪੀਣੇ ਸਿਹਤ ਲਈ ਦੇ ਲਈ ਨੁਕਸਾਨਦੇਹ

ਲੋਕ ਆਪਣੇ ਆਪ ਨੂੰ ਤਾਜ਼ਾ ਰੱਖਣ ਤੇ ਨੀਂਦ ਤੋਂ ਬਚਣ ਲਈ ਕੌਫੀ ਪੀਂਦੇ ਹਨ। ਇਸ ਗੁਣ ਦੇ ਕਾਰਨ ਹੀ ਲੋਕ ਇਸ ਨੂੰ ਕਾਫੀ ਪਸੰਦ ਕਰਦੇ ਹਨ ਪਰ ਤੁਹਾਨੂੰ ਦੱਸ ਦੇਈਏ ਕਿ ਜੇ ਤੁਸੀਂ ਇਸ ਨੂੰ ਜ਼ਿਆਦਾ ਮਾਤਰਾ 'ਚ ਪੀਂਦੇ ਹੋ ਤਾਂ ਇਸ ਨਾਲ ਤੁਹਾਡੀ ਰਾਤ ਦੀ ਨੀਂਦ ਖਰਾਬ ਹੋ ਸਕਦੀ ਹੈ। ਕੈਫੀਨ ਦਾ ਪ੍ਰਭਾਵ ਸਰੀਰ ਵਿੱਚ 7-8 ਘੰਟੇ ਤੱਕ ਰਹਿੰਦਾ ਹੈ। ਇਸ ਲਈ, ਬਹੁਤ ਜ਼ਿਆਦਾ ਕੌਫੀ ਪੀਣ ਨਾਲ ਰਾਤ ਨੂੰ ਆਰਾਮਦਾਇਕ ਨੀਂਦ ਆਉਣਾ ਮੁਸ਼ਕਲ ਹੋ ਸਕਦਾ ਹੈ।

ਦਿਲ ਦੀ ਧੜਕਣ ਤੇਜ਼ ਹੋਣਾ-ਕੈਫੀਨ ਸਰੀਰ ਦੀ ਪੈਰਾਸਿਮਪੈਥੀਟਿਕ ਸਿਸਟਮ ਨੂੰ ਡਿਸਟਰਬ ਕਰਦੀ ਹੈ। ਯਾਨੀ ਸਰੀਰ 'ਚ ਕੈਫੀਨ ਦੀ ਜ਼ਿਆਦਾ ਮਾਤਰਾ ਹੋਣ ਕਾਰਨ ਸਰੀਰ ਆਰਾਮ ਨਹੀਂ ਕਰ ਪਾਉਂਦਾ ਅਤੇ ਐਡਰੇਨਾਲੀਨ ਦਾ ਪੱਧਰ ਵਧਣ ਲੱਗਦਾ ਹੈ। ਇਸ ਕਾਰਨ ਦਿਲ ਦੀ ਧੜਕਣ ਵਧ ਸਕਦੀ



ਹੈ। ਇਸ ਨੂੰ ਐਟਰੀਅਲ ਫਾਈਬਰਿਲੇਸ਼ਨ ਕਿਹਾ ਜਾਂਦਾ ਹੈ। ਇਸ ਕਾਰਨ ਦਿਲ ਨਾਲ ਜੁੜੀਆਂ ਸਮੱਸਿਆਵਾਂ ਸ਼ੁਰੂ ਹੋ ਸਕਦੀਆਂ ਹਨ। ਇਸ ਲਈ ਧਿਆਨ ਰੱਖੋ ਕਿ ਤੁਸੀਂ ਕਿੰਨੀ ਕੌਫੀ ਪੀ ਰਹੇ ਹੋ।

ਬਲੱਡ ਪ੍ਰੈਸ਼ਰ ਵਧਣਾ-ਕੈਫੀਨ ਸਰੀਰ ਵਿੱਚ ਐਡਰੇਨਾਲੀਨ ਦੇ ਪੱਧਰ ਨੂੰ ਵਧਾਉਂਦੀ ਹੈ। ਤੁਹਾਨੂੰ ਦੱਸ ਦੇਈਏ ਕਿ ਐਡਰੇਨਾਲੀਨ ਇਕ ਤਰ੍ਹਾਂ ਦਾ ਹਾਰਮੋਨ ਹੈ ਜੋ ਸਰੀਰ ਵਿਚ ਕੁਦਰਤੀ ਤੌਰ 'ਤੇ ਪਾਇਆ ਜਾਂਦਾ ਹੈ ਪਰ ਜਦੋਂ ਇਸ ਦੀ ਮਾਤਰਾ ਜ਼ਿਆਦਾ ਹੋ ਜਾਂਦੀ ਹੈ ਤਾਂ ਧਮਨੀਆਂ ਸੁੰਗੜਨ ਲੱਗਦੀਆਂ ਹਨ। ਇਸ ਕਾਰਨ ਬਲੱਡ ਪ੍ਰੈਸ਼ਰ ਵਧ ਜਾਂਦਾ ਹੈ। ਇਸ ਕਾਰਨ ਖੂਨ ਦੇ ਥੱਕੇ ਬਣਨ ਜਾਂ ਧਮਨੀਆਂ ਦੇ ਫਟਣ ਦਾ ਖਤਰਾ ਰਹਿੰਦਾ ਹੈ।

ਪਾਚਨ ਸ਼ਕਤੀ ਘਟਦੀ ਏ-ਹਾਲਾਂਕਿ ਕੈਫੀਨ ਅੰਤੜੀਆਂ ਦੀ ਗਤੀ ਵਿੱਚ ਮਦਦ ਕਰਦੀ ਹੈ ਪਰ ਇਸਦੀ ਮਾਤਰਾ ਜ਼ਿਆਦਾ ਹੋਣ ਕਾਰਨ ਇਹ ਤੁਹਾਡੇ ਪਾਚਨ ਨੂੰ ਨੁਕਸਾਨ ਪਹੁੰਚਾ ਸਕਦੀ ਹੈ। ਇਸ ਨਾਲ ਡਾਇਰੀਆ, ਐਸਿਡ ਰਿਫਲਕਸ ਅਤੇ ਹਾਰਟਬਰਨ ਵਰਗੀਆਂ ਸਮੱਸਿਆਵਾਂ ਹੋ ਸਕਦੀਆਂ ਹਨ। ਇਸ ਲਈ ਬਹੁਤ ਜ਼ਿਆਦਾ ਕੈਫੀਨ ਪੀਣ ਨਾਲ ਤੁਹਾਡਾ ਪਾਚਨ ਖਰਾਬ ਹੋ ਸਕਦਾ ਹੈ।

## * ਚੂੰਢੀਆਂ-ਪੋਚੇ *

ਲੇਖਕ - ਨਿਰਮਲ ਸਿੰਘ ਕੰਧਾਲਵੀ



*ਸ਼ੰਭੂ ਬਾਰਡਰ ਦਾ ਮਾਮਲਾ ਹਾਲੇ ਨਹੀਂ ਸੁਲਝਿਆ, ਟ੍ਰੈਕਟਰ- ਟਰਾਲੀਆਂ ਨੂੰ ਲੈ ਕੇ ਫ਼ਸਿਆ ਪੇਚ- ਇਕ ਖ਼ਬਰ



-ਓ ਭਾਈ, ਗੱਡੇ ਨਾਲ ਕੱਟਾ ਬੰਨ੍ਹ ਰਹੀ ਹੈ ਸੁਪਰੀਮ ਕੋਰਟ।

*ਛੇ ਮਹੀਨਿਆਂ ਵਿਚ ਸਾਈਬਰ ਫਰਾਡ ਵਿਚ 15 ਬੈਂਕ ਮੈਨੇਜਰ ਗ੍ਰਿਫ਼ਤਾਰ- ਇਕ ਖ਼ਬਰ

-ਬੋਹਲ ਦੀ ਰਾਖੀ ਬੱਕਰੇ।

*ਜਥੇਦਾਰ ਸਿੱਖ ਪੰਥ ਦੀਆਂ ਭਾਵਨਾਵਾਂ ਅਨੁਸਾਰ ਫ਼ੈਸਲਾ ਸੁਣਾਉਣ- ਪੰਜ ਪਿਆਰੇ

-ਭਾਵੇਂ ਮੇਰੀ ਮੱਝ ਵਿਕ ਜਾਏ, ਤੈਨੂੰ ਲੈ ਦਊਂ ਸਲੀਪਰ ਕਾਲ਼ੇ।

*ਘੱਟ-ਗਿਣਤੀ ਕੌਮਾਂ ਦਾ ਧਰਮ ਅਤੇ ਰਾਜਸੀ ਭਵਿੱਖ ਭਾਰਤ ਵਿਚ ਸੁਰੱਖਿਅਤ ਨਹੀਂ- ਦਲ ਖ਼ਾਲਸਾ, ਮਾਨ ਦਲ

-ਹੁਣ ਅੱਕਾਂ ਤੋਂ ਭਾਲ਼ਦੀ ਡੇਲੇ, ਜੱਟਾਂ ਨੇ ਕਰੀਰ ਪੁੱਟ ਲਏ।

*ਵਿਨੇਸ਼ ਫੋਗਾਟ ਦਾ ਚੈਂਪੀਅਨਾਂ ਵਾਂਗ ਹੋਇਆ ਸਵਾਗਤ- ਇਕ ਖ਼ਬਰ



-ਵੇਲਾਂ ਧਰਮ ਦੀਆਂ, ਵਿਚ ਦਰਗਾਹ ਦੇ ਹਰੀਆਂ।

*ਸ਼੍ਰੋਮਣੀ ਕਮੇਟੀ ਮੈਂਬਰਾਂ ਦੇ ਵਫ਼ਦ ਦੀ ਜਥੇਦਾਰ ਨਾਲ ਮੁਲਾਕਾਤ ਨੇ ਵਧਾਈ ਬਾਦਲਾਂ ਦੀ ਚਿੰਤਾ- ਇਕ ਖ਼ਬਰ

-ਗ਼ਮ ਨੇ ਖਾ ਲਈ ਗ਼ਮ ਨੇ ਪੀ ਲਈ, ਗ਼ਮ ਦੀ ਬੁਰੀ ਬਿਮਾਰੀ।

*ਮੁੰਬਈ 'ਚ ਸਿੱਖ ਟਿਕਟ ਚੈੱਕਰ 'ਤੇ ਬੇਟਿਕਟੇ ਮੁਸਾਫ਼ਰਾਂ ਵਲੋਂ ਹਮਲਾ- ਇਕ ਖ਼ਬਰ



-ਸਿੱਖਾਂ ਨੂੰ ਆਜ਼ਾਦੀ ਦਾ ਨਿੱਘ ਦਿਤਾ ਜਾ ਰਿਹੈ।

*ਵਿਸ਼ਵਾਸਘਾਤ ਕਰਨਾ ਭਾਜਪਾ ਪਾਰਟੀ ਦੀ ਰਣਨੀਤੀ ਦਾ ਅਹਿਮ ਹਿੱਸਾ- ਦਿਗਵਿਜੇ ਚੌਟਾਲਾ



-ਕੀ ਕਰਨਾ ਕੱਪੜੇ ਰੰਗਿਆਂ ਨੂੰ, ਜੇ ਮਨ ਰੰਗਿਆ ਨਾ ਜਾਵੇ।

*ਔਰਤਾਂ ਵਿਰੁੱਧ ਅਪਰਾਧ ਨਾਮੁਆਫ਼ੀਯੋਗ ਪਾਪ- ਮੋਦੀ



-ਮਣੀਪੁਰ ਦੀਆਂ ਔਰਤਾਂ ਨੇ ਕੀ ਗੁਨਾਹ ਕਰ ਲਿਆ ਸੀ, ਮੋਦੀ ਜੀ?

*ਕਾਂਗਰਸ ਅਤੇ ਸਮਾਜਵਾਦੀ ਪਾਰਟੀ 'ਦੋਗਲੀ ਸੋਚ' ਵਾਲੀਆਂ ਪਾਰਟੀਆਂ ਹਨ- ਮਾਇਆਵਤੀ



-ਚੁੱਕੀ ਹੋਈ ਲੰਬੜਾਂ ਦੀ, ਗਾਲ਼ ਬਿਨਾਂ ਨਾ ਬੋਲੇ।

ਅਕਾਲੀ ਦਲ ਦਾ ਡਿੰਪੀ ਵਿਚੋਂ ਅੱਗੇ ਤਰਲਾ ਕਿ ਉਹ ਛੱਡ ਕੇ ਨਾ ਜਾਵੇ, ਉਸ ਨੂੰ ਗਿੱਦੜਬਾਹਾ ਸੀਟ ਦਿਤੀ ਜਾਵੇਗੀ- ਇਕ ਖ਼ਬਰ



-ਲਾਈਆਂ ਤੇ ਤੋੜ ਨਿਭਾਵੀਂ, ਛੱਡ ਕੇ ਨਾ ਜਾਵੀਂ ਵੇ ਬੀਬਾ ਛੱਡ ਕੇ ਨਾ ਜਾਵੀਂ।

*ਸਿੱਖ ਪੰਥ ਅਤੇ ਅਕਾਲੀ ਦਲ ਨੂੰ ਭਾਜਪਾ ਅਤੇ ਆਰ,ਐੱਸ.ਐੱਸ. ਕਮਜ਼ੋਰ ਕਰ ਰਹੀਆਂ ਹਨ- ਸੁਖਬੀਰ ਬਾਦਲ



-ਕਾਦਰਯਾਰ ਅਣਹੋਣੀਆਂ ਕਰਨ ਜੇਹੜੇ, ਆਖ਼ਰਵਾਰ ਉਨ੍ਹਾਂ ਪਛੋਤਾਵਣਾ ਈ।

*ਪੰਥ ਦੇ ਨਾਮ 'ਤੇ ਵੋਟਾਂ ਮੰਗਣ ਵਾਲਿਆਂ ਨੇ ਸੰਸਦ 'ਚ ਕਦੇ ਪੰਜਾਬ ਦੀ ਗੱਲ ਨਹੀਂ ਕੀਤੀ- ਭਗਵੰਤ ਮਾਨ




-ਸੁੱਤੀ ਪਈ ਨੇ ਲੁਹਾਈਆਂ ਚੂੜੀਆਂ, ਅਜੇ ਵੀ ਘੁਰਾੜੇ ਮਾਰਦੀ।

*ਕੰਗਨਾ ਰਣੌਤ 'ਤੇ ਐਨ.ਐਸ.ਏ. ਲਗਾ ਕੇ ਉਸ ਨੂੰ ਡਿਬਰੂਗੜ੍ਹ ਜੇਲ੍ਹ ਭੇਜਿਆ ਜਾਵੇ- ਡਾ. ਵੇਰਕਾ



-ਚੰਦ ਕੌਰ ਚੱਕਵਾਂ ਚੁੱਲ੍ਹਾ, ਕਿਤੇ ਯਾਰਾਂ ਨੂੰ ਭਿੜਾ ਕੇ ਮਾਰੂ।

ਟਰੰਪ ਤੇ ਹੈਰਿਸ ਦੀ ਚੋਣ ਮੁਹਿੰਮ 'ਚ ਈਰਾਨ ਕਰ ਰਿਹਾ ਹੈ ਦਖ਼ਲਅੰਦਾਜ਼ੀ- ਅਮਰੀਕੀ ਖ਼ੁਫ਼ੀਆ ਅਧਿਕਾਰੀ



-ਕਾਟੋ ਦੁੱਧ ਰਿੜਕੇ, ਚੁਗਲ ਝਾਤੀਆਂ ਮਾਰੇ।

* * * * * * *

# ਸਭੈ ਘਟ ਰਾਮੁ ਬੋਲੇ ਰਾਮਾ ਬੋਲੈ

ਲੇਖਿਕਾ
ਬਲਵਿੰਦਰ ਕੌਰ
ਚਾਹਲ (ਸਾਊਥਾਲ)



ਪ੍ਰਾਚੀਨੀ, ਸਨਾਤਨੀ ਧਰਮ ਵਿੱਚ ਯਾਨੀ ਉਸ ਸਮੇਂ ਵਿੱਚ ਲੋਕ ਕੁਦਰਤੀ ਸੋਮਿਆਂ ਦੀ ਪੂਜਾ ਕਰਦੇ ਸਨ, ਹੌਲੀ ਹੌਲੀ ਪ੍ਰਭੂ ਪ੍ਰਮੇਸ਼ਰ ਦੇ ਨਉਂ ਧਰਨ ਲੱਗ ਪਏ, ਮਨੁੱਖਤਾ ਦੀ ਦੁਨੀਆਂ ਬਹੁਤੀ ਵੱਡੀ ਨਹੀਂ ਸੀ, ਆਪਣੀ ਭਾਸ਼ਾ ਤੇ ਬੋਲੀ ਵਿੱਚ ਰਾਮ, ਪ੍ਰਭੂ, ਯੱਸੂ, ਅੱਲ੍ਹਾ ਰਹੀਮ ਕਰੀਮ ਆਦਿ, ਜਿਉਂ ਜਾਗ੍ਰਿਤੀ ਵੱਧਦੀ ਗਈ ਲੋਕ ਉਨ੍ਹਾਂ ਨਾਵਾਂ ਤੇ ਬੰਦਿਆਂ ਦੇ ਨਉਂ ਰੱਖਣ ਲੱਗ ਗਏ, ਸੋ ਰਾਮ ਲਛਮਣ ਨਉਂ ਤਾਂ ਉਸ ਸੰਦਰਭ ਵਿੱਚ ਹੈ, ਗੁਰੂ ਗ੍ਰੰਥ ਵਿੱਚ ਇਹ ਸਪੱਸ਼ਟ ਹੈ ਜਦੋਂ ਰਾਮ ਵਾਰ ਵਾਰ, ਪਰ ਰਾਮ ਚੰਦਰ ਦੂਜੇ ਪੱਖ ਵਿੱਚ ਹੈ ਸੋ ਇਸ ਵਿਸ਼ੇ 'ਤੇ ਵਿਵਾਦ ਬੇਅਰਥ ਹੈ, ਮੈਂ ਦਾਅਵਾ ਨਹੀਂ ਕਰਦੀ ਇਸ ਇਤਿਹਾਸ ਵਿੱਚ ਕਿਉਂਕਿ ਮੈਂ ਗੁਣੀ, ਗਿਆਨੀ, ਵਿਦਵਾਨ, ਬੁੱਧੀਮਾਨ ਤਾਂ ਨਹੀਂ ਪਰ ਵਿਦਮਾਨ ਹਾਂ ਬੜਾ ਧਨ ਖਰਚ ਕਰਕੇ ਮਾਪਿਆਂ ਉੱਚ ਵਿੱਦਿਆ ਦਵਾਈ ਤੇ ਇਥੇ ਆ ਕੇ ਭੀ ਕਾਨੂੰਨ ਦੀ ਸਾਲ ਪੜ੍ਹਾਈ ਕੀਤੀ ਤਾਂ ਕਰਕੇ ਮਨ ਇਸ ਵਿਦਵਤਾ ਵਾਲਾ ਹੈ, ਕਿਸੇ ਭੀ ਤੱਥ ਤੇ ਕਸਵੱਟੀ ਦੀ ਸਹੀ ਨਾ ਉਤਰਦੀ ਲਈ ਖਿਮਾਂ ਮੰਗਦੀ ਹਾਂ, ਲੇਖ ਪੜ੍ਹਦੀ ਰਹਿੰਦੀ ਹਾਂ ਹੁਣ ਭੱਟ–ਵੰਸ਼ ਬਾਰੇ ਗਿਆਨੀ ਗੁਰਬਖ਼ਸ਼ ਸਿੰਘ ਜੀ ਗੁਲਸ਼ਨ ਹੋਰੀਂ ਵਿਸਤਾਰ ਨਾਲ ਜਾਣਕਾਰੀ ਦਿੰਦੇ ਹਨ ਪਰ ਜੋ ਜੋੜੇ ਗਏ ਪ੍ਰਬਚਨ ਹਨ ਉਨ੍ਹਾਂ ਦਾ ਭੀ ਵੇਰਵਾ ਦਿੰਦੇ ਹਨ, ਇਹ ਲੇਖਕ ਦਾ ਧਰਮ ਹੈ ਨਾ ਕਿ ਜਿਹੜੇ ਲੇਖਕ ਕਿਸੇ ਵਿਸ਼ੇਸ਼ ਜਾਂ ਆਪਣੇ ਚਹੇਤੇ ਉਘੇ ਸੰਤ ਜਾਂ ਭਾਈਚਾਰੇ ਦੇ ਪਛਾਣੇ ਜਾਂਦੇ ਵਿਅਕਤੀਆਂ ਬਾਰੇ ਲਿਖਣ ਤਾਂ ਬੱਸ ਵਡਿਆਈਆਂ ਹੀ ਕੋਈ ਸੱਚਾਈ ਭੀ ਲਕੋਈ ਜਾਣ ਲੇਖਕ ਦੇ ਗੁਣ ਨਹੀਂ ਹੁੰਦੇ ਲੋਕੀ ਸਤਿਕਾਰਦੇ ਨਹੀਂ ਚੁੱਪ ਭਾਵੇਂ ਕਰੀ ਜਾਣ, ਸਾਡੇ ਲੇਖਕ ਆਹ ਨੇ ਭੱਖਦੇ ਮੁੱਦੇ ਲਵੋ ਪਹਿਲਾਂ ਤਾਂ ਪ੍ਰਾਪੋਗੰਡਾ ਸ਼ਃ ਅਕਾਲਿ ਦਲ ਦਾ ਬੇਅਦਬੀ ਜੀ ਇਨ੍ਹਾਂ ਕਰਵਾਈ ਫੇਰ ਕਰਵਾਈ ਨਹੀਂ ਦੋਸ਼ੀ ਨਾ ਫੜੇ ਸਜਾਵਾਂ ਨਾ ਦੁਆਈਆਂ, ਜੀ ਪੁਲਸ ਅਫਸਰ ਨਾ ਲਾਹੇ ਸਗੋਂ ਮਾਣਮੱਤੇ ਬਣਾਏ ਭਲੇ ਲੋਕੋ ਕੀ ਜਿਨ੍ਹਾਂ ਨੂੰ ਤੁਸੀਂ ਆਖੀ ਜਾਵੋ ਸਭ ਨੂੰ ਟੰਗੀ ਜਾਣ ਇਹ ਰਾਜ ਹੁੰਦਾ ਹੈ ਹੁਣ ਜਿਮੇ ਸਿੱਧੂ ਮੂਸੇਵਾਲੇ ਕੇਸ ਪਿਤਾ ਕਰੀ ਜਾ ਰਿਹਾ ਹੈ ਉਧਰ ਕ੍ਰਿਸ਼ਨ ਭਗਵਾਨ ਦਾ ਮੁੰਡਾ ਨਾਲੇ ਪੈਸੇ ਲੈ ਲਏ ਸਰਕਾਰ ਤੋਂ ਨਾਲੇ ਕਾਂਗਰਸ ਦੇ ਧੜੇ ਚੜ ਧਰਨੇ ਸੜਕ 'ਤੇ ਗੁਰੂ ਗ੍ਰੰਥ ਪ੍ਰਕਾਸ਼ ਕਰ ਬੈਠ ਗਿਆ। ਇਸੇ ਤਰ੍ਹਾਂ ਜੀ ਸੁਖਬੀਰ ਸਿੰਘ ਬਾਦਲ ਤੋਂ ਅਸਤੀਫਾ ਮੰਗੋ ਲਾਂਭੇ ਕਰੋ, ਭਲਾ ਕੀ ਇਹ ਅਕਾਲ ਤਖ਼ਤ ਦੇ ਜਥੇਦਾਰ ਦੇ ਅਧਿਕਾਰ ਖੇਤਰ ਵਿੱਚ ਹੈ? ਉਹ ਤਾਂ ਧਾਰਮਿਕ ਉਲੰਘਣਾ ਆਦਿ ਦੀ ਸੁਣਵਾਈ ਕਰ ਸਕਦੇ ਹਨ, ਕਿਉਂ ਕੋਈ ਮੰਗ ਨਹੀਂ ਕਰਦਾ ਕਿ ਚੱਬੇ ਵਿੱਚ ਇਕੱਠ ਕਰਕੇ ਬਰਾਬਰ ਤਖ਼ਤ ਬਣਾ ਲਿਆ ਤੇ ਜਥੇਦਾਰ ਥਾਪ ਲਿਆ ਕੀ ਇਹ ਅਵੱਗਿਆ ਨਹੀਂ ਤੇ ਹੁਣ ਅਮਰੀਕ ਸਿੰਘ ਅਜਨਾਲਾ ਸਗੋਂ ਹੁਕਮ ਕਰ ਰਿਹਾ ਮਨਜ਼ੂਰ ਨਹੀਂ ਹੋਣਾ ਪੰਥ ਨੂੰ ਜਥੇਦਾਰ ਦਾ ਫੈਸਲਾ, ਜਿਹੜਾ ਸਾਡੀ ਮਰਜ਼ੀ ਦਾ ਨਾ ਹੋਊ ਚਤਰ ਸਿਆਂ ਤੁਹਾਨੂੰ ਛੇਕੇ ਜਾਣਾ ਚਾਹੀਦਾ ਹੈ ਸਭ ਨੂੰ ਤੁਸੀਂ ਤਾਂ ਪੰਥ ਵਿੱਚ ਹੈ ਹੀ ਨਹੀਂ ਹੋ, ਤੁਹਾਡਾ ਅੱਡ ਤਖ਼ਤ ਹੈ। ਪੰਜਾਬ ਵਿੱਚ ਜਿਮੇ ਗਰਕਣੀ ਆਈ ਪਈ ਹੈ, ਪੱਤਰਕਾਰਾਂ ਦੀ ਕਲਮ ਕਿਮੇ ਵਗਦੀ ਹੈ, ਵੱਡੇ ਪੱਤਰਕਾਰ ਆਈ.ਪੀ. ਸਿੰਘ ਕਹਿੰਦੇ ਨਿਸ਼ਾਨ ਸਾਹਿਬ (ਝੰਡਿਆਂ ਦਾ ਰੰਗ ਵਿਵਾਦ) ਆਪ ਹੀ ਲਿਖਦੇ ਹਨ ਮੈਂ ਉਦੋਂ ਹਿੰਦ ਸਮਾਚਾਰ ਅਦਾਰੇ ਦਾ ਵਿਸ਼ੇਸ਼ ਪੱਤਰਕਾਰ ਸੀ (ਪੰਜਾਬ ਟਾਈਮਜ਼ ਪੰਨਾ 21) ਸਵਾਲ ਬਡੂੰਗਰ ਸਾਹਬ ਨੂੰ ਆਦਿ– ਮੇਰਾ ਲਿਖਣ ਦਾ ਭਾਵ ਹੈ ਜਿਮ ਮੇਰੇ ਪਤੀ ਆਖਿਆ ਕਰਦੇ ਸਨ (ਥੰਦੇ ਭਾਂਡਿਆਂ ਵਿੱਚੋਂ ਥੰਦਿਆਈ ਨਹੀਂ ਜਾਂਦੀ ਹੁੰਦੀ) ਸੱਚ ਹੈ ਇਹ ਹਿੰਦ ਦੇ ਬਾਲਕੇ ਪੰਥ ਪ੍ਰਸਤ? ਮੈਂ ਕਦੋਂ ਦੀ ਰੋਡੇ, ਦਾਦੂਵਾਲ ਤੇ ਫੇਰ ਦੀਪ ਸਿੱਧੂ ਤੇ ਕੜੀ ਅੰਮ੍ਰਿਤਪਾਲ ਸਭ ਸਿਮਰਨਜੀਤ ਸਿੰਘ ਮਾਨ ਦੇ ਪੈੜਾਂ 'ਤੇ ਯਾਨੀ ਸ਼੍ਰੋਮਣੀ ਅਕਾਲੀ ਦਲ ਨੂੰ ਪੰਜਾਬ ਦੀ ਸਿਆਸਤ ਵਿੱਚੋਂ ਕੱਢ ਦਿਉ ਫੇਰ ਸਭ ਰਾਜ਼ੀ ਬਾਜੀ, ਦਾਦੂਵਾਲ ਨੇ ਆਪਣੇ ਡੇਰੇ ਨੂੰ ਢਾਅ ਲੱਗਦੀ ਕਰਕੇ ਸੌਦੇ ਵਾਲੇ ਦਾ ਵਿਰੋਧ ਦਸਮੇ ਪਾਤਸ਼ਾਹ ਦੀ ਰੀਸ ਅੰਮ੍ਰਿਤ ਆਦਿ ਸਭ ਇਹਦੀਆਂ ਚਤੁਰ ਵਿਧੀਆਂ ਸਨ ਫੇਰ ਇਹ ਹਰਿਆਣੇ ਕਮੇਟੀ ਫੇਰ ਕੈਪਟਨ ਅਮਰਿੰਦਰ ਸਿੰਘ ਨੂੰ ਮਿਲਿਆ (ਮੁਕਰਦਾ ਸੀ) ਯਾਨੀ ਹੁਣ ਫੇਰ ਹਰਿਆਣਾ ਕਿਥੋਂ ਦਾ ਰਹਿਣ ਵਾਲਾ, ਕਿਥੇ ਡੇਰਾ ਸਰਕਾਰੂ ਛਤਰੀਆਂ ਇਹ ਹੀ ਹੁੰਦੀਆਂ ਹਨ, ਸਭ ਡੇਰੇ ਸਰਕਾਰੂ ਹਨ ਫੌਜ ਵਿੱਚੋਂ ਅੰਗ੍ਰੇਜ਼ਾਂ ਨੇ ਭੇਜੇ ਤੇ ਡੇਰੇ ਦਿੱਤੇ ਪਾਠਕਾਂ ਨੇ ਹੁਣ ਬੰਦੀ ਸਿੰਘ ਗੁਰਦੀਪ ਸਿੰਘ ਜੱਝੂ ਖੇੜਾ ਯਾਨੀ ਅੰਮ੍ਰਿਤਪਾਲ ਦਾ ਪਿੰਡ ਵਾਸੀ ਸਭ ਉਘਾੜ ਕਰ ਗਿਆ ਹੈ, ਯੂਃਟੀਯੂਬ 'ਤੇ ਅੰਮ੍ਰਿਤਪਾਲ ਤੇ ਐਮ.ਪੀ. ਸਰਬਜੀਤ ਸਿੰਘ ਦੀ ਵਾਰਤਾ ਸੁਣੀ ਜਾਉ, ਕਾਣੀ ਅੱਖ ਨਾ ਰਹਿੰਦੀ ਗੁੱਝੀ ਸਰਬਜੀਤ ਸਿੰਘ ਦਾ ਪੱਖੀ ਇਥੇ ਇਕ ਚੈਨਲ 'ਤੇ ਬੋਲ ਰਿਹਾ ਸੀ ਲੱਗਦਾ ਹੈ ਇਹੀ ਉਹਨੂੰ ਲਿਖ ਲਿਖ ਸਿਖਾ ਰਿਹਾ ਹੈ ਉਹਨੂੰ ਤਾਂ ਬੋਲਣਾ ਭੀ ਨਹੀਂ ਆਉਂਦਾ, ਮੇਰੀ ਸਹੇਲੀ ਕਹਿੰਦੀ ਉਹ ਐਮ.ਪੀ. ਲੱਗਦਾ ਹੈ, ਹੱਸੀ ਜਾਵੇ ਹੁਣ ਬੰਦੀ ਸਿੰਘਾਂ ਦੀ ਕਹਾਣੀ ਚੁੱਕਣ ਲੱਗ ਗਏ ਛਿੱਥੇ ਹੁੰਦੇ ਪਹਿਲਾਂ ਤਾਂ ਅੰਮ੍ਰਿਪਤਾਲ ਨੂੰ ਛੱਡੋ ਹੀ ਸੀ, ਨਸ਼ੇ ਛਡਾ ਰਿਹਾ ਸੀ, ਭਰਾ ਦਾ ਤਾਂ ਦੇਖ ਨਾ ਸਕਿਆ ਹੋਰ ਗੁੰਮਰਾਹ ਕੁਨ ਪ੍ਰਚਾਰ ਜੀ ਪਰੋਲ ਨੀ ਮਿਲਦੀ ਬੰਦੀ ਸਿੰਘਾਂ ਨੂੰ, ਮੈਂ ਕਿੰਨੀ ਵਾਰੀ ਆਖਦੀ ਸੀ ਕਿ ਹਰ ਕੇਸ ਵੱਖਰਾ ਹੁੰਦਾ ਹੈ ਪਰੋਲ ਭੀ ਧਾਰਾ 'ਤੇ ਨਿਰਭਰ ਹੈ, ਇਹੀ ਗੱਲ ਹੁਣ ਖੇੜੇ ਨੇ ਆਖੀ ਹੈ, ਪਰ ਗੁੰਮਰਾਹ ਕੁਨ ਪ੍ਰਚਾਰ ਨੇ ਭੜਥੂ ਪਾਇਆ ਹੈ, ਇਕ ਮੁੱਦਾ ਮੈਨੂੰ ਵਿਆਕੁਲ ਕਰਦਾ ਆ ਰਿਹਾ ਹੈ ਕਿ ਸਿੱਖ ਕੌਮ ਹੀ ਘੱਟ ਗਿਣਤੀ ਹੈ ਫੇਰ ਅੱਗੋਂ ਜਾਤ–ਬਰਾਦਰੀ ਦੀ ਹੋਰ ਘੱਟ ਗਿਣਤੀ ਬਣਾ ਲਈ ਤੇ ਘੱਟ ਗਿਣਤੀ ਕਮਿਸ਼ਨ ਇਨ੍ਹਾਂ ਵਿੱਚੋਂ ਹੀ ਬਣੇ ਤੇ ਬਣੇ ਭੀ ਉਹ ਜੋ ਗਰੀਬ ਦੀ ਦੁਨੀਆਂ ਦਾ ਹਾਲ ਨੀ ਜਾਣਦੇ, ਭੱਤੇ ਲੈ ਕੇ ਪੜ੍ਹੇ, ਟੀਸੀ ਦੇ ਅਫਸਰ ਬਣੇ ਨੁਮਾਇੰਦਗੀ ਸਾਰੇ ਹੀ ਸਿੱਖਾਂ ਦੀ, ਹੁਣ ਇਕਬਾਲ ਸਿੰਘ ਲਾਲਪੁਰਾ ਪਹਿਲਾ ਸਃ ਤਰਲੋਚਨ ਸਿੰਘ ਮੈਨੂੰ ਦੁੱਖ ਹੈ ਕਿ ਸਿੱਖਾਂ ਦੀ ਗੱਲ ਤੇ ਪ੍ਰਤੀਨਿੱਧਤਾ ਕਰਨ ਵਾਲੇ ਸੱਚ ਤਾਂ ਬੋਲਣ, ਤਰਲੋਚਨ ਸਿੰਘ ਹੋਰਾਂ ਆਪ ਮੰਨਿਆ ਸੀ ਕਿ ਮੈਂ ਸੌਦੇ ਵਾਲੇ ਤੋਂ ਚਿੱਠੀ ਲੈ ਕੇ ਆਇਆ ਸੀ, ਇਹਨੂੰ ਮਾਫ ਕਰੋ ਹੁਣ ਉਹ ਦੱਸਣ ਕਿ ਕੇਵਲ ਬਾਦਲ ਸਾਹਬ ਤੇ ਸੁਖਬੀਰ ਦੀ ਦੁਰਗਤ ਕਿਉਂ? ਘੱਟੋ ਘੱਟ ਐਸ ਉਮਰ ਵਿੱਚ ਆਤਮਾ ਦੀ ਸੁਣ ਲੈਣ, ਕਹਿੰਦੇ ਨੇ ਨਾ ਕਿ ਬੁਢਾਪੇ ਵਿੱਚ ਬੰਦਾ ਰੱਬ ਨੂੰ ਯਾਦ ਕਰਦਾ ਹੈ ਜਰੂਰ ਕਰਕੇ ਆਪਣਾ ਅੰਦਰਲਾ ਸਾਫ ਕਰ ਲੈਣ, ਸਰਕਾਰੂ ਸ਼ਹਿ ਵੇਲੇ ਤਾਂ ਚਲੋ ਹਕੂਮਤ ਦਾ ਡਰ ਹੁੰਦਾ ਹੈ, ਭਾਈ ਸਾਹਬ ਗਿਆਨੀ ਜੈਲ ਸਿੰਘ ਦੇ ਭੀ ਤਾਂ ਨਿਕਟਵਰਤੀ ਸਨ, ਪਰ ਗੱਲ ਹੈ ਕਿ ਆਤਮਾ ਤੇ ਪ੍ਰਮਾਤਮਾ ਹਰ ਮਨੁੱਖ ਵਿੱਚ ਪ੍ਰਵੇਸ਼ ਨਹੀਂ ਕਰਦਾ (ਹੁੰਦਾ ਹੈ) ਪਰ ਮੰਨਣਾ ਔਖਾ, **ਲੋਭੀ ਬਾਬਲ ਨੇ ਲੜ ਬੁੱਢੜੇ ਦੇ ਲਾਈ** ਪੰਜਾਬ ਦਾ ਤਾਂ ਇਹ ਹਾਲ ਹੈ ਜਦੋਂ ਰੇੜੀਆਂ, ਰਿਕਸ਼ੇ, ਟੈਂਪੂ ਵਾਲੇ ਤਾੜੀ ਮਾਰ ਵੋਟਾਂ ਪਉਣਗੇ ਮਸ਼ਕੂਲੇ ਸੁਨਣ ਲਈ ਕਲਾਕਾਰ ਤੋਂ ਚੁਟਕਲੇ ਸੁਣ ਸੁਣ ਆਪਣਾ ਮਨੋਰੰਜਨ ਕਰਨਗੇ ਤਾਂ ਹੋਰ ਸਰਕਾਰ ਤੋਂ ਕੀ ਆਸਾਂ, ਕਲਾਕਾਰ ਤੇ ਸਿਆਸਤੀ ਵੱਖਰੇ ਨੇ ਝੋਟਿਆਂ ਵਾਲਿਆਂ ਦੇ ਘਰੋਂ ਲੱਸੀਆਂ, ਲੋਭੀ ਬਾਪੂ ਕੀ ਬਾਪੂ ਤਾਂ ਇੱਟ ਚੁੱਕੀ ਤੇ, ਭਾਲਦੇ ਫਿਰਦੇ ਨੇ ਕਿਹੜਾ ਬਾਪੂ ਸੁਰਤ ਟਿਕਾਣੇ ਨੀ ਪਿਉ ਦੇ ਮਰੇ ਤੇ ਪੁੱਤ ਦੇ ਵੱਡੇ ਦੇ ਸਿਰ ਪੱਗ ਬੰਨਦੇ ਸੀ, ਹੁਣ ਪੁੱਤ ਮਰੇ 'ਤੇ ਬਾਪੂ ਦੇ (ਬਾਬਾ ਜੁਗਿੰਦਰ ਸਿੰਘ ਰੋਡੇ) ਫੇਰ ਬਾਪੂ ਸੂਰਤ ਸਿੰਘ, ਫੇਰ ਇਕ ਗੁਰਬਖ਼ਸ਼ ਸਿੰਘ, ਫੇਰ ਬਾਪੂ ਹਵਾਰੇ ਦਾ ਗੁਰਚਰਨ ਸਿੰਘ ਹੁਣ ਹੋਰ ਅੰਮ੍ਰਿਤਪਾਲ ਦਾ ਪਿਤਾ ਤਰਸੇਮ ਸਿੰਘ, ਦੱਸੋ ਸਿੱਖ ਮੱਤ ਕਿਧਰ ਨੂੰ ਅਸਚਰਜਤਾ: ਸੰਤ ਭਿੰਡਰਾਂਵਾਲਿਆਂ ਪੁਲਸ ਦੀਆਂ ਚੋਰੀ ਕਰਕੇ ਲਿਆਂਦੀਆਂ ਬੰਦੂਕਾਂ ਵਾਲੇ ਨੂੰ ਜਨਰਲ ਲਾਭ ਸਿੰਘ ਬਣਾਤਾ, ਰੀਸ ਤੇ ਅੰਮ੍ਰਿਤਪਾਲ ਨੇ ਬਾਜਾ ਖਾਨਾ ਪ੍ਰਧਾਨ– ਮੰਤਰੀ ਪੱਠੇ ਵੱਢਦੇ ਨੂੰ ਪੁਲਸ ਦਿਸ ਪਈ ਦੁਹਾਈ ਪਾਵੇ ਉਏ ਔਹ ਆ ਗਈ ਪੁਲਸ ਮੈਨੂੰ ਫੜਨ ਹੁਣ ਕਹਿੰਦੇ ਜੀ ਦੇਖੋ ਅੰਮ੍ਰਿਤਪਾਲ ਨੇ ਗੁਨਾਹ ਤਾਂ ਕੋਈ ਕੀਤਾ ਨੀ ਸੁਣੋ ਭੱਜਿਆ ਕਿਉਂ ਪੁਲਸ ਇੰਸਪੈਕਟਰ ਕੁੱਟਿਆ, ਠਾਣੇ 'ਤੇ ਚੜਾਈ ਗੁਰੂ ਗ੍ਰੰਥ ਦੀ ਓਟ ਬੰਦਾ ਛਡਵਾਇਆ, ਭਗੋੜਾ ਹੋਇਆ ਅੰਤ ਗ੍ਰਿਫਤਾਰੀ ਰੋਡੇ ਜਾ ਕੇ ਹਾਲੇ ਕਸਰ ਹੈ ਕਨੂੰਨ ਵਿੱਚ ਬਹੁਤ ਕਰਾਈਮ ਹੈ, ਪੁਲਸ ਅਫਸਰ 'ਤੇ ਹੱਥ ਚੁੱਕਣਾ, ਆਹ ਐਥੇ ਬੰਦੇ ਨੇ ਪੁਲਸ ਅਫਸਰ ਆਖ ਤਾ ਕਿ ਤੂੰ ਇਕ ਅਸੀਂ ਕਿੰਨੇ ਜੇਲ ਕਰਤਾ ਜੱਜ ਨੇ ਪੰਜਾਬ ਵਿੱਚ ਨਾਲੇ ਤਾਂ ਆਖੀ ਜਾਂਦੇ ਨੇ ਲਾਅ ਤੇ ਆਡਰ ਹੈ ਨਹੀਂ, ਨਾਲੇ ਆਖੀ ਜਾਂਦੇ ਨੇ ਅਪਰਾਧੀਆਂ ਨੂੰ ਐਮ.ਪੀ. ਬਨਣ 'ਤੇ ਰਿਹਾਅ ਕਰਨਾ ਬਣਦਾ ਹੈ, ਚੋਣ ਜਿੱਤਣੀ ਤੇ ਜੱਜਮੈਂਟ ਦੋ ਅੱਡਰੀਆਂ ਧਾਰਾਵਾਂ ਹਨ ਭਾਈ ਮੱਝਾਂ ਦੀਆਂ ਕੱਟੀਆਂ ਗਾਈਆਂ ਥੱਲੇ ਨਾ ਛੱਡੀ ਜਾਵੋ ਪੰਜਾਬ ਵਿੱਚ ਕੇਵਲ ਸਿੱਖ ਹੀ ਨਹੀਂ ਵੱਸਦੇ ਦੂਜੇ ਭੀ ਉਨੇ ਹੀ ਭਾਗੀਦਾਰ ਹਨ ਤੇ ਕਾਨੂੰਨ ਸਭ ਲਈ ਇਕ ਹੀ ਹੁੰਦਾ ਤੇ ਹੋਣਾ ਬਣਦਾ ਹੈ।

**ਕੰਗਣਾ ਰਣੌਤ ਫਿਲਮ ਵਿਵਾਦ 'ਤੇ ਮੇਰਾ ਪ੍ਰਤੀਕਰਮ**: ਫਿਲਮ 'ਤੇ ਇਤਰਾਜ਼? ਸਿੱਖਾਂ ਨੂੰ ਆਪਣੇ ਪ੍ਰਤੀ ਇਤਰਾਜ਼ਯੋਗ ਸੀਨ ਜਾਂ ਸਿੱਖ ਕਿਰਦਾਰ ਨੂੰ ਨੀਮਾਂ ਦਿਖਾਉਣ ਲਈ ਘਟੀਆ ਦਿੱਖ ਜਾਣ ਬੁੱਝ ਕੇ ਕੀਤੀ ਤੇ ਟਿੱਪਣੀ ਬਣਦੀ ਹੈ, ਪਰ ਜੇਕਰ ਸਾਰੀ ਫਿਲਮ ਰੱਦ ਕਰਵਾਉਣ ਦੀ ਹਾਹਾਕਾਰ ਕਰੋਗੇ ਤਾਂ ਕਾਨੂੰਨੀ ਧਾਰਾ ਲਾਗੂ ਹੋਣ 'ਤੇ ਜੇਕਰ ਸਬੂਤ ਪੇਸ਼ ਹੋ ਜਾਣ ਤਾਂ ਹਾਰ ਦਾ ਮੂੰਹ ਹੈ ਸੀਨਾਂ ਅਧਾਰਿਤ ਹੀ ਵਿਰੋਧ ਵਾਜਵ ਹੋਵੇਗਾ ਨਹੀਂ ਤਾਂ ਉਹੀ ਗੱਲ ਭਈ ਸਿੱਖ ਰੌਲ੍ਹਾ ਪਾਊ ਮਹਿਕਮਾ ਹੈ। ਪਹਿਲਾਂ ਹੀ ਆਹ ਅੰਮ੍ਰਿਤਪਾਲ ਦਾ ਝਮੇਲਾ ਸੁਣਕੇ ਪ੍ਰੇਸ਼ਾਨੀ ਹੋ ਰਹੀ ਹੈ ਕਿਵੇਂ ਜਾਤ ਬਰਾਦਰੀ ਇਕੱਠੀ ਕਰਕੇ ਅਗੜਊ ਦਿਖਾ ਰਹੇ ਹਨ, ਪ੍ਰਕਿਰਿਆ ਵੱਲ ਤਾਂ ਝਾਕਦੇ ਹੀ ਨਹੀਂ ਹਾਲੇ ਕੋਰਟਾਂ ਦਾ ਫੈਸਲਾ ਭੀ ਪਤਾ ਨਹੀਂ ਸਭ ਕਾਂਗਰਸੀ ਕੇਵਲ ਭਗਵੰਤ ਮਾਨ ਦੀ ਵਿਰੋਧਤਾ ਤੇ ਭਾਜਪਾ ਦੀ ਧੂਣੀ ਲਾਈ ਰੱਖਦੇ ਨੇ ਜਦੋਂ ਸੂਬਾ, ਦੇਸ਼ ਵਿੱਚ ਸਾਰਾ ਸਮਾਂ ਵਿਰੋਧਤਾ ਹੀ ਪ੍ਰਧਾਨ ਹੋ ਜਾਵੇ ਤਾਂ ਕੰਮ ਕੀ ਹੋ ਸਕਦੇ ਹਨ, ਆਮ ਸਰਕਾਰ ਤਾਂ ਸੌਖੀ ਹੈ ਕਿਸਾਨ ਅੱਡ ਧੂਤੂ ਬਜਾਈ ਜਾਂਦੇ ਨੇ ਹਾਲੇ ਸਰਵਣ ਸਿੰਘ ਪੰਧੇਰ ਧੜਾ ਕਹਿੰਦਾ ਜੀ ਅਸੀਂ ਗੈਰ–ਸਿਆਸੀ ਸਾਰਾ ਦਿਨ ਤਾਂ ਭਾਜਪਾ ਹਰਾਵਾਂਗੇ ਪਹਿਲਾਂ ਹੀ ਦੇਖੋ ਪੰਜਾਬ ਵਿੱਚ 7 ਐਮ.ਪੀ. ਕਾਂਗਰਸ ਦੇ ਜਤਾ ਤੇ ਹਾਲੇ ਸਬੂਤ ਚਾਹੀਦੇ ਹਨ ਕਿ ਇਹ ਕਾਂਗਰਸ ਦੇ ਚੇਲੇ ਹਨ, ਧਾਰਮਿਕ ਤਾਂ ਹਨ ਹੀ ਨਹੀਂ, ਹਾਂ ਲੰਗਰ ਲਈ ਇਹ ਸਿੱਖ, ਨੂੰਹੇ ਕਦੀ ਡੰਗ ਵਗੈਰ ਹੁੰਦੇ ਨੇ ਖੁਦਗਰਜ਼ੀ ਹੈ ਇਹ, ਗੁਣਾ ਦੀ ਹੋਵੇ ਗਾਠੜੀ (ਗੁਰੂ ਗ੍ਰੰਥ) ਅੰਕਤ ਕਬਰਾਂ ਨਾ ਫੋਲੀ ਨਹੀਂ ਲੱਭਣੀ ਕਰਤਾਰੀ, ਹੁਣ ਵੱਡੇ ਬਾਦਲ ਸਾਹਬ ਨਾ ਤਾਂ ਸੂਬੇ ਨੂੰ ਨਾ ਢੀਂਡਸੇ ਧੜੇ ਨੂੰ ਸੰਗਰੂਰ ਦੇ ਇਲਾਕੇ ਦੇ ਸ਼ਾਹਦੀ ਦੇ ਸਕਦੇ ਨੇ ਕਿ ਢੀਂਡਸੇ ਨੇ ਕੋਈ ਅਕਾਲੀ ਉਭਰਨ ਨਹੀਂ ਦਿੱਤਾ, ਸਿਕੰਦਰ ਸਿੰਘ ਮਲੂਕਾ ਹੁਣ ਹੇਜਲੇ ਬਣ ਗਏ ਪਰ ਮਜਬੂਰਨ ਪੁੱਤ ਨੂੰਹ ਕਰਕੇ ਜੋ ਭਾਜਪਾ ਵਿੱਚ ਜਾ ਵੜੇ ਆ ਜਾਣਗੇ ਮੂਲ ਗੁਆ ਕੇ, ਚੰਦੂਮਾਜਰਾ ਤਾਂ ਛੱਡੋ ਅਫਸੋਸ, ਬਾਲਮੀਕ ਭਾਈਚਾਰਾ ਭਗਵਾਨ ਜੀ ਦੀ ਮੂਰਤੀ ਅਰਪਣ ਤੇ ਰਵਿਦਾਸ ਕੌਮ ਲਈ ਕਿੰਨੀ ਗੁਰੂ ਭਗਤ ਲਈ ਥਾਂ, ਪਰ ਕੌਣ ਜਾਣੇ ਤਾਂ ਹੀ ਸੰਸਾਰ 'ਤੇ ਭੈਰਮੀ, ਕਸ਼ਟ, ਮਹਾਂਮਾਰੀਆਂ, ਅਣਆਈਆਂ, ਅਣਉਚਿਤ ਬੇਹਿਆਈਆਂ ਸਭ ਆਪਣੇ ਕੀਤਿਆਂ ਦੇ ਸਿੱਟੇ ਹਨ ਕਰੋਪੀ ਸਾਡੀ ਕਰਨੀ।

ਖੂਹ ਵਿੱਚ ਢੀਮ ਮਾਰੀਏ ਜਵਾਬ ਆਉਂਦਾ ਸ਼੍ਰੋਮਣੀ ਅਕਾਲੀ ਦਲ ਦੇਸ਼ ਵਿੱਚ ਜਾਣੀ ਜਾਂਦੀ ਸਿਆਸੀ ਪਾਰਟੀ ਨੂੰ ਤਾਂ ਬਾਦਲ ਦਲੀਏ ਦੱਸਣ ਤੇ

ਬਾਕੀ ਹਿਸਾ ਸਫਾ 44 ਤੇ ਪੜ੍ਹੋ →

**43 ਸਫ਼ੇ ਦੀ ਬਾਕੀ**

ਆਹ ਕੱਲ੍ਹ ਜੰਮੀ ਗਿੱਦੜੀ ਵਾਰਸ ਪੰਜਾਬ ਦੇ, ਫੇਰ ਅਸੀਂ ਕਿਉਂ ਅੰਮ੍ਰਿਤਪਾਲੀਏ ਕਹਿਣਾ ਨੀਵਾਂ ਹੈ ਇਹ ਕਿਹੜੀ ਪਾਰਟੀ ਹੈ ਫੇਰ ਅਜ਼ਾਦ ਕਿਉਂ ਜਥੇਬੰਦੀ ਤੋਂ ਖੜਦੇ ਹੁਣ ਆਹ ਸ਼ਹੀਦ ਬਣਦਾ ਫਿਰਦਾ ਹੈ ਸਰਬਜੀਤ ਸਿੰਘ ਮਲੋਆ ਹੁਣ ਇਹ ਸਾਰੇ ਖ਼ਾਲਸੇ ਅਖਵਾਉਣ ਲੱਗ ਗਏ ਬਰਾਦਰੀ ਇਕੱਠੀ ਕਰਨ ਨੂੰ, ਹੋਰ ਦੇਖੋ ਲੁਧਿਆਣੇ ਤੋਂ ਕਮਲਜੀਤ ਸਿੰਘ ਬਰਾੜ (ਪਤਾ ਨੀ) ਉਥੇ ਪਹੁੰਚ ਗਿਆ ਕਿਉਂਕਿ ਅਕਾਲੀ ਕਾਂਗਰਸੀ ਖੇਮਿਆਂ ਨੇ ਟਾਹ ਤਾ ਹੁਣ ਬਰਾਦਰੀ ਵਿੱਚ ਸਹੀ, ਅਸੂਲ ਤਾਂ ਨੇੜੇ ਨਹੀਂ ਠੀਕ ਹੈ ਰਵਨੀਤ ਬਿੱਟੂ ਨੇ ਪਾਰਟੀ ਛੱਡ ਬੇਅਸੂਲੀ ਕੀਤੀ ਪਰ ਇਹ ਭੀ ਸੱਚ ਹੈ ਕਿ ਰਾਜਾ ਬਣਦੇ ਵੜਿੰਗ ਨੇ ਨਵਜੋਤ ਸਿੱਧੂ ਤੇ ਕਈ ਹੋਰ ਫੇਰ ਸੁਨੀਲ ਜਾਖੜ ਪਰਿਵਾਰ ਕਾਂਗਰਸੀ ਅਤੇ ਬਿੱਟੂ ਭੀ ਸਵਃ ਬੇਅੰਤ ਸਿੰਘ ਦਾ ਪੋਤਾ ਕਾਂਗਰਸ ਨੂੰ ਭੀ ਸੋਚਣਾ ਬਣਦਾ ਏ, ਸੱਤ ਐਮ.ਪੀ. ਵੜਿੰਗ ਕਰਕੇ ਨਹੀਂ ਯੂਨੀਅਨ ਆਗੂਆਂ ਕਰਕੇ ਮਿਲੇ, ਖੈਰ ਪੂਰੇ ਦੀ ਹਵਾ ਸਭ 'ਤੇ ਵੱਗਦੀ ਹੈ। ਹਾਸਾ ਆਉਂਦਾ ਹੈ ਸ਼੍ਰੋਮਣੀ ਕਮੇਟੀ ਮੈਂਬਰ ਹੋ ਕੇ ਬਾਦਲ ਸਾਹਬ ਦੇ ਸਕੇ ਜਦੋਂ ਕਿ ਜਃ ਸਵਃ ਟੋਹੜਾ ਸਾਹਬ 26 ਵਰ੍ਹੇ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਅਕਾਲੀ ਦਲ ਦੇ ਭੀ ਜਰਨੈਲ ਹੁਣ ਮੱਤਭੇਦ ਹੋਣ 'ਤੇ ਜਿਥੇ ਤਵਾ ਪਰਾਤ ਖੜਕਦੀ ਹੋਵੇ ਗਉਣ ਉਥੇ ਹੀ ਹੋਊ ਤਾਂ ਬਗਾਵਤ ਕਰਕੇ ਕੋਈ ਪੰਥ ਪ੍ਰਸਤੀ ਨਹੀਂ ਕਮੇਟੀ ਮੈਂਬਰੀ ਪ੍ਰਸਤੀ ਨਾਲੇ ਉਦੋਂ ਚੰਦੂਮਾਜਰਾ ਤਾਂ ਲੌਂਗੋਵਾਲ ਅਕਾਲੀ ਦਲ ਦੇ ਇੰਗਲੈਂਡ ਤੇ ਨਾਲ ਇਕ ਕਾਂਗਰਸੀ ਸੁਰਿੰਦਰ ਸਿੰਘ ਧੂਰੀ (ਢਿੱਲੋਂ) ਇਥੇ ਕਈ ਕੁਝ ਵਾਪਰਿਆ ਸੋਨਾ ਦਾ ਟਿੱਕਾ ਭੀ ਲਿਆ ਤੇ ਧੂਰੀ ਨੇ ਮੁੰਡੇ ਦਾ ਵਿਆਹ ਕਰਕੇ ਘਰ ਖਰੀਦਿਆ ਤੇ ਫੇਰ ਰੱਫੜ ਆਦਿ, ਸੋ ਇਹ ਹਨ ਪੰਥਕ ਲੇਖਕ ਤੇ ਦੂਜਿਆਂ ਨੂੰ ਭੰਡਣੇ, ਚੰਦੂਮਾਜਰਾ ਤਾਂ ਹੁਣ ਭਾਜਪਾ ਹਾਕ ਮਾਰ ਲਵੇ ਕਿਧਰੇ ਗੁਰਪ੍ਰਤਾਪ ਸਿੰਘ ਵਡਾਲੇ ਦੀ ਲਹਿਰ ਛਾਈਂ ਮਾਈਂ ਬੀਬੀ ਤਾਂ ਅੱਗੇ ਹੀ ਆਪਣੀ ਲਹਿਰ ਦੀ ਹਾਮੀ ਹੈ, ਢੀਂਡਸੇ ਦੇਖੋ ਹਾਲ ਕੀ ਹੁਣ ਪੁਰਾਣੇ ਅਕਾਲੀ ਤਾਂ ਹਨ ਨਹੀਂ ਇਹ ਹੁਣ ਬਹੱਤਰ ਗਏ ਰਾਮ ਹੀ ਰੱਖੂ।

ਪੰਜਾਬ ਟਾਈਮਜ਼ ਪੰਨਾ 38 ਅਵਤਾਰ ਸਿੰਘ ਮਿਸ਼ਨਰੀ ਬ੍ਰਾਹਮਣੀ ਰਸਮ ਰੱਖੜੀ ਔਰਤ ਲਈ, ਮਰਦ ਗੁਲਾਮੀ ਦੀ ਪ੍ਰਤੀਕ :- ਅਲੋਚਕ ਤੇ ਪੜਚੋਲਕ ਲੇਖਕ ਕਰਕੇ ਕਲਮ ਟੁੰਭ ਗਈ ਹਮ ਹਿੰਦੂ ਨਹੀਂ ਭੀ ਪੜੀਦਾ ਸੀ ਪਰ ਲੋੜ ਕੀ ਜਦੋਂ ਕੌਮ ਸਥਾਪਤ ਸਿੱਖ ਵਿਰਸੇ, ਸੰਸਾਰ 'ਤੇ ਵਿਸਰੇ ਪਏ, ਹੁਣ ਆਹ ਭਾਈ ਸਾਹਬ ਕੀ ਲਿਖਦੇ ਨੇ ਇਹ ਪ੍ਰਚੀਨ ਸਮੇਂ ਦਾ ਤਿਹਾਰ ਹੈ, ਉਦੋਂ ਇਸਤਰੀ ਘਰੇਲੂ ਦਰਜੇ ਦੀ ਹੀ ਸੁਆਣੀ ਹੁੰਦੀ ਸੀ, ਬਾਹਰ ਯਾਨੀ ਨੌਕਰੀ ਪੇਸ਼ੇ ਨਹੀਂ ਮਰਦ ਬਾਹਰ ਕਮਾਊ ਸਮੇਂ ਦੇ ਅਨੁਸਾਰ ਹਰ ਸ਼ੈਅ ਬਦਲਦੀ ਗਈ, ਸਿੱਖ ਧਰਮ ਕੋਈ 400 ਸਾਲ ਤੋਂ ਵੱਖਰੇ ਤੇ ਦੂਰੀ ਵਾਲੇ ਬਨਣ ਲੱਗੇ ਫਲਾਅ ਤਾਂ ਅਸਲੀ ਰਾਜ ਰਣਜੀਤ ਸਿੰਘ ਤੋਂ ਹੀ ਹੋਇਆ, ਗੁਰੂ ਘਰ ਕਦੋਂ ਸਨ, ਧਰਮਸ਼ਾਲਾ, ਮੱਠ (ਮੰਗੂ ਮੱਠ) ਹੋਰ ਅਜਿਹੇ ਹੀ ਅਸਥਾਨ ਹੁਣ ਦੱਸੋ ਕਿ ਰੱਖੜੀ ਤਾਂ ਪਿੰਡਾਂ ਵਿੱਚ ਸਿੱਖਾਂ ਵਿੱਚ ਹਾਲੇ ਭੀ ਪ੍ਰਚੱਲਤ ਹੈ, ਇਹ ਭਾਈਚਾਰਕ-ਸਮਾਜੀ ਤਿਹਾਰ ਹੈ ਧਰਮ ਨਾਲ ਕੀ ਸਬੰਧ ਹੈ, ਲਿਖਦੀ ਜਾਵਾਂ ਭਾਈ ਜੀ ਫੇਰ ਰੱਖੜੀ ਪੁੰਨਿਆ 'ਤੇ ਬਾਬਾ ਬਕਾਲਾ ਗੁਰੂ ਘਰ ਇਕੱਤਰਤਾਵਾਂ ਕਿਉਂ ਹਨ? ਕੋਈ ਅੱਡ ਦਾ ਜਥਾ ਜੱਥੀ ਉਠਦੀ ਹੈ ਆਪਣਾ ਹੀ ਹੱਟ ਖੋਲ੍ਹ ਕੇ ਪ੍ਰਚਾਰ ਕਰਨ ਲੱਗ ਜਾਂਦੀ ਹੈ, ਇਹ ਭੀ ਪ੍ਰਚਾਰ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਜੀ ਜਨੇਊ ਪਉਣ ਤੋਂ ਨਾਂਹ ਕਰਤੀ, ਹਿੰਦੂ ਬ੍ਰਾਹਮਣ ਤਾਂ ਕਿਸੇ ਹੋਰ ਬਰਾਦਰੀ ਨੂੰ ਜਨੇਊ ਪਉਣ ਦਿੰਦੇ ਹੀ ਨਹੀਂ ਸਨ, ਕੇਵਲ ਬ੍ਰਾਹਮਣ ਨੂੰ ਹੀ ਹੱਕ ਸਨ। ਗੁਰੂ ਨਾਨਕ ਦੇਵ ਜੀ ਉਦੋਂ ਗੁਰੂ ਭੀ ਨਹੀਂ ਸਨ ਨਾਲੇ ਉਨ੍ਹਾਂ ਨੇ ਤਾਂ ਜਨੇਊ ਦੀ ਰਸਮ 'ਤੇ ਟਿੱਪਣੀ ਕੀਤੀ, ਗੁਰਬਾਣੀ ਮਗਰੋਂ ਹੈ, ਸਵਾਲ ਸਿੱਖ ਧਰਮ ਮਿਸ਼ਨਰੀ ਨਹੀਂ ਹੈ ਤੁਸੀਂ ਮਿਸ਼ਨਰੀ ਕਿਵੇਂ? ਸਿੱਖ ਕਿਸੇ ਨੂੰ ਮਿਸ਼ਨਰੀ ਬਣ ਕੇ ਕੰਨਵਰਟ ਨਹੀਂ ਕਰਦਾ ਮਿਸ਼ਨਰੀ ਤਾਂ ਈਸਾਈ ਮੱਤ ਹੈ, ਹਾਂ ਇਹ ਠੀਕ ਹੈ ਅਜੋਕੇ ਸਮੇਂ ਵਿੱਚ ਈਸਾਈਆਂ ਦੀ ਰੀਸ ਕਰਨੀ ਤੇ ਫੇਰ ਉਹੀ ਸਾਖੀਆਂ ਧਰਮ ਵਿੱਚ ਵਾੜ ਲੈਣੀਆਂ ਕਿੱਤਾ ਕਾਰੀਆਂ ਲਈ ਵਪਾਰ ਬਣ ਗਿਆ, ਹਿੰਦੂਆਂ ਦੀਆਂ ਰਸਮਾਂ ਭੀ ਕਰੀ ਜਾਂਦੇ ਨੇ ਮੂਰਤਾਂ ਪੁਸ਼ਾਕੇ ਰੁਮਾਲੇ ਚੋਰ ਕੀ ਕੀ ਲਿਖਾਂ, ਪਰ ਨਾਲ ਹੀ ਝੂਠੇ ਹੁੰਦੇ ਹੋਰ ਘੜਤਾਂ ਆਖਣਗੇ ਹੁਣ ਇਹ ਦੋਗਲ੍ਹੀਆਂ ਨਹੀਂ ਚੱਲਣੀਆਂ ਭਵਿੱਖ ਦੀ ਪਨੀਰੀ ਚੌਕੰਨੀ ਹੈ ਕੌਣ ਹੁਣ ਭੀ ਘੁੱਗੀਆਂ ਗਟਾਰਾਂ ਵਾਲੀਆਂ ਸਾਖੀਆਂ 'ਤੇ ਵਿਸ਼ਵਾਸ ਕਰਦਾ ਜਵਾਨ ਤਾਂ ਛੱਡੋ ਬਜ਼ੁਰਗ ਭੀ ਪਾਸਾ ਵੱਟ ਰਹੇ ਹਨ, ਜਦੋਂ ਪੋਤੇ ਪੋਤੀਆਂ ਧੀਆਂ ਪੁੱਤ ਘਰ ਵਿੱਚ ਕਲੇਸ਼ ਕਰਦੇ ਹਨ ਹੁਣ ਸਮਾਂ ਤੇਜ਼ੀ ਨਾਲ ਵੱਧ ਗਿਆ ਆਪਣੀ ਬੁੱਧ ਬਦਲੋ ਕਿਤਾਬਾਂ ਵੇਚ ਲਈਆਂ ਹੁਣ ਬੱਸ ਕਰੋ, ਨਿਆਣੇ ਤਾਂ ਜੰਮਦੇ ਹੀ ਸਿਆਣੇ ਸਹੀ ਲਿਖਿਆ ਕਿ ਗੁਰੂ ਘਰਾਂ ਦੇ ਝਮੇਲੇ ਕੋਰਟਾਂ ਜਾਣ 'ਤੇ ਮੀਂਹ ਪਿਆ ਹੈ ਗੁਰਮੁਖਾ ਦਾ ਪਰ ਅਸਲੀਅਤ ਹੈ ਕਿ ਹਰ ਗੁਰਦੁਆਰਾ ਹੀ ਇਸ ਲੀਲਾ ਵਿੱਚ ਹੈ ਕੌਣ ਪੰਚਾਇਤੀ ਬਨਣ ਦੇ ਯੋਗ ਹੈ ਸਾਲਸੀ ਤਾਂ ਉਹੀ ਕਰਨ ਜੋ ਪ੍ਰਬੰਧ ਹਨ ਨਹੀਂ ਪ੍ਰਬੰਧਕ ਤਾਂ ਇਕ ਦੂਜੇ ਦੇ ਰਿਸ਼ਤੇਦਾਰ ਹਨ ਪਹਿਲਾਂ ਤਾਂ ਟੀਸੀ ਚੜਦੇ ਨੇ ਫੇਰ ਜੀ ਦਾਸ ਹਾਂ ਸਾਡੀ ਮੱਦਤ ਕਰੋ ਸਹੀ ਦੱਸੋ ਕਿ ਗੁਰੂ ਘਰਾਂ ਦੀ ਖਰੀਦ ਵੇਲੇ ਸੰਗਤ ਤੋਂ ਪੁੱਛਦੇ ਹੋ ਨਹੀਂ ਜੀ ਉਦੋਂ ਤਾਂ ਲੁਹਣ ਲੱਗੀ ਹੁੰਦੀ ਹੈ ਖਰੀਦ ਦੀ ਕਿਧਰੇ ਪ੍ਰਬੰਧ ਬਦਲ ਗਿਆ ਸਾਡੀ ਚੌਧਰ ਖੁੱਸ ਨਾ ਜਾਵੇ ਪਰ ਹਾਂ ਕਰਨੇ ਕੀ ਹਨ ਇੰਨੇ ਗੁਰ-ਦੁਆਰੇ ਕੋਈ ਸਰਾਂ ਹਸਪਤਾਲ ਜਾਂ ਇੰਟਰਨੈਸ਼ਨਲ ਸੈਂਟਰ ਬਣਾਵੋ, ਭੰਬੂ ਤਾਰੇ ਦਿਖਾਉ ਸਿੱਖ ਸੰਗਤ ਨੂੰ ਤੇ ਬਣ ਜਾਵੋ ਸਿੱਖ ਨੇਤਾ, ਕੀ ਸੇਵਾ ਹੈ ਜੀ ਸਰਬਜੀਤ ਸਿੰਘ ਦੀ ਐਮ.ਪੀ. ਬਨਣ ਤੋਂ ਪਹਿਲਾਂ ਇਹੀ ਅੰਮ੍ਰਿਤਪਾਲ ਬੱਸ ਰਿਜ਼ਰਵੇਸ਼ਨ ਦੇ ਲਾਹੇ ਲਈ ਲਈ ਜਾਵੋ, ਪਹਿਲਾਂ ਭੱਤਿਆਂ ਨਾਲ ਹੁਣ ਸਿਆਸਤੀ ਬਣ ਕੇਵਲ ਅਕਾਲੀ ਹੀ ਕਿਉਂ ਅਕਾਲ ਤਖ਼ਤ 'ਤੇ ਤਲਬ ਕੀ ਬਾਕੀ ਸਿੱਖ ਨਹੀਂ, ਕੀ ਆਹ ਬਗਲੀਗਰਾਂ ਨੇ ਅਵੱਗਿਆਵਾਂ ਨੀ ਕੀਤੀਆਂ, ਬੇਅਦਬੀਆਂ ਕਰਵਾਈ ਜਾਂਦੇ ਨੇ ਤੇ ਦੋਸ਼ੀ ਮੱਤ ਹੀਣ ਲੱਭੀ ਜਾਣੇ ਨਾਲੇ ਸਾਰੇ ਜੋ ਬਰਾਬਰ ਅਕਾਲ ਤਖ਼ਤ ਸਜਾਈ ਬੈਠੇ ਨੇ ਸਭ ਤਲਬ ਹੋਣ ਸੱਚਾਈ ਹੈ ਕਿ ਇਹ ਲੋਕ ਨਾ ਤਾਂ ਸਿੱਖ ਹਨ ਨਾ ਪੰਥਕ, ਕਾਮਰੇਡ, ਨਕਸਲੀਏ ਤੇ ਸ਼ਤਾਨ ਵਿਚਾਰਾਂ ਦੇ ਹਨ ਪਰ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਨੂੰ ਭੰਬਲਭੂਸੇ ਵਿੱਚ ਪਾਈ ਹੀ ਰੱਖਦੇ ਹਨ, ਹੁਣ ਕਤਾਰ ਵਿੱਚ ਗੁਰੂ ਗ੍ਰੰਥ ਮੁੱਦਾ ਚੁੱਕ ਲਿਆ ਜਦੋਂ ਉਥੇ ਕਾਨੂੰਨ ਨਹੀਂ ਸੀ ਇਹ ਕਿਉਂ ਲੈ ਕੇ ਗਏ, ਹੁਣ ਜੀ ਭਾਈ ਘਨੱਈਆ ਦਲ ਕੀ ਭਾਈ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਦਾ ਸੀ? ਖੇਡ ਖੇਤਰ, ਕੀ ਫੋਗਾਟ ਪੰਜਾਬ ਦੀ ਧੀ ਹੈ? ਨਾਲੇ ਕੁੜੀਆਂ ਦੀ ਖੇਡ ਹੈ ਘੁੱਲਣਾ, ਖੇਡ ਵਾਲੇ ਤਾਂ ਜੁੜਨ ਪਰ ਆਮ ਪੰਜਾਬੀ ਦਾ ਕੀ ਕੰਮ ਨਾਲੇ ਇਹ ਬਜਰੰਗ ਪੂਨੀਆਂ ਤੇ ਇਸ ਖਡਾਰਨ ਦੀ ਤਾਂ ਪਹਿਲਾਂ ਦੀ ਸਿਆਸਤ ਹੈ, ਰੂਲ ਰੂਲ ਹੁੰਦੇ ਨੇ ਹਾਰ ਗਈ ਤਾਂ ਦੋਸ਼ ਤੇ ਭੜਕਾਹਟ ਲੇਖਕ, ਕਵੀ, ਰਾਗੀ, ਢਾਡੀ ਕਿਵੇਂ ਬੱਸ ਇਕੋ ਹੀ ਵਿਸ਼ਾ ਅਕਾਲੀ ਹਰ ਕਦਮ 'ਤੇ ਦੋਸ਼ੀ ਤੇ ਇਹ ਕਿਤਾਬਾਂ ਲਿਖਣੇ ਪੈਸੇ ਕਮਾਉਣ ਲਈ ਭੰਡ ਆਪ ਦੱਸਣ ਕਿਹੜੀ ਮੁਫ਼ਤ ਸੇਵਾ ਕਰਦੇ ਹਨ, ਮਨ ਨੂੰ ਸੁਥਰਾ ਰੱਖਣ ਲਈ ਲੋਭ ਲਾਲਚ ਤਿਆਗੋ ਤੰਦਰੁਸਤੀ ਸਬਰ ਤੇ ਸੰਤੋਖ ਲੋੜਾਂ ਦੀ ਤ੍ਰਿਪਤੀ ਲਈ ਆਪਣੇ 'ਤੇ ਕਾਬੂ ਰੱਖੋ।

ਮਨ ਜੀਤੇ ਜਗੁ ਜੀਤਿਆ, ਪਰ ਔਖਾ ਅੱਜ ਕੱਲ੍ਹ ਸਿਹਤ ਸਬੰਧੀ ਜਾਣਕਾਰੀਆਂ ਵੱਲ ਧਿਆਨ ਦੇਵੋ ਸਾਦੇ ਭੋਜਨ ਨਾਲ ਹਜ਼ਾਰ ਨਿਹਮਤਾਂ ਗੁਰੂ ਘਰਾਂ ਦੇ ਪ੍ਰਬੰਧਕਾਂ ਨੂੰ ਬੇਨਤੀ ਭਾਈ ਲਾਂਗਰੀ ਰੱਖੋ ਤਨਖਾਹਾਂ ਦੇਈ ਜਾਵੋ ਪਰ ਉਨ੍ਹਾਂ ਨੂੰ ਲੰਗਰ ਜੋ ਹੋਟਲ ਲਈ ਚਾਰ ਦਿਨ ਸਾਦੀ ਦਾਲ ਦਹੀ ਨਾਲ ਵਰਤਾਉ ਤੇ ਸ਼ੁੱਕਰ, ਸ਼ਨਿੱਚਰ, ਐਤਵਾਰ ਪ੍ਰੋਗਰਾਮ ਲੋਕਾਂ ਦੇ ਪੈਸੇ ਲਏ ਹੁੰਦੇ ਹਨ ਤਾਂ ਵਧੀਆ ਪਰੋਸੋ, ਪਰ ਮਿਰਚ ਮਸਾਲੇ ਤੋਂ ਗੁਰੇਜ਼ ਸੁਣ ਲਿਆ ਹੋਣਾ ਏ ਕਿ ਮਸਾਲੇ ਵਵਰਜਤ ਕੀਤੇ ਹਨ ਬਹੁਤ ਸਾਰੇ, ਤੁਸੀਂ ਲਸਣ, ਅਦਰਕ, ਹਰੀ ਮਿਰਚ ਦੀ ਹੀ ਵਰਤੋਂ ਕਰੋ ਧੰਨਵਾਦ, ਇਲਾਜ ਨਾਲੋਂ ਪ੍ਰਹੇਜ਼ ਬਿਹਤਰ ਚੇਤੇ ਰੱਖੋ ਸਿਹਤ ਮਹਿਕ-ਮਾ 'ਤੇ ਬੋਝ ਲੋਕਾਂ ਲਈ ਹੀ ਸੇਵਾਵਾਂ ਘੱਟ ਫੇਰ ਅਸੀਂ ਦੁਹਾਈ ਦਿੰਦੇ ਹਾਂ ਸੁਧਾਰ ਕਰੋ ਰਹੀ ਗੱਲ ਸਿੱਖ ਸੰਸਾਰ ਦੀ ਲੱਗਦਾ ਸਭ ਤੋਂ ਵੱਧ ਭਮੂਤਰ ਪੁਣਾ ਸਾਡੇ ਵਿੱਚ ਹੈ, ਅਸੀਂ ਧਰਮ ਨੂੰ ਧੰਨ ਕਮਾਊ ਸਾਧਣ ਬਣਾ ਲਿਆ ਹੈ, ਪਿਤਾ ਕਾਲੂ ਗੁਰਦੁਆਰਾ ਕੀ ਕਰਦੇ ਨੇ ਕੋਈ ਲਾਈਸੰਸ ਲੈਣਾ ਏ ਅਕਾਲ ਤਖ਼ਤ ਨੂੰ ਹੁਕਮਨਾਮਾ ਜਾਰੀ ਕਰਨਾ ਬਣਦਾ ਹੈ ਕਿ ਆਗਿਆ ਲੈਣ ਸਭ ਪਾਬੰਦੀਆਂ ਮੰਨਣ ਤੇ ਲੋੜ ਹੋਵੇ ਤਾਂ ਗੁਰੂ ਘਰ ਖੁੱਲ੍ਹੇ ਐਮੇ ਨਹੀਂ ਚੋਗਾ ਪਾਉ ਮਹਾਂਪੁਰਸ਼ ਬਣ ਵਿਦੇਸ਼ੀ ਆਵਾਗੌਣ ਭਉਣਾ, ਧਰਮ ਬਦਨਾਮ ਹੋ ਰਿਹਾ ਹੈ ਗੁਰੂ ਘਰ ਪ੍ਰਬੰਧਕ ਧਿਆਨ ਦੇਣ, ਅੰਮ੍ਰਿਤ ਛਕਾ ਛਕਾ ਹਾਸੋ ਹੀਣੀਆਂ ਨਾ ਕਰੋ, ਨਵੀਂ ਪਨੀਰੀ ਨਹੀਂ ਇਸ ਸੰਦਰਭ ਵਿੱਚ ਇਹ ਲਹਿਰ ਦੇ ਚੂਚੇ ਨੇ ਗੁਰੂ ਘਰਾਂ ਦੇ ਪ੍ਰਬੰਧਕ ਇਨ੍ਹਾਂ ਨੂੰ ਵਾੜ ਕੇ ਦੱਸਣਾ ਦਿੰਦੇ ਨੇ ਗੁਰਮੁਖੋ ਸੋਚੋ ਫੇਰ ਕਚਿਹਰੀਆਂ ਕੇਸ ਜਾਂਦੇ ਨੇ, ਧਰਮ ਹੈ, ਧੰਦਾ ਹੈ ਵਾਸਤਾ ਖੁਦਾ ਦਾ ਪ੍ਰਮਾਤਮਾਂ ਦੀ ਕਰੋਪੀ ਦਾ ਅਰਥ ਸਮਝੋ, ਰਾਹੇ ਪਵੋ ਕੁਰਾਹੇ ਨਾ, ਅਰਦਾਸੀ ਹੋਈਏ ਕਿ ਕੌਮ ਨੂੰ ਸੁਮੱਤ ਬਖ਼ਸ਼ੇ ਸਭ ਸੁਖੀ ਵੱਸਣ ਦਾਤਾ।

**-ਬਲਵਿੰਦਰ ਕੌਰ ਚਾਹਲ ਸਾਊਥਾਲ**

## ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਝਟਕਾ, ਬਾਈਡੇਨ ਦੇ ਨਾਗਰਿਕਤਾ ਦੇਣ ਦੇ ਪ੍ਰੋਗਰਾਮ 'ਤੇ ਕੋਰਟ ਨੇ ਲਗਾਈ ਰੋਕ

**ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦਾ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਪ੍ਰੋਗਰਾਮ ਅਦਾਲਤ ਵੱਲੋਂ ਰੋਕ ਦਿੱਤਾ ਗਿਆ ਹੈ। ਇਸ ਨਵੰਬਰ ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਗੈਰ-ਕਾਨੂੰਨੀ ਪਰਵਾਸ ਇੱਕ ਅਹਿਮ ਮੁੱਦਾ ਹੈ। ਜਿਸ ਵਿੱਚ ਰਾਸ਼ਟਰਪਤੀ ਬਾਈਡੇਨ ਨੇ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ ਜੋ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਕਾਨੂੰਨੀ ਨਾਗਰਿਕਤਾ ਪ੍ਰਦਾਨ ਕਰੇਗਾ, ਪਰ ਇਸ ਪ੍ਰੋਗਰਾਮ ਨੂੰ ਫਿਲਹਾਲ ਟੈਕਸਾਸ ਵਿੱਚ ਇੱਕ ਜੱਜ ਨੇ ਰੋਕ ਦਿੱਤਾ ਹੈ।ਬਾਈਡੇਨ ਪ੍ਰਸ਼ਾਸਨ ਦੇ ਪ੍ਰੋਗਰਾਮ ਦਾ ਰਿਪਬਲਿਕਨਾਂ ਵੱਲੋਂ ਵਿਰੋਧ ਕੀਤਾ ਗਿਆ ਹੈ।ਟੈਕਸਾਸ ਵਿੱਚ ਇੱਕ ਸੰਘੀ ਜੱਜ ਨੇ ਸੋਮਵਾਰ ਨੂੰ ਬਾਈਡੇਨ ਪ੍ਰਸ਼ਾਸਨ ਦੇ ਪ੍ਰੋਗਰਾਮ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਇਹ ਪ੍ਰੋਗਰਾਮ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਪੰਜ ਲੱਖ ਗੈਰ-ਦਸ਼ਤਾਵੇਜ਼ੀ ਪ੍ਰਵਾਸੀਆਂ ਲਈ ਅਮਰੀਕਾ ਦੀ ਨਾਗਰਿਕਤਾ ਪ੍ਰਦਾਨ ਕਰ ਸਕਦਾ ਸੀ। ਟੈਕਸਾਸ ਦੇ ਅਗਵਾਈ ਹੇਠ 16 ਰਾਜਾਂ ਵੱਲੋਂ ਦਾਇਰ ਮੁਕੱਦਮੇ ਵਿਚ ਦਲੀਲ ਦਿੱਤੀ ਗਈ ਹੈ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਗਰੀਨ ਕਾਰਡ ਮਿਲਣ ਨਾਲ ਸੂਬਾ ਸਰਕਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਵੇਗਾ ਅਤੇ ਅਜਿਹੇ ਵਿਚ ਫੈਡਰਲ ਸਰਕਾਰ ਦੀ ਯੋਜਨਾ ਰੱਦ ਕਰ ਦਿਤੀ ਜਾਵੇ।**

## ਅੰਮ੍ਰਿਤਪਾਲ ਦੇ ਪਿਤਾ ਪਹੁੰਚੇ ਅਕਾਲ ਤਖ਼ਤ ਸਾਹਿਬ, ਕੀਤੀ ਵੱਡੀ ਮੰਗ

ਅੰਮ੍ਰਿਤਸਰ : ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਮੰਗਲਵਾਰ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਪੁੱਜੇ ਅਤੇ ਮੰਗ ਪੱਤਰ ਸੌਂਪਿਆ। ਤਰਸੇਮ ਸਿੰਘ ਨੇ ਮੀਡੀਆ ਨੂੰ ਦੱਸਿਆ ਕਿ ਉਹ 30 ਅਗਸਤ ਨੂੰ 5 ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਦੇ ਸਬੰਧ ਵਿੱਚ ਮੀਟਿੰਗ ਕਰਨ ਆਏ ਸਨ। ਇਸ ਦੇ ਨਾਲ ਹੀ ਉਨ੍ਹਾਂ ਨੇ ਅਕਾਲੀ ਦਲ ਅੰਦਰ ਚੱਲ ਰਹੀ ਕਲੇਸ਼ ਨੂੰ ਲੈ ਕੇ ਸੁਖਬੀਰ ਬਾਦਲ 'ਤੇ ਵੀ ਚੁਟਕੀ ਲਈ ਹੈ। ਤਰਸੇਮ ਸਿੰਘ ਨੇ ਦੱਸਿਆ ਕਿ 30 ਅਗਸਤ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਤਖ਼ਤਾਂ ਦੇ ਜਥੇਦਾਰਾਂ ਦੀ ਮੀਟਿੰਗ ਹੋ ਰਹੀ ਹੈ। ਸੁਖਬੀਰ ਬਾਦਲ ਨੇ ਅਕਾਲੀ ਦਲ 'ਚ ਜੋ ਗਲਤੀਆਂ ਕੀਤੀਆਂ ਹਨ, ਉਹ ਉਨ੍ਹਾਂ ਦੇ ਧਿਆਨ 'ਚ ਲਿਆਂਦੀਆਂ ਗਈਆਂ ਹਨ। ਇਸ ਦੇ ਨਾਲ ਹੀ ਉਨ੍ਹਾਂ ਨੂੰ ਭਾਈਚਾਰੇ ਸਬੰਧੀ ਫੈਸਲੇ ਲੈਣ ਦੀ ਅਪੀਲ ਕੀਤੀ ਗਈ ਹੈ। ਸਿੰਘਾਸਣ ਦੀ ਮਰਿਆਦਾ ਨੂੰ ਮੁੱਖ ਰੱਖ ਕੇ ਅਜਿਹਾ ਫੈਸਲਾ ਲਿਆ ਜਾਵੇ ਜੋ ਕੌਮ ਨੂੰ ਪ੍ਰਵਾਨ ਹੋਵੇ। 30 ਅਗਸਤ ਨੂੰ ਅਜਿਹਾ ਫੈਸਲਾ ਲਓ ਕਿ ਉਹ ਪੰਥ ਲਈ ਮਿਸਾਲ ਬਣ ਜਾਵੇ।

**ਲੇਖਕ: ਗੁਰਪ੍ਰੀਤ ਸਿੰਘ ਵਿੱਕੀ**
ਮੋਬਾਈਲ 8284888700

# ਪੰਜਾਬ ਵਿੱਚ ਵੱਧ ਰਹੀ ਪਰਵਾਸੀ ਮਜ਼ਦੂਰਾਂ ਦੀ ਸਮੱਸਿਆ





ਇਸ ਚੋ ਕੋਈ ਸ਼ੱਕ ਨਹੀਂ ਕਿ ਪੰਜਾਬ ਵਿੱਚ ਪਰਵਾਸੀ ਮਜ਼ਦੂਰਾਂ ਦਾ ਰਹਿਣ ਸਹਿਣ ਵੱਧਦਾ ਜਾ ਰਿਹਾ ਹੈ। ਸਾਲ 1995 ਤੱਕ ਇਹ ਮਜ਼ਦੂਰ ਖੇਤਾਂ ਵਿੱਚ ਕੰਮ ਕਰਨ ਤੱਕ ਸੀਮਤ ਸਨ। ਹੋਲੀ ਹੋਲੀ ਪੰਜਾਬੀਆਂ ਨੇ ਹੱਥੀ ਕੰਮ ਕਰਨੇ ਘੱਟ ਕਰ ਦਿੱਤੇ ਤਾਂ ਪਰਵਾਸੀ ਮਜ਼ਦੂਰਾਂ ਨੇ ਹਰ ਕੰਮ ਨੂੰ ਸਿੱਖਣਾ ਸ਼ੁਰੂ ਕਰ ਦਿੱਤਾ। ਅੱਜ ਮਕਾਨ ਬਣਾਉਣ, ਪੱਥਰ ਤੇ ਟਾਇਲ ਲਾਉਣ ਦਾ ਕੰਮ, ਖਾਣ ਪੀਣ ਦੀਆਂ ਰੇਹੜੀਆਂ, ਰੰਗ ਰੋਗਨ ਦੇ ਕੰਮਾਂ ਆਦਿ ਤੇ ਇਹਨਾਂ ਦਾ ਕਬਜ਼ਾ ਹੈ। ਫਾਸਟ ਫੂਡ ਦੀਆਂ ਰੇਹੜੀਆਂ ਤੇ ਇਹਨਾਂ ਵੱਲੋਂ ਆਮ ਲੋਕਾਂ ਨੂੰ ਗੰਦ ਵੇਚਿਆ ਜਾ ਰਿਹਾ ਹੈ, ਜਿਸ ਕਾਰਨ ਪੰਜਾਬੀਆਂ ਦੀ ਸਿਹਤ ਨਾਲ ਖਿਲਵਾੜ ਹੋ ਰਿਹਾ ਹੈ। ਪੰਜਾਬ ਵਿੱਚ ਲੱਗੀਆਂ ਫੈਕਟਰੀਆਂ ਵਿੱਚ ਇਹਨਾਂ ਪਰਵਾਸੀ ਮਜਦੂਰਾਂ ਦੀ ਬਹੁਤਾਤ ਹੈ, ਜਿਸ ਕਾਰਨ ਪੰਜਾਬੀ ਲੇਬਰ ਇਹਨਾਂ ਥੱਲੇ ਕੰਮ ਕਰਨ ਨੂੰ ਮਜਬੂਰ ਹੈ।

ਅੱਜ ਪੰਜਾਬ ਦੇ ਵਸਨੀਕ ਬਾਹਰਲੇ ਦੇਸ਼ ਜਾ ਰਹੇ ਹਨ, ਪਰ ਪੰਜਾਬ ਵਿੱਚ ਇਹਨਾਂ ਦੀ ਵਸੋਂ ਲਗਾਤਾਰ ਵੱਧ ਰਹੀ ਹੈ। ਉਹ ਦਿਨ ਦੂਰ ਨਹੀਂ ਜਦੋਂ ਪੰਜਾਬ ਵਿੱਚ ਪੰਜਾਬੀਆਂ ਦੀ ਗਿਣਤੀ ਘੱਟ ਤੇ ਇਹਨਾਂ ਪ੍ਰਵਾਸੀ ਮਜ਼ਦੂਰਾਂ ਦੀ ਗਿਣਤੀ ਬਹੁਤ ਜ਼ਿਆਦਾ ਹੋ ਜਾਵੇਗੀ। ਉਦੋਂ ਪੰਜਾਬ ਵਿੱਚ ਹੌਲੀ ਹੌਲੀ ਇਹਨਾਂ ਦਾ ਰਾਜ ਹੋ ਜਾਵੇਗਾ। ਅੱਜ ਵੀ ਜਿਸ ਸ਼ਹਿਰ ਵਿੱਚ ਇਹਨਾਂ ਦੀ ਵਸੋਂ ਜਿਆਦਾ ਹੈ ਉੱਥੇ ਅਪਰਾਧ ਦੀ ਦਰ ਆਮ ਸਹਿਰਾਂ ਨਾਲੋ ਕਾਫੀ ਜਿਆਦਾ ਹੈ। ਕਦੇ ਪੰਜਾਬੀਆਂ ਨੂੰ ਬੀੜੀ, ਜਰਦਾ ਖਾਣ ਇਹਨਾਂ ਪਰਵਾਸੀਆਂ ਨੇ ਲਾਇਆ ਸੀ, ਪਰ ਇਹ ਅੱਜ ਤੱਕ ਪੰਜਾਬੀਆਂ ਵਾਂਗ ਚਿੱਟਾ ਪੀਣ ਨਹੀਂ ਲੱਗੇ ਹਨ। ਅੱਜ ਇਹ ਆਪਣੀ ਮਿਹਨਤ ਨਾਲ ਕਾਮਯਾਬ ਹੋ ਰਹੇ ਨੇ, ਪਰ ਪੰਜਾਬ ਨਸ਼ਿਆਂ ਦੀ ਦਲਦਲ ਅਤੇ ਬੇਰੁਜ਼ਗਾਰੀ ਵਿੱਚ ਬੁਰੀ ਤਰਾਂ ਫਸ ਚੁੱਕਿਆ ਹੈ।ਪੰਜਾਬ ਦੇ ਸਰਕਾਰੀ ਸਕੂਲਾਂ ਵਿੱਚ ਇਹਨਾਂ ਦੇ ਬੱਚਿਆਂ ਦੀ ਗਿਣਤੀ ਪੰਜਾਬੀ ਬੱਚਿਆਂ ਨਾਲੋ ਬਹੁਤ ਵੱਧ ਹੋ ਗਈ ਹੈ। ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿੱਚ ਵੀ ਪੰਜਾਬੀਆਂ ਨਾਲੋਂ ਇਹ ਪਰਵਾਸੀ ਮਜਦੂਰ ਲੋਕ ਇਲਾਜ ਕਰਵਾ ਕੇ ਸਰਕਾਰ ਦੀਆਂ ਸਕੀਮਾਂ ਦਾ ਲਾਭ ਲੈ ਰਹੇ ਹਨ।

ਸੋ ਮੇਰੀ ਆਪਣੇ ਪੰਜਾਬੀ ਭਰਾਵਾਂ ਨੂੰ ਬੇਨਤੀ ਹੈ ਕਿ ਜੇ ਆਪਾਂ ਪੰਜਾਬ ਬਚਾਉਣਾ ਹੈ ਤਾਂ ਬਿਨਾਂ ਸ਼ਰਮ ਕੀਤੇ ਹਰ ਕੰਮ ਵਿੱਚ ਹੱਥ ਅਜਮਾਉਣਾ ਚਾਹੀਦਾ ਹੈ। ਬਾਹਰਲੇ ਦੇਸ਼ ਵਿੱਚ ਜਾ ਕੇ ਵੀ ਤਾਂ ਆਪਾਂ ਲੇਬਰ ਹੀ ਕਰਦੇ ਹਾਂ, ਜੇ ਇਹੀ ਮਿਹਨਤ ਆਪਾਂ ਆਪਣੇ ਪੰਜਾਬ ਵਿੱਚ ਕਰਨੀ ਸ਼ੁਰੂ ਕਰ ਦੇਈਏ ਤਾਂ ਆਪਣਾਂ ਪੰਜਾਬ ਖੁਸ਼ਹਾਲ ਹੋ ਜਾਵੇਗਾ। ਜੇ ਇਹ ਪਰਵਾਸੀ ਮਜਦੂਰ ਪੰਜਾਬ ਵਿੱਚ ਮਿਹਨਤ ਕਰਕੇ ਕਾਮਯਾਬ ਹੋ ਸਕਦੇ ਹਨ ਤਾਂ ਪੰਜਾਬੀ ਖੁਦ ਵੀ ਕਾਮਯਾਬ ਹੋ ਸਕਦੇ ਹਨ।

ਜੇ ਪੰਜਾਬੀ ਹੱਥੀ ਮਿਹਨਤ ਕਰਨੀ ਸੁਰੂ ਕਰਨਗੇ ਤਾਂ ਇਹ ਮਜਦੂਰਾਂ ਨੂੰ ਪੰਜਾਬ ਵਿੱਚ ਕਮੀ ਮਹਿਸੂਸ ਹੋਵੇਗੀ ਤੇ ਇਹ ਹੋਰ ਰਾਜਾਂ ਵੱਲ ਜਾਣ ਦੀ ਸੋਚਣਗੇ।

ਇਹ ਵੀ ਸੱਚ ਹੈ ਕਿ ਪੰਜਾਬੀ ਬਾਹਰਲੇ ਦੇਸ਼ ਵਿੱਚ ਕੰਮ ਕਾਰ ਕਰਨ ਜਾ ਰਹੇ ਹਨ, ਪਰ ਜੇ ਉਹਨਾਂ ਨੂੰ ਕੋਈ ਉੱਥੋਂ ਕੱਢਣ ਦੀ ਗੱਲ ਕਰੇ ਤਾਂ ਇਹ ਵੀ ਠੀਕ ਨਹੀਂ ਹੋਵੇਗਾ। ਲੇਕਿਨ ਪੰਜਾਬ ਵਿੱਚ ਹੁਣ ਸਾਡੀ ਹੋਂਦ ਨੂੰ ਖਤਰਾ ਮਹਿਸੂਸ ਹੋ ਰਿਹਾ ਹੈ। ਹੁਣ ਪੰਜਾਬ ਨੂੰ ਨਸ਼ਿਆ ਤੋਂ ਬਿਨਾਂ ਹੋਰ ਲੋਕਾਂ ਤੋਂ ਵੀ ਖਤਰਾ ਹੋ ਰਿਹਾ ਹੈ। ਸਾਡਾ ਇਤਿਹਾਸ ਬਹੁਤ ਕੁਰਬਾਨੀਆਂ ਨਾਲ ਭਰਿਆ ਹੈ, ਪੰਜਾਬੀਆਂ ਨੇ ਹਮੇਸ਼ਾ ਪੰਜਾਬ ਦੀ ਚੜਦੀਕਲਾ ਲਈ ਕੰਮ ਕੀਤਾ ਹੈ। ਚੰਗੇ ਮਾੜੇ ਟਾਇਮ ਪੰਜਾਬ ਤੇ ਆਉਂਦੇ ਰਹੇ ਹਨ।

ਸਾਡਾ ਵੀ ਫਰਜ਼ ਬਣਦਾ ਹੈ ਕਿ ਜੇ ਕੋਈ ਪੰਜਾਬੀ ਨੌਜਵਾਨ ਨਵਾਂ ਕੰਮ ਸ਼ੁਰੂ ਕਰਦਾ ਹੈ ਤਾਂ ਉਸਦਾ ਸਾਥ ਦੇਈਏ। ਫਾਸਟ ਫੂਡ ਪੰਜਾਬੀ ਨੌਜਵਾਨਾਂ ਕੋਲੋਂ ਹੀ ਖਾਈਏ। ਸਰਕਾਰਾਂ ਨੂੰ ਵੀ ਚਾਹੀਦਾ ਹੈ ਪੰਜਾਬ ਵਿੱਚ ਲੱਗਣ ਵਾਲੀ ਹਰ ਫੈਕਟਰੀ ਵਿੱਚ ਪੰਜਾਬੀਆਂ ਨੂੰ ਘੱਟੋ ਘੱਟ 80% ਨੌਕਰੀਆਂ ਦੇਣ ਦਾ ਕਾਨੂੰਨ ਬਣਾਇਆ ਜਾਵੇ ਤਾਂ ਜੋ ਬੇਰੁਜ਼ਗਾਰੀ ਨੂੰ ਵੀ ਨੱਥ ਪੈ ਸਕੇ। ਜੇਕਰ ਹੁਣ ਆਪਾਂ ਰਲ ਕੇ ਹੰਭਲਾ ਨਾ ਮਾਰਿਆ ਤਾਂ ਆਉਣ ਵਾਲੇ ਸਮੇਂ ਵਿੱਚ ਪੰਜਾਬ ਤੇ ਇਹਨਾਂ ਬਾਹਰਲੇ ਲੋਕਾਂ ਦਾ ਕਬਜਾ ਹੋ ਜਾਵੇਗਾ ਤੇ ਪੰਜਾਬੀਆਂ ਨੂੰ ਇਹਨਾਂ ਕੋਲ ਆਪਣਾ ਗੁਜਾਰਾ ਕਰਨ ਲਈ ਨੌਕਰੀਆਂ ਕਰਨੀਆਂ ਪੈਣਗੀਆਂ। ਪੰਜਾਬ ਕਦੋਂ ਯੂਪੀ ਬਿਹਾਰ ਵਰਗਾ ਬਣ ਜਾਵੇਗਾ ਇਹ ਸਾਨੂੰ ਪਤਾ ਹੀ ਨਹੀਂ ਲੱਗਣਾ ਹੈ।

* * * * * * *




ਰੋਜ ਦੀ ਤਰਾਂ ਮਿਤਿ 28-08-2024 ਨੂੰ ਕੌਮੀ ਇਨਸਾਫ ਮੋਰਚੇ ਵੱਲੋ ੩੧ ਮੈਂਬਰੀ ਜੱਥਾ ਭਾਈ ਸੁਖਦੇਵ ਸਿੰਘ ਕੰਸਾਲਾ (ਲੋਕ ਹਿੱਤ ਮਿਸ਼ਨ ਭਖੂ) ਦੀ ਅਗਵਾਈ ਚ ਮੁੱਖ ਮੰਤਰੀ ਪੰਜਾਬ ਦੀ ਕੋਠੀ ਵੱਲ ਰਵਾਨਾ ਹੋਇਆ ।

# ਟੈਕਸਾਸ ਵਿਚ ਮੰਦਿਰ 'ਚ ਸ਼ਾਨਦਾਰ ਸਮਾਗਮ ਦੌਰਾਨ ਹਨੂਮਾਨ ਦੀ 90 ਫੁੱਟ ਉੱਚੀ ਮੂਰਤੀ ਕੀਤੀ ਸਥਾਪਿਤ




ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਸੂਗਰ ਲੈਂਡ, ਟੈਕਸਾਸ ਵਿਖੇ ਸ੍ਰੀ ਅਸ਼ਟਾਲਕਸ਼ਮੀ ਮੰਦਿਰ ਵਿਚ ਇਕ ਸ਼ਾਨਦਾਰ ਸਮਾਗਮ ਦੌਰਾਨ ਹਨੂਮਾਨ ਜੀ ਦੀ 90 ਫੁੱਟ ਉੱਚੀ ਕਾਂਸੀ ਦੀ ਮੂਰਤੀ ਸਥਾਪਿਤ ਕੀਤੀ ਗਈ। ਮੰਦਿਰ ਦੇ ਪ੍ਰਬੰਧਕਾਂ ਦੁਆਰਾ ਜਾਰੀ ਬਿਆਨ ਅਨੁਸਾਰ "ਸਟੈਚੂ ਆਫ ਯੁਨੀਅਨ" ਦੇ ਨਾਂ 'ਤੇ ਸਥਾਪਿਤ ਇਹ ਵਿਸ਼ਾਲ ਮੂਰਤੀ ਭਾਰਤ ਤੋਂ ਬਾਹਰ ਕਿਸੇ ਵੀ ਮੰਦਿਰ ਵਿਚ ਸਥਾਪਿਤ ਇਹ ਸਭ ਤੋਂ ਉੱਚੀ ਮੂਰਤੀ ਹੈ। ਅਮਰੀਕਾ ਵਿਚ ਸਥਾਪਿਤ ਇਹ ਤੀਸਰੀ ਵੱਡੀ ਮੂਰਤੀ ਹੈ। ਭਾਰਤ ਦੇ ਆਜ਼ਾਦੀ ਦਿਵਸ ਤੋਂ ਬਾਅਦ ਮੂਰਤੀ ਦੀ ਸਥਾਪਨਾ ਲਈ ਹੋਏ ਤਿੰਨ ਦਿਨਾ ਸਮਾਗਮਾਂ ਦੌਰਾਨ ਹਜਾਰਾਂ ਭਗਤਾਂ ਨੇ ਹਾਜਰੀ ਲਵਾਈ ਤੇ ਮੂਰਤੀ ਸਥਾਪਨਾ ਨੂੰ ਵੇਖਿਆ। ਪ੍ਰਬੰਧਕਾਂ ਅਨੁਸਾਰ ਇਹ ਮੂਰਤੀ ਨਿਰਸਵਾਰਥ, ਸ਼ਰਧਾ ਤੇ ਏਕਤਾ ਦੀ ਪ੍ਰਤੀਕ ਹੈ। ਪਦਮ ਭੂਸ਼ਣ ਵਿਜੇਤਾ ਸ੍ਰੀ ਚਿਨਾ ਜੀਯਰ ਸਵਾਮੀ ਤੇ ਹੋਰ ਪੁਜਾਰੀਆਂ ਨੇ ਸਮਾਗਮ ਦੀ ਅਗਵਾਈ ਕੀਤੀ। ਇਸ ਮੌਕੇ ਸ੍ਰੀ ਚਿਨਾ ਸਵਾਮੀ ਨੇ ਸਮੁੱਚੇ ਮਹਾਂਦੀਪ ਵਿਚ ਏਕਤਾ ਤੇ ਸ਼ਰਧਾ ਦੇ ਮਹੱਤਵ ਨੂੰ ਪ੍ਰਚਾਰਨ 'ਤੇ ਜੋਰ ਦਿੱਤਾ। ਮੂਰਤੀ ਸਥਾਪਨਾ ਦੌਰਾਨ ਹੈਲੀਕਾਪਟਰ ਨੇ ਮੂਰਤੀ ਉਪਰ ਫੱਲਾਂ ਦੀ ਵਰਖਾ ਕੀਤੀ ਤੇ ਸ਼ਰਧਾਲੂਆਂ ਨੇ ਜੈ ਸ੍ਰੀ ਹਨੂਮਾਨ ਦੇ ਜੈਕਾਰੇ ਛੱਡੇ।

# ਡੰਗ ਮਨਚੰਦੇ ਦੇ



rajinder.pardesi7@gmail.com



## ਗੁਰੂ ਗ੍ਰੰਥ ਸਾਹਿਬ ਦੇ ਸੰਪੂਰਨਤਾ ਦਿਵਸ 'ਤੇ ਵਿਸ਼ੇਸ਼


# ਅਜੋਕੇ ਯੁੱਗ ਵਿਚ ਗੁਰੂ ਗ੍ਰੰਥ ਸਾਹਿਬ ਦੀ ਭੂਮਿਕਾ

**ਦਿਲਜੀਤ ਸਿੰਘ ਬੇਦੀ**

ਗੁਰੂ ਨਾਨਕ ਦੇਵ ਜੀ ਨੇ ਚਾਰਾਂ ਦਿਸ਼ਾਵਾਂ ਦੀ ਯਾਤਰਾ ਕਰਕੇ ਸਮੇਂ ਦੇ ਧਰਮੀ ਚਿੰਤਕਾਂ ਨਾਲ ਸੰਵਾਦ ਰਚਾਉਂਦੇ ਹੋਏ ਨਵੀਨਤਮ ਕ੍ਰਾਂਤੀਕਾਰੀ ਵਿਗਿਆਨਕ ਯੁੱਗ ਦੇ 'ਧਰਮ ਗ੍ਰੰਥ' ਦੇ ਸੰਕਲਨ ਦਾ ਬੀਜ ਬੀਜਿਆ, ਜਿਸ ਨੂੰ ਗੁਰੂ ਅਰਜਨ ਦੇਵ ਜੀ ਨੇ 1604 ਈ: ਨੂੰ ਸ੍ਰੀ ਹਰਿਮੰਦਰ ਸਾਹਿਬ ਵਿਖੇ 'ਆਦਿ ਗ੍ਰੰਥ' ਵਜੋਂ ਰੂਪਮਾਨ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਰ ਬਚਨ ਸਰਬ-ਸਾਂਝੀਵਾਲਤਾ ਦਾ ਸੰਚਾਰ ਤੇ ਪ੍ਰਸਾਰ ਕਰਦਾ ਹੈ। ਅੱਜ ਗਲੋਬਲ ਪੱਧਰ 'ਤੇ ਸੰਜਮ ਵਿਹੂਣੇ ਸਭਿਆਚਾਰ ਦਾ ਪਸਾਰਾ ਹੈ। ਸਮੁੱਚੀ ਮਨੁੱਖਤਾ ਕਈ ਤਰ੍ਹਾਂ ਦੇ ਵਖਰੇਵਿਆਂ ਵੰਡਾਂ-ਦਰ-ਵੰਡਾਂ ਦੇ ਘੇਰਿਆਂ ਵਿਚ ਬੁਰੀ ਤਰ੍ਹਾਂ ਫਸੀ ਹੋਈ ਮਹਿਸੂਸ ਹੋ ਰਹੀ ਹੈ। ਵੱਖਰੇ-ਵੱਖਰੇ ਦੇਸ਼ਾਂ, ਕੌਮਾਂ ਅਤੇ ਧਾਰਮਿਕ ਵਖਰੇਵਿਆਂ ਵਿਚਕਾਰ ਖੋਹਾ-ਖਿੰਝੀ ਨਫਰਤੀ ਖਿਚੋਤਾਣ ਜਾਰੀ ਹੈ।

ਖੁਸ਼ਹਾਲ ਬਹੁ-ਧਰੁਵੀ ਸੰਸਾਰ ਸਿਰਜਣ ਦੇ ਸਮਰੱਥ ਗੁਰੂ ਗ੍ਰੰਥ ਸਾਹਿਬ ਦੀਆਂ ਦਾਰਸ਼ਨਿਕ, ਵਿਗਿਆਨਕ ਤੇ ਵਿਚਾਰਧਾਰਕ ਸੰਭਾਵਨਾਵਾਂ ਅਸੀਂ ਅਜੇ ਤੱਕ ਜਗਤ-ਜਲੰਦੇ ਅੱਗੇ ਸਹੀ ਦਿਸ਼ਾ 'ਚ ਰੱਖ ਨਹੀਂ ਸਕੇ। ਸਮਾਂ ਤੇਜ਼ੀ ਨਾਲ ਬਦਲ ਰਿਹਾ ਹੈ। ਸੁਹਿਰਦਤਾ ਤੇ ਸੁਚੇਤਨਾ ਨਾਲ ਗਲੋਬਲ ਪੱਧਰੀ ਵੱਸ ਰਹੇ ਸਿੱਖ ਹੁਣ ਗੁਰੂ ਗ੍ਰੰਥ ਸਾਹਿਬ ਦੇ ਮਹੱਤਵ ਨੂੰ ਵਿਸ਼ਵ ਸਾਹਮਣੇ ਪ੍ਰਗਟ ਕਰਕੇ 'ਜੈ ਜੈ ਕਾਰੁ ਸਗਲ ਭੂ ਮੰਡਲ ਮੁਖ ਊਜਲ ਦਰਬਾਰ' ਦੇ ਅਧਿਕਾਰੀ ਬਣ ਸਕਦੇ ਹਨ। ਜਦੋਂ ਕਦੇ ਵੀ ਸਿੱਖਾਂ ਵਿਚ ਨਿਰਾਸ਼ਤਾ ਪਸਰੀ ਉਦੋਂ ਹੀ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਸਾਹਿਬ ਦੀ ਅਗਵਾਈ ਵਿੱਚ ਸਮੇਂ-ਸਮੇਂ ਗੁਰਮਤਿ ਸਮਾਗਮਾਂ ਰਾਹੀਂ ਸਿੱਖੀ ਪ੍ਰਚਾਰ ਨੂੰ ਪ੍ਰਚੰਡ ਕਰਨ ਦੇ ਉਦਮ ਕਰਦੀ ਰਹੀ ਹੈ। ਜਿਸ ਦੇ ਸਿੱਟੇ ਵਜੋਂ ਸਿੱਖਾਂ ਨੇ ਹਰ ਚੁਣੌਤੀ ਨੂੰ ਕਬੂਲਿਆ ਤੇ ਉਸ ਦਾ ਡਟ ਕੇ ਮੁਕਾਬਲਾ ਕੀਤਾ ਹੈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਉਪਦੇਸ਼ਾਂ ਸਦਕਾ ਪੈਰੋਕਾਰ ਜਮਾਂਦਰੂ ਹੀ ਸੰਘਰਸ਼ੀ ਹਨ।

ਸਭ ਤੋਂ ਵੱਡਾ ਸੰਕਟ ਇਸ ਸਮੇਂ ਇਹ ਹੈ ਕਿ ਕਲਾਸਕੀ ਪੂੰਜੀਵਾਦ ਤੇ ਕਲਾਸਕੀ ਸਾਮਵਾਦ ਦੋਵੇਂ ਹੀ ਖੀਣ ਹੋ ਚੁੱਕੇ ਹਨ। ਦੋਨਾਂ ਦੀ ਅਸਮਰੱਥਾ ਸਾਹਮਣੇ ਆ ਚੁੱਕੀ ਹੈ। ਪੱਛਮ ਦਾ ਵਿਕਸਿਤ, ਕੰਪਿਊਟਰੀ ਯੁੱਗ ਤੋਂ ਪਿਛੋਂ ਦਾ ਪੂੰਜੀਵਾਦ ਜੋ ਵਿਸ਼ਵੀਕਰਨ ਦੇ ਨਾਂ 'ਤੇ ਸਮੁੱਚੀ ਦੁਨੀਆਂ ਨੂੰ ਆਪਣੀ ਲਪੇਟ ਵਿੱਚ ਲੈਣ ਦੇ ਆਹਰ ਵਿਚ ਹੈ, ਕਿਤੇ ਬਹੁ-ਕੌਮੀ ਕੰਪਨੀਆਂ ਦੇ ਵਪਾਰ ਰਾਹੀਂ, ਕਿਤੇ ਜੰਗ ਰਾਹੀਂ, ਕਿਤੇ ਧੌਂਸ ਰਾਹੀਂ, ਉਸ ਦਾ ਸੰਕਟ ਪਹਿਲਾਂ ਹੀ ਸਾਹਮਣੇ ਹੈ ਤੇ ਸੰਸਾਰ ਉਸ ਨੂੰ ਵਿਚਾਰਧਾਰਕ ਤੌਰ 'ਤੇ ਸਵੀਕਾਰ ਨਹੀਂ ਕਰ ਰਿਹਾ। ਸਭਿਆਚਾਰਾਂ ਦੇ ਤਨਾਅ ਸਾਹਮਣੇ ਹਨ। ਅਜਿਹੀ ਸਥਿਤੀ ਵਿਚਾਰਧਾਰਾ ਦੇ ਸੰਕਟ ਨੂੰ ਜਨਮ ਦਿੰਦੀ ਹੈ। ਮਨੁੱਖ ਨੂੰ ਭਵਿੱਖ ਲਈ ਇਕ



ਵਾਰੀ ਫਿਰ ਵਿਚਾਰਧਾਰਾ ਦੀ ਤਲਾਸ਼ ਹੈ। ਅਜਿਹੀ ਸਥਿਤੀ ਦੇ ਸਾਹਵੇਂ ਹੁੰਦਿਆਂ ਗੁਰੂ ਗ੍ਰੰਥ ਸਾਹਿਬ ਦੀ ਇਸ ਵਿਸ਼ਵ ਵਿਚਾਰਧਾਰਾ ਨੂੰ ਸਪੱਸ਼ਟ ਕਰਨ ਦੀ ਲੋੜ ਹੈ ਜੋ ਸਮੁੱਚੇ ਮਨੁੱਖ ਲਈ ਭਵਿੱਖਮੁਖੀ ਰਾਹ ਲਈ ਬੈਠੀ ਹੈ। ਲੋੜ ਇਸ ਨੂੰ ਤੰਗ ਵਲਗਣਾਂ ਵਿਚੋਂ ਕੱਢਣ ਦੀ ਹੈ। ਸੰਸਾਰ ਉੱਤਰ-ਆਧੁਨਿਕਤਾਵਾਦ ਅਤੇ ਗਲੋਬਲਾਈਜ਼ੇਸ਼ਨ ਤੱਕ ਜਿਸ ਦੌਰ ਵਿੱਚ ਪਹੁੰਚਿਆ ਹੈ, ਲੋੜ ਉਸ ਵਿਚ ਇਸ ਦੀ ਯੋਗਤਾ ਨੂੰ ਪਛਾਨਣ ਦੀ ਹੈ। ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਨਾਲ ਭਾਰਤੀ ਉਪ ਮਹਾਂਦੀਪਾਂ ਵਿਚ ਇਕ ਸਫ਼ਲ ਕ੍ਰਾਂਤੀ ਦਾ ਜਨਮ ਹੋਇਆ। ਭਾਈ ਗੁਰਦਾਸ ਜੀ ਲਿਖਦੇ ਹਨ:

ਸਤਿਗੁਰ ਨਾਨਕ ਪ੍ਰਗਟਿਆ
ਮਿਟੀ ਧੁੰਧ ਜਗਿ ਚਾਨਣੁ ਹੋਆ॥
ਜਿਉ ਕਰਿ ਸੂਰਜ ਨਿਕਲਿਆ
ਤਾਰੇ ਛਪਿ ਅੰਧੇਰੁ ਪਲੋਆ॥

ਪੰਜਵੀਂ ਪਾਤਸ਼ਾਹੀ ਰਾਹੀਂ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਾਂਝੀਵਾਲਤਾ, ਨਿਆਂ, ਸੱਚ, ਹੱਕ, ਜਾਤ-ਪਾਤ ਤੋਂ ਉੱਪਰ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਦਾ ਗੁਰਮਤਿ ਸਿਧਾਂਤ ਹੈ। ਇਸ ਗ੍ਰੰਥ ਵਿਚ ਬਿਨਾਂ ਕਿਸੇ ਵਿਤਕਰੇ ਦੇ ਹਰ ਧਰਮ ਦੇ ਭਗਤਾਂ ਦੀ ਬਾਣੀ ਉਸੇ ਸਤਿਕਾਰ ਨਾਲ ਦਰਜ ਹੈ, ਜਿਸ ਸਤਿਕਾਰ ਨਾਲ ਗੁਰੂਆਂ ਦੀ ਬਾਣੀ।

ਧਰਮ ਗ੍ਰੰਥਾਂ ਵਿਚ ਦਰਜ ਸਿਧਾਂਤ ਮਨੁੱਖਤਾ ਨੂੰ ਉਨ੍ਹਾਂ ਦੇ ਪੈਰੋਕਾਰਾਂ ਨਾਲ ਜੁੜੇ ਰਹਿਣ ਦਾ ਰਾਹ ਦੱਸਦੇ ਹਨ। ਧਾਰਮਿਕ ਪੈਰੋਕਾਰਾਂ ਨੇ ਆਪਣੀ ਅਧਿਆਤਮਕਤਾ ਦੇ ਸਿਖਰ 'ਤੇ ਪਹੁੰਚ ਕੇ ਕੁਝ ਅਜਿਹੇ ਉਪਦੇਸ਼ ਮਨੁੱਖਤਾ ਦੇ ਰੂਬਰੂ ਕੀਤੇ ਹੁੰਦੇ ਹਨ, ਜਿਨ੍ਹਾਂ ਨੂੰ ਅਪਨਾ ਕੇ ਮਨੁੱਖ ਆਪਣੀ ਜ਼ਿੰਦਗੀ ਦਾ ਅੰਤਿਮ ਲਕਸ਼ ਭਾਵ ਪ੍ਰਭੂ ਪ੍ਰਾਪਤੀ ਅਤੇ ਆਪਣੇ ਸੰਸਾਰ ਵਿਚ ਆਉਣ ਦੇ ਮਨੋਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦਾ ਹੈ। ਸੰਸਾਰ ਦੇ ਇਤਿਹਾਸ ਵਿੱਚ ਅਨੇਕਾਂ ਅਜਿਹੇ ਹਵਾਲੇ ਮਿਲਦੇ ਹਨ ਜਿਨ੍ਹਾਂ ਅੰਦਰ ਇਹ ਜ਼ਿਕਰ ਹੈ ਕਿ ਜਿਨ੍ਹਾਂ ਧਰਮਾਂ ਨੇ ਆਪਣੇ ਧਰਮ ਗ੍ਰੰਥਾਂ ਦੀ ਸੰਭਾਲ ਵਿੱਚ ਕੁਤਾਹੀ ਵਰਤੀ ਉਹ ਆਪਣੇ ਰਹਿਬਰਾਂ ਦੇ ਅਨਮੋਲ ਵਚਨਾਂ ਤੋਂ ਵਾਂਝੇ ਹੋ ਗਏ, ਇੱਥੋਂ ਤੱਕ ਕਿ ਉਨ੍ਹਾਂ ਗ੍ਰੰਥਾਂ ਨੂੰ ਸਤਿਕਾਰ ਵੀ ਨਹੀਂ ਮਿਲ ਸਕਿਆ। ਧਰਮ ਗ੍ਰੰਥਾਂ ਦੇ ਰੂਪ ਵਿਚ ਉਪਲਬਧ ਅਧਿਆਤਮਕ ਖਜ਼ਾਨੇ ਨੂੰ ਆਪਣੀ ਵਿਰਾਸਤ ਸਮਝ ਕੇ ਸੰਭਾਲਣਾ ਅਤਿ ਜ਼ਰੂਰੀ ਹੈ।

ਵਿਸ਼ਵ ਪੱਧਰ 'ਤੇ ਭਵਿੱਖ ਦਾ ਜੋ ਖ਼ਾਕਾ ਉੱਭਰ ਰਿਹਾ ਹੈ, ਉਹ ਉਤਸ਼ਾਹਜਨਕ ਵੀ ਹੈ ਅਤੇ ਨਿਰਾਸ਼, ਤਬਾਹਕੁਨ ਵੀ। ਐਟਮੀ ਤਾਕਤਾਂ ਗਿਆਨ ਵਿਗਿਆਨ ਦੇ ਉਭਾਰ ਨਾਲ ਮਾਨਵਤਾ ਲਈ ਕਈ ਚੁਣੌਤੀਆਂ ਵੀ ਸਾਹਮਣੇ ਆ ਖਲੋਈਆਂ ਹਨ। ਵਿਭਿੰਨ ਤਰ੍ਹਾਂ ਦੇ ਪ੍ਰਦੂਸ਼ਣ ਕਾਰਨ ਆਕਾਸ਼ ਵਿਚਲੀ ਓਜ਼ੋਨ ਦੀ ਬਹੁ ਪਰਤ ਵਿਚ ਛੇਕ ਹੋ ਗਿਆ ਹੈ। ਕਾਦਰ ਦੀ ਕੁਦਰਤ ਇਨ੍ਹਾਂ ਆਕਾਸ਼ੀ ਤੱਤਾਂ 'ਤੇ ਆਧਾਰਿਤ ਹੈ।

ਮਨੁੱਖ ਨੇ ਅਤੇ ਟਕਨਾਲੋਜੀ ਦੇ ਪੱਖੋਂ ਬੜੀ ਤਰੱਕੀ ਕੀਤੀ ਹੈ। ਜਿਸ ਕਾਰਨ ਮਾਨਵ ਜੀਵਨ ਸੁਖੀ ਵੀ ਹੋਇਆ ਹੈ। ਦੂਜੇ ਪਾਸੇ ਅਮਾਨਵੀ ਅਤੇ ਅਨੈਤਿਕ ਬੁਰਿਆਈਆਂ ਦੀ ਭਰਮਾਰ ਵੀ ਹੈ। ਜੰਗ ਮਾਨਵੀ ਹਿੰਸਾ ਹੈ। ਅਮਨ ਸਰਵਪੱਖੀ ਖੁਸ਼ਹਾਲੀ ਹੈ। ਕੁਦਰਤੀ ਵਸੀਲਿਆਂ ਦੀ ਅੰਧਾ ਧੁੰਦ ਵਰਤੋਂ ਅਤੇ ਦੁਰਉਪਯੋਗ ਨਾਲ ਬਹੁਤ ਸਾਰੇ ਜੀਵ ਜੰਤੂ, ਪਸ਼ੂ ਪੰਛੀ, ਪੌਦੇ ਅਤੇ ਦਵਾਈਆਂ ਲਈ ਅਨੇਕ ਤਰ੍ਹਾਂ ਦੀਆਂ ਜੜ੍ਹੀਆਂ ਬੂਟੀਆਂ ਧਰਤੀ ਤੋਂ ਅਲੋਪ ਹੋ ਰਹੇ ਹਨ। ਇਹ ਜੀਵ ਸ੍ਰਿਸ਼ਟੀ ਅਤੇ ਪ੍ਰਾਕ੍ਰਿਤੀ ਵੀ ਸਾਡਾ ਸਭ ਦਾ ਸਾਂਝਾ ਭਾਈਚਾਰਾ ਹੈ। ਇਸ ਦੀ ਰੱਖਿਆ ਸੰਭਾਲ ਅਤੇ ਸਰਬਪੱਖੀ ਉਸਾਰੀ ਦੇ ਅਸੀਂ ਸਭ ਜ਼ਿੰਮੇਵਾਰ ਹਾਂ। ਵਿਗਿਆਨ ਤੇ ਵਿਸਫੋਟ ਨੇ ਭੁਚਾਲ, ਸੁਨਾਮੀ, ਹੜ੍ਹ, ਤੂਫਾਨ, ਸੋਕਾ, ਫਸਲਾਂ ਫੁੱਲ ਅਤੇ ਸਬਜ਼ੀਆਂ, ਅਨਾਜ ਜ਼ਹਿਰੀਲੇ ਕਰ ਦਿੱਤੇ ਹਨ। ਇਹ ਵਿਗਿਆਨਕ ਦੁਖਾਂਤ ਬਣਦਾ ਹੈ। ਕਾਰਖਾਨਿਆਂ ਨੇ ਅਨਾਜ ਦੀ ਪੈਦਾਵਾਰ ਨੂੰ ਘਟਾਇਆ ਹੈ। ਪ੍ਰਦੂਸ਼ਣ ਅਤੇ ਵਿਗਿਆਨਕ ਕਾਢਾਂ ਤੋਂ ਪੈਦਾ ਹੋਏ ਅਸਾਂਵਲੇਪਣ ਦੇ ਸੰਕਟ ਨਾਲ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਇਲਾਹੀ ਸੰਦੇਸ਼ ਦੀ ਰੌਸ਼ਨੀ ਵਿੱਚ ਇਨ੍ਹਾਂ ਸਭ ਖ਼ਤਰਿਆਂ, ਵਿਰੋਧਾਂ ਨਾਲ ਨਿਪਟ ਸਕਦੇ ਹਾਂ।

ਨਸ਼ੀਲੇ ਪਦਾਰਥਾਂ ਦਾ ਸੇਵਨ ਹੋ ਰਿਹਾ ਹੈ। ਏਡਜ਼ ਵਰਗੀਆਂ ਲਾ-ਇਲਾਜ ਬੀਮਾਰੀਆਂ ਫੈਲ ਰਹੀਆਂ ਹਨ। ਭਰੂਣ ਹੱਤਿਆ ਜਿਹਾ ਘੋਰ ਨਰਕ ਅਤੇ ਵਿਕਲਪ ਗੈਰ ਅਮਾਨਵੀ ਹੈ। ਇਸ ਸੰਦਰਭ ਵਿਚ ਵਿਸ਼ਵ ਪੱਧਰ 'ਤੇ ਸਿਹਤਮੰਦ ਤੇ ਸਭਿਅਕ ਸਮਾਜ ਦੀ ਸਿਰਜਣਾ ਕਰਨੀ ਤੇ ਆਦਰਸ਼ਕ ਨਾਗਰਿਕ, ਸੂਰਮੇ ਪੈਦਾ ਕਰਨੇ ਗੁਰੂ ਗ੍ਰੰਥ ਸਾਹਿਬ ਦਾ ਸੰਦੇਸ਼ ਅਤੇ ਉਪਦੇਸ਼ ਵਿਸ਼ੇਸ਼ ਲਾਭਕਾਰੀ ਹੈ। ਗੁਰੂ ਘਰ ਵਿਚ ਨਾਰੀ ਦਾ ਸਤਿਕਾਰ ਹੈ। ਸਤਿਕਾਰ ਹੀ ਨਹੀਂ ਇਸਤਰੀਆਂ ਨਾਲ ਹੋ ਰਹੇ ਵਿਤਕਰੇ ਅਤੇ ਅਨਿਆਂ ਪ੍ਰਤੀ ਵੀ ਸਿੱਖ ਪੰਥ ਦਾ ਸੰਪੂਰਨ ਸੰਘਰਸ਼ ਹੈ। ਗੁਰੂ ਹਰਿਗੋਬਿੰਦ ਸਾਹਿਬ ਨੇ ਔਰਤ ਨੂੰ ਮਰਦ ਦੇ ਈਮਾਨ ਦੀ ਰਖਵਾਲੀ ਦੱਸਿਆ ਹੈ। ਭਾਈ ਗੁਰਦਾਸ ਜੀ ਔਰਤ ਦੇ ਸਤਿਕਾਰ ਵਿਚ ਲਿਖਦੇ ਹਨ:

ਦੇਖਿ ਪਰਾਈਆ ਚੰਗੀਆ
ਮਾਵਾਂ ਭੈਣਾਂ ਧੀਆਂ ਜਾਣੈ।

ਗੁਰੂ ਗ੍ਰੰਥ ਸਾਹਿਬ ਨੂੰ ਹੋਰ ਅਨੇਕਾਂ ਧਰਮਾਂ ਦੀਆਂ ਚੁਣੌਤੀਆਂ ਦਾ ਸਮੇਂ-ਸਮੇਂ 'ਤੇ ਸਾਹਮਣਾ ਕਰਨਾ ਪਿਆ ਪਰ ਪੰਥ ਦੀ ਸਦਾ ਚੜ੍ਹਦੀ ਕਲਾ ਲਈ ਸਿੱਖ ਇਤਿਹਾਸ ਦੀਆਂ ਉੱਚਤਮ ਮਿਸਾਲਾਂ ਸਾਡੇ ਸਾਹਮਣੇ ਹਨ। ਮਸਲਨ ਭਾਈ ਬਿਧੀ ਚੰਦ, ਭਾਈ ਮਨੀ ਸਿੰਘ, ਬਾਬਾ ਬੰਦਾ ਸਿੰਘ ਬਹਾਦਰ, ਭਾਈ ਤਾਰੂ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਸ਼ਹੀਦ। ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੀ ਧਰਤੀ 'ਤੇ 1706 ਈ: ਨੂੰ ਬਾਬਾ ਦੀਪ ਸਿੰਘ ਦੇ ਸਹਿਯੋਗ ਨਾਲ ਭਾਈ ਮਨੀ ਸਿੰਘ ਜੀ ਨੂੰ ਲਿਖਾਰੀ ਲਾ ਕੇ ਗੁਰੂ ਗ੍ਰੰਥ ਸਾਹਿਬ ਵਿਚ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ਼ਾਮਲ ਕਰਕੇ ਸੰਪੂਰਨਤਾ ਪ੍ਰਦਾਨ ਕੀਤੀ।

# ਅਧੂਰੀ ਤਸਵੀਰ



ਜਦੋਂ ਕੈਨਵਸ ਦੇ ਪਿੰਡੇ ਉੱਤੇ,
ਉਸ ਦੀ ਤਸਵੀਰ ਬਣਾਉਂਦਾ ਹਾਂ,
ਨਕਸ਼ ਉਸ ਦੇ ਉਘਾੜਨ ਦੀ,
ਕੋਈ ਤਰਕੀਬ ਲਗਾਉਂਦਾ ਹਾਂ।

ਤਾਂ ਹੱਥ ਉਹ ਮੇਰਾ ਫੜ ਕੇ,
ਮੈਨੂੰ ਝੱਟ ਰੋਕ ਦੇਂਦੀ ਹੈ,
ਮੇਰੇ ਬੋਲਣ ਤੋਂ ਪਹਿਲਾਂ ਹੀ,
ਉਹ ਮੈਨੂੰ ਟੋਕ ਦੇਂਦੀ ਹੈ।

ਉਹ ਆਪਣੀਆਂ ਰੇਸ਼ਮੀ ਉਂਗਲਾਂ,
ਮੇਰੇ ਬੁੱਲ੍ਹਾਂ 'ਤੇ ਹੈ ਧਰਦੀ,
ਬੱਸ ਚੁੱਪ ਹੀ ਰਹਿਣ ਦੀ,
ਮੈਨੂੰ ਸਦਾ ਤਾਕੀਦ ਹੈ ਕਰਦੀ।

ਇਹ ਇੱਕ ਅਜੀਬ ਹਾਦਸਾ,
ਮੇਰੇ ਸੰਗ ਰੋਜ਼ ਹੁੰਦਾ ਹੈ,
ਜਿਸ ਦੇ ਹੋਵਣ ਦਾ ਮੈਨੂੰ,
ਡਾਹਢਾ ਅਫਸੋਸ ਹੁੰਦਾ ਹੈ।

ਨਾ ਕੁੱਝ ਕਹਿਣ ਦੀ ਹਿੰਮਤ,
ਨਾ ਕੁੱਝ ਕਰਨ ਦਾ ਹੀਆ,
ਕਿੰਝ ਖੋਲ੍ਹਾਂ ਮੈਂ ਉਹਦੇ ਸਾਹਮਣੇ,
ਸੰਜੀਦਾ ਧੜਕਦਾ ਜੀਆ।

ਉਸ ਦੀ ਸਹਿਮਤੀ ਬਾਝੋਂ,
ਇਹ ਤਸਵੀਰ ਅਧੂਰੀ ਹੈ,
'ਤੇ ਸਹਿਮਤੀ ਦੇ ਵਾਸਤੇ,
ਉਸਦੀ 'ਹਾਂ' ਵੀ ਜ਼ਰੂਰੀ ਹੈ।

ਇਸ 'ਹਾਂ' ਦੀ ਉਡੀਕ ਵਿੱਚ,
ਮੈਂ ਪਲ ਪਲ ਮੁੱਕਦਾ ਜਾਂਦਾ ਹਾਂ,
ਮਾਰੂਥਲੇ ਤਰਵਰ ਦੇ ਵਾਂਗੂੰ,
ਨਿੱਤ ਦਿਨ ਸੁੱਕਦਾ ਜਾਂਦਾ ਹਾਂ।

ਡਰਦਾਂ ਕਿਤੇ ਮੇਰੀ ਇਹ ਖ਼ਾਹਿਸ਼,
ਅਧੂਰੀ ਹੀ ਨਾ ਰਹਿ ਜਾਵੇ,
ਫ਼ਰਜ਼ ਤੋਂ ਸੁਰਖਰੂ ਹੋਣਾ,
ਸੁਪਨਿਆਂ ਵਿੱਚ ਨਾ ਵਹਿ ਜਾਵੇ।

ਅਧੂਰੀ ਤਸਵੀਰ ਹੈ ਜਾਂ ਮੇਰੀ,
ਇਹ ਜੀਵਨ ਦੀ ਤੰਦੀ ਹੈ,
ਕਿ ਹੈ ਇਹ ਰੇਤ ਦੀ ਕੰਧੀ,
'ਤੇ ਜਾਂ ਢਲਦੀ ਬੁਲੰਦੀ ਹੈ?

ਰਵਿੰਦਰ ਸਿੰਘ ਕੁੰਦਰਾ
ਕੌਵੈਂਟਰੀ ਯੂ ਕੇ

* * * * * *

# ਕਾਵਿ-ਕਿਆਰੀ

## ਬਾਬਾ



ਕਾਸ ਕਿਤੇ ਮੈਂ ਬਾਬਾ ਹੁੰਦਾ
ਪੌਂਡਾਂ, ਡਾਲਰਾਂ, ਯੂਰੋ, ਨੋਟਾਂ ਨਾਲ,
ਭਰਿਆ ਮੇਰਾ ਛਾਬਾ ਹੁੰਦਾ
ਕਾਸ ਕਿਤੇ ਮੈਂ ਬਾਬਾ ਹੁੰਦਾ।

ਚਾਰ ਕੁ ਵਾਜੇ ਦੀਆਂ ਸੁਰਾਂ ਸਿੱਖਦਾ,
ਸਵਰਗਾਂ 'ਚ ਕਿੱਦਾ ਜਾਣਾ, ਇੱਦਾਂ ਦੀਆਂ ਧਾਰਨਾ ਲਿੱਖਦਾ,
ਨਾ ਬਿੱਲਾ ਦਾ ਫ਼ਿਕਰ, ਨਾ ਮੋਰਗੇਜ ਦਾ ਝੰਜਟ,
ਪੈਸਾ ਮੇਰੇ ਕੋਲ ਬੇ-ਹਿਸਾਬਾ ਹੁੰਦਾ
ਕਾਸ ਕਿਤੇ ਮੈਂ ਬਾਬਾ ਹੁੰਦਾ।

ਚਰਨ ਧੋ ਧੋ ਲੋਕੀ ਮੇਰੇ ਪੀਂਦ,
ਘਰਾਂ ਵਿੱਚ ਰੱਖੀਆਂ ਮੇਰੀਆਂ ਫੋਟੋ, ਲੋਕੀ ਵੇਖ ਵੇਖ ਜੀਂਦੇ,
ਮੇਰੀਆ ਸਿਫ਼ਤਾਂ ਦੇ ਪੁੱਲ ਬੰਨਣ ਵਾਲਾ ਮੇਰਾ "ਗੜ੍ਹਵੀ"
ਜਿਹਦਾ ਨਾ ਰੱਖਿਆ ਮੈਂ ਗਾਬਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ।

ਵਿਆਹ ਵਾਲਾ 'ਜੱਬ' ਮੈਂ ਕਦੇ ਨਾ ਪਾਉਂਦਾ'
ਚੇਲੀਆਂ 'ਤੋ ਆਪਣੀਆਂ ਲੱਤਾਂ ਤੇ ਮਾਲਸ਼ਾਂ ਕਰਵਾਉਂਦਾ,
ਤਰਾਂ ਤਰਾਂ ਦੇ ਮੇਵੇ ਚੇਲੀਆਂ ਹੱਥੋਂ ਖਾਂਦਾ,
ਇਹੋ ਮੇਰਾ ਖਾਜਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ ।

ਦੇਸ਼ਾਂ ਪ੍ਰਦੇਸਾ ਵਿੱਚ ਘੁੰਮਦਾ ਰਹਿੰਦਾ,
ਨਰਮ ਨਰਮ ਗੱਦਿਆ ਤੇ ਬਹਿੰਦਾ ਤੇ ਪੈਂਦਾ,
ਪੈਰ ਮੇਰੇ ਚੇਲੇ ਧਰਤੀ 'ਤੇ ਨਾ ਲੱਗਣ ਦੇਦੇ,
ਰੰਗ ਮੇਰਾ ਲਾਲ ਗੁਲਾਬਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ।

ਲੀਡਰ ਲੋਕ ਮੇਰੇ 'ਚਰਨਾਂ' ਵਿੱਚ ਬੈਠੇ ਰਹਿੰਦੇ ,
ਹੁਣ ਤਾਂ ਤੁਹਾਡੇ ਰੱਖਣ ਦੇ, ਸਾਰੇ ਇਹੋ ਗੱਲ ਕਹਿੰਦੇ ,
ਮੇਰੇ ਉਂਗਲਾਂ ਤੇ ਸਾਰੇ ਨੱਚਦੇ,
ਹਰ ਪਾਸੇ ਮੇਰਾ ਦਾਬਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ।



ਇਹ ਜੋ ਨਿੱਤ ਮੇਰੇ ਨਾਲ ਲੜਦੀ,
ਮੇਰੇ ਹੌਣਾ ਸੀ ਇਹਨੇ ਪਾਣੀ ਭਰਦੀ,
ਬੜੇ ਪ੍ਰੇਮ ਨਾਲ ਛਕਾਉਣਾ ਸੀ,
ਹੱਥੀਂ ਕੀਤਾ ਤਿਆਰ ਜੋ ਪਰਸ਼ਾਦਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ।


ਰੋਲ -ਰਾਈਸ ਗੱਡੀ ਮੇਰੇ ਥੱਲੇ ਹੁੰਦੀ,
ਹਰ ਪਾਸੇ ਮੇਰੀ ਬੱਲੇ ਬੱਲੇ ਹੁੰਦੀ,
ਹਰ ਥਾਂ ਮੇਰੀ ਚੌਂਕੀ ਭਰ ਹੁੰਦੀ,
ਕੀ ਮਾਝਾ, ਕੀ ਮਾਲਵਾ, ਕੀ ਦੁਆਬਾ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ।

ਲੋਕਾਂ ਦੇ ਘਰਾਂ ਵਿੱਚ ਮੈਂ 'ਚਰਨ' ਪਾਉਂਦਾ ਰਹਿੰਦਾ ,
ਲੋਕੀਂ ਹੱਥਾਂ ਨਾਲ ਬਣਾਉਂਦੇ, ਮੈਂ ਪੈਰਾਂ ਨਾਲ ਨੋਟ ਬਣਾਉਂਦਾ ਰਹਿੰਦਾ,
ਮੇਰੇ ਬਾਬੇ ਨੂੰ ਮੰਦਾ ਨਾ ਬੋਲੀ, ਮੇਰੀ ਭਾਵੇਂ ਜਿੰਦ ਕੱਢ ਲੈ,
ਹਰ ਘਰੋਂ ਆਉਂਦਾ ਇਹ ਅਵਾਜ਼ਾਂ ਹੁੰਦਾ,
ਕਾਸ ਕਿਤੇ ਮੈਂ ਬਾਬਾ ਹੁੰਦਾ ।

ਜਦ ਤੱਕ "ਅਨਪੜ੍ਹ ਲੋਕ" ਨੇ ਜਿਊਂਦੇ ,
ਸਾਡੇ ਬਲ੍ਹਦੇ ਰਹਿਣੇ ਦੀਵੇ ,
ਬੇਫਿਕਰ ਸਾਡੇ 'ਤੀਆਂ ਵਾਂਗੂੰ ਦਿਨ ਲੰਘਣਗੇ'
"ਰਾਣੇ" ਦੀ ਨਾ ਜ਼ਿੰਦਗੀ 'ਚੋ ਕੋਈ ਸ਼ੋਰ ਸ਼ਰਾਬਾ ਹੁੰਦਾ ,
ਕਾਸ ਕਿਤੇ ਮੈਂ ਬਾਬਾ ਹੁੰਦਾ।

ਰਣਬੀਰ ਸਿੰਘ ਰਾਣਾ

# ਤੀਹ ਅਗਸਤ 'ਤੇ ਨਜ਼ਰਾਂ !



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਸਾਰੇ ਚਾਹੁੰਦੇ ਨੇ ਢਿੱਲ ਨਾ ਵਰਤਣੇ ਦੀ
ਜਥੇਦਾਰਾਂ ਤੱਕ ਗੱਲ ਪਹੁੰਚਾਈ ਜਾਵੇ।
ਗੁਨਾਹਗਾਰਾਂ ਦਾ ਪੱਖ ਨਾ ਪੂਰ ਕੇ ਜੀ
ਤਖਤ ਸਾਹਿਬ ਦੀ ਸ਼ਾਨ ਵਧਾਈ ਜਾਵੇ।
ਕਿਤੇ ਝੁਕਣ ਨਾ 'ਭਾਗੋ' ਦੇ ਫੇਰ ਮੋਹਰੇ
ਬਹੁਤੇ ਲੋਕਾਂ ਨੂੰ ਡਰ ਇਹ ਖਾਈ ਜਾਵੇ।
ਫੂਲਾ ਸਿੰਘ ਕਿ ਬਨੂ ਗੁਰਬਚਨ ਸਿੰਘ ਹੀ
ਸਿੱਖ ਪੰਥ ਕਿਆਸ ਇਹ ਲਾਈ ਜਾਵੇ।
ਵੈਸੇ ਪਤਾ 'ਹਕੀਕਤ' ਦਾ ਸਾਰਿਆਂ ਨੂੰ
ਕੱਦ ਬੌਣੇ ਪਰ ਪਦਵੀਆਂ ਵੱਡੀਆਂ ਨੇ।
ਫਿਰ ਵੀ ਭਲੇ ਦੀ ਰੱਖ ਕੇ 'ਆਸ' ਯਾਰੋ
ਨਜ਼ਰਾਂ ਤੀਹ ਅਗਸਤ 'ਤੇ ਗੱਡੀਆਂ ਨੇ !

* * * * *

# ਗ਼ਜ਼ਲ



ਡਾ. ਮੁਹਿੰਦਰ ਸਿੰਘ ਰਾਏ

ਦਿਲ ਟੁੱਟਿਆ ਏ ਮੇਰਾ, ਇਹ ਪਹਿਲੀ ਵਾਰੀ ਤਾਂ ਨਹੀਂ।
ਨਾ ਪਹਿਲੀ ਹੀ ਵਾਰੀ ਲੱਗੀ, ਇਹ ਸੱਟ ਕਰਾਰੀ ਤਾਂ ਨਹੀਂ।
ਸਮੁੰਦਰ ਕਈ ਹੋਰ ਵੀ ਸਨ, ਮਰਜ਼–ਏ ਇਸ਼ਕ ਤੋਂ ਸਿਵਾ ,
ਕਿਤੇ ਪਹਿਲੀ ਹੀ ਵਾਰੀ ਲਾਈ, ਅਸਾਂ ਤਾਰੀ ਤਾਂ ਨਹੀਂ।
ਫਿਰ ਹਾਰ ਗਏ ਹਾਂ ਇਸ ਚੰਦਰੇ ਵਕਤ ਦੇ ਹੱਥੋਂ,
ਸੋਚਿਆ ਸੀ ਕਿ ਹੁਣ, ਕੱਚੇ ਖਿਡਾਰੀ ਤਾਂ ਨਹੀਂ।
ਨਾ ਬਣੇ ਰਾਹਾਂ ਦੇ ਰੋੜੇ, ਨਾ ਪਾਇਆ ਨੀਂਹਾਂ 'ਚ ਪਾਣੀ।
ਕਿਸੇ ਲਈ ਦੁੱਖਾਂ ਦੀ ਕੰਧ, ਅਸਾਂ ਉਸਾਰੀ ਤਾਂ ਨਹੀਂ।
ਉਲਝਦੇ ਰਹੇ ਜੋਰਾਵਰਾਂ ਦੇ ਨਾਲ, ਉਸਦੇ ਲਈ।
ਧਰੀ ਨਾ ਗਰੀਬ ਤੇ ਕਾਠੀ, ਕੀਤੀ ਸਵਾਰੀ ਤਾਂ ਨਹੀਂ।
ਸਾਡਾ ਦਿਲ ਹੀ ਤਾਂ ਤੋੜਿਆ, ਬਾਕੀ ਸਭ ਕੁੱਝ ਹੈ ਸਲਾਮਤ।
ਦੱਸ ਹੋਰ ਕੋਈ ਕਹੀ ਉਨ੍ਹਾਂ ਅੱਧੀ–ਸਾਰੀ ਤਾਂ ਨਹੀਂ।
ਪੋਚ ਗ਼ਮਾਂ ਦੀ ਫੱਟੀ ਮਨਾਂ, ਗਾਚੀ ਹੌਸਲੇ ਦੀ ਲਾ ਕੇ,
ਕੀ ਹੋਰ ਦੱਸ ਆ ਗਈ, ਕੋਈ ਕਹਾਰੀ ਤਾਂ ਨਹੀਂ।
ਮਨ ਦੀ ਨਾ ਮੰਨੀ, ਦਿਲ ਹੱਥੋਂ ਹਾਰ ਬੈਠੇ ਸੀ,
ਪਰ ਇੱਕ ਵਾਰ ਲਾ ਕੇ ਅਸਾਂ, ਛੱਡੀ ਯਾਰੀ ਤਾਂ ਨਹੀਂ।
ਲਾਰੇ–ਲੱਪਿਆਂ 'ਚ ਰੱਖਿਆ, ਜਾ ਕੇ ਸਮੁੰਦਰਾਂ ਤੋਂ ਪਾਰ,
ਅਸਾਂ ਖੰਭ ਨੋਚ ਕੇ ਕਿਸੇ ਦੇ, ਲਾਈ ਉਡਾਰੀ ਤਾਂ ਨਹੀਂ।
ਕਤਲ ਹੀ ਹੋਇਆ ਸਾਡੀਆਂ ਸੱਧਰਾਂ ਤੇ ਅਰਮਾਨਾਂ ਦਾ,
ਵਣਜ ਪਿਆਰਾਂ ਦੇ ਸਨ, ਕੀਮਤ ਚੁਕਾਈ ਭਾਰੀ ਤਾਂ ਨਹੀਂ।
ਦਿਲ ਦਾ ਦਰਦ ਛੁਪਾਇਆ ਅਤੇ ਹੰਝੂ ਨੈਣਾਂ ਦੇ ਛੁਪਾਏ,
ਕੋਈ ਚੋਰੀ ਨਾ ਛੁਪਾਈ 'ਰਾਏ' ਕੀਤੀ ਕੋਈ ਮੱਕਾਰੀ ਤਾਂ ਨਹੀਂ।

* * * * * * * *

# ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਕਾਰੋਬਾਰ ਕਰਕੇ ਡਰ ਅਤੇ ਸਹਿਮ ਦਾ ਮਾਹੌਲ

ਡਾ. ਪ੍ਰਭਦੀਪ ਸਿੰਘ ਚਾਵਲਾ

• • •



ਪੰਜਾਬ ਵਿੱਚ ਨਸ਼ਿਆਂ ਦੇ ਵਧਦੇ ਕਾਰੋਬਾਰ ਕਰਕੇ ਡਰ ਅਤੇ ਸਹਿਮ ਦਾ ਮਾਹੌਲ ਹੈ। ਇਨ੍ਹੀਂ ਦਿਨੀਂ ਵੱਖ-ਵੱਖ ਇਲਾਕਿਆਂ ਦੀਆਂ ਨਸ਼ਾ ਕਰਦੇ ਅਤੇ ਤੁਰਨ ਤੋਂ ਵੀ ਅਸਮਰਥ ਦਿਖਾਈ ਦੇ ਰਹੇ ਨੌਜਵਾਨਾਂ ਦੀਆਂ ਵੀਡੀਓ ਸੋਸ਼ਲ ਮੀਡੀਆ 'ਤੇ ਵੱਡੀ ਚਰਚਾ ਦਾ ਵਿਸ਼ਾ ਬਣੀਆਂ ਰਹੀਆਂ ਹਨ। ਅੱਜਕਲ ਸਰਕਾਰ ਵੱਲੋਂ ਨਸ਼ਿਆਂ ਦੀ ਸਪਲਾਈ ਚੇਨ ਨੂੰ ਤੋੜਨ, ਨਸ਼ਾ ਪੀੜਤਾਂ ਦੇ ਪੁਨਰਵਾਸ ਦੀਆਂ ਸੁਵਿਧਾਵਾਂ ਵਿੱਚ ਸੁਧਾਰ ਕਰਨ ਅਤੇ ਆਉਣ ਵਾਲੀ ਪੀੜ੍ਹੀ ਨੂੰ ਬਚਾਉਣ ਸੰਬੰਧੀ ਵਿਉਂਤਬੰਦੀ ਕਰਨ ਬਾਰੇ ਚਰਚਾਵਾਂ ਦਾ ਬਜ਼ਾਰ ਹਰ ਪਾਸੇ ਗਰਮ ਨਜ਼ਰ ਆ ਰਿਹਾ ਹੈ। ਇਹ ਠੀਕ ਹੈ ਕਿ ਬੀਤੇ ਦਿਨੀਂ ਪੁਲਿਸ ਨੇ ਨਸ਼ਾ ਤਸਕਰਾਂ ਵਿਰੁੱਧ ਸਖਤੀ ਕਰਦਿਆਂ ਵਿਸ਼ੇਸ਼ ਸਰਚ ਅਭਿਆਨ ਵੀ ਚਲਾਇਆ ਸੀ ਅਤੇ ਨਸ਼ਿਆਂ ਸਮੇਤ ਕਈਆਂ ਨੂੰ ਆਪਣੀ ਹਿਰਾਸਤ ਵਿੱਚ ਵੀ ਲਿਆ ਸੀ। ਪਰ ਨਸ਼ਿਆਂ ਦੇ ਸੌਦਾਗਰਾਂ ਨੇ ਤਾਂ ਜਿਵੇਂ ਪੰਜਾਬ ਨੂੰ ਆਪਣਾ ਨਿਸ਼ਾਨਾ ਹੀ ਮਿਥ ਲਿਆ ਹੋਵੇ, ਹਰ ਰੋਜ਼ ਅਖਬਾਰਾਂ ਵਿੱਚ ਪ੍ਰਕਾਸ਼ਿਤ ਹੁੰਦੀਆਂ ਨਸ਼ੇ ਦੀ ਓਵਰਡੋਜ਼ ਨਾਲ ਨੌਜਵਾਨਾਂ ਦੀਆਂ ਮੌਤਾਂ ਦੀਆਂ ਖਬਰਾਂ ਨਾਲ ਰੂਹ ਕੰਬ ਜਾਂਦੀ ਹੈ। ਨੌਜਵਾਨਾਂ ਨੂੰ ਕੁਰਾਹੇ ਪਾ ਕਿ ਮੌਤ ਵੰਡਣ ਵਾਲੇ ਇਹ ਡਰੱਗ ਮਾਫੀਏ ਬੜੀ ਹੀ ਚਲਾਕੀ ਨਾਲ ਛੋਟੀ ਉਮਰ ਦੇ ਨੌਜਵਾਨਾਂ ਨੂੰ ਨਸ਼ੇ ਵੱਲ ਮੋੜਨ ਵਾਲੇ ਦੋਮੂੰਹੇ ਇਹ ਅਜ਼ਗਰ ਸਾਡੇ ਭਵਿੱਖ ਸਾਡੇ-ਬੱਚਿਆਂ ਨੂੰ ਨਿਗਲਦੇ ਹੀ ਜਾ ਰਹੇ ਹਨ।

ਨਸ਼ਾ ਜਿਸ ਤਰ੍ਹਾਂ ਦਿਨੋਂ-ਦਿਨ ਵਧਦਾ ਜਾ ਰਿਹਾ ਹੈ, ਇਹ ਸੱਚਮੁੱਚ ਬਹੁਤ ਹੀ ਗੰਭੀਰ ਚਿੰਤਾ ਦਾ ਵਿਸ਼ਾ ਹੈ। ਉਹ ਨੌਜਵਾਨ ਪੀੜ੍ਹੀ-ਮੁੰਡੇ ਕੁੜੀਆਂ, ਜਿਨ੍ਹਾਂ ਨੂੰ ਅਸੀਂ ਆਪਣੇ ਦੇਸ਼ ਦੀ ਸ਼ਕਤੀ ਤੇ ਸੁਨਹਿਰਾ ਭਵਿੱਖ ਮੰਨਦੇ ਹਾਂ, ਉਹ ਨਸ਼ਿਆਂ ਦੀ ਦਲ-ਦਲ ਵਿੱਚ ਧਸਦੇ ਜਾ ਰਹੇ ਹਨ। ਹੁਣ ਤਾਂ ਸਭ ਦਾ ਇੱਕੋ ਹੀ ਸਵਾਲ ਹੈ ਕਿ ਆਖਿਰ ਕੌਣ ਬਚਾਊ ਪੰਜਾਬ ਨੂੰ ਨਸ਼ਿਆਂ ਦੀ ਮਾਰ ਤੋਂ।

ਨਸ਼ਾ ਬਰਬਾਦੀ ਅਤੇ ਉਜਾੜੇ ਦਾ ਜਨਮਦਾਤਾ ਹੈ। ਨਸ਼ੇ ਦੀ ਸ਼ੁਰੂਆਤ ਭਾਵੇਂ ਨਕਲ, ਸ਼ੌਕ, ਫੁਕਰੇਪਣ ਜਾਂ ਕਿਸੇ ਮਜਬੂਰੀ ਵਿੱਚ ਕੀਤੀ ਜਾਂਦੀ ਹੈ ਪਰ ਬਾਅਦ ਵਿੱਚ ਇਹ ਆਦਤ ਬਣ ਜਾਂਦੀ ਹੈ ਅਤੇ ਉਸ ਵਕਤ ਲੱਗੀ ਨਸ਼ੇ ਦੀ ਲਤ ਅੱਖਾਂ ਅੱਗੇ ਹਨੇਰਾ ਕਰ ਦਿੰਦੀ ਹੈ, ਜਦੋਂ ਨਸ਼ੇ ਦੀ ਪੂਰਤੀ ਨਹੀਂ ਹੁੰਦੀ ਤਾਂ ਨੌਜੁਆਨ ਅਤੇ ਕਿਸ਼ੋਰ ਬੇਖੌਫ ਚੋਰੀਆਂ, ਡਾਕੇ ਅਤੇ ਲੁੱਟਾਂ-ਖੋਹਾਂ ਦਾ ਰਸਤਾ ਇਖਤਿਆਰ ਕਰ ਲੈਂਦੇ ਹਨ। ਨਸ਼ਿਆਂ ਨੇ ਕਈ ਪਰਿਵਾਰਾਂ ਦੇ ਚਿਰਾਗ ਬੁਝਾ ਦਿੱਤੇ ਹਨ, ਅਨੇਕਾਂ ਘਰਾਂ ਦੇ ਚੁੱਲ੍ਹੇ ਠੰਢੇ ਕਰ ਛੱਡੇ ਹਨ। ਭੰਗ, ਅਫੀਮ, ਭੁੱਕੀ ਆਦਿ ਨਸ਼ਿਆਂ ਦੇ ਨਾਲ-ਨਾਲ ਹੁਣ ਨਵੇਕਲੇ ਘਾਤਕ, ਜਾਨਲੇਵਾ ਅਤੇ ਮਹਿੰਗੇ ਨਸ਼ੇ ਚਰਸ, ਬਰਾਊਨ ਸ਼ੂਗਰ, ਸਮੈਕ, ਹੈਰੋਇਨ, ਟੀਕੇ, ਗੋਲੀਆਂ ਅਤੇ ਕੈਪਸੂਲ ਆਦਿ ਦੀ ਵਰਤੋਂ ਬਰਬਾਦੀ ਹੀ ਹੈ।

## ਕਿਉਂ ਵਧ ਰਿਹਾ ਹੈ ਨਸ਼ਿਆਂ ਦਾ ਰੁਝਾਨ ?

* ਪਰਿਵਾਰ ਵਿੱਚ ਜੇ ਕੋਈ ਮੈਂਬਰ ਨਸ਼ਾ ਕਰਦਾ ਹੈ ਤਾਂ ਜ਼ਿਆਦਾਤਰ ਦੇਖਿਆ ਗਿਆ ਹੈ ਕੇ ਉਸ ਨੂੰ ਦੇਖ ਕੇ ਹੀ ਘਰ ਦਾ ਕੋਈ ਛੋਟਾ ਬੱਚਾ ਜਾਂ ਮੈਂਬਰ ਵੀ ਨਸ਼ੇ ਦੀ ਵਰਤੋਂ ਕਰਨ ਲਗਦਾ ਹੈ।
* ਮਾਨਸਿਕ ਪ੍ਰੇਸ਼ਾਨੀ, ਘਬਰਾਹਟ, ਵਹਿਮ ਜਾਂ ਬਿਮਾਰੀ ਕਰਕੇ ਵੀ ਕਈ ਨੌਜਵਾਨ ਨਸ਼ੇ ਦੀ ਵਰਤੋਂ ਕਰਦੇ ਹਨ।
* ਨਸ਼ੇ ਦੀ ਵਰਤੋਂ ਲੋਕ ਅਰਾਮ ਕਰਨ ਲਈ ਨਹੀਂ ਕਰਦੇ ਸਗੋਂ ਕਿਸੇ ਡੂੰਘੇ ਉਦੇਸ਼ ਦੀ ਪ੍ਰਾਪਤੀ, ਮਾਨਸਿਕ ਦਬਾਅ ਨੂੰ ਘਟਾਉਣ ਲਈ ਕਰਦੇ ਹਨ।
* ਜਵਾਨੀ ਦਾ ਸਮਾਂ ਮਿਹਨਤ, ਲਗਨ ਦੇ ਨਾਲ ਸਿੱਖਿਆ ਹਾਸਲ ਕਰਕੇ ਬੁਲੰਦੀਆਂ ਨੂੰ ਛੂਹਣ ਦਾ ਹੁੰਦਾ ਹੈ, ਪਰ ਕਈ ਜਵਾਨੀ ਦੇ ਦੌਰ ਨੂੰ ਸਿਰਫ ਜੋਸ਼, ਸ਼ੌਕ, ਮੰਨੋਰੰਜਨ, ਜਸ਼ਨ, ਖੁਸ਼ਹਾਲੀ ਕਹਿ ਕੇ ਖੁਸ਼ੀ ਮਨਾਉਣ ਲਈ ਨਸ਼ਾ ਕਰਦੇ ਹਨ।
* ਬੇਰੁਜ਼ਗਾਰੀ, ਭਵਿੱਖ ਦੀ ਚਿੰਤਾ, ਪਰਿਵਾਰਕ ਲੜਾਈ-ਝਗੜੇ ਜਾਂ ਕੋਈ ਹੋਰ ਮਜਬੂਰੀ ਕਰਕੇ ਨੌਜਵਾਨਾਂ ਵਿੱਚ ਨਸ਼ਿਆਂ ਦਾ ਰੁਝਾਨ ਵਧ ਰਿਹਾ ਹੈ
* ਸਰੀਰਕ ਸਮਰੱਥਾ, ਕਾਰਜ-ਕੁਸ਼ਲਤਾ, ਜ਼ੋਰ-ਅਜਮਾਇਸ਼ ਕਰਨ ਜਾਂ ਸਰੀਰਕ ਤੇਜ਼ੀ ਲਿਆਉਣ ਲਈ ਵੀ ਨੌਜਵਾਨ ਨਸ਼ਾ ਕਰਦੇ ਹਨ।
* ਪਹਿਲੀ ਵਾਰ ਵਿੱਚ ਹੀ ਕਿਸੇ ਵੱਡੇ ਨਸ਼ੇ ਦਾ ਸੇਵਨ ਕਰ ਲੈਣਾ ਭੁਲਾਉਣਾ ਔਖਾ ਹੋ ਸਕਦਾ ਹੈ ਤੇ ਨਸ਼ੇ ਦੀ ਲਤ ਲੱਗਣ ਦਾ ਅਧਾਰ ਵੀ ਬਣ ਸਕਦਾ ਹੈ। ਨਸ਼ੇ ਕਰਨ ਨਾਲ ਸਰੀਰ ਦੇ ਨਾੜੀਤੰਤਰ, ਅੰਦਰੂਨੀ ਅੰਗਾਂ ਦਿਲ, ਜਿਗਰ, ਫੇਫੜੇ ਅਤੇ ਦਿਮਾਗ ਨੂੰ ਭਾਰੀ ਨੁਕਸਾਨ ਪਹੁੰਚਦਾ ਹੈ। ਨਸ਼ੇ ਦੀ ਆਦਤ ਨਾਲ ਵਿਅਕਤੀ ਦਾ ਵਿਹਾਰ ਆਮ ਨਹੀਂ ਰਹਿੰਦਾ ਅਤੇ ਉਸ ਦਾ ਆਪਣੇ ਹੀ ਦਿਮਾਗ ਤੇ ਨਿਯੰਤਰਣ ਘਟ ਜਾਂਦਾ ਹੈ ਜਿਸ ਕਰਕੇ ਗੁੱਸਾ ਆਉਣਾ, ਗਾਲੀ-ਗਲੋਚ ਕਰਨਾ ਜਾਂ ਹਮਲਾ ਕਰਨਾ ਉਸ ਦਾ ਆਮ ਵਿਹਾਰ ਬਣ ਜਾਂਦਾ ਹੈ। ਨਸ਼ੇ ਕਰਨ ਵਾਲੇ ਨੂੰ ਕੋਈ ਮੂੰਹ ਨਹੀਂ ਲਾਉਣਾ ਚਾਹੁੰਦਾ। ਨਸ਼ੇ ਨਾਲ ਰੱਜਿਆ ਵਿਅਕਤੀ ਕੋਈ ਨੌਕਰੀ ਜਾਂ ਕੰਮ ਵੀ ਨਹੀਂ ਕਰ ਸਕਦਾ ਜਿਸ ਕਰਕੇ ਉਸ ਦਾ ਆਰਥਿਕ ਨੁਕਸਾਨ ਵੀ ਹੋਣਾ ਨਿਸ਼ਚਿਤ ਹੋ ਜਾਂਦਾ ਹੈ। ਪਰ ਕਿਹਾ ਜਾਂਦਾ ਹੈ ਕਿ ਨਸ਼ੇ ਤੋਂ ਨਫਰਤ ਕਰੋ ਨਸ਼ਾ ਕਰਨ ਵਾਲੇ ਤੋਂ ਨਹੀਂ। ਨਸ਼ਾ ਕਰਨ ਵਾਲੇ ਕਿਸੇ ਵਿਅਕਤੀ ਨੂੰ ਨਸ਼ੇੜੀ ਜਾਂ ਅਮਲੀ ਕਹਿਣਾ ਵੀ ਗਲਤ ਹੈ। ਉਸ ਨੂੰ ਇੱਕ ਬਿਮਾਰ ਜਾਂ ਮਾਨਸਿਕ ਪੀੜਤ ਵਿਅਕਤੀ ਦੇ ਵਾਂਗ ਹੀ ਸਮਝਣਾ, ਉਸਦਾ ਇਲਾਜ ਕਰਵਾਉਣਾ ਅਤੇ ਉਸਦੀ ਮਦਦ ਕਰਨੀ ਚਾਹੀਦੀ ਹੈ।

ਨਸ਼ਿਆਂ ਦੀ ਦਲ-ਦਲ ਵਿੱਚ ਫਸੇ ਵਿਅਕਤੀਆਂ ਨੂੰ ਸਹੀ ਰਸਤਾ ਵਿਖਾਉਣ, ਸਮਾਜ ਵਿੱਚ ਉਸ ਦਾ ਰੁਤਬਾ ਮੁੜ ਸੁਰਜੀਤ ਕਰਨ ਲਈ ਸਿਹਤ ਵਿਭਾਗ ਵੱਲੋਂ ਡਰੱਗ-ਡੀ-ਅਡਿਕਸ਼ਨ ਪ੍ਰੋਗਰਾਮ ਤਹਿਤ "ਨਸ਼ਿਆ ਨੂੰ ਕਹੋ ਨਾ - ਜ਼ਿੰਦਗੀ ਨੂੰ ਕਹੋ ਹਾਂ" ਦਾ ਨਾਅਰਾ ਦਿੱਤਾ ਜਾਂਦਾ ਹੈ। ਪੰਜਾਬ ਵਿੱਚ ਨਸ਼ਾ ਪੀੜਤਾਂ ਦੇ ਮੁਫਤ ਇਲਾਜ ਲਈ ਨਸ਼ਾ ਛੁਡਾਓ ਕੇਂਦਰ (ਨਵ-ਜੀਵਨ ਕੇਂਦਰ), ਓਟ ਕਲੀਨਿਕ ਅਤੇ ਪੁਨਰਵਾਸ ਕੇਂਦਰਾਂ (ਨਵ-ਨਿਰਮਾਣ ਕੇਂਦਰਾਂ) ਦਾ ਕਾਰਜਸ਼ੀਲ ਹੋਣਾ ਅਤੇ ਇਹਨਾਂ ਸੰਸਥਾਵਾਂ ਵਿੱਚ ਮਨੋਚਿਕਿਤਸਕ, ਕਾਊਂਸਲਰ, ਸੋਸ਼ਲ ਵਰਕਰ ਅਤੇ ਹੋਰ ਮੈਡੀਕਲ, ਪੈਰਾ-ਮੈਡੀਕਲ ਸਟਾਫ ਦਾ ਸਿਹਤ ਸੇਵਾਵਾਂ ਪ੍ਰਦਾਨ ਕਰਨਾ ਇੱਕ ਸ਼ਲਾਘਾਯੋਗ ਕਦਮ ਹੈ। ਇਹਨਾਂ ਸੈਂਟਰਾਂ ਵਿੱਚ ਮਰੀਜ਼ਾਂ ਲਈ ਖਾਣਾ, ਮਨੋਰੰਜਨ ਦੀਆਂ ਸੁਵਿਧਾਵਾਂ, ਯੋਗਾ-ਕਸਰਤ ਅਤੇ ਸਮਾਜ ਵਿੱਚ ਵਿਚਰਨ ਅਤੇ ਰੋਜ਼ੀ-ਰੋਟੀ ਦੇ ਕਾਬਲ ਬਣਾਉਣ ਲਈ ਕਿੱਤਾ-ਮੁਖੀ ਸਿਖਲਾਈ ਦਾ ਵੀ ਪ੍ਰਬੰਧ ਕੀਤਾ ਗਿਆ ਹੈ। ਛੋਟੀ ਉਮਰ ਵਿੱਚ ਹੀ ਮਾੜੀ ਸੰਗਤ ਵਿੱਚ ਸ਼ਾਮਿਲ ਹੋ ਕੇ ਨਸ਼ੇ ਕਰਨ ਵਾਲੇ ਬੱਚਿਆਂ ਦਾ ਕਈ ਵਾਰ ਪਰਿਵਾਰਕ ਮੈਂਬਰਾਂ ਨੂੰ ਪਤਾ ਹੀ ਨਹੀਂ ਚਲਦਾ।

ਉਨ੍ਹਾਂ ਨੂੰ ਚਾਹੀਦਾ ਹੈ ਕੇ ਉਹ ਅਜਿਹੇ ਲੱਛਣ ਜਿਵੇਂ ਸਰੀਰਕ ਤੇ ਮਾਨਸਿਕ ਹਾਵ-ਭਾਵ, ਵਿਹਾਰ ਵਿੱਚ ਪਰਿਵਰਤਣ, ਚਿੜਚਿੜਾਪਣ, ਇਕੱਲੇ ਰਹਿਣਾ, ਜ਼ਿਆਦਾ ਖਰਚੀਲੇ ਹੋਣਾ ਜਾਂ ਪੈਸੇ ਚੋਰੀ ਕਰਨਾ, ਭੁੱਖ ਜਾਂ ਨੀਂਦ ਵਿੱਚ ਉਤਰਾਅ-ਚੜ੍ਹਾ ਜਾਂ ਬੇਚੈਨ ਰਹਿਣਾ ਵਰਗੇ ਲੱਛਣਾਂ ਨੂੰ ਭਲੀ-ਭਾਂਤ ਪਛਾਣ ਲੈਣ ਤੇ ਬਿਨਾਂ ਦੇਰੀ ਕੀਤੇ ਉਨ੍ਹਾਂ ਦਾ ਭਵਿੱਖ ਬਰਬਾਦ ਹੋਣ ਤੋਂ ਬਚਾਉਣ ਲਈ ਬੱਚਿਆਂ ਨੂੰ ਸਮਝਾਉਣਾ ਚਾਹੀਦਾ ਹੈ ਕਿ ਤੁਹਾਨੂੰ ਨਸ਼ਿਆਂ ਤੇ ਲਾਉਣ ਵਾਲਾ ਤੁਹਾਡਾ ਦੋਸਤ ਨਹੀਂ, ਤੁਹਾਡਾ ਦੁਸ਼ਮਣ ਹੈ। ਸਰਕਾਰ ਨੂੰ ਵੀ ਚਾਹੀਦਾ ਹੈ ਕੇ ਨਸ਼ਿਆਂ ਖਿਲਾਫ ਠੋਸ ਅਤੇ ਸਖਤ ਕਾਨੂੰਨ ਬਣਾਵੇ। ਪੁਲਿਸ ਦੀਆਂ ਵਿਸ਼ੇਸ਼ ਟੀਮਾਂ ਹੋਰ ਵਿਭਾਗਾਂ ਨਾਲ ਤਾਲਮੇਲ ਕਰਕੇ ਸ਼ੱਕੀ ਇਲਾਕਿਆਂ ਵਿੱਚ ਛਾਪੇਮਾਰੀ ਕਰਨ, ਵਾਹਨਾਂ ਦੀ ਚੈਕਿੰਗ ਕੀਤੀ ਜਾਵੇ। ਨਸ਼ਾ ਤਸਕਰਾਂ ਨੂੰ ਕਾਬੂ ਕਰਕੇ ਸਖਤ ਸਜ਼ਾਵਾਂ ਦਿੱਤੀਆਂ ਜਾਣ ਤਾਂ ਜੋ ਨਸ਼ਾ ਵੇਚਣ ਵਾਲਿਆਂ ਵਿੱਚ ਭੈਅ ਪੈਦਾ ਹੋ ਸਕੇ। ਸਾਨੂੰ ਸਭ ਨੂੰ ਵੀ ਰਲ-ਮਿਲ ਕੇ ਨਸ਼ੇ ਰੂਪੀ ਕੋਹੜ ਨੂੰ ਖਤਮ ਕਰਨ ਲਈ ਆਪਣਾ ਬਣਦਾ ਯੋਗਦਾਨ ਪਾਉਣਾ ਚਾਹੀਦਾ।



# ਬਾਦਲ ਪਰਿਵਾਰ ਲਈ ਮਹੱਤਵਪੂਰਨ ਹੈ ਗਿੱਦੜਬਾਹਾ ਹਲਕਾ

ਮਾਲਵਾ ਖਿੱਤੇ ਦੇ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਅਧੀਨ ਪੈਂਦਾ ਵਿਧਾਨ ਸਭਾ ਹਲਕਾ ਗਿੱਦੜਬਾਹਾ ਸ਼੍ਰੋਮਣੀ ਅਕਾਲੀ ਦਲ ਅਤੇ ਖ਼ਾਸ ਕਰਕੇ ਬਾਦਲ ਪਰਿਵਾਰ ਲਈ ਕਾਫ਼ੀ ਅਹਿਮ ਮੰਨਿਆ ਜਾਂਦਾ ਰਿਹਾ ਹੈ। ਪੰਜਾਬ ਦੇ 5 ਵਾਰ ਮੁੱਖ ਮੰਤਰੀ ਰਹੇ ਮਰਹੂਮ ਅਕਾਲੀ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਸਿਆਸੀ ਜੀਵਨ ਦੀ ਸ਼ੁਰੂਆਤ ਇਸੇ ਹਲਕੇ ਤੋਂ ਹੀ ਕੀਤੀ ਸੀ। ਸਾਲ 1957 ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਸਮੇਂ ਪ੍ਰਕਾਸ਼ ਸਿੰਘ ਬਾਦਲ ਗਿੱਦੜਬਾਹਾ ਹਲਕੇ ਤੋਂ ਪਹਿਲੀ ਵਾਰ ਚੋਣ ਲੜੇ ਸਨ। ਉਹ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ 5 ਵਾਰ ਵਿਧਾਇਕ ਚੁਣੇ ਗਏ ਸਨ। ਇਸ ਤੋਂ ਬਾਅਦ ਸਾਲ 1995 ਵਿੱਚ ਗਿੱਦੜਬਾਹਾ ਹਲਕੇ ਵਿੱਚ ਹੋਈ ਜ਼ਿਮਨੀ ਚੋਣ ਸ਼੍ਰੋਮਣੀ ਅਕਾਲੀ ਦਲ ਲਈ ਮੁੜ 'ਵਰਦਾਨ' ਸਾਬਤ ਹੋਈ ਸੀ। ਉਸ ਵੇਲੇ ਪੰਜਾਬ ਵਿੱਚ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਪਾਰਟੀ ਦੀ ਸਰਕਾਰ ਸੀ। ਸ਼੍ਰੋਮਣੀ ਅਕਾਲੀ ਦਲ ਵੱਲੋਂ ਇਸ ਚੋਣ ਵਿੱਚ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਨੂੰ ਉਮੀਦਵਾਰ ਬਣਾਇਆ ਗਿਆ ਸੀ। ਜਿੱਥੇ ਗਿੱਦੜਬਾਹਾ ਵਿਧਾਨ ਸਭਾ ਹਲਕੇ ਤੋਂ ਪ੍ਰਕਾਸ਼ ਸਿੰਘ ਬਾਦਲ ਨੇ 5 ਵਾਰ ਜਿੱਤ ਦਰਜ ਕੀਤੀ ਸੀ, ਉਥੇ ਇਸ ਸਿਲਸਿਲੇ ਨੂੰ ਮੁੜ ਮਨਪ੍ਰੀਤ ਸਿੰਘ ਬਾਦਲ ਨੇ ਇਸ ਜ਼ਿਮਨੀ ਚੋਣ ਵਿਚ ਜਿੱਤ ਦਰਜ ਕਰਕੇ ਅੱਗੇ ਤੋਰ ਲਿਆ ਸੀ। ਇਸ ਤੋਂ ਬਾਅਦ ਮਨਪ੍ਰੀਤ ਸਿੰਘ ਬਾਦਲ ਨੇ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਰਹਿੰਦਿਆਂ ਸਾਲ 1997, 2002 ਅਤੇ 2007 ਵਿੱਚ ਗਿੱਦੜਬਾਹਾ ਹਲਕੇ ਤੋਂ ਜਿੱਤ ਪ੍ਰਾਪਤ ਕੀਤੀ ਸੀ। ਇਹ ਵੱਖਰੀ ਗੱਲ ਹੈ ਕਿ ਇਸ ਤੋਂ ਬਾਅਦ ਇਸ ਸੀਟ ਉੱਪਰ ਕਾਂਗਰਸ ਪਾਰਟੀ ਦੇ ਆਗੂ ਅਮਰਿੰਦਰ ਸਿੰਘ ਰਾਜਾ ਵੜਿੰਗ ਜਿੱਤ ਦਰਜ ਕਰਦੇ ਰਹੇ ਹਨ। ਸਿਆਸੀ ਹਲਕੇ ਹਾਲੇ ਵੀ ਗਿੱਦੜਬਾਹਾ ਵਿਧਾਨ ਸਭਾ ਸੀਟ ਨੂੰ ਅਕਾਲੀ ਦਲ ਲਈ ਕਾਫ਼ੀ ਅਹਿਮ ਮੰਨਦੇ ਹਨ। ਸਾਲ 2022 ਦੀਆਂ ਹੋਈਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿਣ ਵਾਲੇ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ 49,649 ਵੋਟਾਂ ਹਾਸਲ ਕੀਤੀਆਂ ਸਨ। ਇਸ ਚੋਣ ਵਿੱਚ ਡਿੰਪੀ ਢਿੱਲੋਂ ਕਾਂਗਰਸ ਪਾਰਟੀ ਦੇ ਉਮੀਦਵਾਰ ਅਮਰਿੰਦਰ ਸਿੰਘ ਰਾਜਾ ਵੜਿੰਗ ਤੋਂ ਮਹਿਜ 1349 ਵੋਟਾਂ ਦੇ ਫਰਕ ਨਾਲ ਹਾਰ ਗਏ ਸਨ।

3 ਸਫ਼ੇ ਦੀ ਬਾਕੀ

## ਅਕਾਲੀ ਦਲ ਛੱਡਣ ਵੇਲੇ ਡਿੰਪੀ ਢਿੱਲੋਂ ਦਾ ਕੀ ਤਰਕ ਸੀ

ਸ਼੍ਰੋਮਣੀ ਅਕਾਲੀ ਦਲ ਨੂੰ ਅਲਵਿਦਾ ਕਹਿਣ ਸਮੇਂ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਪੰਜਾਬ ਦੇ ਸਾਬਕਾ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਮੁੱਖ ਤੌਰ 'ਤੇ ਮੁੱਦਾ ਬਣਾਇਆ ਸੀ। ਮਨਪ੍ਰੀਤ ਸਿੰਘ ਬਾਦਲ ਮਰਹੂਮ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਰਾ ਗੁਰਦਾਸ ਸਿੰਘ ਬਾਦਲ ਦੇ ਪੁੱਤਰ ਹਨ। ਸਾਬਕਾ ਵਿੱਤ ਮੰਤਰੀ ਹਾਲ ਹੀ ਵਿੱਚ ਕਾਂਗਰਸ ਪਾਰਟੀ ਨੂੰ ਛੱਡ ਕੇ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਅਕਾਲੀ ਦਲ ਤੋਂ ਅਸਤੀਫਾ ਦੇਣ ਦੇ ਸਮੇਂ ਤੱਕ ਡਿੰਪੀ ਢਿੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਗਿੱਦੜਬਾਹਾ ਦੇ ਹਲਕਾ ਇੰਚਾਰਜ ਰਹੇ ਸਨ।

ਡਿੰਪੀ ਢਿੱਲੋਂ ਨੇ ਪਾਰਟੀ ਛੱਡਣ ਤੋਂ ਬਾਅਦ ਗਿੱਦੜਬਾਹਾ ਵਿੱਚ ਆਪਣੇ ਸਮਰਥਕਾਂ ਦਾ ਇੱਕ ਇਕੱਠ ਵੀ ਕੀਤਾ ਸੀ। ਇਸ ਮੌਕੇ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਪਰਿਵਾਰਵਾਦ ਦੇ ਭਾਰੂ ਹੋਣ ਦਾ ਮੁੱਦਾ ਮੁੱਖ ਤੌਰ 'ਤੇ ਉਭਾਰਿਆ। ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਡਿੰਪੀ ਢਿੱਲੋਂ ਨੇ ਕਿਹਾ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਆਪਣੇ ਚਚੇਰੇ ਭਰਾ ਮਨਪ੍ਰੀਤ ਸਿੰਘ ਬਾਦਲ ਨੂੰ ਅਕਾਲੀ ਦਲ ਵਿੱਚ ਸ਼ਾਮਲ ਕਰਕੇ ਉਨ੍ਹਾਂ ਨੂੰ ਗਿੱਦੜਬਾਹਾ ਤੋਂ ਚੋਣ ਲੜਾਉਣਾ ਚਾਹੁੰਦੇ ਹਨ। ਸੁਖਬੀਰ ਸਿੰਘ ਬਾਦਲ ਨੇ ਮੈਨੂੰ ਦੱਸਿਆ ਸੀ ਕਿ ਮਨਪ੍ਰੀਤ ਸਿੰਘ ਬਾਦਲ ਅਕਾਲੀ ਦਲ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਜਦੋਂ ਮੈਂ ਇਸ ਗੱਲ ਉੱਪਰ ਖੁਸ਼ੀ ਦਾ ਪ੍ਰਗਟਾਵਾ ਕੀਤਾ ਤਾਂ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਹ ਗਿੱਦੜਬਾਹਾ ਤੋਂ ਚੋਣ ਲੜਨ ਦੇ ਵੀ ਚਾਹਵਾਨ ਹਨ। ਇਹ ਗੱਲ ਸੁਣ ਕੇ ਮੇਰਾ ਦਿਲ ਚੀਰਿਆ ਗਿਆ ਕਿਉਂਕਿ ਮੈਂ ਪਿਛਲੇ ਕਈ ਸਾਲਾਂ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਨਿਸ਼ਕਾਮ ਸੇਵਾ ਕੀਤੀ ਸੀ।

ਡਿੰਪੀ ਢਿੱਲੋਂ ਨੇ ਆਪਣੇ ਭਾਸ਼ਣ ਵਿੱਚ ਇਸ ਘਟਨਾਕ੍ਰਮ ਤੋਂ ਬਾਅਦ ਵੱਖ-ਵੱਖ ਸਿਆਸੀ ਪਾਰਟੀਆਂ ਕਾਂਗਰਸ, ਆਪ ਤੇ ਭਾਜਪਾ ਵੱਲੋਂ ਉਨ੍ਹਾਂ ਤੱਕ 'ਪਹੁੰਚ' ਕਰਨ ਦਾ ਪ੍ਰਗਟਾਵਾ ਵੀ ਕੀਤਾ। ਉਨ੍ਹਾਂ ਦਸਿਆ ਕਿ ਮੈਂ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋਣ ਤੋਂ ਇਹ ਗੱਲ ਕਹਿੰਦਿਆਂ ਸਾਫ਼ ਇਨਕਾਰ ਕਰ ਦਿੱਤਾ ਸੀ ਕਿ ਭਾਜਪਾ ਕਿਸਾਨਾਂ ਦੀ ਹਿਤੈਸ਼ੀ ਨਹੀਂ ਹੈ। ਹੁਣ ਮੈਂ ਫੈਸਲਾ ਕੀਤਾ ਹੈ ਕਿ ਮੈਂ ਹਲਕੇ ਦੀਆਂ ਮੰਗਾਂ ਪੰਜਾਬ ਦੇ ਮੁੱਖ ਮੰਤਰੀ ਕੋਲ ਰੱਖਾਂਗਾ ਅਤੇ ਉਨ੍ਹਾਂ ਨੂੰ ਗੁਜ਼ਾਰਿਸ਼ ਕਰਾਂਗਾ ਕੇ ਇਹ ਮੰਗਾਂ ਪੂਰੀਆਂ ਕੀਤੀਆਂ ਜਾਣ।

*******

# ਕਰੋਨਾ ਬਾਅਦ ਮੌਂਕੀ ਪਾਕਸ ਦੀ ਦਹਿਸ਼ਤ, ਮੌਤ ਦੀ ਦਰ ਜ਼ਿਆਦਾ

## ✪ ਜਾਂਚ ਲਈ ਭਾਰਤ ਨੇ ਤਿਆਰ ਕੀਤੀ 15 ਦਿਨ ਅੰਦਰ ਕਿੱਟ ! ✪ ਸਿਰਫ 40 ਮਿੰਟ ਵਿਚ ਮਿਲੇਗਾ ਨਤੀਜਾ !






ਦਿੱਲੀ-ਭਾਰਤ ਵਿਚ ਕਰੌਨਾ ਬਾਅਦ ਹੁਣ ਮੌਂਕੀ ਪਾਕਸ ਵਾਇਰਸ ਦੀ ਦਹਿਸ਼ਤ ਹੈ। ਇਸ ਦੀ ਜਾਂਚ ਦੇ ਲ਼ਈ ਆਰਟੀ-ਪੀਸੀਆਰ ਕਿੱਟ ਤਿਆਰ ਕੀਤੀ ਹੈ। ਇਸ ਕਿੱਟ ਦਾ ਨਾਂ ਆਈਐਮਡੀਐਕਸ ਹੈ। ਇਸ ਨੂੰ ਸੀਮੇਂਸ ਹੈਲ੍ਹਥੀਨੀਅਰਸ ਨੇ ਤਿਆਰ ਕੀਤਾ ਹੈ। ਵਿਸ਼ਵ ਸਿਹਤ ਸੰਗਠਨ ਵੱਲੋਂ ਮੌਂਕੀ ਪਾਕਸ ਨੂੰ ਗਲੋਬਲ ਪਬਲਿਕ ਹੈਲਥ ਐਮਰਜੈਂਸੀ ਐਲਾਨੇ ਜਾਣ ਤੋਂ 15 ਦਿਨਾਂ ਦੇ ਅੰਦਰ ਭਾਰਤ ਵਿੱਚ ਇਸ ਕਿੱਟ ਨੂੰ ਤਿਆਰ ਕੀਤਾ ਗਿਆ ਹੈ।

ਕੰਪਨੀ ਦੇ ਮੁਤਾਬਿਕ ਇਸ ਕਿੱਟ ਵਿੱਚ ਸਿਰਫ 40 ਮਿੰਟ ਵਿੱਚ ਟੈਸਟ ਦੇ ਨਤੀਜੇ ਮਿਲ ਜਾਣਗੇ। ਇਸ ਕਿੱਟ ਨੂੰ ਪੁਣੇ ਦੇ ਆਈਸੀਐਮਆਰ ਕਲੀਨਿਕਸ ਵਿੱਚ ਤਿਆਰ ਕੀਤਾ ਗਿਆ ਹੈ। ਸੈਂਟਰਲ ਪ੍ਰੋਟੈਕਸ਼ਨ ਡਰੱਗ ਸਟੈਂਡਰਡ ਕੰਟਰੋਲ ਆਰਗੇਨਾਇਜੇਸ਼ਨ ਨੇ ਇਸ ਕਿੱਟ ਨੂੰ ਬਣਾਉਣ ਦੀ ਮਨਜ਼ੂਰੀ ਦਿੱਤੀ ਸੀ।

ਵਿਸ਼ਵ ਸਿਹਤ ਸੰਗਠਨ ਨੇ 14 ਅਗਸਤ ਨੂੰ ਮੌਂਕੀਪਾਕਸ ਯਾਨੀ ਨੂੰ ਗਲੋਬਲ ਪਬਲਿਕ ਹੈਲਥ ਐਮਰਜੈਂਸੀ ਐਲਾਨਿਆ ਸੀ, ਜਿਸ ਤੋਂ ਬਾਅਦ ਭਾਰਤ ਦੇ ਏਅਰਪੋਰਟ 'ਤੇ ਇਸ ਦੀ ਜਾਂਚ ਹੋ ਰਹੀ ਹੈ। ਦਿੱਲੀ ਸਮੇਤ ਵੱਖ-ਵੱਖ ਸੂਬਿਆਂ ਵਿੱਚ ਇਸ ਨੂੰ ਲੈਕੇ ਸਪੈਸ਼ਲ ਵਾਰਡ ਵੀ ਬਣਾਏ ਗਏ ਹਨ। ਪੀਜੀਆਈ ਚੰਡੀਗੜ੍ਹ ਵਿੱਚ ਵੀ ਵਾਰਡ ਤਿਆਰ ਕੀਤੇ ਗਏ ਹਨ। ਦੋ ਸਾਲ ਵਿੱਚ ਇਹ ਦੂਜੀ ਵਾਰ ਹੈ ਜਦੋਂ ਮੌਂਕੀਪਾਕਸ ਨੂੰ ਮੈਡੀਕਲ ਐਮਰਜੈਂਸੀ ਐਲਾਨਿਆ ਗਿਆ ਹੈ। ਇਸ ਵਾਇਰਸ ਦਾ ਨਵਾਂ ਸਟ੍ਰੇਨ (ਕਲੈਡ-1) ਪਿਛਲੇ ਸਟ੍ਰੇਨ ਦੇ ਮੁਕਾਬਲੇ ਜ਼ਿਆਦਾ ਤਾਕਤਵਰ ਹੈ ਅਤੇ ਇਸ ਵਿੱਚ ਮੌਤ ਦੀ ਦਰ ਜ਼ਿਆਦਾ ਹੈ।

# ਛੋਟੇ ਥਾਣੇਦਾਰ ਦੇ ਪੁੱਤਰ ਨੇ ਵਿਦਿਆਰਥਣ ਦੀਆਂ ਅਸ਼ਲੀਲ ਤਸਵੀਰਾਂ ਸੋਸ਼ਲ ਮੀਡੀਆ 'ਤੇ ਕੀਤੀਆਂ ਪੋਸਟ

## ✪ ਗ੍ਰਿਫ਼ਤਾਰੀ ਦੇ ਡਰੋਂ ਪੀਤਾ ਟਾਇਲਟ ਕਲੀਨਰ

ਚੰਡੀਗੜ੍ਹ-ਸੋਸ਼ਲ ਮੀਡੀਆ 'ਤੇ ਇਕ ਵਿਦਿਆਰਥਣ ਦੀਆਂ ਅਸ਼ਲੀਲ ਤਸਵੀਰਾਂ ਵਾਇਰਲ ਕਰਨ ਦੇ ਦੋਸ਼ ਵਿਚ ਪੁਲਿਸ ਦੋਸ਼ੀ ਨੂੰ ਗ੍ਰਿਫਤਾਰ ਕਰਨ ਉਸ ਦੇ ਘਰ ਗਈ ਤਾਂ ਉਸ ਨੇ ਕਥਿਤ ਤੌਰ 'ਤੇ ਟਾਇਲਟ ਕਲੀਨਰ ਪੀ ਲਿਆ। ਮੁਲਜ਼ਮ ਦਾ ਪਿਤਾ ਪੰਜਾਬ ਪੁਲਿਸ ਵਿਚ ਏਐਸਆਈ ਹੈ। ਜਦੋਂ ਉਸ ਦੀ ਹਾਲਤ ਵਿਗੜ ਗਈ ਤਾਂ ਉਸ ਨੂੰ ਪੀਜੀਆਈ ਦਾਖਲ ਕਰਵਾਇਆ ਗਿਆ। ਠੀਕ ਹੋਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ। ਮੁਲਜ਼ਮ ਦੀ ਪਛਾਣ ਤੇਜਿੰਦਰ ਸਿੰਘ ਵਾਸੀ ਫਿਲੌਰ ਵਜੋਂ ਹੋਈ ਹੈ। ਤੇਜਿੰਦਰ ਦੀ ਚੰਡੀਗੜ੍ਹ ਦੀ ਇਕ ਵਿਦਿਆਰਥਣ ਨਾਲ ਦੋਸਤੀ ਸੀ। ਉਹ ਉਸ ਨਾਲ ਵੀਡੀਓ ਕਾਲ 'ਤੇ ਗੱਲ ਕਰਦਾ ਸੀ। ਇਸ ਦੌਰਾਨ ਉਸ ਨੇ ਵਿਦਿਆਰਥਣ ਦੀਆਂ ਕੁਝ ਅਸ਼ਲੀਲ ਤਸਵੀਰਾਂ ਖਿੱਚ ਲਈਆਂ ਜਿਨ੍ਹਾਂ ਨੂੰ ਆਪਣੇ ਦੋਸਤਾਂ ਤੇ ਸੋਸ਼ਲ ਮੀਡੀਆ 'ਤੇ ਸਾਂਝਾ ਕੀਤਾ। ਇੰਨਾ ਹੀ ਨਹੀਂ ਉਸ ਨੇ ਉਹ ਤਸਵੀਰ ਵਿਦਿਆਰਥਣ ਦੇ ਜਾਣਕਾਰਾਂ ਨੂੰ ਵੀ ਭੇਜੀ। ਜਦੋਂ ਵਿਦਿਆਰਥਣ ਨੂੰ ਇਸ ਬਾਰੇ ਪਤਾ ਲੱਗਾ ਤਾਂ ਉਸ ਨੇ ਇਸ ਬਾਰੇ ਪਰਿਵਾਰ ਨੂੰ ਦੱਸਿਆ। ਪਰਿਵਾਰ ਨੇ ਪੁਲਿਸ ਨੂੰ ਸ਼ਿਕਾਇਤ ਕੀਤੀ। ਸ਼ਿਕਾਇਤ ਦੇ ਆਧਾਰ 'ਤੇ ਸਾਈਬਰ ਥਾਣੇ ਨੇ ਤੇਜਿੰਦਰ ਖਿਲਾਫ ਮਾਮਲਾ ਦਰਜ ਕਰ ਲਿਆ ਹੈ।


-ਮਾਮਲਾ ਸਿੱਧੂ ਮੂਸੇਵਾਲਾ ਕਤਲ ਕਾਂਡ ਦੇ ਦੋਸ਼ੀ ਗੈਂਗਸਟਰ ਟੀਨੂੰ ਦੇ ਫ਼ਰਾਰ ਹੋਣ ਦਾ-

# ਬਰਖ਼ਾਸਤ ਏਐੱਸਆਈ ਪ੍ਰਿਤਪਾਲ ਸਣੇ 10 ਖਿਲਾਫ਼ ਦੋਸ਼ ਤੈਅ

ਮਾਨਸਾ-ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਕਤਲ ਕਾਂਡ ਵਿੱਚ ਗ੍ਰਿਫ਼ਤਾਰ ਕੀਤੇ ਹੋਏ ਗੈਂਗਸਟਰ ਦੀਪਕ ਟੀਨੂੰ ਨੂੰ ਮਾਨਸਾ ਦੇ ਸੀਆਈਏ ਸਟਾਫ ਤੋਂ ਫ਼ਰਾਰ ਹੋਣ ਦੇ ਮਾਮਲੇ ਵਿੱਚ ਮਾਨਸਾ ਦੀ ਅਦਾਲਤ ਵੱਲੋਂ ਕੇਸ ਵਿੱਚ ਨਾਮਜ਼ਦ ਬਰਖਾਸਤ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਅਤੇ ਗੈਂਗਸਟਰ ਦੀਪਕ ਟੀਨੂੰ ਸਮੇਤ 10 ਜਣਿਆਂ ਉਤੇ ਦੋਸ਼ ਤੈਅ ਕਰ ਦਿੱਤੇ ਗਏ ਹਨ। ਇਸ ਕੇਸ ਦੀ ਅਗਲੀ ਸੁਣਵਾਈ ਹੁਣ 5 ਸਤੰਬਰ ਨੂੰ ਹੋਵੇਗੀ। ਵੇਰਵਿਆਂ ਮੁਤਾਬਿਕ ਸਿੱਧੂ ਮੂਸੇਵਾਲਾ ਕਤਲ ਮਾਮਲੇ ਵਿੱਚ ਗੈਂਗਸਟਰ ਦੀਪਕ ਟੀਨੂੰ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਇਸ ਤੋਂ ਬਾਅਦ ਮਾਨਸਾ ਦੇ ਸੀਆਈਏ ਸਟਾਫ ਤੋਂ ਰਾਤ ਨੂੰ ਸੀਆਈਏ ਇੰਚਾਰਜ ਪ੍ਰਿਤਪਾਲ ਸਿੰਘ ਦੀ ਮਿਲੀਭੁਗਤ ਨਾਲ ਟੀਨੂੰ ਫਰਾਰ ਹੋ ਗਿਆ ਸੀ, ਜਿਸ ਮਾਮਲੇ ਵਿੱਚ ਮਾਨਸਾ ਦੀ ਅਦਾਲਤ ਵਿੱਚ ਕੇਸ ਚੱਲ ਰਿਹਾ ਸੀ ਅਤੇ ਹੁਣ ਇਸ ਕੇਸ ਵਿੱਚ ਦੋਸ਼ ਤੈਅ ਹੋ ਚੁੱਕੇ ਹਨ।

# ਮਹਿਲਾ ਟੀ-20 ਵਿਸ਼ਵ ਕੱਪ ਲਈ ਹਰਮਨਪ੍ਰੀਤ ਕੌਰ ਭਾਰਤ ਦੀ ਕਪਤਾਨ

ਨਵੀਂ ਦਿੱਲੀ- ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ 3 ਅਕਤੂਬਰ ਤੋਂ ਸੰਯੁਕਤ ਅਰਬ ਅਮੀਰਾਤ ਵਿੱਚ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਅੱਜ ਐਲਾਨੀ 15 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗੀ। ਟੂਰਨਾਮੈਂਟ ਦੀ ਮੇਜ਼ਬਾਨੀ ਪਹਿਲਾਂ ਬੰਗਲਾਦੇਸ਼ ਨੇ ਕਰਨੀ ਸੀ ਪਰ ਉੱਥੇ ਰਾਜਨੀਤਿਕ ਅਸ਼ਾਂਤੀ ਦੇ ਕਾਰਨ ਇਸ ਨੂੰ ਸੰਯੁਕਤ ਅਰਬ ਅਮੀਰਾਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਭਾਰਤ ਨੂੰ ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਅਤੇ ਸ੍ਰੀਲੰਕਾ ਦੇ ਨਾਲ ਗਰੁੱਪ ਏ ਵਿੱਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣੀ ਪਹਿਲੀ ਟੀ-20 ਵਿਸ਼ਵ ਕੱਪ ਟਰਾਫੀ ਜਿੱਤਣ ਦੇ ਟੀਚੇ ਨਾਲ ਟੂਰਨਾਮੈਂਟ ਵਿੱਚ ਉਤਰੇਗੀ। ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤ ਦੀ ਟੀਮ: ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਦੀਪਤੀ ਸ਼ਰਮਾ, ਜੇਮਿਮਾ ਰੌਡਰਿਗਜ਼, ਰਿਚਾ ਘੋਸ਼ (ਵਿਕਟਕੀਪਰ), ਯਸਤਿਕਾ ਭਾਟੀਆ (ਵਿਕਟਕੀਪਰ), ਪੂਜਾ ਵਸਤਰਾਕਰ, ਅਰੁੰਧਤੀ ਰੈੱਡੀ, ਰੇਣੁਕਾ ਸਿੰਘ ਠਾਕੁਰ, ਦਿਆਲਨ ਹੇਮਲਤਾ, ਆਸ਼ਾ ਸੋਭਨਾ, ਰਾਧਾ ਯਾਦਵ, ਸ਼੍ਰੇਅੰਕਾ ਪਾਟਿਲ, ਸਜਨਾ ਸਜੀਵਨ।



# MATRIMONIAL

ਮੁੰਡਾ ਜਾਂ ਕੁੜੀ ਵਿਆਹੁਣ ਦਾ ਫ਼ਿਕਰ ਛੱਡੋ ਤੇ ਪੰਜਾਬ ਟਾਈਮਜ਼ ਨਾਲ ਸੰਪਰਕ ਕਰੋ : 01332 372851



ਪੰਜਾਬ ਟਾਈਮਜ਼ ਵਿਚ ਚਾਰ ਹਫ਼ਤੇ ਵਿਆਹ ਦਾ ਇਸ਼ਤਿਹਾਰ ਛਪਵਾਉਣ ਲਈ ਕੇਵਲ 60 ਪੌਂਡ

**Matrimonial advert is only £60 for 4 weeks**

***NOTE: All replies should be sent in a stamped envelope and marked with the ref. No. in the top left hand corner. Panjab Times, Bridle Gate Lane, Derby, DE24 0QW***


**Respectable Jatt Sikh family seek a suitable match for their good looking son. He is 35 years old, 5'11" tall, education Msc Accounting and Finance and runs his own Business, Girl should be from Jatt Sikh family, divorce & student welcome with no children. Please contact Mobile: 07859 056930 or reply to ref. 872 (3048)**

**For Hindu boy, very handsome, never married, 50 years, 5'10, M.S & B.E in IT, Software professional in Reading city. Looking Sikh/Hindu bride, tall, well educated professional match. Please contact: 07472 334567 or email: s2009king@gmail.com or reply to ref. 844 (3044)**

## ਰਾਹੁਲ ਸ਼ਰਮਾ ਯੂ ਐਸ-ਇੰਡੀਆ ਬਿਜ਼ਨੈਸ ਕੌਂਸਲ ਦੇ ਮੈਨੇਜਿੰਗ ਡਾਇਰੈਕਟਰ ਨਿਯੁਕਤ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਯੂ ਐਸ ਚੈਂਬਰ ਆਫ ਕਾਮਰਸ ਨੇ ਐਲਾਨ ਕੀਤਾ ਹੈ ਕਿ ਰਾਹੁਲ ਸ਼ਰਮਾ ਭਾਰਤ ਵਿਚਲੀ ਯੂ ਐਸ-ਇੰਡੀਆ ਬਿਜ਼ਨਸ ਕੌਂਸਲ (ਯੂ ਐਸ ਆਈ ਬੀ ਸੀ) ਦੇ ਨਵੇਂ ਮੈਨੇਜਿੰਗ ਡਾਇਰੈਕਟਰ ਹੋਣਗੇ। ਉਹ ਨੀਤੀ ਮਾਹਿਰਾਂ ਦੀ ਇਕ ਮਜਬੂਤ ਟੀਮ ਦੀ ਅਗਵਾਈ ਕਰਨਗੇ ਜੋ ਟੀਮ ਕੌਂਸਲ ਦੀਆਂ 200 ਤੋਂ ਵਧ ਮੈਂਬਰ ਕੰਪਨੀਆਂ ਨੂੰ ਸਮਰਪਿਤ ਹੋਵੇਗੀ। ਇਹ ਟੀਮ ਅਮਰੀਕਾ ਤੇ ਭਾਰਤ ਦੋਵਾਂ ਦੇਸ਼ਾਂ ਦੀ ਭਾਈਵਾਲੀ ਤੇ ਖੁਸ਼ਹਾਲੀ ਲਈ ਕੰਮ ਕਰੇਗੀ। ਯੂ ਐਸ ਆਈ ਬੀ ਸੀ ਦੇ ਪ੍ਰਧਾਨ ਅੰਬੈਸਡਰ ਅਤੁਲ ਕੈਸ਼ਪ ਨੇ ਕਿਹਾ ਕਿ ਅਸੀਂ ਯੂ ਐਸ-ਇੰਡੀਆ ਬਿਜ਼ਨਸ ਕੌਂਸਲ ਪਰਿਵਾਰ ਵਿਚ ਸ਼ਾਮਿਲ ਹੋਣ 'ਤੇ ਰਾਹੁਲ ਸ਼ਰਮਾ ਦਾ ਸਵਾਗਤ ਕਰਦੇ ਹਾਂ। ਉਨਾਂ ਦਾ ਵਿਸ਼ਾਲ ਤਜ਼ਰਬਾ ਭਾਰਤ ਤੇ ਅਮਰੀਕਾ ਦੋਨਾਂ ਲਈ ਬਹੁਤ ਲਾਹੇਵੰਦ ਰਹੇਗਾ।

## CHANGE OF NAME

I, POONAM D/O MR RAJ KUMAR WHOSE PERMANENT ADDRESS IN INDIA IS H NO 15891, ST NO 6, GURU GOBIND SINGH NAGAR, NEAR BARNALA BY PASS, BATHINDA, PUNJAB 151001 AND NOW LIVING AT 14 HASELEY ROAD, HANDSWORTH, BIRMINGHAM, B21 0QU HEREBY GIVE NOTICE OF MY INTENTION TO CHANGE MY NAME TO POONAM (GIVEN NAME) KAUR (SURNAME). (U/I)


## CHANGE OF NAME

Please one tick box

- ☐ £30 Print in UK only
- ☐ £60 Print UK & India
- ☐ £80 Print UK & India (Express)

NOTE: Please allow 28 days for publication in India

I MR / MRS / MISS ____________________

SON / DAUGHTER / WIFE OF MR ____________________

WHOSE PERMANENT ADDRESS IN INDIA IS ____________________

____________________

AND IS NOW LIVING AT ____________________

____________________ HEREBY GIVE NOTICE OF MY INTENTION

TO CHANGE MY NAME TO ____________________

TEL ____________________

**Please send the completed form with payment to: Panjab Times, Bridle Gate Lane, Derby, DE24 0QW or email the wording to: panjabtimes@aol.com**

**TO PAY BY CREDIT CARD TEL: 01332-372851**

**Account Name: Punjab Times Trust Ltd**
**Account No: 20853011 Sort Code: 20-25-85**


# ਸੁਨੀਤਾ ਵਿਲੀਅਮਜ਼ ਦੀ ਧਰਤੀ ਤੇ ਵਾਪਸੀ ਦੀ ਤਰੀਕ ਤੈਅ, ਨਾਸਾ ਨੇ ਸਾਂਝੀ ਕੀਤੀ



ਪੁਲਾੜ ਵਿੱਚ ਦੋ ਮਹੀਨਿਆਂ ਤੋਂ ਫਸੀ ਭਾਰਤੀ-ਅਮਰੀਕੀ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੀ ਵਾਪਸੀ ਦੀ ਤਰੀਕ ਦਾ ਐਲਾਨ ਕਰ ਦਿੱਤਾ ਗਿਆ ਹੈ। ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਪੁਸ਼ਟੀ ਕੀਤੀ ਹੈ ਕਿ ਸੁਨੀਤਾ ਵਿਲੀਅਮਜ਼ ਅਤੇ ਬੈਰੀ ਵਿਲਮੋਰ ਫਰਵਰੀ 2025 ਵਿੱਚ ਪੁਲਾੜ ਤੋਂ ਧਰਤੀ ਤੇ ਵਾਪਸ ਆਉਣਗੇ। ਫਿਲਹਾਲ ਦੋਵੇਂ ਪੁਲਾੜ ਯਾਤਰੀ ਸਪੇਸ ਸਟੇਸ਼ਨ (ਿਸ਼ਸ਼) ਵਿੱਚ ਮੌਜੂਦ ਹਨ।ਨੈਸ਼ਨਲ ਏਰੋਨਾਟਿਕਸ ਐਂਡ ਸਪੇਸ ਐਡਮਨਿਸਟ੍ਰੇਸ਼ਨ (ਨਾਸਾ) ਨੇ ਕਿਹਾ ਕਿ ਪੁਲਾੜ ਯਾਤਰੀ ਵਿਲਮੋਰ ਅਤੇ ਸੁਨੀਤਾ ਵਿਲੀਅਮਸ ਨੂੰ ਇਸ ਸਮੇਂ ਧਰਤੀ ਤੇ ਵਾਪਸ ਲਿਆਉਣਾ ਬਹੁਤ ਜੋਖਮ ਭਰਿਆ ਹੈ, ਜਿਸ ਕਾਰਨ ਬੋਇੰਗ ਦਾ ਸਟਾਰਲਾਈਨਰ ਕੈਪਸੂਲ ਦੋਵਾਂ ਪੁਲਾੜ ਯਾਤਰੀਆਂ ਤੋਂ ਬਿਨਾਂ ਵਾਪਸ ਪਰਤ ਜਾਵੇਗਾ।ਵਿਲਮੋਰ ਅਤੇ ਵਿਲੀਅਮਜ਼ ਰਸਮੀ ਤੌਰ ਤੇ ਮੁਹਿੰਮ ਦੇ ਹਿੱਸੇ ਵਜੋਂ ਆਪਣਾ ਕੰਮ ਜਾਰੀ ਰੱਖਣਗੇ ਅਤੇ 25 ਫਰਵਰੀ, 2025 ਨੂੰ ਵਾਪਸ ਆਉਣਗੇ। ਇਸ ਦਾ ਮਤਲਬ ਹੈ ਕਿ ਜੋ ਟੈਸਟਿੰਗ ਫਲਾਈਟ ਇਕ ਹਫਤੇ ਚ ਹੋਣੀ ਸੀ, ਹੁਣ ਉਸ ਨੂੰ ਲਗਭਗ 8 ਮਹੀਨੇ ਤੱਕ ਵਧਾ ਦਿੱਤਾ ਗਿਆ ਹੈ।

# ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਭਾਜਪਾ ਦੇ 29 ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ

ਜੰਮੂ-ਕਸ਼ਮੀਰ : ਭਾਜਪਾ ਨੇ ਮੰਗਲਵਾਰ ਨੂੰ ਜੰਮੂ-ਕਸ਼ਮੀਰ ਵਿਧਾਨ ਸਭਾ ਚੋਣਾਂ ਲਈ 29 ਉਮੀਦਵਾਰਾਂ ਦੀ ਤੀਜੀ ਸੂਚੀ ਜਾਰੀ ਕੀਤੀ। ਇਸ ਮੁਤਾਬਕ ਨਗਰੋਟਾ ਸੀਟ ਤੋਂ ਦਵਿੰਦਰ ਸਿੰਘ ਰਾਣਾ ਨੂੰ ਟਿਕਟ ਦਿੱਤੀ ਗਈ ਹੈ। ਭਾਜਪਾ ਨੇ ਸੋਮਵਾਰ ਨੂੰ ਜੰਮੂ-ਕਸ਼ਮੀਰ ਚੋਣਾਂ ਦੇ ਪਹਿਲੇ ਪੜਾਅ ਲਈ 16 ਉਮੀਦਵਾਰਾਂ ਦੇ ਨਾਵਾਂ ਦਾ ਐਲਾਨ ਕੀਤਾ ਹੈ। ਪਹਿਲੇ ਪੜਾਅ 'ਚ ਦੱਖਣੀ ਕਸ਼ਮੀਰ ਦੇ 16 ਵਿਧਾਨ ਸਭਾ ਹਲਕਿਆਂ ਅਤੇ ਜੰਮੂ ਖੇਤਰ ਦੇ 8 ਵਿਧਾਨ ਸਭਾ ਹਲਕਿਆਂ 'ਚ 18 ਸਤੰਬਰ ਨੂੰ ਵੋਟਿੰਗ ਹੋਵੇਗੀ। ਪਾਰਟੀ ਵੱਲੋਂ ਜਾਰੀ ਕੀਤੀ ਗਈ ਪਹਿਲੀ ਸੂਚੀ ਵਿੱਚ 15 ਉਮੀਦਵਾਰਾਂ ਦੇ ਨਾਂ ਸਨ, ਜਦੋਂ ਕਿ ਇਸ ਤੋਂ ਕੁਝ ਸਮੇਂ ਬਾਅਦ ਜਾਰੀ ਕੀਤੀ ਗਈ ਦੂਜੀ ਸੂਚੀ ਵਿੱਚ ਸਿਰਫ਼ 1 ਉਮੀਦਵਾਰ ਦੇ ਨਾਂ ਦਾ ਐਲਾਨ ਕੀਤਾ ਗਿਆ ਸੀ।

### -ਪੱਤਰਕਾਰ ਜੈਫ ਜਰਮਨ ਦੀ ਹੱਤਿਆ ਦਾ ਮਾਮਲਾ-

# ਜੇਕਰ ਮੇਰੇ ਬਾਰੇ ਹਾਨੀਕਾਰਕ ਲੇਖ ਨਾ ਲਿਖੇ ਜਾਂਦੇ ਤਾਂ ਮੈ ਚੋਣ ਜਿੱਤ ਜਾਣੀ ਸੀ- ਰਾਬਰਟ ਟੈਲਸ



ਸੈਕਰਾਮੈਂਟੋ,ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-ਨੇਵਾਡਾ ਦੇ ਸਾਬਕਾ ਰਾਜਸੀ ਆਗੂ ਰਾਬਰਟ ਟੈਲਸ (47) ਜਿਸ ਉਪਰ ਲਾਸ ਵੇਗਾਸ ਦੇ ਖੋਜ਼ੀ ਪੱਤਰਕਾਰ ਜੈਫ ਜਰਮਨ ਦੀ ਹੱਤਿਆ ਦਾ ਦੋਸ਼ ਹੈ, ਨੇ ਅਦਾਲਤ ਵਿਚ ਕਿਹਾ ਕਿ ਉਹ ਨਿਰਦੋਸ਼ ਹੈ ਪਰੰਤੂ ਇਸ ਦੇ ਨਾਲ ਹੀ ਉਸ ਨੇ ਮੰਨਿਆ ਕਿ ਜੇਕਰ ਜੈਫ ਉਸ ਬਾਰੇ ਹਾਨੀਕਾਰਕ ਲੇਖ ਨਾ ਲਿਖਦਾ ਤਾਂ ਉਹ ਕਲਾਰਕ ਕਾਊਂਟੀ ਪਬਲਿਕ ਐਡਮਨਿਸਟ੍ਰੇਟਰ ਦੀ ਮੁੱਢਲੀ ਚੋਣ ਜਿੱਤ ਜਾਂਦਾ। ਲਾਸ ਵੇਗਾਸ ਰੀਵਿਊ ਜਰਨਲ ਦੇ ਰਿਪੋਰਟਰ ਜੈਫ ਜਰਮਨ ਦੀ ਸਤੰਬਰ 2022 ਵਿਚ ਛੁਰਾ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਟੈਲਸ ਨੇ ਕਿਹਾ ਕਿ ਉਹ ਅਜਿਹਾ ਨਹੀਂ ਕਰ ਸਕਦਾ। ਬਚਾਅ ਪੱਖ ਦੇ ਵਕੀਲ ਨੇ ਕਿਹਾ ਕਿ ਟੈਲਸ ਨੂੰ ਫਸਾਇਆ ਗਿਆ ਹੈ। ਦੂਸਰੇ ਪਾਸੇ ਮੁਦਈ ਪੱਖ ਦੇ ਵਕੀਲਾਂ ਨੇ ਦੋਸ਼ ਲਾਇਆ ਕਿ ਟੈਲਸ ਜਰਮਨ ਵੱਲੋਂ ਲਿਖੇ ਲੇਖਾਂ ਤੋਂ ਨਰਾਜ਼ ਸੀ ਜਿਨਾਂ ਲੇਖਾਂ ਵਿਚ ਉਸ ਦੇ ਰਾਜਸੀ ਦਫਤਰ ਵਿਚ ਚਲ ਰਹੀ ਗੜਬੜ ਨੂੰ ਨੰਗਾ ਕੀਤਾ ਗਿਆ ਸੀ। ਵਕੀਲ ਕ੍ਰਿਸਟੋਫਰ ਹੈਮਨਰ ਨੇ ਟੈਲਸ ਨੂੰ ਪੁੱਛਿਆ ਕਿ ਕੀ ਉਹ ਵਿਸ਼ਵਾਸ਼ ਰਖਦਾ ਹੈ ਕਿ ਜੇਕਰ ਜੈਫ ਜਰਮਨ ਉਸ ਬਾਰੇ 4 ਲੇਖ ਨਾ ਲਿਖਦਾ ਤਾਂ ਉਹ ਚੋਣ ਜਿੱਤ ਜਾਂਦਾ? ਇਸ 'ਤੇ ਟੈਲਸ ਨੇ ਕਿਹਾ ਹਾਂ ਮੇਰਾ ਅਜਿਹਾ ਹੀ ਯਕੀਨ ਹੈ। ਹੈਮਨਰ ਨੇ ਟੈਲਸ ਤੇ ਇਕ ਸਹਿ ਕਰਮਚਾਰੀ ਵਿਚਾਲੇ ਹੋਏ ਟੈਕਸਟ ਸੁਨੇਹਿਆਂ ਦਾ ਜਿਕਰ ਕੀਤਾ ਜਿਨਾਂ ਵਿਚ ਟੈਲਸ ਨੇ ਕਿਹਾ ਕਿ ਉਹ ਲੇਖਾਂ ਤੋਂ ਫਿਕਰਮੰਦ ਹੈ ਜੋ ਲੇਖ ਸਾਲਾਂ ਤੱਕ ਉਸ ਦਾ ਪਿੱਛਾ ਕਰਨਗੇ ਤੇ ਉਸ ਦੇ ਕਰੀਅਰ ਤੇ ਭਵਿੱਖ ਨੂੰ ਖਤਰੇ ਵਿਚ ਪਾ ਦੇਣਗੇ। ਟੈਲਸ ਨੇ ਕਿਹਾ ਕਿ "ਮੈ ਕਿਸੇ ਨੂੰ ਨਹੀਂ ਮਾਰਿਆ, ਮੈ ਜਰਮਨ ਨੂੰ ਨਹੀਂ ਮਾਰਿਆ,ਇਹ ਹੀ ਮੇਰਾ ਸੱਚ ਹੈ।" ਟੈਲਸ ਨੇ ਕਿਹਾ ਜਰਮਨ ਦੀ ਹੱਤਿਆ ਵਾਲੇ ਦਿਨ ਸੈਰ ਤੇ ਜਿਮ ਜਾਣ ਤੋਂ ਪਹਿਲਾਂ ਉਸ ਨੇ ਕੁਝ ਸਮਾਂ ਟੀ ਵੀ ਵੇਖਿਆ ਸੀ। ਉਸ ਨੇ ਦਿਨ ਭਰ ਦੀਆਂ ਸਰਗਰਮੀਆਂ ਬਾਰੇ ਆਪਣਾ ਫੋਨ ਲਾਗ ਵਿਖਾਉਂਦਿਆਂ ਕਿਹਾ ਕਿ ਇਸ ਵਿਚ ਕੁਝ ਵੀ ਸੰਦੇਹਪੂਰਨ ਨਹੀਂ ਹੈ। ਦੂਸਰੇ ਪਾਸੇ ਹੈਮਨਰ ਨੇ ਟੈਲਸ ਤੇ ਉਸ ਦੀ ਪਤਨੀ ਵਿਚਾਲੇ ਹੋਏ ਇਕ ਸੁਨੇਹੇ ਦੇ ਵਟਾਂਦਰੇ ਦਾ ਜਿਕਰ ਕੀਤਾ ਜਿਸ ਵਿਚ ਉਸ ਦੀ ਪਤਨੀ ਪੁੱਛਦੀ ਹੈ, ਤੁਸੀਂ ਕਿਥੇ ਹੋ?

MANAK SOLICITORS



**Jasdeep Singh Jandu**
Conveyancing Director

Jas heads up our Property department and has developed a following of regular clients due to his calm nature, professional attitude and his practical knowledge of the areas in which he specialises.

Gravesend | Orpington | Sevenoaks | London



manaksolicitors.co.uk
**0800 634 9726**

Google
4.9/5 CUSTOMER REVIEWS

Lexcel
Legal Practice Quality Mark
Law Society Accredited



**Rajbir Singh Manak MA (Hons)** **Surinder Singh Manak LLB (Hons)**

# ਵਰਲਡ ਗਤਕਾ ਫੈਡਰੇਸ਼ਨ ਨਾਲ ਸਬੰਧਿਤ ਸੰਸਥਾ
# ਗਤਕਾ ਫ਼ੈਡਰੇਸ਼ਨ ਯੂ ਕੇ ਵੱਲੋਂ



## ਯੂ ਕੇ ਦੀ 10ਵੀਂ ਨੈਸ਼ਨਲ ਗਤਕਾ ਚੈਂਪੀਅਨਸ਼ਿੱਪ ਡਰਬੀ ਵਿਖੇ
## 29 ਸਤੰਬਰ 2024 ਐਤਵਾਰ ਨੂੰ ਸਵੇਰੇ 9:00 ਤੋਂ ਸ਼ਾਮ 6:00 ਵਜੇ ਤੱਕ ਹੋਵੇਗੀ



ਗੁਰੂ ਪਿਆਰੀ ਸਾਧ ਸੰਗਤ ਜੀ, ਵਿਸ਼ਵ ਗਤਕਾ ਫ਼ੈਡਰੇਸ਼ਨ ਨਾਲ ਸਬੰਧਿਤ ਸੰਸਥਾ (ਗਤਕਾ ਫ਼ੈਡਰੇਸ਼ਨ ਯੂ ਕੇ) ਵੱਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਡਰਬੀ ਦੇ ਸਹਿਯੋਗ ਨਾਲ ਯੂ ਕੇ ਦੀ ਦਸਵੀਂ ਰਾਸ਼ਟਰੀ ਗਤਕਾ ਚੈਂਪੀਅਨਸ਼ਿੱਪ ਗੁਰਦੁਆਰਾ ਸਾਹਿਬ ਦੇ ਬਾਬਾ ਬੰਦਾ ਸਿੰਘ ਬਹਾਦਰ ਹਾਲ ਵਿੱਚ 29 ਸਤੰਬਰ 2024, ਦਿਨ ਐਤਵਾਰ ਨੂੰ ਸਵੇਰੇ 9:00 ਵਜੇ ਤੋਂ ਸ਼ਾਮ ਦੇ 6:00 ਵਜੇ ਤੱਕ ਕਰਵਾਈ ਜਾ ਰਹੀ ਹੈ। ਇਸ ਚੈਂਪੀਅਨਸ਼ਿੱਪ ਵਿਚ ਯੂ ਕੇ ਭਰ ਦੇ ਗਤਕਾ ਅਖਾੜਿਆਂ ਦੀਆਂ ਟੀਮਾਂ ਗਤਕੇ ਦੇ ਜੌਹਰ ਦਿਖਾਉਣਗੀਆਂ। ਇਸ ਪਰਿਵਾਰਕ ਸਮਾਗਮ ਵਿੱਚ ਹੁੰਮ-ਹੁੰਮਾ ਕੇ ਪਹੁੰਚੋ ਅਤੇ ਗਤਕੇ ਦੇ ਜੌਹਰ ਦੇਖੋ ਤੇ ਗਤਕਾ ਖਿਡਾਰੀਆਂ ਦਾ ਉਤਸ਼ਾਹ ਵਧਾਓ। ਆਪ ਵੀ ਆਓ ਅਤੇ ਹੋਰਨਾਂ ਨੂੰ ਵੀ ਆਉਣ ਲਈ ਪ੍ਰੇਰਿਤ ਕਰੋ । ਚਾਹ ਪਾਣੀ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ।

**ਗਤਕਾਬਾਜ਼ਾਂ ਅਤੇ ਅਖਾੜਿਆਂ ਦੀਆਂ ਟੀਮਾਂ ਦੀ ਰਜਿਸਟ੍ਰੇਸ਼ਨ 9:00 ਵਜੇ ਸ਼ੁਰੂ ਹੋਵੇਗੀ**

**ਹੋਰ ਜਾਣਕਾਰੀ ਲਈ ਹੇਠਾਂ ਦਿੱਤੇ ਨੰਬਰਾਂ ’ਤੇ ਸੰਪਰਕ ਕਰੋ:**

**07950 485169 ਜਾਂ 07956 532556**

# GATKA FEDERATION UK
## AFFILIATED WITH WORLD GATKA FEDERATION

IN ASSOCIATION WITH 'GURDWARA SRI GURU SINGH SABHA DERBY’

PRESENTS **10TH UK NATIONAL**

# GATKA CHAMPIONSHIP

## on Sunday 29th September 2024 from 9am to 6pm

@: BABA BANDA SINGH BAHADUR HALL, PRINCES STREET, DERBY, DE23 8NT



MP Tanmanjeet Singh Dhesi
President, Gatka Federation UK

**TIMINGS:**
Registration of Gatkabaaz / Akharas at 9am.
Championship start at 10am.

## This is a FREE family event
Langar / Refreshments will be served throughout

Facebook: Gatka Federation UK | YouTube: Gatka Federation UK

Gmail: Gatkafeduk@gmail.com | X: Gatkafeduk

ਜਾਰੀ ਕਰਤਾ

Tanmanjeet Singh Dhesi MP
President, Gatka Federation UK

Herman Singh Johal
Secretary, Gatka Federation UK

SRI GURU SINGH SABHA GURDWARA DERBY
PRINCES STREET, DERBY DE23 8NT

Punjab Times is Published by Punjab Times Trust, Bridle Gate Lane, Derby, DE24 0QW (U.K.) Tel: (01332) 372851. Editor M.S. Purewal. Registered as a newspaper with G.P.O.

# Tilda Partners with LOVO to Empower Women Through £10,000 Donation




Tilda is proud to announce its partnership with Ladies of Virtue Outreach CIC (LOVO), a non-profit organisation dedicated to engaging, equipping, and inspiring women and their families. As part of this partnership, Tilda will donate £10,000 to support LOVO's initiatives over the next 12 months. In addition, the partnership will involve multiple joint community initiatives aimed at celebrating cultural diversity and empowering women.

Ladies of Virtue Outreach CIC (LOVO) is at the forefront of community empowerment, tackling challenges such as poverty, unemployment, and domestic violence. LOVO nurtures individual potential through its core pillars: Community, Growth, Gratitude, Self-Care, and Wisdom. A cornerstone of LOVO's mission is their weekly global lunch in Peckham, where women from diverse cultural backgrounds come together to share traditional dishes. Given that rice is a common ingredient in these meals, Tilda's support aligns perfectly with LOVO's celebration of cultural diversity and unity.


The £10,000 donation from Tilda will fund LOVO's English language programmes and the weekly global lunches for 12 months, expanding their ability to reach and support more women in need. "This partnership with Tilda is a significant step forward for our organisation," said Ola Olive Stephen, Founder & Director of LOVO. "The funds will enable us to reach more women and provide them with the tools and support they need to overcome their challenges and lead fulfilling lives."

In addition to financial support, the Tilda x LOVO collaboration will include a series of community events in 2024, engaging local communities and providing valuable support and resources. The first joint event in June featured a vibrant community gathering in Peckham, with activities such as a Zumba class, a nutritionist talk, and a well-being session. Looking ahead, the partnership will continue with a second major event in September, promising to further amplify the impact of this collaboration.

"We are honoured to partner with LOVO on its mission to empower women now and in the future," said Jean Phillipe, Managing Director of Tilda. "At Tilda, we are committed to supporting initiatives that align with our belief in the importance of strengthening our community and cultural diversity."

Tilda's B Corp certification in 2023 underscores its commitment to meeting high standards of social and environmental responsibility. This partnership marks a significant milestone in Tilda's ongoing efforts to contribute positively to society by supporting organisations championing diversity. Together with LOVO, Tilda looks forward to making a tangible difference in the lives of women and their families, creating a future where life in all its flavours can thrive.

## *Tail Piece*
## Amit Shah home Minister of India talks on Movement of Maoists



There had been a statement came from the side of our home Minister Shri Amit Shah that Maoists movement shall be rooted out from India soon. The people of India had been hearing activities of this movement and all those activities had been Terrorists like carried out in an organized manner and in a particular area. People had been hearing tht people in this organization had been organized in ranks and they had duly planned actions and all actions had been antinational. Our fordes had been in action and killings from both sides had been reported.

Most of the people just know whqt had been published in news papers and till date nothing is mae clear as to which political party of India was at their bac, from where arms had been coming, who was maintaining these forces, what had been the aim of this organization and what benefit shall be coming for whom some benefit was at aim. Had the political party been identified nd what action has been taken against tht party. Had this movement been organized and was an outfit from some other country and the target was what to be achieved.

Till date the people of India do not know number of people killed from both sides and what criminal proceedings had been initiated the accuseds. Whether these activities had been taken as ordinary law and order or crimes against the national unity and integrity?

It shall be better of a complete White paper is published for information of the people and record. And government must ensure that such illegal movements are stopped acting from the very beginning. Our Constitution does not allow formation of such organizations. Even our criminal law does not ignore such crimes.

Dalip Singh Wasan, Advocate
Email dalipsinghwassan@yahoo.co.in

## ਖਾਲਸਾ ਕੈਂਪ 2024 ਗੁਰੂਦੁਆਰਾ ਗੋਬਿੰਦਸਰ ਸਾਹਿਬ ਲਵੀਨੀਓ ਵਿਖੇ ਚੜ੍ਹਦੀ ਕਲ੍ਹਾ ਦੇ ਜੈਕਾਰਿਆਂ ਦੀ ਗੂੰਜ ਨਾਲ ਹੋਇਆ ਸਮਾਪਤ





ਰੋਮ ਇਟਲੀ–(ਗੁਰਸ਼ਰਨ ਸਿੰਘ ਸੋਨੀ) –ਰਾਜਧਾਨੀ ਰੋਮ ਤੇ ਲਾਸੀਓ ਸੂਬੇ ਪ੍ਰਸਿੱਧ ਸ਼ਹਿਰ ਲਵੀਨੀਓ ਦੇ ਸਭ ਤੋ ਪੁਰਾਤਨ ਤੇ ਵੱਡੇ ਗੁਰੂਦਵਾਰਾ ਗੋਬਿੰਦਸਰ ਸਾਹਿਬ ਵਿਖੇ ਪਿਛਲੇ ਸਾਲ ਦੀ ਤਰ੍ਹਾ ਇਸ ਸਾਲ ਵੀ ਖਾਲਸਾ ਕੈਂਪ 2024 ਦਾ ਆਯੋਜਿਤ ਕੀਤਾ ਗਿਆ ਇਹ ਕੈਂਪ ਦੋ ਹਫਤਿਆਂ ਤੋ ਸ਼ੁਰੂ ਹੋ ਕੇ ਬੀਤੇ ਐਤਵਾਰ ਨੂੰ ਸੰਪੰਨ ਹੋਇਆ। ਜਿਸ ਵਿਚ ਇਲਾਕੇ ਦੇ ਬਹੁਗਿਣਤੀ ਬੱਚਿਆਂ ਨੇ ਹਿੱਸਾ ਲਿਆ। ਤੇ ਸਮਾਪਤੀ ਦੇ ਸਮੇ ਕੈਂਪ ਦੇ ਸਿਖਅਤ ਬੱਚਿਆਂ ਵੱਲੋ ਕੀਰਤਨ, ਕਵੀਸ਼ਰੀ, ਕਵਿਤਾਂਵਾਂ ਸ਼ਬਦ ਗਾਇਣ ਕਰਕੇ ਸੰਗਤਾ ਨੂੰ ਨਿਹਾਲ ਕੀਤਾ। ਇਸ ਖਾਲਸਾ ਕੈਂਪ ਵਿੱਚ ਇੰਡੀਆਂ ਤੋ ਵਿਸ਼ੇਸ਼ ਤੌਰ ਤੇ ਪੁੱਜੇ ਪ੍ਰੋਫੈਸਰ ਗਿਆਨੀ ਭਾਈ ਸੰਤੋਖ ਸਿੰਘ ਜੀ (ਲਖਨਊ) ਵਾਲਿਆਂ ਵੱਲੋ ਬੱਚਿਆਂ ਨੂੰ ਕੀਰਤਨ ਸਿਖਾਉਣ ਦੀ ਵੱਡਮੁੱਲੀ ਸੇਵਾ ਕੀਤੀ ਗਈ। ਸਾਰੇ ਇਲਾਕੇ ਦੀਆਂ ਸੰਗਤਾਂ ਤੇ ਸਮੂਹ ਪ੍ਰਬੰਧਕ ਸੇਵਾਦਾਰਾਂ ਨੌਜਵਾਨ ਵੀਰਾਂ ਭੈਣਾ ਵੱਲੋ ਇਸ ਕੈਂਪ ਵਿੱਚ ਵੱਡਮੁੱਲੇ ਯੋਗਦਾਨ ਪਾਏ ਗਏ। ਭਾਈ ਬਲਕਾਰ ਸਿੰਘ ਜੀ ਸਟੇਜ ਸੈਕਟਰੀ ਤੇ ਉਹਨਾ ਦੇ ਪਰਿਵਾਰ ਵੱਲੋ ਸਾਰੇ ਕੈਂਪ ਸਮਾਗਮ ਨੂੰ ਵੱਡੀ ਜਿਮੇ੍ਵਾਰੀ ਨਾਲ ਨਿਭਾਇਆਂ । ਇਸ ਮੌਕੇ ਇਸ ਖਾਲਸਾ ਕੈਂਪ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਦੇ ਮਾਪਿਆਂ ਤੇ ਸੰਗਤਾਂ ਵੱਲੋ ਇਹਨਾ ਉਪਰਾਲਿਆਂ ਦੀ ਬਹੁਤ ਵੱਡੀ ਸ਼ਾਲਾਘਾ ਹੋ ਰਹੀ ਹੈ । ਪੂਰੇ ਯੂਰਪ ਤੇ ਸੰਸਾਰ ਭਰ ਦੇ ਗੁਰੂਦੁਆਰਾ ਸੇਵਾਦਾਰ ਪ੍ਰਬੰਧਕ ਕਮੇਟੀਆਂ ਨੂੰ ਇਸ ਤਰ੍ਹਾਂ ਦੇ ਕੈਂਪ ਲਾਜਮੀ ਬਣਾਉਣੇ ਚਾਹੀਦੇ ਹਨ ।ਤਾਂ ਜੋ ਵਿਦੇਸ਼ੀ ਧਰਤੀ ਤੇ ਬੱਚਿਆਂ ਨੂੰ ਗੁਰਬਾਣੀ ਤੇ ਧਰਮ ਪ੍ਰਤੀ ਜਾਣਕਾਰੀ ਤੇ ਗਿਆਨ ਹਾਸ਼ਲ ਹੋ ਸਕੇ। ਗੁਰੂਦੁਆਰਾ ਪ੍ਰਬੰਧਕ ਕਮੇਟੀ ਵਲੋ ਬੱਚਿਆਂ ਯਾਦਗਾਰੀ ਪ੍ਰਣਾਮ ਪੱਤਰ ਦੇ ਕੇ ਨਿਭਾਜਿਆਂ ਗਿਆ। ਇਸ ਮੌਕੇ ਗੁਰੂ ਦੇ ਲੰਗਰ ਅਤੁੱਟ ਵਰਤਾਏ ਗਏ। ਦੱਸਣਯੋਗ ਹੈ ਕਿ ਸੰਤ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਤੇ ਸੰਤ ਬਾਬਾ ਨੰਦ ਸਿੰਘ ਜੀ ਨਾਨਕਸਰ ਕਲੇਰਾਂ ਵਾਲਿਆਂ ਦੀ ਨਿੱਘੀ ਯਾਦ ਸਮਰਪਿਤ ਤਿੰਨ ਰੋਜਾ ਸਮਾਗਮ ਵੀ ਕਰਵਾਇਆਂ ਗਿਆ। ਇਸ ਸਮਾਗਮ ਵਿੱਚ ਦੂਰੋ ਨੇੜਿਆਂ ਸੰਗਤਾਂ ਨੇ ਗੁਰੂਦੁਆਰਾ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰਬਾਣੀ ਸਰਵਣ ਕੀਤੀ ਤੇ ਖੁਸ਼ੀਆਂ ਪ੍ਰਾਪਤ ਕੀਤੀਆਂ। ਇਸ ਮੌਕੇ ਆਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਏ ਗਏ।

ਅਧਿਆਪਕ ਦਿਵਸ ਲਈ ਵਿਸ਼ੇਸ਼

## ਮੇਰੇ ਅਧਿਆਪਕ

ਇੱਕ ਨਵੀਂ ਜਿਹੀ ਥਾਂ ਸੀ, ਜਿਥੇ ਮੈਂ ਗਈ ਸੀ ।
ਨਵੇਂ ਜਿਹੇ ਚਿਹਰੇ ਸਨ
ਕੁੱਝ ਰੋ ਰਹੇ ਸਨ
ਕੁੱਝ ਹੱਸ ਰਹੇ ਸਨ
ਚਿੱਤ ਬੜਾ ਘਬਰਾਇਆ
ਮਨਾ ਮਾਪਿਆਂ ਨੇ ਕਿੱਥੇ ਫਸਾਇਆ
ਹੱਸਦੇ ਰੌਂਦੇ ਚਿਹਰਿਆਂ ਵਿੱਚ
ਇੱਕ ਚਿਹਰਾ ਨਜ਼ਰ ਆਇਆ
ਇਸ ਤਰ੍ਹਾਂ ਲੱਗਾ ਰੱਬ ਦਾ ਕੋਈ ਫਰਿਸ਼ਤਾ ਹੈ ਆਇਆ
ਉਸ ਨੇ ਕਾਪੀ ਪੈਨਸਲ ਫੜਾ ਕਿ ਐਸਾ ਪਾਠ ਪੜ੍ਹਾਇਆ
ਸਫ਼ਲ ਜ਼ਿੰਦਗੀ ਦੇ ਰਾਹ ਤੇ ਚੱਲਣਾ ਸਿਖਾਇਆ
ਆਪ ਦੀਵੇ ਵਾਂਗੂ ਬੱਲ ਕੇ ਸਾਨੂੰ ਚਾਨਣ ਵਿਖਾਇਆ
ਅਧਿਆਪਕ ਦੀ ਹਰ ਗੱਲ ਯਾਦ ਹੈ
ਤਾਹੀਂ ਤਾਂ ਜ਼ਿੰਦਗੀ ਵਿੱਚ ਕਾਮਯਾਬੀ ਵੱਲ ਵੱਧ ਰਹੀ ਹਾਂ।
ਮੁਬਾਰਕ ਹੋਵੇ ਤੁਹਾਨੂੰ ਅਧਿਆਪਕਾ ਜੀਓ
ਅੱਜ ਤੁਹਾਡਾ ਦਿਨ ਹੈ ਆਇਆ
ਅਧਿਆਪਕ ਦਿਵਸ ਤੇ ਬਹੁਤ-ਬਹੁਤ ਮੁਬਾਰਕਾਂ




ਅਭਿਰੂਪ ਕੌਰ
ਛੇਵੀਂ ਜਮਾਤ
ਸੇਕਰਡ ਹਾਰਟ ਸੀਨੀਅਰ ਸੈਕੰਡਰੀ ਸਕੂਲ
ਭਾਈ ਰਣਧੀਰ ਸਿੰਘ ਨਗਰ,
ਲੁਧਿਆਣਾ

## ਜੀਵਨ-ਯਾਤਰਾ



ਇਸ ਧਰਤੀ 'ਤੇ
ਹਰ ਕੋਈ
ਇੱਕ ਅਪ੍ਰਤੱਖ
ਯਾਤਰਾ 'ਤੇ
ਨਿਕਲਿਆ ਪਿਆ ਹੈ।
ਕੋਈ ਵੀ
ਕਿਸੇ ਵੀ
ਚੀਜ਼ ਦਾ ਮਾਲਿਕ ਨਹੀਂ।
ਇਹ ਪਤਾ ਹੈ ਸਭ ਨੂੰ
ਕੋਈ ਵੀ ਅਣਜਾਣ ਨਹੀਂ
ਇਸ ਅਡੋਲ ਸੱਚ ਤੋਂ।
ਫਿਰ ਵੀ ਹਰ ਕੋਈ 'ਯਾਤਰੂ' ਦੀ ਥਾਂ
'ਮਾਲਿਕ' ਬਣ ਬੈਠਣ ਦਾ
ਭ੍ਰਮ ਪਾਲ਼ੀ ਬੈਠਾ ਹੈ ;
ਕਿ ਅਪਾਰ ਧਨ, ਜਾਇਦਾਦ
ਲਗਜ਼ਰੀ ਵਸਤਾਂ
ਦਾ ਹੋਰ ਵੱਡਾ ਮਾਲਿਕ
ਬਣ ਜਾਵਾਂ।
ਬੱਸ !
ਇਸੇ ਚਾਹਤ ਵਿੱਚ
ਇਹ ਯਾਤਰਾ ਪੂਰੀ ਕਰ ਬੈਠਦਾ ਹੈ,
ਪਰ ਯਾਤਰਾ ਤਾਂ ਸ਼ਾਂਤੀ, ਸਕੂਨ,
ਇਮਾਨਦਾਰੀ, ਨੈਤਿਕਤਾ, ਭਗਤੀ ਤੇ
ਪਰਉਪਕਾਰ ਤੋਂ ਬਿਨਾਂ ਹੀ
ਪੂਰੀ ਹੋ ਜਾਂਦੀ ਹੈ।
ਕੀ ਜੀਵਨ ਦੀ ਇਹ ਯਾਤਰਾ
ਸੱਚਮੁੱਚ ਸਾਰਥਕ ਹੈ ?
ਸਦੀਵੀ ਮਾਲਕ ਤਾਂ
ਬੰਦਾ
ਕਿਸੇ ਵੀ ਵਸਤੂ ਦਾ
ਬਣਿਆ ਹੀ ਨਹੀਂ;
ਨਾ ਹੀ ਬਣ ਸਕਦਾ ਹੈ।
ਫਿਰ ਇਸ ਜੀਵਨ - ਯਾਤਰਾ ਦੌਰਾਨ
ਧੋਖੇ, ਠੱਗੀਆਂ, ਕਤਲੋਗਾਰਤ,
ਗੈਰ - ਮਨੁੱਖੀ ਤੇ
ਇਨਸਾਨੀਅਤ ਦੀ ਸਾਖ ਨੂੰ
ਖੋਰਾ ਲਗਾਉਣ ਵਾਲੇ ਕਰਮ ਕਿਉਂ ?
ਕਿਉਂ ਨਾ ਸਾਦਗੀ ਤੇ ਪਰਉਪਕਾਰ ਨੂੰ
ਇਸ ਯਾਤਰਾ ਦਾ 'ਧਰਮਾਣੀ'
ਸਾਥੀ ਬਣਾ ਲਿਆ ਜਾਵੇ ...?




ਸਟੇਟ ਐਵਾਰਡੀ
ਮਾਸਟਰ ਸੰਜੀਵ ਧਰਮਾਣੀ
ਸ੍ਰੀ ਅਨੰਦਪੁਰ ਸਾਹਿਬ
9478561356


# ਜ਼ਿੰਦਗੀ ਦੇ ਚੋਣਵੇਂ ਤੇ ਅਨੰਦਦਾਇਕ ਪਲ ਕੀ ਹਨ ?

ਜਸ ਜੀਤ

• • •



ਉਧਾਰੇ ਪਲਾਂ ਦੀ ਦਾਸਤਾਨ ਅਕਹਿ ਹੁੰਦੀ, ਅਬੋਲ ਹੁੰਦੀ। ਸਖਤ ਚੱਟਾਨਾਂ ਨਾਲ ਮੱਥਾ ਮਾਰਦਿਆਂ ਜ਼ਿੰਦਗੀ ਦੀਆਂ ਊਣਤਾਈਆਂ ਨਾਲ ਗੱਡਵੀਂ ਲੜਾਈ ਕਰਦਿਆਂ ਕਦੇ ਕਦੇ ਕੁਝ ਪਲ ਸਾਹ ਲੈਣ ਲਈ ਉਧਾਰੇ ਚਾਹੀਦੇ ਹੁੰਦੇ। ਜ਼ਿੰਦਗੀ ਦੀਆਂ ਊਣਤਾਈਆਂ ਵਿੱਚੋਂ ਸੁਖਮਤਾਈ ਨਾਲ ਸੰਭਾਵਨਾਵਾਂ ਦੀ ਰਿਸ਼ਮ ਲੱਭਣ ਲਈ ਇਹ ਪਲ ਲੋੜੀਂਦੇ ਹੁੰਦੇ ਹਨ। ਜਦੋਂ ਜ਼ਿੰਦਗੀ ਨਾਲ ਜੂਝ-ਜੂਝ ਕੇ ਬੰਦਾ ਸਾਹ-ਸਤ ਹੀਣ ਹੋ ਜਾਂਦਾ ਹੈ ਉਦੋਂ ਇਹ ਬੰਦੇ ਅੰਦਰ ਸਾਹ ਵੀ ਭਰਦੇ ਹਨ ਤੇ ਸਤ ਵੀ ਬਖਸ਼ਦੇ ਹਨ। ਬੰਦਾ ਜ਼ਿੰਦਗੀ ਤੋਂ ਕੁਝ ਪਲਾਂ ਦੀ ਮੁਹਲਤ ਮੰਗਦਾ। ਜ਼ਿੰਦਗੀ ਦੀਆਂ ਸਮੀਕਰਨਾਂ ਨੂੰ ਸਮਝਣਾ ਇੰਨਾ ਅਸਾਨ ਨਹੀਂ ਹੁੰਦਾ। ਇੱਕ ਸਮੀਕਰਨ ਨੂੰ ਸੁਲਝਾਉਂਦਿਆਂ ਕਿਧਰੋਂ ਕੋਈ ਹੋਰ ਪਾਸਾ ਉਲਝ ਜਾਂਦਾ ਹੈ। ਉਹਦਾ ਚਿੱਤ ਕਰਦਾ ਹੁੰਦਾ ਕਿ ਕੋਈ ਉਹਨੂੰ ਆਖੇ ਕਿ ਦੱਸ ਤੇਰਾ ਕੀ ਦੁਖਦਾ? ਉਹਨੂੰ ਸਾਥ ਦੀ ਭਾਲ ਹੁੰਦੀ। ਉਹਦਾ ਜੀ ਕਰਦਾ ਕਿ ਕੋਈ ਉਹਨੂੰ ਉਹਦੇ ਬਿਨਾਂ ਪੁੱਛੇ- ਕਹੇ ਬਸ ਉਹ ਕਰ ਦੇਵੇ ਜੋ ਅਜੇ ਉਹਦੇ ਚਿੱਤ ਵਿੱਚ ਹੀ ਧੜਕ ਰਿਹਾ ਹੁੰਦਾ।



ਫਿਰ ਬੰਦਾ ਮੁਹੱਬਤ ਭਾਲਦਾ, ਪਿਆਰ ਭਾਲਦਾ, ਮੋਹ ਭਾਲਦਾ। ਚੰਦਰੇ ਜਿਹੇ ਪਲਾਂ ਤੋਂ ਖੁਸ਼ਗਵਾਰ ਮਹੌਲ ਦੇ ਪਰਿਵਰਤਨ ਦੀ ਉਮੀਦ ਕਰਦਾ ਤੇ ਉਨ੍ਹਾਂ ਪਲਾਂ ਵਿੱਚ ਭਲਾ ਕੀ ਹੁੰਦਾ ? ਕਿਸੇ ਤਿਹਾਈ ਸੁੱਕਦੀ ਜਾ ਰਹੀ ਜੀਭ, ਖੁਸ਼ਕ ਬੁੱਲਾਂ ਤੇ ਕੋਈ ਪਾਣੀ ਦੀ ਬੂੰਦ ਜਦੋਂ ਟਪਕਦੀ ਹੈ ਤਾਂ ਬੰਦੇ ਨੂੰ ਘੜੀ ਦੀ ਘੜੀ ਕਰਾਰ ਆ ਜਾਂਦਾ। ਕੋਈ ਤਪਦੀ ਰੇਤ ਵਿੱਚ ਮੱਕੀ ਦੇ ਦਾਣੇ ਵਾਂਗ ਭੁੱਜ ਰਿਹਾ ਹੋਵੇ ਤੇ ਕੋਈ ਪਲ ਛਿਣ ਲਈ ਉਹਨੂੰ ਆਪਣੀ ਬੁੱਕਲ ਵਿੱਚ ਲੁਕੋ ਲਵੇ, ਮਰ ਚੁੱਕੇ ਬੂਟੇ ਨੂੰ ਜਦੋਂ ਕੋਈ ਨਾਲ ਦੇ ਬੂਟੇ ਦੀ ਇਕ ਟਾਹਣੀ ਕਹੇ ਕਿ ਲੈ ! ਥੋੜੀ ਦੇਰ ਮੇਰਾ ਸਹਾਰਾ ਲੈ ਕੇ ਦਮ ਲੈ ਲੈ, ਮਾਂ ਵਿਹੂਣੇ ਬੱਚੇ ਨੂੰ ਕੋਈ ਤ੍ਰੀਮਤ ਆਪਣੀ ਛਾਤੀ ਨਾਲ ਲਗਾ ਕੇ ਆਖੇ, ਕੀਹਨੇ ਮਾਰਿਆ ਮੇਰੇ ਪੁੱਤ ਨੂੰ ?.. ਭਾਵਨਾਵਾਂ ਦਾ ਕਿਹੋ ਜਿਹਾ ਸੋਹਣਾ ਵੇਗ ਉਤਰੇਗਾ ਮਨ ਮੰਦਰ ਦੀਆਂ ਪੌੜੀਆਂ ਤੇ... ਬਿਆਨ ਨਹੀਂ ਕੀਤਾ ਜਾ ਸਕਦਾ।

ਬਸ ਇਹੀ ਕੁਝ ਚੋਣਵੇਂ ਪਲ ਹੁੰਦੇ ਹਨ, ਜਿਨ੍ਹਾਂ ਵਿੱਚ ਬੰਦਾ ਜ਼ਿੰਦਗੀ ਦੀ ਰੁਮਾਨੀਅਤ ਨੂੰ, ਹੁਸੀਨਗੀ ਨੂੰ ਜਾਣਦਾ ਹੈ , ਮਾਣਦਾ ਹੈ... ਬਹੁਤ ਕਰੀਬ ਤੋਂ। ਬੰਦਾ ਜ਼ਿੰਦਗੀ ਤੋਂ ਹੀ ਉਹ ਪਲ ਉਧਾਰੇ ਮੰਗਦਾ ਹੈ ਜਿਨ੍ਹਾਂ ਪਲਾਂ ਵਿੱਚ ਉਹ ਕੁਝ ਪਲਾਂ ਲਈ ਜ਼ਿੰਦਗੀ ਦੀ ਤਸਵੀਰ ਦੇ ਲੁਕੇ ਰੰਗਾਂ ਦੀ ਨਿਸ਼ਾਨਦੇਹੀ ਕਰ ਸਕਣ ਦੇ ਕਾਬਲ ਹੁੰਦਾ ਹੈ।


ਹਰ ਸ਼ਖਸ ਅਜਿਹਾ ਹੋਣਾ ਲੋਚਦਾ ਹੈ। ਹਰ ਬਸ਼ਰ ਐਸੇ ਪਲਾਂ ਦਾ ਗਵਾਹ ਬਣਨਾ ਲੋਚਦਾ ਹੈ। ਇਹ ਲਮਹੇ ਅਸਲ ਵਿੱਚ ਉਧਾਰੇ ਹੁੰਦੇ ਹੀ ਨਹੀਂ। ਬਸ ਇਹਨਾਂ ਨੂੰ ਮਾਣਨ ਸਜਾਉਣ ਲਈ ਪਲਾਂ ਨਾਲ ਥੋੜੀ ਜਿਹੀ ਮਨ-ਮਨੌਤੀ ਕਰਨੀ ਪੈਂਦੀ ਹੈ। ਮੁੜ ਤੋਂ ਜ਼ਿੰਦਗੀ ਦੇ ਪਿੜ ਵਿੱਚ ਗਰਜਣ ਲਈ ਥੋੜਾ ਜਿਹਾ ਰੁਕ ਕੇ ਮੁੜ ਤੋਂ ਠਿੱਲਣਾ ਪੈਂਦਾ ਹੈ। ਕਹਿਣਾ ਪੈਂਦਾ ਹੈ ਕਿ,

*ਜ਼ਰਾ ਠਹਿਰ ਜ਼ਿੰਦੜੀਏ ਠਹਿਰ...*

# ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ !!



**ਸ਼ਿੰਗਾਰਾ ਸਿੰਘ ਢਿੱਲੋਂ (ਪ੍ਰੋ ?)**



ਅਸਲ ਵਿੱਚ ਅੱਜ ਦਾ ਦੌਰ ਕਾਹਲੀ ਦਾ ਦੌਰ ਹੈ। ਮਨੁੱਖ ਹਰ ਸ਼ੈਅ ਨੂੰ ਜਲਦ ਤੋਂ ਜਲਦ ਪ੍ਰਾਪਤ ਕਰ ਲੈਣਾ ਚਾਹੁੰਦਾ ਹੈ। ਨਿਆਂ ਵੀ ਮਨੁੱਖ ਦੇ ਉਸੇ ਵਿਹਾਰ ਦਾ ਇੱਕ ਹਿੱਸਾ ਹੈ, ਪਰ ਅਫ਼ਸੋਸ ਇਹ ਹੈ ਕਿ ਭਾਰਤੀ ਨਿਆਂਪ੍ਰਣਾਲੀ ਬਹੁਤ ਲੇਟ-ਲਤੀਫ਼ੀ ਦਾ ਸ਼ਿਕਾਰ ਹੋ ਚੁੱਕੀ। ਕਿੰਗ ਮਾਰਟਿਨ ਲੂਥਰ ਨੇ 16 ਅਪਰੈਲ 1963 ਨੂੰ ਬਰਤਾਨੀਆਂ ਦੇ ਬਰਮਿੰਘਮ ਸ਼ਹਿਰ ਵਿਚ ਸਥਿਤ ਅਲਬਾਨਾ ਜੇਹਲ ਵਿਚੋਂ ਲਿਖੇ ਗਏ ਆਪਣੇ ਇਕ ਪੱਤਰ ਵਿਚ ਕਿਹਾ ਸੀ ਕਿ, "justice delayed is justice denied."

ਉਹਨਾਂ ਦੁਆਰਾ ਕਹੀ ਗਈ ਉਕਤ ਪੰਗਤੀ ਹੀ ਕਿਸੇ ਮੁਲਕ ਦੇ ਸਮੁੱਚੇ ਨਿਆਂਇਕ ਸਿਸਟਮ ਦੀ ਵਿਆਖਿਆ ਕਰ ਜਾਂਦੀ ਹੈ ਕਿਉਂਕਿ ਕਿਸੇ ਨਾਲ ਹੋਈ ਜਾਂ ਹੋ ਰਹੀ ਬੇਇਨਸਾਫੀ ਨੂੰ ਰੋਕ ਕੇ ਥੋਹੜੇ ਸਮੇਂ ਵਿਚ ਇਨਸਾਫ ਪ੍ਰਦਾਨ ਕਰਨਾ ਨਿਆਂਇਕ ਪ੍ਰਣਾਲੀ ਦਾ ਪ੍ਰਥਮ ਕਾਰਜ ਹੁੰਦਾ ਹੈ ਤੇ ਜੇਕਰ ਇਸ ਕਾਰਜ ਨੂੰ ਸਮਾਂਬੱਧ ਕਰਕੇ ਪੂਰਾ ਨਾ ਕੀਤਾ ਜਾਵੇ ਤਾਂ ਇਸ ਦਾ ਭਾਵ, ਪੀੜਤ ਵਿਅਕਤੀ ਨਾਲ ਇਕ ਹੋਰ ਬੇਇਨਸਾਫੀ ਕੀਤੀ ਜਾ ਰਹੀ ਹੁੰਦਾ ਹੈ।

ਦੂਜੇ ਸ਼ਬਦਾਂ ਵਿਚ ਇਹ ਵੀ ਕਿਹਾ ਜਾ ਸਕਦਾ ਹੈ ਕਿ "ਤਾਰੀਖ ਪੇ ਤਾਰੀਖ" ਦੀ ਵਿਧੀ ਅਦਾਲਤਾਂ ਵਿਚ ਜਿਥੇ ਪੀੜਤ ਨੂੰ ਹੋਰ ਖੱਜਲ ਖਰਾਬ ਹੋਣ ਲਈ ਮਜਬੂਰ ਕਰਦੀ ਹੈ , ਉਥੇ ਉਸ ਨੂੰ ਬੇਇਨਸਾਫੀ ਦਰ ਬੇਇਨਸਾਫੀ ਦੇ ਚੱਕਰਵਿਊ ਵਿਚ ਫਸਾ ਕੇ ਉਸ ਦੀ ਜਿੰਦਗੀ ਦੇ ਬੇਸ਼ਕੀਮਤੀ ਸਾਲ ਵੀ ਭੱਠ ਵਿਚ ਝੋਕ ਦਿੰਦੀ ਹੈ। ਇਸ ਤਰਾਂ ਦਾ ਵਰਤਾਰਾ ਦੇਖ ਕੇ ਬਹੁਤੀ ਵਾਰ ਇੰਜ ਲਗਦਾ ਹੈ ਕਿ ਮੁਲਕ ਦੀਆਂ ਅਦਾਲਤਾਂ ਪੀੜਤਾਂ ਨੂੰ ਇਨਸਾਫ ਦੇਣ ਤੇ ਮੁਜਰਮਾ ਨੂੰ ਸਜਾ ਦੇਣ ਵਾਸਤੇ ਨਹੀਂ ਬਲਕਿ ਇਨਸਾਫ ਦੇ ਨਾਮ 'ਤੇ ਬੇਇਨਸਾਫੀ ਦੀ ਲੰਮੀ ਪ੍ਰਕਿਰਿਆ ਦੇ ਚੱਕਰਵਿਊ ਵਿਚ ਫਸਾ ਕੇ ਸਾਲਾਂ ਦਰ ਸਾਲ ਕਚਿਹਰੀਆਂ ਵਿਚ ਖੱਜਲ ਖਰਾਬ ਕਰਕੇ ਵਕਤ ਰੋੜ੍ਹ ਰਹੀਆਂ ਹਨ।

ਇਥੇ ਇਹ ਦੱਸਣਾ ਜਰੂਰੀ ਬਣ ਜਾਂਦਾ ਹੈ ਕਿ ਜਦੋਂ ਅਦਾਲਤਾਂ ਕਿਸੇ ਮੁਕੱਦਮੇ ਨੂੰ ਤਾਰੀਕਾਂ ਪਾ ਪਾ ਕੇ ਬਹੁਤ ਲੰਮਾ ਕਰ ਦਿੰਦੀਆਂ ਹਨ ਤਾਂ ਇਸ ਪ੍ਰਕਿਰਿਆ ਦਾ ਬੁਰਾ ਅਸਰ ਤ੍ਰੈ ਪਾਸੜ ਹੁੰਦਾ ਹੈ। ਪੀੜਤ ਦੇ ਮਨ ਵਿੱਚ ਫਰੱਸਟਰੇਸ਼ਨ ਤੇ ਉਦਾਸੀਨਤਾ ਪੈਦਾ ਹੁੰਦੀ ਹੈ ਜਿਸ ਕਾਰਨ ਉਸ ਵਿਚ ਨਿਆਂ ਦੀ ਆਸ ਘਟਣ ਲਗਦੀ ਹੈ ਤੇ ਨਿਆਂ ਪ੍ਰਣਾਲੀ 'ਤੋਂ ਉਸ ਦਾ ਵਿਸ਼ਵਾਸ਼ ਉਠਣਾ ਸ਼ੁਰੂ ਹੋ ਜਾਂਦਾ ਹੈ। ਪੀੜਤ ਦੇ ਮਨ 'ਤੇ ਨਖਿੱਧ ਸੋਚ ਭਾਰੂ ਹੋ ਜਾਂਦੀ ਹੈ, ਜੋ ਉਸਦੀ ਸਰੀਰਕ ਤੇ ਮਾਨਸਿਕ ਸਿਹਤ ਵਾਸਤੇ ਬਹੁਤ ਹਾਨੀਕਾਰਕ ਹੋ ਸਕਦੀ ਹੈ, ਇਸ ਤੋ ਵੀ ਅੱਗੇ ਜੇਕਰ ਪੀੜਤ ਦੇ ਮਨ ਵਿਚ ਆਤਮਘਾਤੀ ਸੋਚ ਹਾਵੀ ਹੋ ਜਾਂਦੀ ਹੈ ਤਾਂ ਇਸ ਦਾ ਨਤੀਜਾ ਕਈ ਵਾਰ ਜਾਨੀ ਨੁਕਸਾਨ ਵਿਚ ਵੀ ਨਿਕਲ ਸਕਦਾ ਹੈ।

ਕਿਸੇ ਮੁਕੱਦਮੇ ਨੂੰ ਲੰਮਾ ਖਿਚਣ ਦਾ ਦੂਜਾ ਦੁਰਪ੍ਰਭਾਵ ਇਹ ਨਿਕਲਦਾ ਹੈ ਕਿ ਦੋਸ਼ੀ ਵਿਅਕਤੀ ਖੁੱਲੇਆਮ ਪਬਲਿਕ ਵਿਚ ਵਿਚਰ ਕੇ ਲੋਕਾਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਕਾਨੂੰਨ ਉਸ ਦਾ ਕੁੱਝ ਵੀ ਨਹੀਂ ਵਿਗਾੜ ਸਕਦਾ ਤੇ ਉਹ ਆਪਣੀਆਂ ਸਮਾਜ ਵਿਰੋਧੀ ਸਰਗਰਮੀਆਂ ਇਸੇ ਤਰਾਂ ਬਦਸਤੂਰ ਜਾਰੀ ਰੱਖੇਗਾ। ਇਸ ਦੇ ਨਾਲ ਹੀ ਇਹ ਵੀ ਸਹੀ ਹੈ ਕਿ ਜਿੰਨਾ ਕੋਈ ਮੁਕੱਦਮਾ ਲੰਮਾ ਹੋਵੇਗਾ, ਉਂਨਾ ਹੀ ਦੋਸ਼ੀ ਨੂੰ ਸਬੂਤਾਂ ਨਾਲ ਛੇੜਛਾੜ ਕਰਕੇ ਅਦਾਲਤ ਦੀਆਂ ਅੱਖਾਂ ਚ ਘੱਟਾ ਪਾ ਕੇ ਉਸਦੇ ਬਚ ਨਿਕਲਣ ਦਾ ਮੌਕਾ ਮਿਲਣ ਦੇ ਚਾਨਸ ਵਧੇਰੇ ਮਿਲਣਗੇ, ਜਿਸ ਕਾਰਨ ਸਮਾਜ ਵਿਚ ਇਹ ਸੰਦੇਸ਼ ਜਾਏਗਾ ਤਿ ਕਾਨੂੰਨ ਅੰਧਾ ਹੈ, ਅਦਾਲਤਾਂ ਵਿਚ ਨਿਆਂ ਨਾਲ ਦੀ ਕੋਈ ਚੀਜ ਨਹੀਂ ਬਲ ਕਿ ਨਿਆਂ ਦੇ ਨਾਮ 'ਤੇ ਸਭ ਗੋਰਖ ਧੰਧਾ ਹੀ ਚੱਲ ਰਿਹਾ ਹੈ।

ਅਦਾਲਤਾਂ ਵਿਚ ਨਿਆਂ ਦੀ ਦੇਰੀ ਦਾ ਮਾੜਾ ਅਸਰ ਅਦਾਲਤਾਂ ਅਤੇ ਜੱਜਾਂ ਉੱਤੇ ਵੀ ਪੈਂਦਾ ਹੈ ਜਿਹਨਾਂ ਵਿਚੋਂ ਸਭ ਤੋਂ ਪਹਿਲਾ ਅਤੇ ਸਭ ਤੋਂ ਬੁਰਾ ਅਸਰ ਕਿੰਗ ਮਾਰਟਿਨ ਲੂਥਰ ਦੁਆਰਾ ਕਹੇ ਗਏ ਉਕਤ ਬੋਲ ਹੀ ਹਨ, ਦੂਜਾ ਅਸਰ, ਲੋਕਾਂ ਦਾ ਨਿਆਂ ਪ੍ਰਣਾਲੀ ਤੋਂ ਭਰੋਸਾ ਚੁੱਕਿਆ ਜਾਣਾ, ਤੀਜਾ, ਜੱਜਾਂ ਦੀ ਨਾ ਕਾਬਲੀਅਤ ਜਾਂ ਕੇਸਾਂ ਦੇ ਨਿਪਟਾਰੇ ਵੱਲ ਧਿਆਨ ਦੇਣ ਦੀ ਬਜਾਏ, ਤਾਰੀਕ ਦਰ ਤਾਰੀਕ ਪਾ ਕੇ ਸਮਾਂ ਰੇਹੜੀ ਕਰੀ ਜਾਣਾ, ਨਿਆਂ ਪ੍ਰਬੰਧ ਦਾ ਮਹਿੰਗਾ ਹੋਣਾ ਕਿਉਂਕਿ ਹਰ ਤਾਰੀਕ ਉੱਤੇ ਹਾਜਰ ਹੋਣ ਵਾਲਾ ਪੀੜਤ ਜਿਥੇ ਕਿਰਾਏ ਭਾੜੇ ਖਰਚਕੇ ਪੇਸ਼ੀ ਉੱਤੇ ਜਾਂਦਾ ਹੈ, ਉਥੇ ਵਕੀਲਾਂ ਦੀਆਂ ਫੀਸਾਂ ਦਾ ਇੰਤਜਾਮ ਵੀ ਕਰਦਾ ਹੈ ਤੇ ਆਪਣਾ ਪੂਰਾ ਦਿਨ ਵੀ ਭੁੱਖਾ ਪਿਆਸਾ ਰਹਿਕੇ ਕਚਿਹਰੀਆਂ ਵਿਚ ਕਾਠ ਮਾਰਦਾ ਹੈ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਅਦਾਲਤਾਂ ਵਿਚ ਸੁਣਵਾਈ ਹੋਣ ਦੀ ਬਜਾਏ ਵਧੇਰੇ ਤਾਰੀਕਾਂ ਹੀ ਕਿਓਂ ਪੈਂਦੀਆਂ ਹਨ ? ਦਰਅਸਲ ਅਜਿਹਾ ਹੋਣ ਦੇ ਕਈ ਕਾਰਨ ਹੋ ਸਕਦੇ ਹਨ, ਜਿਹਨਾ ਵਿਚੋਂ ਜੱਜਾਂ ਦੀ ਨਫਰੀ ਘੱਟ ਹੋਣਾ, ਕੇਸਾਂ ਦੀ ਸੰਖਿਆ ਪ੍ਰਤੀ ਦਿਨ ਵਧੇਰੇ ਹੋਣਾ. ਪ੍ਰਤੀ ਕੇਸ ਸੁਣਵਾਈ ਦਾ ਸਮਾਂ ਘੱਟ ਹੋਣ ਕਾਰਨ ਇਕ ਦੋ ਕੇਸਾਂ ਦੀ ਸੁਣਵਾਈ ਕਰਕੇ ਬਾਕੀਆਂ ਦੀਆਂ ਤਾਰੀਕਾਂ ਪਾ ਦਿੱਤੀਆਂ ਜਾਣੀਆਂ, ਕੇਸ ਵਾਲੀਆਂ ਧਿਰਾਂ ਵਿਚੋਂ ਕਿਸੇ ਧਿਰ ਦਾ ਕਿਸੇ ਵਜ੍ਹਾ ਕਰਕੇ ਗੈਰ ਹਾਜਰ ਹੋ ਜਾਣਾ, ਵਕੀਲਾਂ ਦੀ ਗੈਰ ਹਾਜਰੀ, ਜੱਜ ਦਾ ਛੁੱਟੀ 'ਤੇ ਹੋਣਾ, ਕਿਸੇ ਧਿਰ ਦਾ ਬਿਮਾਰ ਹੋ ਜਾਣਾ, ਗਵਾਹੀਆਂ ਦਾ ਭੁਗਤਾਣ ਵੀ ਤਾਰੀਕਾਂ ਦਾ ਹਰਜਾ ਕਰਦਾ ਹੈ, ਕੇਸ ਨਾਲ ਸਬੰਧਿਤ ਧਿਰਾਂ ਦੀਆਂ ਗਵਾਹੀਆਂ ਦੀ ਬਹਿਸ, ਸਮੇ ਦਾ ਬਹੁਤ ਹਰਜਾ ਕਰਦੀ ਹੈ, ਕਚਿਹਰੀਆਂ ਦੀਆਂ ਵੋਕੇਸ਼ਨ ਛੁਟੀਆਂ, ਜੱਜਾਂ ਦੇ ਤਬਾਦਲੇ, ਕੇਸਾਂ ਦੇ ਇਕ ਤੋਂ ਦੂਸਰੀ ਕੋਰਟ ਵਿਚ ਤਬਾਦਲੇ, ਕਿਸੇ ਮਹਾਂਮਾਰੀ ਕਾਰਨ ਅਦਾਲਤਾਂ ਦਾ ਕੰਮਕਾਜ ਠੱਪ ਹੋ ਜਾਣਾ ਆਦਿ। ਮਰਹੂਮ ਸੁਰਜੀਤ ਪਾਤਰ ਦਾ ਇਕ ਸ਼ੇਅਰ ਹੈ ਕਿ,

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ।
ਆਖੋ ਏਨਾਂ ਨੂੰ ਉਜੜੇ ਘਰੀਂ ਜਾਣ ਹੁਣ,
ਇਹ ਕਦੋਂ ਤੀਕ ਏਥੇ ਖੜ੍ਹੇ ਰਹਿਣਗੇ

ਭਾਰਤੀ ਅਦਾਲਤਾਂ ਦੇ ਕਾਰਜ ਢੰਗ ਉੱਤੇ ਸੁਰਜੀਤ ਪਾਤਰ ਦੀ ਉਕਤ ਬਹੁਤ ਹੀ ਤਲਖ ਅਤੇ ਵਿਡੰਬਣਾਂ ਭਰਪੂਰ ਕਾਵਿਕ ਟਿੱਪਣੀ ਸਮੁੱਚੀ ਭਾਰਤੀ ਨਿਆਂ ਵਿਵਸਥਾ ਦਾ ਕੱਚਾ ਚਿੱਠਾ ਜਾਹਿਰ ਕਰ ਜਾਂਦੀ ਹੈ।

ਇਥੇ ਹੀ ਬੱਸ ਨਹੀ ਭਾਰਤੀ ਨਿਆਂ ਪ੍ਰਣਾਲੀ ਦੇ ਜੱਜ ਅਤੇ ਉਚ ਆਹਦਿਆਂ 'ਤੇ ਬੈਠੇ ਅਧਿਕਾਰੀ ਵੀ ਇਹ ਗੱਲ ਬੜੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ ਕਿ ਨਿਆਂ ਵਿਚ ਦੇਰੀ ਦਰਅਸਲ ਕਿਸੇ ਪੀੜਤ ਧਿਰ ਨਾਲ ਕੀਤੀ ਜਾ ਰਹੀ ਬੇਇਨਸਾਫੀ ਦਾ ਹੀ ਦੂਜਾ ਨਾਮ ਹੈ।

ਭਾਰਤ ਦੇ ਸਾਬਕਾ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ 6 ਮਾਰਚ 2021 ਨੂੰ ਮੱਧ ਪ੍ਰਦੇਸ ਦੇ ਜੱਬਲਪੁਰ ਸ਼ਹਿਰ ਵਿਖੇ All india state judicial directors retreat ਦਾ ਉਦਘਾਟਨ ਕਰਦਿਆਂ ਕਿਹਾ ਸੀ ਕਿ, "ਨਿਆਂਇਕ ਪ੍ਰਣਾਲੀ ਦਾ ਉਦੇਸ਼ ਸਿਰਫ ਵਿਵਾਦਾਂ ਨੂੰ ਸੁਲਝਾਉਣਾ ਹੀ ਨਹੀਂ, ਬਲਕਿਨਿਆਂ ਨੂੰ ਬਰਕਰਾਰ ਰੱਖਣਾ ਵੀ ਹੁੰਦਾ ਹੈ, ਨਿਆਂ ਪ੍ਰਦਾਨ ਕਰਨ ਵਿੱਚ ਦੇਰੀ ਜਿਹੀਆਂ ਰੁਕਾਵਟਾਂ ਨੂੰ ਦੂਰ ਕਰਕੇ ਪੂਰਾ ਕੀਤਾ ਜਾ ਸਕਦਾ ਹੈ। ਉਹਨਾਂ ਇਹ ਵੀ ਕਿਹਾ ਕਿ ਜਲਦੀ ਨਿਆਂ ਪ੍ਰਦਾਨ ਕਰਨ ਲਈ, ਵਿਆਪਕ ਨਿਆਂਇਕ ਸਿਖਲਾਈ ਤੋਂ ਇਲਾਵਾ, ਸਾਡੀਆਂ ਨਿਆਂਇਕ ਪ੍ਰਕਿਰਿਆਵਾਂ ਵਿੱਚ ਟੈਕਨੋਲੋਜੀਦਾ ਉਪਯੋਗ ਕਰਨ ਦੀ ਸ਼ੁਰੂਆਤ ਕਰਨਾ ਲਾਜ਼ਮੀ ਹੈ। ਕੇਸਾਂ ਦੀ ਵਧ ਰਹੀ ਗਿਣਤੀ ਦੇ ਕਾਰਨ, ਮਸਲਿਆਂ ਨੂੰ ਸਹੀ ਪਰਿਪੇਖਾਂ ਵਿੱਚ ਸਮਝਣਾ ਅਤੇ ਥੋੜ੍ਹੇ ਸਮੇਂਵਿੱਚ ਹੀ ਸਹੀ ਫੈਸਲੇ ਲੈਣਾ ਜ਼ਰੂਰੀ ਹੋ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ਨਵੇਂ- ਨਵੇਂ ਕਾਨੂੰਨਾਂ ਦੀ ਸ਼ੁਰੂਆਤ, ਮੁਕੱਦਮਿਆਂ ਦੀ ਪ੍ਰਕਿਰਤੀ ਵਿੱਚ ਵਿਆਪਕਬਦਲਾਅ ਅਤੇ ਮਾਮਲਿਆਂ ਦਾ ਸਮਾਂ-ਬੱਧ ਨਿਪਟਾਰਾ ਕਰਨ ਦੀ ਜ਼ਰੂਰਤ ਨੇ ਜੱਜਾਂ ਲਈ ਵੀ, ਕਾਨੂੰਨ ਅਤੇ ਕਾਰਜ ਪ੍ਰਣਾਲੀਆਂ ਸਬੰਧੀ ਅੱਪ-ਟੂ-ਡੇਟਗਿਆਨ ਰੱਖਣਾ ਲਾਜ਼ਮੀ ਬਣਾ ਦਿੱਤਾ ਹੈ।

ਦੇਸ਼ਭਰ ਦੀਆਂ ਅਦਾਲਤਾਂ ਵਿੱਚ ਇਸ ਸਮੇਂ ਤਿੰਨ ਕਰੋੜ ਦੇ ਕਰੀਬ ਲਟਕ ਰਹੇ ਕੇਸਾਂ ਦੇ ਮਾਮਲੇ ਵਿੱਚ ਭਾਰਤੀ ਸੁਪਰੀਮ ਕੋਰਟ ਦੇ ਸਾਬਕਾ ਮੁੱਖ ਜੱਜਐਚ.ਐਲ. ਦਤੂ ਨੇ 2015 ਵਿਚ ਆਪਣੀ ਇਕ ਇੰਟਰਵਿਊ ਦੌਰਾਨ ਕਿਹਾ ਸੀ ਕਿ "ਹੁਣ ਕਿਸੇ ਵੀ ਕੇਸ ਦੀ ਸੁਣਵਾਈ 'ਤੇ ਪੰਜ ਸਾਲ ਤੋਂ ਵੱਧ ਸਮਾਂ ਨਹੀਂਲਗੇਗਾ। ਇਸ ਸਬੰਧੀ ਸਮੇਂ ਦੀ ਸੀਮਾ ਤੈਅ ਕਰ ਦਿੱਤੀ ਗਈ ਹੈ। ਅਸਾਂ ਫੈਂਸਲਾ ਕੀਤਾ ਹੈ ਕਿ ਪੰਜ ਸਾਲ ਦੇ ਬਾਅਦ ਕੋਈ ਵੀ ਕੇਸ ਲਟਕਦਾ ਨਾ ਰਹੇ ਪੁਰਾਣੇ ਮੁਕੱਦਮਿਆਂ ਦੇ ਲਈ ਵੱਧ ਤੋਂ ਵੱਧ ਪੰਜ ਸਾਲ ਦਾ ਸਮਾਂ ਹੋਵੇਗਾ, ਉਸ ਤੋਂ ਬਾਅਦ ਨਹੀਂ। ਉਹਨਾਂ ਨੇ ਇਹ ਵੀ ਸ਼ਪੱਸ਼ਟ ਕੀਤਾ ਸੀ ਕਿ ਪੰਜ ਸਾਲ ਦੇ ਸਮੇਂਦੀ ਸੀਮਾ ਦਾ ਅਰਥ ਇਹ ਹੋਵੇਗਾ ਕਿ ਇਸ ਦੌਰਾਨ ਸੁਣਵਾਈ ਸਮਾਪਤ ਹੋ ਜਾਵੇਗੀ, ਉਚ ਅਦਾਲਤਾਂ ਵਿੱਚ ਅਪੀਲ ਤੇ ਕੁਝ ਸਮਾਂ ਵੱਧ ਲਗ ਸਕਦਾ ਹੈ, ਪਰਸਾਡੇ ਜੱਜ ਇਹ ਯਕੀਨੀ ਬਣਾਉਣਗੇ ਕਿ ਸਰਵਉਚ ਅਦਾਲਤ ਵਿੱਚ ਵੀ ਕੋਈ ਮਾਮਲਾ ਦੋ ਸਾਲ ਤੋਂ ਵੱਧ ਨਾ ਰੁਕੇ। ਉਨ੍ਹਾਂ ਦੇਸ਼ ਦੀ ਜਨਸੰਖਿਆ ਦੇ ਮੁਕਾਬਲੇਜੱਜਾਂ ਦੀ ਸੰਖਿਆ ਦੀ ਘਾਟ ਨੂੰ ਮਕੱਦਮਿਆਂ ਚ ਹੋ ਰਹੀ ਦੇਰੀ ਨੂੰ ਮੁੱਖ ਕਾਰਨ ਮੰਨਿਆ ਸੀ, ਪਰ ਹਾਲਾਤ ਅਜ ਵੀ ਪਰਨਾਲਾ ਉਥੇ ਦਾ ਉਥੇ ਵਾਲੇ ਹੀ ਹਨ। ਮੇਰੇ ਕੁੱਝ ਦੋਸਤ ਭਾਰਤੀ ਨਿਆਂ ਪ੍ਰਣਾਲੀ ਵਿਚ ਜੱਜ ਅਤੇ ਵਕੀਲ ਵਜੋਂ ਕੰਮ ਕਰਦੇ ਹਨ। ਉਹਨਾਂ ਨਾਲ ਇਸ ਮਸਲੇ ਉੱਤੇ ਗੱਲਬਾਤ ਕਰਨ 'ਤੇ ਪਤਾ ਲੱਗਾ ਕਿ ਜਿਥੇ ਜੱਜਾਂ ਕੋਲ ਕਿਸੇ ਕੇਸ ਦੀ ਸੁਣਵਾਈ ਲਈ ਸਿਰਫ ਕੁਝ ਕੁ ਮਿੰਟ ਹੁੰਦੇ ਹਨ, ਉਥੇ ਨਿਆਂ ਦੀ ਕੀ ਉਮੀਦ ਕੀਤੀ ਜਾਵੇ। ਦੇਸ਼ ਵਿੱਚ ਨਿਆਂਪਾਲਿਕਾਸਾਲ-ਦਰ-ਸਾਲ ਕੇਸਾਂ ਦੇ ਵਧਦੇ ਬੋਝ ਹੇਠ ਦੱਬੀ ਜਾ ਰਹੀ ਹੈ। ਔਸਤਨ, ਹਰੇਕ ਜੱਜ ਕੋਲ ਇੱਕ ਹਜ਼ਾਰ ਤੋਂ ਵੱਧ ਕੇਸ ਵਿਚਾਰ ਅਧੀਨ ਹਨ। ਅਜਿਹੀ ਸਥਿਤੀ ਵਿੱਚ, ਸੁਣਵਾਈ ਦੀ ਜਲਦਬਾਜੀ ਦੇ ਕਾਰਨ ਜੱਜਾਂ ਅਤੇ ਵਕੀਲਾਂ ਨੂੰ ਬਹੁਤ ਸਾਰੀਆਂ ਉਲਝਣਾਂ ਦਰਪੇਸ਼ ਹਨ। ਉਹਨਾਂ ਉਤੇ ਮਾਨਸਿਕ ਦਬਾਅ ਬਹੁਤ ਪੈ ਰਿਹਾ ਹੈ , ਜਿਸ ਦੇ ਸਿੱਟੇ ਵਜੋਂ ਬਹੁਤੇ ਮਾਮਲੇ ਸਹੀ ਤੇ ਨਿਰਪੱਖ ਹੱਲ ਨਾ ਹੋਣ ਕਾਰਨ ਅੱਗੇ ਉਚ ਅਦਾਲਤਾਂ ਵਿਚ ਅਪੀਲਾਂ ਬਣਕੇ ਲੰਮਾ ਸਮਾ ਲਟਕਦੇ ਰਹਿੰਦੇ ਹਨ ਤੇ ਬਹੁਤੇ ਮੁਕੱਦਮੇ ਜਿਲਾ ਅਦਾਲਤਾਂ ਵਿਚ ਤਾਰੀਕ ਪੇ ਤਾਰੀਕ ਫਿਲਮੀ ਡਾਇਲਾਗ ਦਾ ਅਮਲੀ ਰੂਪ ਬਣ ਲੰਮਾ ਸਮਾਂ ਲਟਕਦੇ ਰਹਿ ਜਾਂਦੇ ਹਨ। ਦੂਜੇ ਸ਼ਬਦਾਂ ਵਿਚ ਅਦਾਲਤਾਂ ਦੀ ਸਥਿਤੀ ਇਸ ਵੇਲੇ ਅੱਗਾ ਦੌੜ ਤੇ ਪਿੱਛਾ ਚੌੜ ਵਾਲੀ ਬਣੀ ਹੋਈ ਹੈ।

ਬਾਕੀ ਹਿਸਾ ਸਫਾ 56 ਤੇ ਪੜ੍ਹੋ

55 ਸਫ਼ੇ ਦੀ ਬਾਕੀ

ਇਥੇ ਜਿਕਰਯੋਗ ਹੈ ਕਿ ਹਰੇਕ ਜੱਜ ਇਕ ਮੁਕੱਦਮੇ ਨੂੰ ਔਸਤਨ ਪੰਜ ਮਿੰਟ ਦਿੰਦਾ ਹੈ। ਕੁਝ ਉੱਚ ਅਦਾਲਤਾਂ ਵਿੱਚ, ਇਹ ਅਵਧੀ ਢਾਈ ਮਿੰਟ ਤੱਕ ਸੀਮਤਕੀਤੀ ਗਈ ਹੈ। ਕਹਿਣ ਦਾ ਭਾਵ ਇਹ ਕਿ ਹਰੇਕ ਕੇਸ ਦੀ ਸੁਣਵਾਈ ਲਈ ਔਸਤਨ ਅਧਿਕਤਮ ਸਮਾਂ ਸੀਮਾ ਸਿਰਫ 15 ਮਿੰਟ ਹੁੰਦੀ ਹੈ। ਅਜਿਹੀ ਸਥਿਤੀਵਿੱਚ, ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਨਹੀਂ ਹੋਵੇਗਾ ਕਿ ਗੁੰਝਲਦਾਰ ਕਾਨੂੰਨੀ ਪ੍ਰਕਿਰਿਆਵਾਂ ਦੇ ਵਿਚਕਾਰ ਹਰ ਤਾਰੀਖ ਨੂੰ 2 ਤੋਂ 15 ਮਿੰਟ ਦੀ ਸੁਣਵਾਈਸ਼ਿਕਾਇਤਕਰਤਾ ਤੋਂ ਨਿਆਂ ਦੀ ਆਖਰੀ ਮੰਜ਼ਲ ਨੂੰ ਕਿੰਨੀ ਦੂਰ ਪਹੁੰਚਾਉਦੀ ਹੋਵੇਗੀ ?

ਇਥੇ ਦੱਸਣਾ ਬਣਦਾ ਹੈ ਕਿ ਭਾਰਤੀ ਅਦਾਲਤਾਂ ਵਿਚ ਇਸ ਸਮੇਂ 3 ਕਰੋੜ 77 ਲੱਖ ਕੇਸ ਪਿਛਲੇ ਲੰਮੇ ਸਮੇ ਤੋਂ ਲਟਕ ਰਹੇ ਹਨ। ਇਥੋਂ ਤੱਕ ਕਿ ਇਕ ਬਹਿਰਾਮ ਪੁਰ ਨਾਮ ਵਾਲਾ ਕੇਸ ਭਾਰਤੀ ਸੁਪਰੀਮ ਕੋਰਟ ਵਿਚ 19 ਜਨਵਰੀ 1948 ਤੋਂ ਲੈ ਕੇ ਅੱਜ ਵੀ ਚੱਲ ਰਿਹਾ ਹੈ।

ਜੇਕਰ ਪਤੀ ਪਤਨੀ ਦੌਰਾਨ ਹਰ ਪਰਿਵਾਰਕ ਅਤੇ ਸਮਾਜਿਕ ਚਾਰਾ ਜੋਈ ਕਰਨ ਤੋਂ ਬਾਦ ਵੀ ਨਹੀਂ ਨਿਭਦੀ ਜਾਂ ਸਮਝੌਤਾ ਨਹੀਂ ਹੁੰਦਾ ਤਾਂ ਦੋਹਾਂ ਦਰਮਿਆਨ ਆਪੋ ਆਪਣੇ ਭਵਿੱਖ ਨੂੰ ਮੁੱਖ ਰੱਖ ਕੇ ਆਪਸੀ ਸਹਿਮਤੀ ਨਾਲ ਹਿੰਦੂ ਮੈਰਿਜ ਐਕਟ ਦੀ ਧਾਰਾ 13 ਭ ਤਹਿਤ ਤਲਾਕ ਹੋ ਜਾਣਾ ਚਾਹੀਦਾ ਹੈ ਕਿਉਕਿ ਇਸੇ ਐਕਟ ਦੀ ਧਾਰਾ 13 ਅ ਤਲਾਕ ਵਾਲੇ ਕੇਸ ਨੂੰ ਦੀਵਾਨੀ ਅਤੇ ਫੌਜਦਾਰੀ ਮਿਲਗੋਭਾ ਬਣਾ ਦਿੰਦੀ ਹੈ ਤੇ ਇਸ ਦੇ ਨਾਲ ਹੀ ਕੇਸ ਨੂੰ ਸਾਬਤ ਕਰਨ ਦਾ ਸਾਰਾ ਬੋਝ ਅਰਜੀ ਕਰਤਾ ਦੇ ਸਿਰ ਪਾ ਦਿੰਦੀ ਹੈ, ਜਿਸ ਕਾਰਨ ਇਸ ਤਰਾਂ ਦੀ ਸਥਿਤੀ ਵਿਚ ਇਕ ਸਧਾਰਨ ਕੇਸ ਵੀ ਭਾਰਤੀ ਗਲਤ ਜਾਂ ਦੋਸ਼ ਪੂਰਨ ਕਾਨੂੰਨ ਦੇ ਕਾਰਨ ਗੁੰਝਲਦਾਰ ਬਣ ਜਾਂਦਾ ਹੈ। ਇਥੇ ਜਿਕਰਯੋਗ ਹੈ ਕਿ ਤਲਾਕ ਨਾਲ ਸਬੰਧਿਤ ਲਗਭਗ 8000 ਕੇਸ ਭਾਰਤੀ ਅਦਾਲਤਾਂ ਵਿਚ ਬਿਨਾ ਵਜ੍ਹਾ ਲੰਮੇ ਸਮੇਂ ਤੋਂ ਲਟਕ ਰਹੇ ਹਨ ਅਤੇ ਲੋਕਾਂ ਦੀਆਂ ਜਿੰਦਗੀਆਂ ਨਾਲ ਖਿਲਵਾੜ ਕਰਨ ਦਾ ਕਾਰਨ ਬਣ ਰਹੇ ਹਨ।

ਮੁਕਦੀ ਗੱਲ ਇਹ ਕਿ ਕੇਸਾਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ, ਨਿਆਂ ਵਿਚ ਦੇਰੀ ਅਤੇ ਨਿਆਂ ਤੋਂ ਸ਼ਿਕਾਇਤਕਰਤਾ ਦੀ ਦੂਰੀ, ਨਿਆਂ ਪ੍ਰਣਾਲੀ ਲਈ ਇੱਕਰੋਗ ਬਣ ਗਈ ਹੈ। ਹਾਲਾਂਕਿ, ਮਾਹਰ ਮੰਨਦੇ ਹਨ ਕਿ ਇਹ ਬਿਮਾਰੀ ਅਜੇ ਤਕ ਲਾਇਲਾਜ ਨਹੀਂ ਹੈ।

ਅੰਕੜਿਆਂ ਦੀ ਵਿਸ਼ੇਸ਼ਤਾ ਵੇਖੋ ਕਿ ਭਾਰਤ ਵਿੱਚ 73 ਹਜ਼ਾਰ ਲੋਕਾਂ ਲਈ ਸਿਰਫ ਇਕ ਜੱਜ ਹੈ, ਜਦੋਂਕਿ ਅਮਰੀਕਾ ਵਿੱਚ ਇਹ ਅਨੁਪਾਤ ਸੱਤ ਗੁਣਾ ਘੱਟ ਹੈ। ਇਸ ਤਰ੍ਹਾਂ, ਹਾਈ ਕੋਰਟ ਦੇ ਹਰੇਕ ਜੱਜ ਵਿਰੁੱਧਔਸਤਨ, 1300 ਕੇਸ ਵਿਚਾਰ ਅਧੀਨ ਹਨ। ਇਹ ਸਪੱਸ਼ਟ ਹੈ ਕਿ ਜੱਜਾਂ ਦੀ ਗਿਣਤੀ ਉਹਨਾਂ ਲੋਕਾਂ ਦੀ ਸੰਖਿਆ ਦੇ ਅਨੁਪਾਤ ਵਿੱਚ ਲੋੜੀਂਦੀ ਨਹੀਂ ਹੈ ਜੋਨਿਆਂ ਦੀ ਆਸ ਵਿੱਚ ਅਦਾਲਤਾਂ ਵਿੱਚ ਪਹੁੰਚਦੇ ਹਨ।

ਸੀਨੀਅਰ ਵਕੀਲ ਪ੍ਰਤਾਪ ਚੰਦਰ ਦਾ ਕਹਿਣਾ ਹੈ ਕਿ ਜੇ ਕੇਸਾਂ ਵਿੱਚ ਸੁਣਵਾਈ ਦਾ ਸਮਾਂ ਨਿਰਧਾਰਤ ਕੀਤਾ ਜਾਂਦਾ ਹੈ ਅਤੇ ਨਾਈਟ ਕੋਰਟ ਤੇ ਫਾਸਟ ਟਰੈਕਅਦਾਲਤਾਂ ਦੀ ਗਿਣਤੀ ਵਧਾ ਦਿੱਤੀ ਜਾਂਦੀ ਹੈ, ਨਾਲ ਹੀ ਹਰ ਕੇਸ ਵਿੱਚ ਸਮੀਖਿਆ ਪਟੀਸ਼ਨ ਦੀ ਵਿਵਸਥਾ ਨਹੀਂ ਕੀਤੀ ਜਾਂਦੀ, ਤਾਂ ਲੋਕਾਂ ਨੂੰ ਸਮੇਂ 'ਤੇ ਨਿਆਂਮੰਦਰ ਵਿੱਚ ਇਨਸਾਫ ਮਿਲੇਗਾ।

ਚਲਦੇ ਚਲਦੇ ਪੇਸ਼ ਹੈ ਭਾਰਤੀ ਨਿਆਂ ਪਾਲਿਕਾ ਵਿਚ ਮੁਕੱਦਮਿਆਂ ਦੇ ਕੁੱਝ ਕੁ ਅੰਕੜਿਆਂ 'ਤੇ ਇਕ ਨਜ਼ਰ-

ਇਸ ਵੇਲੇ ਦੇਸ਼ ਦੀਆਂ ਜ਼ਿਲ੍ਹਾ ਅਤੇ ਤਹਿਸੀਲ ਅਦਾਲਤਾਂ ਵਿੱਚ 28 ਲੱਖ ਕੇਸ ਵਿਚਾਰ ਅਧੀਨ ਹਨ। ਇਨ੍ਹਾਂ ਵਿੱਚੋਂ 5,00,000 ਤੋਂ ਵੱਧ ਕੇਸ ਦੋ ਦਹਾਕਿਆਂ ਤੋਂ ਤੋਂ ਵੀ ਪੁਰਾਣੇ ਹਨ। ਤਿੰਨ ਦਹਾਕਿਆਂ ਤੋਂ 85,141 ਮਾਮਲਿਆਂ 'ਤੇ ਕੋਈ ਫੈਸਲਾ ਨਹੀਂ ਲਿਆ ਗਿਆ ਹੈ। ਦੇਸ਼ ਭਰ ਦੀਆਂ 25 ਹਾਈ ਕੋਰਟਾਂ ਅੱਗੇ 47 ਲੱਖ ਤੋਂ ਵੱਧ ਕੇਸ ਵਿਚਾਰ ਅਧੀਨ ਹਨ। ਇਨ੍ਹਾਂ ਮਾਮਲਿਆਂ ਵਿਚੋਂ 9,20,000 ਤੋਂ ਵੱਧ ਕੇਸ 10 ਸਾਲਾਂ ਦੇ ਲੰਬੇ ਸਮੇਂ ਤੋਂ ਲਟਕ ਰਹੇ ਹਨ। ਪਿਛਲੇ 20 ਸਾਲਾਂ ਵਿਚ 6,60,000 ਤੋਂ ਵੱਧ ਕੇਸ ਸੁਣਵਾਈ ਦੀ ਉਡੀਕ ਵਿਚ ਹਨ। 30 ਸਾਲਾਂ ਤੋਂ ਲਟਕ ਰਹੇ ਕੇਸਾਂ ਦੀ ਗਿਣਤੀ 1,31,000 ਹੈ, ਕਰ ਲਓ ਘਿਓ ਨੂੰ ਭਾਂਡਾ, ਲੈ ਲਓ ਇਨਸਾਫ !!!

********

ਮਿੰਨੀ ਕਹਾਣੀ

## ਉਲਟੇ ਹੋਰ ਜ਼ਮਾਨੇ ਆਏ

ਅੱਜ ਮੈਂ ਜਦੋਂ ਸਬਜੀ ਵਾਲੀ ਦੁਕਾਨ ਤੋਂ ਸਬਜੀ ਖਰੀਦ ਰਿਹਾ ਸੀ ਤਾਂ ਸਬਜੀ ਵਾਲਾ ਬਿਹਾਰੀ ਆਪਣੀ ਸਬਜੀ ਨੂੰ ਠੀਕ ਤਰੀਕੇ ਨਾਲ ਲਗਾ ਰਿਹਾ ਸੀ। ਦੋ ਤਿੰਨ ਪੰਜਾਬੀ ਮੁੰਡੇ ਆਏ ਤੇ ਉਸ ਨੂੰ ਪੁੱਛਣ ਲੱਗੇ, ਭਈਆ ਜੀ ਆਪ ਕੇ ਪਾਸ ਕੋਈ ਕਾਮ ਹੈ, ਦੁਕਾਨ ਕੇ ਲੀਏ ਬੰਦੇ ਕੀ ਜ਼ਰੂਰਤ ਹੈ। ਬਿਹਾਰੀ ਸਬਜੀ ਵਾਲੇ ਵਲੋਂ ਜਵਾਬ ਦਿੱਤਾ ਗਿਆ ਨਹੀ ਮੇਰੇ ਪਾਸ ਬੰਦਾ ਪੂਰਾ ਹੈ। ਮੈਂ ਚੁੱਪ ਚਾਪ ਸਾਰੀ ਵਾਰਤਾਲਾਪ ਸੁਣੀ ਤਾਂ ਮੇਰੇ ਮਨ ਵਿੱਚ ਪੰਜਾਬੀ ਗੀਤ ਦੇ ਬੋਲ ਯਾਦ ਆ ਗਏ 'ਉਲਟੇ ਹੋਰ ਜ਼ਮਾਨੇ ਆਏ', ਕਿ ਵੇਖੋ ਬਿਹਾਰੀ ਲੋਕ ਪੰਜਾਬ ਚ ਕੰਮ ਕਰਨ ਆਏ ਸੀ ਤੇ ਪੰਜਾਬੀਆਂ ਕੋਲੋ ਆ ਕੇ ਕੰਮ ਦੀ ਮੰਗ ਕਰਦੇ ਹੁੰਦੇ ਸੀ ਅੱਜ ਉਹ ਕਾਰੋਬਾਰੀ ਬਣ ਗਏ ਤੇ ਪੰਜਾਬੀਆਂ ਨੂੰ ਕੰਮ ਤੇ ਰੱਖਣ ਤੋਂ ਇਨਕਾਰ ਕਰਦੇ ਨੇ ਤੇ ਪੰਜਾਬੀ ਆਪਣੀ ਮਾਂ ਬੋਲੀ ਬੋਲਣਾ ਛੱਡ ਕੇ ਹਿੰਦੀ ਬੋਲ ਕੇ ਕੰਮ ਮੰਗ ਰਹੇ ਹਨ।



ਅਮਰਜੀਤ ਸਿੰਘ ਸੰਧੂ

+91 98880 23226

# ਬੰਗਲਾ ਦੇਸ਼ ਵਿਚ ਮੀਡੀਆ ਅਦਾਰਿਆਂ ਨੂੰ ਸਖ਼ਤ ਚੇਤਾਵਨੀ

ਪ੍ਰੋ. ਕੁਲਬੀਰ ਸਿੰਘ



ਬੰਗਲਾ ਦੇਸ਼ ਦੀ ਅੰਤ੍ਰਿਮ ਸਰਕਾਰ ਨੇ ਮੀਡੀਆ ਅਦਾਰਿਆਂ ਨੂੰ ਚੇਤਾਵਨੀ ਦਿੱਤੀ ਹੈ ਕਿ ਜੇਕਰ ਉਹ ਝੂਠੀਆਂ, ਜਾਅਲੀ ਅਤੇ ਕੁਰਾਹੇ ਪਾਉਣ ਵਾਲੀਆਂ ਖ਼ਬਰਾਂ ਪ੍ਰਕਾਸ਼ਿਤ ਪ੍ਰਸਾਰਿਤ ਕਰਨਗੇ ਤਾਂ ਅਜਿਹੇ ਅਦਾਰਿਆਂ ਨੂੰ ਬੰਦ ਕਰ ਦਿੱਤਾ ਜਾਵੇਗਾ।

ਮੀਡੀਆ ਸੱਚ ਨੂੰ ਨਜ਼ਰ ਅੰਦਾਜ਼ ਕਰ ਰਿਹਾ ਹੈ ਅਤੇ ਚਲੰਤ-ਮਾਮਲਿਆਂ ਦੇ ਪ੍ਰੋਗਰਾਮਾਂ ਵਿਚ ਸੰਤੁਲਿਤ ਚਰਚਾ ਨਹੀਂ ਹੋ ਰਹੀ। ਇੰਝ ਮੀਡੀਆ ਸਹੀ ਜਾਣਕਾਰੀ ਲੋਕਾਂ ਤੱਕ ਪਹੁੰਚਾਉਣ ਵਿਚ ਅਸਫ਼ਲ ਰਿਹਾ ਹੈ।

ਇਹ ਵੀ ਕਿਹਾ ਗਿਆ ਕਿ ਵਿਦਿਆਰਥੀ ਅੰਦੋਲਨ ਦੌਰਾਨ ਜਿਹੜੇ ਕਰਮਚਾਰੀਆਂ ਤੇ ਅਧਿਕਾਰੀਆਂ ਨੇ ਇੰਟਰਨੈਟ ਸੇਵਾਵਾਂ ਨੂੰ ਬੰਦਾ ਕੀਤਾ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ।

ਟੈਲੀਕਮਿਊਨੀਕੇਸ਼ਨ ਤੇ ਸੂਚਨਾ ਤਕਨੀਕ ਦੇ ਸਲਾਹਕਾਰ ਨਾਹਿਦ ਇਸਲਾਮ ਨੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਕਿਹਾ ਕਿ ਅਜਿਹਾ ਗਲਤ ਖ਼ਬਰਾਂ ਦੇ ਪ੍ਰਚਾਰ ਪ੍ਰਸਾਰ ਨੂੰ ਰੋਕਣ ਲਈ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਮੀਡੀਆ ਸੱਚ ਨੂੰ ਛੁਪਾਉਂਦਾ ਹੈ, ਸਾਹਮਣੇ ਨਹੀਂ ਲਿਆਉਂਦਾ ਤਾਂ ਦੇਸ਼ ਨੂੰ ਕਈ ਤਰ੍ਹਾਂ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜੇਕਰ ਮੀਡੀਆ ਨੇ ਸੱਚ ਸਾਹਮਣੇ ਲਿਆਂਦਾ ਹੁੰਦਾ ਤਾਂ ਪੁਲਿਸ ਕਰਮਚਾਰੀਆਂ ਨੂੰ ਅਜਿਹੇ ਹਾਲਾਤਾਂ ਦਾ ਸਾਹਮਣਾ ਨਾ ਕਰਨਾ ਪੈਂਦਾ। ਅਧਿਕਾਰੀਆਂ ਨੇ ਕਿਹਾ ਕਿ ਹੁਣ ਇੰਟਰਨੈਟ ਸੇਵਾਵਾਂ ਨੂੰ ਬੰਦ ਕਰਨਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

ਬੰਗਲਾ ਦੇਸ਼ ਵਿਚ ਵਧੇਰੇ ਅਖ਼ਬਾਰਾਂ ਬੰਗਾਲੀ ਅਤੇ ਅੰਗਰੇਜ਼ੀ ਭਾਸ਼ਾਵਾਂ ਵਿਚ ਪ੍ਰਕਾਸ਼ਿਤ ਹੁੰਦੀਆਂ ਹਨ। ਜਿਨ੍ਹਾਂ ਵਿਚੋਂ ਵਧੇਰੇ ਢਾਕਾ ਤੋਂ ਛਪਦੀਆਂ ਹਨ। ਟੈਲੀਵਿਜ਼ਨ ਚੈਨਲ ਸਰਕਾਰ ਦੀ ਨਿਗਰਾਨੀ ਹੇਠ ਚੱਲਦੇ ਹਨ ਅਤੇ ਬੀ ਟੀ ਵੀ ਨਾਂ ਨਾਲ ਪ੍ਰਚਲਿਤ ਹਨ। ਬੀ ਟੀ ਵੀ ਅਰਥਾਤ ਬੰਗਾਲੀ ਟੀ ਵੀ। ਇਸਦੀ ਸ਼ੁਰੂਆਤ 1964 ਵਿਚ ਪੀ ਟੀ ਵੀ ਦੀ ਸ਼ਾਖਾ ਵਜੋਂ ਹੋਈ ਸੀ। ਬੰਗਾਲੀ ਭਾਸ਼ਾ ਦਾ ਇਹ ਸੱਭ ਤੋਂ ਪੁਰਾਣਾ ਟੈਲੀਵਿਜ਼ਨ ਨੈਟਵਰਕ ਹੈ।

ਰੇਡੀਓ ਨੂੰ ਬੰਗਲਾ ਦੇਸ਼ ਬੇਤਾਰ ਕਿਹਾ ਜਾਂਦਾ ਹੈ। ਟੈਲੀਵਿਜ਼ਨ ਅਜੇ ਵੀ ਲਾਇਸੈਂਸ ਫੀਸ ਦੀ ਮਦਦ ਨਾਲ ਚੱਲਦਾ ਹੈ। ਇਨ੍ਹਾਂ ਦੇ ਮੁਖ ਦਫ਼ਤਰ ਰਾਮਪੁਰਾ ਵਿਖੇ ਹਨ।

1971 ਵਿਚ ਇਸਨੂੰ ਪੀ ਟੀ ਵੀ ਨਾਲੋਂ ਅਲੱਗ ਕਰਕੇ ਇਸਦਾ ਨਾਂ ਬੰਗਲਾਦੇਸ਼ ਟੈਲੀਵਿਜ਼ਨ ਰੱਖ ਦਿੱਤਾ ਗਿਆ ਸੀ।

ਦੂਰਦਰਸ਼ਨ ਵਾਂਗ ਬੀ ਟੀ ਵੀ ਨੇ ਵੀ ਕਈ ਰੰਗ ਵੇਖੇ। 2000 ਤੋਂ ਪਹਿਲਾਂ ਦੇ 20



ਸਾਲਾਂ ਨੂੰ ਸੁਨਹਿਰੀ ਕਾਲ ਵਜੋਂ ਜਾਣਿਆ ਜਾਂਦਾ ਹੈ। ਵੱਖ ਵੱਖ ਵਿਸ਼ੇਸ਼ ਪ੍ਰੋਗਰਾਮਾਂ ਅਤੇ ਕਵਰੇਜ ਨੂੰ ਕੌਮੀ ਤੇ ਕੌਮਾਂਤਰੀ ਪੁਰਸਕਾਰ ਮਿਲਦੇ ਰਹੇ ਹਨ।

ਭਾਰਤ ਦੀ ਤਰ੍ਹਾਂ ਬੰਗਲਾ ਦੇਸ਼ ਵਿਚ ਵੀ 1995 ਤੋਂ 2010 ਦੇ ਸਮੇਂ ਦੌਰਾਨ ਬਹੁਤ ਸਾਰੇ ਨਿੱਜੀ ਚੈਨਲਾਂ ਦੀ ਆਮਦ ਨਾਲ ਸਥਿਤੀ ਤੇਜ਼ੀ ਨਾਲ ਬਦਲੀ ਅਤੇ ਦਰਸ਼ਕਾਂ ਦੀ ਪਸੰਦ ਨਿੱਜੀ ਚੈਨਲਾਂ ਦੇ ਤਰ੍ਹਾਂ ਤਰ੍ਹਾਂ ਦੇ ਪ੍ਰੋਗਰਾਮ ਬਣਦੇ ਗਏ।

2018 ਤੋਂ ਬਾਅਦ ਵਾਪਸੀ ਕਰਦਿਆਂ ਬੰਗਾਲ ਟੀ ਵੀ ਇੱਕ ਵਾਰ ਫਿਰ ਚਰਚਿਤ ਹੋ ਗਿਆ। ਇਸਦੇ ਪ੍ਰੋਗਰਾਮਾਂ ਨੂੰ ਦਰਸ਼ਕਾਂ ਦੀ ਵੱਡੀ ਗਿਣਤੀ ਨੇ ਵੇਖਣਾ ਸ਼ੁਰੂ ਕਰ ਦਿੱਤਾ।

2024 ਵਿਚ ਵਿਦਿਆਰਥੀਆਂ ਦੁਆਰਾ ਕੋਟਾ ਦੇ ਵਿਰੋਧ ਵਿਚ ਆਰੰਭ ਕੀਤੇ ਸੰਘਰਸ਼ ਨੇ ਜਦ ਹਿੰਸਕ ਰੂਪ ਅਖ਼ਤਿਆਰ ਕਰ ਲਿਆ ਤਾਂ 18 ਜੁਲਾਈ 2024 ਨੂੰ ਬੀ ਟੀ ਵੀ ਦੇ ਮੁੱਖ ਕੇਂਦਰ ਨੂੰ ਅੱਗ ਲਗਾ ਦਿੱਤੀ ਅਤੇ ਵੱਡੀ ਪੱਧਰ 'ਤੇ ਇਮਾਰਤ ਨੂੰ ਨੁਕਸਾਨ ਪਹੁੰਚਾਇਆ। ਆਪਾ ਧਾਪੀ ਵਾਲਾ ਮਾਹੌਲ ਬਣ ਗਿਆ ਨਤੀਜੇ ਵਜੋਂ ਇਸਦਾ ਪ੍ਰਸਾਰਨ ਬੰਦ ਕਰ ਦਿੱਤਾ ਗਿਆ। ਅਗਲੇ ਦਿਨ 19 ਜੁਲਾਈ ਤੱਕ ਪ੍ਰਸਾਰਨ ਬੰਦ ਰਿਹਾ।

ਸ਼ੇਖ ਹਸੀਨਾ ਦੇ ਦੇਸ਼ ਛੱਡਣ ਬਾਅਦ 18 ਅਗਸਤ 2024 ਨੂੰ ਸੂਚਨਾ ਤੇ ਪ੍ਰਸਾਰਨ ਮਹਿਕਮੇ ਦੇ ਸਲਾਹਕਾਰ ਨਾਹਿਦ ਇਸਲਾਮ ਨੇ ਕਿਹਾ ਕਿ ਸਾਰੇ ਪ੍ਰਸਾਰਨ ਅਦਾਰਿਆਂ ਨੂੰ ਬਹੁਤ ਜਲਦੀ ਆਧੁਨਿਕ ਤਕਨੀਕੀ ਸਹੂਲਤਾਂ ਨਾਲ ਲੈਸ ਕੀਤਾ ਜਾਵੇਗਾ।

ਵੇਖਣ ਵਿਚ ਆਇਆ ਹੈ ਕਿ ਬੰਗਲਾ ਦੇਸ਼ ਮੀਡੀਆ ਦਾ ਹਰੇਕ ਅਦਾਰਾ, ਚਾਹੇ ਉਹ ਰੇਡੀਓ ਹੈ, ਅਖ਼ਬਾਰ ਹੈ, ਟੈਲੀਵਿਜ਼ਨ ਹੈ, ਸੋਸ਼ਲ ਮੀਡੀਆ ਮੰਚ ਹਨ, ਹਰ ਕੋਈ ਆਪਣੇ ਆਪਣੇ ਨਜ਼ਰੀਏ ਤੋਂ ਸਥਾਨਕ ਸੰਕਟ ਦੀ ਕਵਰੇਜ ਕਰ ਰਿਹਾ ਹੈ। ਕਿਉਂ ਕਿ ਇਸਦੇ ਕਈ ਸਮਾਜਕ, ਸਰਕਾਰੀ ਤੇ ਸੰਵੇਦਨਸ਼ੀਲ ਪਹਿਲੂ ਹਨ। ਵੱਖ ਵੱਖ ਸਰਕਾਰਾਂ ਦਾ ਆਪਣਾ ਪੱਖ ਹੈ, ਸੰਘਰਸ਼ ਕਰ ਰਹੇ ਵਿਦਿਆਰਥੀਆਂ ਦੀਆਂ ਆਪਣੀਆਂ ਮੰਗਾਂ ਹਨ, ਵੱਖ ਵੱਖ ਵਰਗਾਂ ਦੀਆਂ ਆਪਣੀਆਂ ਸਮੱਸਿਆਵਾਂ ਪ੍ਰੇਸ਼ਾਨੀਆਂ ਹਨ। ਸੱਭ ਤੋਂ ਵੱਡੀ ਚਿੰਤਾ ਤੇ ਮੁਖ ਲੋੜ ਮਾਹੌਲ ਨੂੰ ਸ਼ਾਂਤ ਕਰਨਾ ਤੇ ਆਮ ਜਨ-ਜੀਵਨ ਨੂੰ ਲੀਹ 'ਤੇ ਲਿਆਉਣਾ ਹੈ। ਇਸੇ ਦੇ ਮੱਦੇ-ਨਜ਼ਰ ਅੰਤ੍ਰਿਮ ਸਰਕਾਰ ਨੂੰ ਸਖ਼ਤ ਚੇਤਾਵਨੀ ਦੇਣੀ ਪਈ ਹੈ।

# ਹਰਿਆਣਾ, ਜੰਮੂ-ਕਸ਼ਮੀਰ ਚੋਣਾਂ-ਭਾਜਪਾ ਦਾ ਅਕਸ ਦਾਅ 'ਤੇ

ਗੁਰਮੀਤ ਸਿੰਘ ਪਲਾਹੀ
9815802070



ਇਹ ਸਪਸ਼ਟ ਹੈ ਕਿ ਹਰਿਆਣਾ ਅਤੇ ਜੰਮੂ-ਕਸ਼ਮੀਰ ਦੋਨਾਂ ਹੀ ਸੂਬਿਆਂ ਵਿੱਚ ਹੋਣ ਜਾ ਰਹੀਆਂ ਚੋਣਾਂ ਭਾਰਤੀ ਜਨਤਾ ਪਾਰਟੀ ਲਈ ਸੌਖੀਆਂ ਨਹੀਂ ਹੋਣਗੀਆਂ। ਉਥੇ ਭਾਜਪਾ ਅਤੇ ਕਾਂਗਰਸ/ਇੰਡੀਅਨ ਗਠਬੰਧਨ ਵਿੱਚ ਸਖ਼ਤ ਟੱਕਰ ਹੋਣ ਵਾਲੀ ਹੈ। ਇਹ ਚੋਣਾਂ ਸਤੰਬਰ/ਅਕਤੂਬਰ 2024 ਵਿੱਚ ਹੋ ਰਹੀਆਂ ਹਨ।

ਆਮ ਤੌਰ 'ਤੇ ਹਰਿਆਣਾ ਅਤੇ ਮਹਾਂਰਾਸ਼ਟਰ ਵਿੱਚ ਚੋਣਾਂ ਹੋਣ ਦਾ ਵੇਲਾ ਇਹੋ ਜਿਹਾ ਰਿਹਾ ਹੈ ਪਰ ਹਾਰ ਦੇ ਅਣਜਾਣੇ ਡਰ ਕਾਰਨ ਭਾਜਪਾ ਹਕੂਮਤ ਨੇ ਇਹ ਚੋਣਾਂ ਹਰਿਆਣਾ, ਜੰਮੂ ਕਸ਼ਮੀਰ ਦੀਆਂ ਚੋਣਾਂ ਬਾਅਦ ਕਰਵਾਉਣ ਦਾ ਫੈਸਲਾ ਭਾਰਤੀ ਚੋਣ ਕਮਿਸ਼ਨ ਤੋਂ ਕਰਵਾਇਆ ਹੈ। ਇਥੋਂ ਭਾਜਪਾ ਨੂੰ ਸ਼ਿਵ ਸੈਨਾ (ਯੂ.ਬੀ.ਟੀ.), ਨੈਸ਼ਨਲਿਸਟ ਕਾਂਗਰਸ ਪਾਰਟੀ (ਐਸ.ਸੀ.) ਕਾਂਗਰਸ ਅਤੇ ਹੋਰ ਪਾਰਟੀਆਂ ਦੀ ਆਪਸੀ ਸਾਂਝ ਇੰਡੀਆ ਗਠਜੋੜ ਦਾ ਏਕਾ ਭਾਜਪਾ ਨੂੰ ਪ੍ਰੇਸ਼ਾਨ ਕਰ ਰਿਹਾ ਹੈ, ਕਿਉਂਕਿ ਇੰਡੀਆ ਗੱਠਜੋੜ ਦੇ ਆਗੂ ਸ਼ਰਦ ਪਵਾਰ ਦਾ ਬਿਆਨ ਹੈ ਕਿ ਉਹਨਾ ਦਾ ਪੂਰਾ ਜ਼ੋਰ ਮਹਾਰਾਸ਼ਟਰ 'ਚ ਸਰਕਾਰ ਬਦਲਣ ਤੇ ਕੇਂਦਰਿਤ ਹੈ।

ਉਧਰ ਜੰਮੂ-ਕਸ਼ਮੀਰ 'ਚ ਨੈਸ਼ਨਲ ਕਾਨਫਰੰਸ ਤੇ ਕਾਂਗਰਸ ਵਿਚਾਲੇ ਗੱਠਜੋੜ ਹੋ ਰਿਹਾ ਹੈ। ਜਿਥੇ 90 ਸੀਟਾਂ ਉਤੇ ਗਠਜੋੜ ਨੂੰ ਅੰਤਿਮ ਰੂਪ ਦੇ ਦਿੱਤਾ ਗਿਆ ਹੈ। ਇਥੇ ਕਾਂਗਰਸ ਅਤੇ ਨੈਸ਼ਨਲ ਕਾਨਫਰੰਸ ਅਰਥਾਤ ਇੰਡੀਆ ਗੱਠਜੋੜ ਦੀ ਤਰਜੀਹ ਜੰਮੂ ਕਸ਼ਮੀਰ ਦਾ ਪੂਰਨ ਰਾਜ ਦਾ ਦਰਜਾ ਬਹਾਲ ਕਰਨ ਦੀ ਹੈ। ਉਹਨਾ ਦੀ ਤਰਜੀਹ ਲੋਕਾਂ ਦੇ ਖੋਹੇ ਹੋਏ ਹੱਕ ਬਹਾਲ ਕਰਨ ਦੀ ਵੀ ਹੈ। ਇਸ ਗੱਠਜੋੜ ਤੋਂ ਬਾਅਦ ਭਾਜਪਾ ਅਤੇ ਇੰਡੀਆ ਗੱਠਜੋੜ ਦੀ ਟੱਕਰ ਜ਼ਬਰਦਸਤ ਹੋ ਜਾਏਗੀ। ਜੰਮੂ ਕਸ਼ਮੀਰ ਵਿੱਚ ਭਾਜਪਾ ਦੀ ਸਫ਼ਲਤਾ ਦਾ ਅਰਥ ਉਥੇ ਕੇਂਦਰ ਸਰਕਾਰ ਦੀਆਂ ਨੀਤੀਆਂ ਦਾ ਸਮਰੱਥਣ ਵੀ ਹੋਏਗਾ, ਜਿਸ ਵਿੱਚ 370 ਧਾਰਾ ਨੂੰ ਹਟਾਉਣਾ ਵੀ ਸ਼ਾਮਲ ਹੈ। ਪਰ ਇਸ ਗੱਲ ਦੀ ਸ਼ੰਕਾ ਹੈ ਕਿ ਭਾਜਪਾ ਜੰਮੂ ਕਸ਼ਮੀਰ ਵਿੱਚ ਇੱਕ ਮਜ਼ਬੂਤ ਤਾਕਤ ਦੇ ਰੂਪ ਵਿੱਚ ਉਭਰ ਪਾਏਗੀ।

2024 ਵਿੱਚ ਭਾਜਪਾ ਨੇ ਜੰਮੂ ਵਿੱਚ ਦੋ ਲੋਕ ਸਭਾ ਸੀਟਾਂ ਜਿੱਤੀਆਂ ਅਤੇ 24.4% ਵੋਟਾਂ ਪ੍ਰਾਪਤ ਕੀਤੀਆਂ, ਪਰ ਇਹ ਵੀ ਸੱਚਾਈ ਹੈ ਕਿ ਭਾਜਪਾ ਨੇ ਸਾਰੀਆਂ 6 ਲੋਕ ਸਭਾ ਸੀਟਾਂ ਉਤੇ ਲੋਕ ਸਭਾ ਚੋਣਾਂ ਨਹੀਂ ਸਨ ਲੜੀਆਂ। ਇਹ ਭਾਜਪਾ ਦੀ ਕਮਜ਼ੋਰੀ ਦਾ ਸਬੂਤ ਹੈ। ਇਥੇ ਇਹ ਵੀ ਵਰਨਣਯੋਗ ਹੈ ਕਿ ਜੰਮੂ ਕਸ਼ਮੀਰ ਵਿੱਚ 35 ਫ਼ੀਸਦੀ ਲੋਕ ਰਾਹੁਲ ਗਾਂਧੀ ਨੂੰ ਪ੍ਰਧਾਨ ਮੰਤਰੀ ਅਤੇ 27 ਫ਼ੀਸਦੀ ਨਰੇਂਦਰ ਮੋਦੀ ਨੂੰ ਪ੍ਰਧਾਨ ਮੰਤਰੀ ਵਜੋਂ ਵੇਖਣਾ ਪਸੰਦ ਕਰਦੇ ਸਨ।

2024 ਦੀਆਂ ਲੋਕ ਸਭਾ ਚੋਣਾਂ 'ਚ ਭਾਜਪਾ ਨੇ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੰਗਾ ਪ੍ਰਦਰਸ਼ਨ ਨਹੀਂ ਕੀਤਾ ਸੀ। ਹਰਿਆਣਾ 'ਚ ਭਾਜਪਾ ਨੇ 46.1 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ ਅਤੇ 10 ਸੀਟਾਂ ਵਿੱਚ 5 ਲੋਕ ਸਭਾ ਸੀਟਾਂ ਜਿੱਤੀਆਂ ਜਦਕਿ ਕਾਂਗਰਸ ਨੇ ਬਾਕੀ 5 ਸੀਟਾਂ ਤੇ ਸਫਲਤਾ ਪ੍ਰਾਪਤ ਕੀਤੀ ਅਤੇ 43.7 ਫ਼ੀਸਦੀ ਵੋਟ ਪ੍ਰਾਪਤ ਕੀਤੀਆਂ। ਭਾਜਪਾ ਨੇ 2019 ਚੋਣਾਂ 'ਚ 58 ਫ਼ੀਸਦੀ ਵੋਟਾਂ ਲਈਆਂ ਸਨ ਅਤੇ ਇਸ ਵੇਰ 12 ਫ਼ੀਸਦੀ ਦੀ ਗਿਰਾਵਟ ਇਹਨਾਂ ਚੋਣਾਂ 'ਚ ਵੇਖੀ ਗਈ। ਜਦਕਿ ਕਾਂਗਰਸ ਨੇ 2019 'ਚ 28.4 ਫੀਸਦੀ ਵੋਟ ਲਏ ਅਤੇ ਇਸ ਵੇਰ 15.3 ਫ਼ੀਸਦੀ ਦਾ ਵਾਧਾ ਵੋਟਾਂ 'ਚ ਕੀਤਾ। ਇਹ ਇਸ ਗੱਲ ਦਾ ਸੰਕੇਤ ਹੈ ਕਿ ਇਸ ਵੇਰ ਹਵਾ ਕਿਸ ਪਾਸੇ ਵੱਗ ਰਹੀ ਹੈ।



ਸਾਲ 2019 'ਚ ਜਦੋਂ ਹਰਿਆਣਾ 'ਚ ਵਿਧਾਨ ਸਭਾ ਚੋਣਾਂ ਹੋਈਆਂ ਸਨ ਤਾ ਭਾਜਪਾ ਨੂੰ 36.5 ਫ਼ੀਸਦੀ ਵੋਟ ਮਿਲੇ ਸਨ ਤੇ 40 ਸੀਟਾਂ ਪ੍ਰਾਪਤ ਹੋਈਆਂ। ਇਹ ਲੋਕ ਸਭਾ 2019 ਦੀਆਂ ਭਾਜਪਾ ਨੂੰ ਪ੍ਰਾਪਤ ਵੋਟਾਂ ਤੋਂ ਕਾਫ਼ੀ ਘੱਟ ਸਨ। ਇਸ ਵੇਰ ਦੇਖਣਾ ਹੋਏਗਾ ਕਿ ਹਰਿਆਣਾ ਦੇ ਲੋਕ ਇਸੇ ਕਿਸਮ ਦੇ ਫ਼ੈਸਲੇ ਨੂੰ ਦੁਹਰਾਉਂਦੇ ਹਨ ਜਾਂ ਕੋਈ ਅਲੱਗ ਫ਼ੈਸਲਾ ਕਰਦੇ ਹਨ।

ਹਰਿਆਣਾ ਵਿੱਚ 2019 'ਚ ਭਾਜਪਾ ਨੇ ਗੱਠਜੋੜ ਸਰਕਾਰ ਬਣਾਈ। ਇਸ ਸਮੇਂ ਦੌਰਾਨ ਕਿਸਾਨ ਅੰਦੋਲਨ ਹੋਇਆ। ਇਸ ਅੰਦੋਲਨ 'ਚ ਹਰਿਆਣਾ ਭਾਜਪਾ ਤੇ ਸਰਕਾਰ ਦੀ ਭੂਮਿਕਾ ਬੇਹੱਦ ਇੱਕ ਪਾਸੜ ਰਹੀ। ਕਿਸਾਨਾਂ ਦੀ ਗੁੱਸਾ ਸਰਕਾਰ ਨੂੰ ਝੱਲਣਾ ਪਿਆ। ਪੰਜ ਸਾਲ ਬਾਅਦ 2019 'ਚ ਵੀ ਸਰਕਾਰ ਨੂੰ ਸਰਕਾਰ ਵਿਰੋਧੀ ਰੋਸ ਦਾ ਸਾਹਮਣਾ ਸੀ ਪਰ ਹੁਣ 10 ਸਾਲਾਂ ਬਾਅਦ ਇਹ ਗੁੱਸਾ, ਰੋਸ, ਹੋਰ ਵੀ ਵਧਿਆ। ਮਨੋਹਰ ਲਾਲ ਖੱਟੜ ਵਿੱਚ ਵਿਚਾਲੇ ਬਦਲੇ ਗਏ, ਨੈਬ ਸਿੰਘ ਸੈਣੀ ਨੂੰ ਲਿਆਂਦਾ ਗਿਆ ਹੈ। ਪਰ ਲੋਕਾਂ 'ਚ ਨਰਾਜ਼ਗੀ ਬਰਕਰਾਰ ਹੈ। ਸਰਕਾਰ ਬਦਲਣ ਨਾਲ ਜਨਤਾ ਦੇ ਮੂਡ ਵਿੱਚ ਕੋਈ ਬਦਲਾਅ ਨਹੀਂ ਹੈ।

ਸੰਭਵ ਹੈ ਕਿ ਰਾਜ ਵਿੱਚ ਨਰੇਂਦਰ ਮੋਦੀ ਦੇ ਅਕਸ ਦਾ ਪੱਤਾ ਖੇਡਿਆ ਜਾਏ। ਪਰ ਭਾਜਪਾ ਲੋਕ ਸਭਾ ਚੋਣਾਂ 'ਚ ਤਾਂ ਮੋਦੀ ਪੱਤੇ ਨਾਲ ਵੋਟਾਂ ਪ੍ਰਾਪਤ ਕਰਨ 'ਚ ਕਾਮਯਾਬ ਰਹਿੰਦੀ ਹੈ, ਪਰ ਵਿਧਾਨ ਸਭਾਵਾਂ 'ਚ ਇਹ ਮੋਦੀ ਪੱਤਾ ਕਾਰਗਰ ਨਹੀਂ ਰਹਿੰਦਾ। ਉਂਜ ਵੀ 2019 ਦੇ ਮੋਦੀ ਦੇ ਅਕਸ ਦੇ ਮੁਕਾਬਲਾ 2024 'ਚ ਵਿਰੋਧੀ ਆਗੂ ਰਾਹੁਲ ਗਾਂਧੀ ਦੀ ਲੋਕ ਪ੍ਰਿਯਤਾ ਵਧੀ ਹੈ। ਲੋਕ ਸਭਾ ਚੋਣਾਂ 'ਚ ਰਾਹੁਲ ਗਾਂਧੀ ਨੂੰ ਹਰਿਆਣਾ 'ਚ 30 ਫ਼ੀਸਦੀ ਲੋਕ ਪ੍ਰਧਾਨ ਮੰਤਰੀ ਵਜੋਂ ਵੇਖਣਾ ਚਾਹੁੰਦੇ ਸਨ, ਜਦਕਿ 2019 'ਚ ਇਹ ਫ਼ੀਸਦੀ 15 ਫ਼ੀਸਦੀ ਸੀ ਤੇ ਮੋਦੀ ਦੀ ਲੋਕ ਪ੍ਰਿਯਤਾ 32 ਫ਼ੀਸਦੀ ਸੀ।

ਜਿਥੇ ਜੰਮੂ ਕਸ਼ਮੀਰ ਵਿੱਚ ਭਾਜਪਾ ਦੇ ਜਿੱਤਣ ਦੀਆਂ ਸੰਭਾਵਨਾਵਾ ਕਾਫੀ ਘੱਟਦੀਆਂ ਜਾ ਰਹੀਆਂ ਹਨ, ਉਥੇ ਹਰਿਆਣਾ ਵਿੱਚ ਵੀ ਭਾਜਪਾ ਦੇ ਜਿੱਤਣ ਦੀ ਆਸ ਮੱਧਮ ਹੈ। ਸ਼ਾਇਦ ਇਹ ਗੱਲ ਹਰਿਆਣਾ ਭਾਜਪਾ ਨੇ ਭਾਂਪ ਲਈ ਹੈ। ਹਰਿਆਣਾ ਭਾਜਪਾ ਵਲੋਂ ਹਰਿਆਣਾ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਦੀ ਮੰਗ ਸਰਕਾਰੀ ਛੁੱਟੀਆਂ ਦਾ ਹਵਾਲਾ ਦੇਕੇ ਚੋਣ ਅਧਿਕਾਰੀ ਨੂੰ ਲਿਖੇ ਇੱਕ ਪੱਤਰ ਵਿੱਚ ਕੀਤੀ ਗਈ ਹੈ। ਜਦਕਿ ਕਾਂਗਰਸ ਨੇ ਕਿਹਾ ਹੈ ਕਿ ਹਾਰ ਦੇ ਡਰੋਂ ਛੁੱਟੀਆਂ ਦਾ ਬਹਾਨਾ ਬਣਾਕੇ ਭਾਜਪਾ ਚੋਣਾਂ ਮੁਲਤਵੀ ਕਰਵਾਉਣਾ ਚਾਹੁੰਦੀ ਹੈ।

ਜੰਮੂ ਕਸ਼ਮੀਰ ਨੈਸ਼ਨਲ ਕਾਨਫਰੰਸ, ਇੰਡੀਅਨ ਨੈਸ਼ਨਲ ਕਾਂਗਰਸ, ਭਾਜਪਾ, ਕਮਿਊਨਿਸਟ ਪਾਰਟੀ (ਮਾਰਕਸੀ) ਪੀਡੀਪੀ (ਮੁਫਤੀ ਮਹਿਬੂਬਾ) ਵਰਗੀਆਂ ਪਾਰਟੀਆਂ ਚੋਣ ਮੈਦਾਨ ਵਿੱਚ ਹਨ। ਭਾਜਪਾ ਨੂੰ ਛੱਡਕੇ ਬਾਕੀ ਲਗਭਗ ਸਾਰੀਆਂ ਪਾਰਟਆਂ 370 ਧਾਰਾ ਖ਼ਤਮ ਕਰਨ ਦੇ ਹੱਕ 'ਚ ਹੈ ਅਤੇ ਇਸੇ ਮੁੱਦੇ 'ਤੇ ਚੋਣ ਲੜਣਗੀਆਂ।

ਹਰਿਆਣਾ ਵਿੱਚ ਭਾਵੇਂ ਮੁੱਖ ਮੁਕਾਬਲਾ ਭਾਜਪਾ ਅਤ ਕਾਂਗਰਸ ਦਰਮਿਆਨ ਹੈ ਪਰ ਭਾਜਪਾ ਦੀ ਭਾਈਵਾਲ ਜੇ.ਜੇ.ਪੀ. ਜੋ ਕੁਝ ਸਮਾਂ ਪਹਿਲਾਂ ਗੱਠਜੋੜ ਤੋਂ ਵੱਖ ਹੋ ਗਈ, ਕਮਿਊਨਿਸਟ ਪਾਰਟੀ, ਆਈ.ਐਸ. ਐਲ.ਡੀ., ਬੀ.ਐਸ.ਪੀ. ਵੀ ਚੋਣਾਂ 'ਚ ਭਾਗ ਲੈਣਗੀਆਂ। ਪਰ ਕਿਉਂਕਿ ਕਿਸਾਨਾਂ ਦਾ ਵੀ ਇਥੇ ਜ਼ੋਰ ਹੈ, ਇਸ ਲਈ ਚਰਚਾ ਹੈ ਕਿ ਗੁਰਨਾਮ ਸਿੰਘ ਚੜੂਨੀ ਪ੍ਰਧਾਨ ਬੀ.ਕੇ.ਯੂ. ਹਰਿਆਣਾ ਦੀ ਅਗਵਾਈ 'ਚ ਕਿਸਾਨ ਵੀ ਚੋਣ ਲੜ ਸਕਦੇ ਹਨ। ਇਹਨਾ ਦਿਨਾਂ 'ਚ ਬਹੁਤ ਹੀ ਹਰਮਨ ਪਿਆਰੀ ਹੋਈ ਪਹਿਲਵਾਨ ਵਿਨੇਸ਼ ਫੋਗਾਟ ਨੂੰ ਜਿਸ ਢੰਗ ਨਾਲ ਪ੍ਰਦੇਸ਼ ਕਾਂਗਰਸ ਹਰਿਆਣਾ ਵਲੋਂ ਜੀ ਆਇਆਂ ਆਖਿਆ ਗਿਆ, ਉਸ ਤੋਂ ਵੀ ਜਾਪਦਾ ਹੈ ਕਿ ਹਰਿਆਣਾ ਦੇ ਖਿਡਾਰੀ ਵੀ ਭਾਜਪਾ ਦੇ ਉਲਟ ਪਰ ਕਾਂਗਰਸ ਦੇ ਹੱਕ 'ਚ ਭੁਗਤਣਗੇ।

ਇਸ ਵੇਲੇ ਹਾਲਾਤ ਇਹ ਵੀ ਹੈ ਕਿ ਕਾਂਗਰਸ ਵਿੱਚ ਦੋ ਧੜਿਆਂ 'ਚ ਆਪਸੀ ਫੁੱਟ ਹੈ ਅਤੇ ਇਸਦਾ ਨੁਕਸਾਨ ਚੋਣ ਵੇਲੇ ਕਾਂਗਰਸ ਨੂੰ ਹੋ ਸਕਦਾ ਹੈ। ਪਰ ਇਥੇ ਵੇਖਣ ਵਾਲੀ ਗੱਲ ਇਹ ਹੋਏਗੀ ਕਿ ਹਰਿਆਣਾ ਦੇ ਕਿਸਾਨ ਕਿਸ ਧਿਰ ਨਾਲ ਖੜਨਗੇ। ਭਾਵੇਂ ਕਿ ਲੋਕ ਸਭਾ 'ਚ ਬਹੁ ਗਿਣਤੀ ਖਾਪ ਪੰਚਾਇਤਾਂ ਕਾਂਗਰਸ ਲਈ ਖੜੀਆਂ। ਇਥੋਂ ਦੇ ਹੀ ਨਹੀਂ, ਸਗੋਂ ਦੇਸ਼ ਭਰ ਦੇ ਕਿਸਾਨ ਆਗੂ ਵਿਰੋਧੀ ਧਿਰ ਦੇ ਆਗੂ ਰਾਹੁਲ ਗਾਂਧੀ ਨੂੰ ਮਿਲੇ ਸਨ ਅਤੇ ਆਪਣੀਆਂ ਮੰਗਾਂ ਦੇ ਹੱਕ 'ਚ ਸਮਰਥਣ ਮੰਗਿਆ ਸੀ ਫ਼ਰਾਹੁਲ ਗਾਂਧੀ ਵਲੋਂ ਕਿਸਾਨਾਂ ਦੇ ਹੱਕ 'ਚ ਪੂਰੀ ਤਰ੍ਹਾਂ ਖੜਿਆ ਜਾ ਰਿਹਾ ਹੈ ਅਤੇ ਫ਼ਸਲਾਂ ਦੇ ਸਮਰਥਨ ਮੁੱਲ ਵਾਲੀ ਮੰਗ ਤੇ ਹੋਰ ਮੰਗਾਂ ਦਾ ਪੂਰੇ ਜ਼ੋਰ ਨਾਲ ਸਮਰਥਣ ਹੋ ਰਿਹਾ ਹੈ।

ਆਰ.ਐੱਸ.ਐੱਸ ਭਾਜਪਾ ਅਤੇ ਦੇਸ਼ ਦੀ ਹਾਕਮ ਧਿਰ ਇਹਨਾਂ ਦੋਨਾਂ ਰਾਜਾਂ ਵਿਚ ਜਿੱਤ ਦੀ ਪ੍ਰਾਪਤੀ ਲਈ ਹਰ ਹੀਲਾ ਵਰਤੇਗੀ। ਖ਼ਾਸ ਕਰਕੇ ਨਰੇਂਦਰ ਮੋਦੀ, ਜਿਹੜੇ ਲੋਕ ਸਭਾ ਚੋਣਾਂ 'ਚ ਚੰਗਾ ਪ੍ਰਦਰਸ਼ਨ ਨਹੀਂ ਕਰ ਸਕੇ ਅਤੇ ਜਿਹਨਾਂ ਦੀ ਸਿਆਸੀ ਅਤੇ ਸ਼ਖ਼ਸ਼ੀ ਤਾਕਤ ਨੂੰ ਵੱਡਾ ਖੋਰਾ ਲੱਗਾ ਹੈ, ਉਹ ਆਪਣਾ ਅਕਸ ਸੁਧਾਰਨ ਲਈ ਚੋਣਾ ਜਿੱਤਣ ਲਈ ਹਰ ਹੀਲਾ ਵਰਤਣਗੇ। ਦੂਜੇ ਪਾਸੇ ਇੰਡੀਆ ਗੱਠਜੋੜ,(ਵਿਰੋਧੀ ਧਿਰ) ਵੀ ਇਹਨਾ ਮਹੱਤਵਪੂਰਨ ਸੂਬਿਆਂ 'ਚ ਆਪਣੀ ਤਾਕਤ ਵਧਾਉਣ ਲਈ ਯਤਨਸ਼ੀਲ ਰਹੇਗਾ।

ਵਿਰੋਧੀ ਧਿਰ ਵਲੋਂ ਮੌਜੂਦਾ ਸਰਕਾਰ ਦੇ ਪੁੱਟੇ ਗਲਤ ਕਦਮਾਂ, ਜਿਹਨਾ ਵਿੱਚ ਰਿਜ਼ਰਵੇਸ਼ਨ, ਲੈਟਰਲ ਇੰਟਰੀ ਨਾਲ ਵੱਡੇ ਅਫ਼ਸਰਾ ਦੀ ਭਰਤੀ, ਬੇਰੁਜ਼ਗਾਰੀ, ਵਧਦੀ ਭੁੱਖਮਰੀ, ਜਿਹੇ ਮੁੱਦਿਆਂ ਨੂੰ ਗੰਭੀਰਤਾ ਨਾਲ ਚੁੱਕਿਆ ਜਾ ਰਿਹਾ ਹੈ, ਉਸ ਨਾਲ ਲੋਕਾਂ ਵਿੱਚ ਸਰਕਾਰ ਦੀਆਂ ਨੀਤੀਆਂ ਦੀ ਅਸਲੀਅਤ ਉੱਘੜ ਰਹੀ ਹੈ ਅਤੇ ਲੋਕਾਂ 'ਚ ਰੋਸ ਅਤੇ ਨਰਾਜ਼ਗੀ ਵਧ ਰਹੀ ਹੈ।

ਬਿਨ੍ਹਾਂ ਸ਼ੱਕ ਵਿਧਾਨ ਸਭਾ ਚੋਣਾਂ 'ਚ ਸਥਾਨਿਕ ਮੁੱਦੇ ਵੀ ਚਰਚਾ 'ਚ ਆਉਂਦੇ ਹਨ, ਪਰ ਦੇਸ਼ 'ਚ ਵਾਪਰ ਰਹੀਆਂ ਘਟਨਾਵਾਂ, ਕੇਂਦਰੀ ਸਰਕਾਰ ਦੀ ਕਾਰਗੁਜ਼ਾਰੀ ਅਤੇ ਗੁਆਂਢੀ ਦੇਸ਼ਾਂ ਨਾਲ ਸੰਬੰਧ ਆਦਿ ਵੀ ਇਹਨਾ ਚੋਣਾਂ 'ਚ ਵੋਟਰਾਂ 'ਤੇ ਪ੍ਰਭਾਵ ਪਾਏਗੀ।

ਉਂਜ ਹਰਿਆਣਾ ਅਤੇ ਜੰਮੂ ਕਸ਼ਮੀਰ ਵਿੱਚ ਚੋਣਾਂ ਨੂੰ ਦੋ ਸੂਬਿਆਂ ਦੀਆਂ ਚੋਣਾਂ ਵਜੋਂ ਹੀ ਨਹੀਂ ਵੇਖਣਾ ਚਾਹੀਦਾ। ਉਸ ਦੇ ਨਤੀਜਿਆਂ ਦਾ ਅਸਰ ਦੇਸ਼ ਦੀ ਰਾਜਨੀਤੀ ਉੱਤੇ ਵੱਡਾ ਪਏਗਾ। ਇਹ ਭਾਜਪਾ ਦੀ ਇਨ੍ਹਾਂ ਸੂਬਿਆਂ ਵਿਚ ਤਾਕਤ ਦੀ ਇਮਤਿਹਾਨੀ ਘੜੀ ਹੈ। ਇਸਦਾ ਅਸਰ ਮਹਾਂਰਾਸ਼ਟਰ ਦੀਆਂ ਚੋਣਾਂ ਉੱਤੇ ਵੀ ਪਵੇਗਾ। ਜਿਥੇ ਆਉਣ ਵਾਲੇ ਮਹੀਨਿਆਂ 'ਚ ਚੋਣਾਂ ਹੋਣੀਆਂ ਹਨ। ਅਸਲ 'ਚ ਮਹਾਂਰਾਸ਼ਟਰ ਦੀਆਂ ਚੋਣਾਂ 'ਚ ਵੋਟਰਾਂ ਦਾ ਸਿਆਸੀ ਮੂਡ ਇਹਨਾਂ ਸੂਬਿਆਂ ਦੇ ਚੋਣ ਨਤੀਜਿਆਂ ਉੱਤੇ ਵੀ ਨਿਰਭਰ ਕਰੇਗਾ।

# ਜਦੋਂ ਸ੍ਰੀ ਹਰਿਮੰਦਰ ਸਾਹਿਬ ਅੰਦਰ ਪਹਿਲੀ ਵਾਰ ਬਿਜਲੀ ਆਈ...

**ਇੰਦਰਜੀਤ ਸਿੰਘ ਹਰਪੁਰਾ**

ਰਾਤ ਸਮੇਂ ਰੰਗ-ਬਰੰਗੀਆਂ ਰੌਸ਼ਨੀਆਂ ਨਾਲ ਚਮਕਦੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਜਲੌਅ ਦੇਖਿਆਂ ਹੀ ਬਣਦਾ ਹੈ। ਦੀਵਾਲੀ ਹੋਵੇ ਜਾਂ ਕੋਈ ਵੀ ਗੁਰਪੁਰਬ ਸ੍ਰੀ ਹਰਿਮੰਦਰ ਸਾਹਿਬ ਨੂੰ ਵਿਸ਼ੇਸ਼ ਰੌਸ਼ਨੀਆਂ ਨਾਲ ਸਜਾਇਆ ਜਾਂਦਾ ਹੈ। ਪਵਿਤਰ ਸਰੋਵਰ ਦੇ ਪਾਵਨ ਜਲ ਵਿੱਚ ਰੌਸ਼ਨੀਆਂ ਨਾਲ ਚਮਕਦੇ ਸ੍ਰੀ ਹਰਿਮੰਦਰ ਸਾਹਿਬ ਦੀ ਸੁਨਿਹਰੀ ਇਮਾਰਤ ਦੀ ਸੁੰਦਰਤਾ ਬਿਆਨ ਤੋਂ ਬਾਹਰ ਹੈ। ਹਾਲਾਂਕਿ ਸ੍ਰੀ ਹਰਿਮੰਦਰ ਸਾਹਿਬ ਨੂੰ ਗੁਰੂ ਸਾਹਿਬਾਨ ਦੇ ਸਮੇਂ ਤੋਂ ਹੀ ਦੀਪਮਾਲਾ ਕਰਕੇ ਰੁਸ਼ਨਾਉਣ ਦੀ ਪ੍ਰਥਾ ਚੱਲਦੀ ਆ ਰਹੀ ਹੈ ਪਰ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹਿਲੀ ਵਾਰ ਕਦੋਂ ਬਿਜਲੀ ਦੇ ਬਲਬਾਂ ਨਾਲ ਰੌਸ਼ਨੀ ਹੋਈ ਇਸ ਬਾਰੇ ਸੰਗਤਾਂ ਨੂੰ ਘੱਟ ਪਤਾ ਹੈ। ਇਸ ਲੇਖ ਜਰੀਏ ਸ੍ਰੀ ਹਰਿਮੰਦਰ ਸਾਹਿਬ ਵਿੱਚ ਪਹਿਲੀ ਵਾਰ ਬਿਜਲੀ ਕਦੋਂ ਆਈ ਉਸ ਬਾਰੇ ਦੱਸਿਆ ਜਾਵੇਗਾ।



ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਰਾਮਗੜ੍ਹੀਆ ਬੁੰਗੇ ਦੇ ਨਜ਼ਦੀਕ ਕੋਨੇ, ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਦੇ ਨਜ਼ਦੀਕ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਦੀ ਪਰਚੀ ਕਰਾਉਣ ਵਾਲੇ ਸਥਾਨ ਦੀ ਨੁਕਰ ਵਿੱਚ ਸਰੋਵਰ ਦੇ ਕਿਨਾਰੇ ਜਿਸਤ ਦੇ ਤਿੰਨ ਖੰਬੇ ਅਜੇ ਵੀ ਦੇਖੇ ਜਾ ਸਕਦੇ ਹਨ। ਇਹ ਓਹੀ ਖੰਬੇ ਹਨ ਜਿਨ੍ਹਾਂ 'ਤੇ ਸਭ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਵਿੱਚ ਬਿਜਲੀ ਦੇ ਬਲਬ ਜਗਾਏ ਗਏ ਸਨ।

ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਿਕਰਮਾਂ ਅੰਦਰ ਸਭ ਤੋਂ ਪਹਿਲਾਂ ਬਿਜਲੀ ਵਾਲੇ ਬਲਬ ਸੰਨ 1898 ਵਿੱਚ ਜਗ ਗਏ ਸਨ ਜਦਕਿ ਪੰਥ ਦੀ ਰਾਇ ਨਾ ਬਣਨ ਕਰਕੇ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਰੌਸ਼ਨੀ ਹੋਣ ਲਈ ਕਰੀਬ 32 ਸਾਲ ਲੱਗ ਗਏ ਅਤੇ ਅਖੀਰ ਸੰਨ 1930 ਨੂੰ ਸ੍ਰੀ ਹਰਿਮੰਦਰ ਸਾਹਿਬ ਵਿੱਚ ਵੀ ਬਿਜਲੀ ਨਾਲ ਰੌਸ਼ਨੀ ਹੋ ਸਕੀ।

ਸਿੰਘ ਸਾਹਿਬ ਗਿਆਨੀ ਕਿਰਪਾਲ ਸਿੰਘ ਆਪਣੀ ਪੁਸਤਕ 'ਸ੍ਰੀ ਹਰਿਮੰਦਰ ਸਾਹਿਬ ਦਾ ਸੁਨਿਹਰੀ ਇਤਿਹਾਸ' ਵਿੱਚ ਦੱਸਦੇ ਹਨ ਕਿ ਸੰਨ 1897 ਨੂੰ ਫਰੀਦਕੋਟ ਦੇ ਮਹਾਰਾਜਾ ਬਿਕਰਮ ਸਿੰਘ ਨੇ ਇੱਕ ਜਨਰੇਟਰ ਸ੍ਰੀ ਹਰਿਮੰਦਰ ਸਾਹਿਬ ਨੂੰ ਅਰਦਾਸ ਕਰਵਾਇਆ ਸੀ, ਜਿਸ ਤੋਂ ਪੈਦਾ ਹੋਈ ਬਿਜਲੀ ਨਾਲ ਪਰਕਰਮਾਂ ਵਿੱਚ ਬਲਬ ਲਗਾ ਕੇ ਰੌਸ਼ਨੀ ਕੀਤੀ ਗਈ ਸੀ। ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਨਾਲ ਰੌਸ਼ਨੀ ਕਈ ਸਾਲ ਬਾਅਦ ਹੋ ਸਕੀ ਕਿਉਂਕਿ ਇਸ ਬਾਰੇ ਪੰਥ ਵਿੱਚ ਇੱਕ ਰਾਏ ਨਹੀਂ ਸੀ। ਅਖੀਰ ਸੰਨ 1930 ਵਿੱਚ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਪਹਿਲੀ ਵਾਰ ਬਿਜਲੀ ਸਪਲਾਈ ਗਈ ਜਿਸ ਨਾਲ ਬਲਬ ਜਗ ਸਕੇ।

ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਜਗਣ ਤੋਂ ਪਹਿਲਾਂ ਪਹਿਲਾਂ ਅੱਠ ਪਹਿਰੀ ਘਿਓ ਦੀ ਜੋਤਿ ਤੋਂ ਇਲਾਵਾ ਮੋਮ ਦੀਆਂ ਬੱਤੀਆਂ ਵੀ ਜਗਦੀਆਂ ਰਹਿੰਦੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਮਹਾਂਵਾਕ ਲੈਣ ਸਮੇਂ ਦੋ ਸੇਵਾਦਾਰ ਦੋਹੀਂ ਪਾਸੀਆਂ ਚਾਂਦੀਆਂ ਦੀ ਦੋ ਤਸ਼ਤਰੀਆਂ ਵਿੱਚ ਸੁੱਚੀ ਮੋਮ ਦੀਆਂ ਬੱਤੀਆਂ ਜਗਾ ਕੇ ਨੇੜੇ ਕਰਦੇ ਸਨ, ਜਿਨ੍ਹਾਂ ਦੇ ਚਾਨਣ ਵਿੱਚ ਗ੍ਰੰਥੀ ਸਿੰਘ ਹੁਕਮਨਾਮਾ ਪੜ੍ਹਦੇ ਸਨ।

ਜਦੋਂ ਥਾਮਸ ਐਡੀਸਨ ਵੱਲੋਂ ਬਲਦ ਦੀ ਖੋਜ ਕਰ ਲਈ ਗਈ ਤਾਂ ਦੁਨੀਆਂ ਭਰ ਬਿਜਲੀ ਦੇ ਬਲਬਾਂ ਨਾਲ ਰੌਸ਼ਨੀਆਂ ਹੋਣੀਆਂ ਸ਼ੁਰੂ ਹੋ ਗਈਆਂ। ਫਰੀਦਕੋਟ ਦਾ ਮਹਾਰਾਜਾ ਬਿਕਰਮ ਸਿੰਘ ਜੋ ਕਿ ਸ੍ਰੀ ਹਰਿਮੰਦਰ ਸਾਹਿਬ ਲਈ ਬਹੁਤ ਸ਼ਰਧਾ ਰੱਖਦੇ ਸਨ ਉਨਾਂ ਸੋਚਿਆ ਕਿ ਕਿਉਂ ਨਾ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਬਿਜਲੀ ਦੀ ਰੌਸ਼ਨੀ ਨਾਲ ਰੁਸ਼ਨਾਇਆ ਜਾਵੇ। ਮਹਾਰਾਜਾ ਬਿਕਰਮ ਸਿੰਘ ਨੇ 15 ਅਪ੍ਰੈਲ 1897 ਨੂੰ ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਲੱਗੇ ਦੀਵਾਨ ਵਿੱਚ ਸੰਗਤ ਕੋਲ ਇੱਛਾ ਜ਼ਾਹਰ ਕੀਤੀ ਕਿ ਉਹ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਬਿਜਲੀ ਦਾ ਚਾਨਣ ਕਰਨਾ ਚਾਹੁੰਦੇ ਹਨ ਜਿਸ ਲਈ ਉਹ 25000 ਰੁਪਏ ਦੀ ਸੇਵਾ ਕਰਨਗੇ। ਇਸ ਤੋਂ ਬਾਅਦ ਮਹਾਰਾਜਾ ਬਿਕਰਮ ਸਿੰਘ ਨੇ 25000 ਰੁਪਏ ਖਰਚ ਕਰਕੇ ਇੱਕ ਇੰਜਨ ਤੇ ਜਨਰੇਟਰ, ਖੰਭੇ, ਤਾਰਾਂ ਤੇ ਬਿਜਲੀ ਦਾ ਹੋਰ ਸਮਾਨ ਖਰੀਦਆ। ਸੰਨ 1897-98 ਦੇ ਵਿਚਕਾਰ ਸਰੋਵਰ ਦੀਆਂ ਪਰਿਕਰਮਾਂ ਵਿੱਚ ਸਰੋਵਰ ਦੀਆਂ ਚਹੁੰਆਂ ਕੋਣਾਂ ਉੱਪਰ ਚਾਰ ਖੰਭੇ ਤੇ ਚਾਰ ਖੰਭੇ ਸਰੋਵਰ ਦੀ ਹਰ ਬਾਹੀ ਦੇ ਦਰਮਿਆਨ ਗੱਡੇ ਗਏ। ਇਸ ਤਰਾਂ ਇਹ ਕੁੱਲ 8 ਖੰਭੇ ਸਨ। ਚੋਹਾਂ ਕੋਨਿਆਂ ਤੋਂ ਇਲਾਵਾ ਦਰਮਿਆਨ ਵਾਲਾ ਇੱਕ ਖੰਭਾ ਸ੍ਰੀ ਹਰਿਮੰਦਰ ਸਾਹਿਬ ਦੀ ਦਰਸ਼ਨੀ ਡਿਉਢੀ ਤੇ ਸ੍ਰੀ ਅਕਾਲ ਤਖਤ ਦੇ ਦਰਮਿਆਨ ਵਿੱਚ, ਦੋ ਖੰਭੇ ਉੱਤਰੀ 'ਤੇ ਦੱਖਣੀ ਡਿਉਢੀਆਂ ਦੇ ਸਾਹਮਣੇ ਅਤੇ ਇੱਕ ਅਠਸਠ ਘਾਟ ਦੇ ਨੇੜੇ ਸਰਾਂ ਵਾਲੀ ਡਿਉਢੀ ਦੇ ਸਾਹਮਣੇ ਸੀ। ਇਸਤੋਂ ਇਲਾਵਾ ਪੁਲ ਅਤੇ ਗੁਰੂ ਰਾਮਦਾਸ ਲੰਗਰ ਵਿੱਚ ਵੀ ਬਿਜਲੀ ਨਾਲ ਰੌਸ਼ਨੀ ਕੀਤੀ ਗਈ। ਪਰਕਰਮਾਂ ਚੌੜੀਆਂ ਕਰਨ ਸਮੇਂ ਇਨ੍ਹਾਂ 8 ਖੰਭਿਆਂ ਵਿਚੋਂ 5 ਖੰਭੇ ਉਖਾੜ ਦਿੱਤੇ ਗਏ। ਮਹਾਰਾਜਾ ਫਰੀਦਕੋਟ ਵੱਲੋਂ ਲਗਾਏ ਗਏ ਉਹ ਜਿਸਤ ਦੇ ਤਿੰਨ ਬਿਜਲੀ ਖੰਭੇ ਅਜੇ ਵੀ ਸ੍ਰੀ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿੱਚ ਰਾਮਗੜ੍ਹੀਆ ਬੁੰਗੇ ਦੇ ਨਜ਼ਦੀਕ ਕੋਨੇ, ਸ਼ਹੀਦ ਬਾਬਾ ਦੀਪ ਸਿੰਘ ਜੀ ਦੇ ਅਸਥਾਨ ਦੇ ਨਜ਼ਦੀਕ ਕੋਨੇ ਵਿਚ ਅਤੇ ਕੜਾਹ ਪ੍ਰਸ਼ਾਦ ਦੀ ਦੇਗ ਦੀ ਪਰਚੀ ਕਰਾਉਣ ਵਾਲੇ ਸਥਾਨ ਦੀ ਨੁਕਰ ਵਿੱਚ ਸਰੋਵਰ ਦੇ ਕਿਨਾਰੇ ਦੇਖੇ ਜਾ ਸਕਦੇ ਹਨ।

ਮਹਾਰਾਜਾ ਫਰੀਦਕੋਟ ਬਿਕਰਮ ਸਿੰਘ ਵੱਲੋਂ ਸ੍ਰੀ ਦਰਬਾਰ ਸਾਹਿਬ ਵਿੱਚ ਬਿਜਲੀ ਉਸ ਸਮੇਂ ਲਗਵਾ ਦਿੱਤੀ ਜਦੋਂ ਅਜੇ ਅੰਮ੍ਰਿਤਸਰ ਸ਼ਹਿਰ ਵਿੱਚ ਵੀ ਬਿਜਲੀ ਨਹੀਂ ਆਈ ਸੀ। ਅੰਮ੍ਰਿਤਸਰ ਸ਼ਹਿਰ ਵਿੱਚ ਪਹਿਲੀ ਵਾਰ ਬਿਜਲੀ ਨਗਰ ਪਾਲਿਕਾ ਨੇ ਸੰਨ 1915 ਵਿੱਚ ਜਨਰੇਟਰ ਨਾਲ ਜਗਾਈ ਸੀ।

ਸੰਨ 1897 ਵਿੱਚ ਮਹਾਰਾਜਾ ਫਰੀਦਕੋਟ ਬਿਕਰਮ ਸਿੰਘ ਤਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਵੀ ਬਿਜਲੀ ਜਗਾਉਣੀ ਚਾਹੁੰਦੇ ਸਨ ਪਰ ਮੌਕੇ ਦੇ ਪੁਜਾਰੀਆਂ ਨੇ ਇਸਦਾ ਵਿਰੋਧ ਕਰ ਦਿੱਤਾ ਜਿਸ ਕਾਰਨ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਫਿਟਿੰਗ ਨਾ ਕੀਤੀ ਜਾ ਸਕੀ।

ਵਿਰੋਧਤਾ ਕਰਨ ਵਾਲਿਆਂ ਦੇ ਵਿਚਾਰ ਇਸ ਪ੍ਰਕਾਰ ਸਨ :-

1. ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਦੀ ਰੌਸ਼ਨੀ ਪ੍ਰਾਚੀਨ ਮਰਿਯਾਦਾ ਦੇ ਵਿਰੁੱਧ ਹੈ।

2. ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਮਸ਼ਰਕੀ (ਪੂਰਬੀ) ਹੈ ਅਤੇ ਬਿਜਲੀ ਦੀ ਰੌਸ਼ਨੀ ਮਗਰਬੀ (ਪੱਛਮੀ) ਹੈ।

3. ਮਹਾਰਾਜਾ ਫਰੀਦਕੋਟ ਜਨਰੇਟਰ, ਲੈਂਪ ਤੇ ਤਾਰ ਤਾਂ ਜਰੂਰ ਖਰੀਦ ਦੇਣਗੇ, ਪਰ ਬਾਕੀ ਮਹੀਨੇ ਦਾ ਖਰਚ ਕਿਥੋਂ ਆਵੇਗਾ ?

4. ਮੱਕੇ 'ਚ ਬਿਜਲੀ ਨਹੀਂ, ਸੇਂਟ ਪੀਟਰਜ਼ ਵਿੱਚ ਬਿਜਲੀ ਨਹੀਂ, ਸੇਂਟ ਪਾਲ ਤੇ ਵੈਸਟ ਮਨਿਸਟਰ ਐਬੀ ਵਿੱਚ ਵੀ ਬਿਜਲੀ ਨਹੀਂ ਹੈ।

5. ਮਹਿੰਗੀ ਅਤੇ ਮਗਰਬੀ (ਪੱਛਮੀ) ਰੌਸ਼ਨੀ ਸਰਵਥਾ ਅਨੁਚਿਤ ਹੈ।

6. ਸ੍ਰੀ ਦਰਬਾਰ ਸਾਹਿਬ ਵਿੱਚ ਪੂਰਬੀ ਰੀਤੀ ਅਨੁਸਾਰ ਘੀ ਦੀ ਰੌਸ਼ਨੀ ਅੱਛੀ ਉੱਤਮ ਹੈ।

7. ਸ੍ਰੀ ਹਜ਼ੂਰ ਸਾਹਿਬ ਦੇ ਪੁਜਾਰੀਆਂ ਦੀ ਰਾਏ ਹੈ ਕਿ ਬਿਜਲੀ ਕੀ ਰੌਸ਼ਨੀ ਸ੍ਰੀ ਹਰਿਮੰਦਰ ਸਾਹਿਬ ਕੇ ਬੀਚ ਨਾ ਹੋਵੇ। ਬ੍ਰਿਤੀ ਕੀ ਰੌਸ਼ਨੀ ਕੇ ਆਗੇ ਔਰ ਕੋਈ ਰੌਸ਼ਨੀ ਸ਼ੁੱਧਤਾ ਨਹੀਂ ਰੱਖਤੀ।

8. ਇੱਕ ਤੌਖਲਾ ਇਹ ਵੀ ਹੈ ਕਿ ਇਹ ਬਿਜਲੀ ਇਮਾਰਤ ਲਈ ਹਾਨੀ ਕਾਰਕ ਹੋਵੇਗੀ।

9. ਬਿਜਲੀ ਦੀ ਰੌਸ਼ਨੀ ਸ੍ਰੀ ਦਰਬਾਰ ਸਾਹਿਬ ਲਾਉਣੀ ਬੇ-ਫਾਇਦਾ ਹੈ ਅਤੇ ਉਪਦੇਸ਼ ਦੀ ਰੌਸ਼ਨੀ ਦੀ ਬਹੁਤ ਲੋੜ ਹੈ।

10. ਸ੍ਰੀ ਹਰਿਮੰਦਰ ਸਾਹਿਬ ਅਜਾਇਬ ਘਰ ਨਹੀਂ ਕਿ ਲੋਕਾਂ ਤੋਂ ਵਾਹ-ਵਾਹ ਕਰਾਉਣੀ ਹੈ।

11. ਏਨੀ ਰੌਸ਼ਨੀ ਵਿੱਚ ਬ੍ਰਿਤੀ ਠੀਕ ਨਹੀਂ ਜੰਮੇਗੀ।

ਇਸ ਤਰਾਂ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਬਿਜਲੀ ਲਗਾਉਣ ਦੀ ਚਰਚਾ ਸਾਲਾਂ ਤੱਕ ਚੱਲਦੀ ਰਹੀ। ਓਧਰ ਸ੍ਰੀ ਹਰਿਮੰਦਰ ਸਾਹਿਬ ਦੀਆਂ ਪਰਕਰਮਾਂ, ਪੁਲ ਅਤੇ ਗੁਰੂ ਰਾਮਦਾਸ ਲੰਗਰ ਵਿੱਚ ਜਗਦੇ ਬਲਬਾਂ ਨੇ ਸੰਗਤ ਤੇ ਪ੍ਰਬੰਧਕਾਂ ਦੀ ਰਾਇ ਬਦਲਣੀ ਸ਼ੁਰੂ ਕਰ ਦਿੱਤੀ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਦਰਬਾਰ ਸਾਹਿਬ ਦੀ ਲੋਕਲ ਕਮੇਟੀ ਦੇ ਵਜ਼ੂਦ ਵਿੱਚ ਆਉਣ ਤੋਂ ਪਹਿਲਾਂ ਸ੍ਰੀ ਦਰਬਾਰ ਸਾਹਿਬ ਦੇ ਅੰਦਰ ਰੌਸ਼ਨੀ ਦਾ ਪ੍ਰਬੰਧ ਕਰਨ ਲਈ ਇੱਕ 'ਰੌਸ਼ਨੀ ਸਬ-ਕਮੇਟੀ' ਬਣੀ ਹੋਈ ਸੀ, ਜਿਸ ਦੇ ਪ੍ਰਧਾਨ ਸ. ਸੁੰਦਰ ਸਿੰਘ ਮਜੀਠੀਆ ਸਨ। ਉਸ ਸਮੇਂ ਮਹਾਰਾਜਾ ਫਰੀਦਕੋਟ ਵੱਲੋਂ 50 ਰੁਪਏ ਮਹਾਵਾਰ ਰੌਸ਼ਨੀ ਸਬ-ਕਮੇਟੀ ਦੇ ਨਾਮ ਪੰਜਾਬ ਐਂਡ ਸਿੰਧ ਬੈਂਕ ਵਿੱਚ ਜਮ੍ਹਾਂ ਹੁੰਦੇ ਸਨ।

1 ਸਤੰਬਰ 1929 ਨੂੰ ਸ੍ਰੀ ਦਰਬਾਰ ਸਾਹਿਬ ਦੀ ਲੋਕਲ ਕਮੇਟੀ ਨੇ ਇੱਕ ਮਤਾ ਪਾਸ ਕਰਕੇ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ, ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਅਤੇ ਗੁਰਦੁਆਰਾ ਸ੍ਰੀ ਸ਼ਹੀਦ ਗੰਜ ਬਾਬਾ ਦੀਪ ਸਿੰਘ ਵਿਖੇ ਬਿਜਲੀ ਲਾਉਣ ਦੀ ਪ੍ਰਵਾਨਗੀ ਦੇ ਦਿੱਤੀ। ਸਾਲ 1929 ਦੇ ਅਖੀਰ ਤੱਕ ਉਪਰੋਕਤ ਗੁਰਦੁਆਰਿਆਂ ਵਿੱਚ ਬਿਜਲੀ ਜਗ ਪਈ। ਇਸਤੋਂ ਬਾਅਦ ਸੰਨ 1930 ਵਿੱਚ ਸ੍ਰੀ ਹਰਿਮੰਦਰ ਸਾਹਿਬ ਅਤੇ ਬਾਬਾ ਅਟੱਲ ਸਾਹਿਬ ਵਿਖੇ ਵੀ ਬਿਜਲੀ ਸਪਲਾਈ ਪਹੁੰਚਾ ਦਿੱਤੀ ਗਈ ਅਤੇ ਇਥੇ ਵੀ ਬਿਜਲੀ ਦੇ ਬਲਬ ਜਗਣ ਲੱਗ ਪਏ।

ਇਸ ਤਰਾਂ ਦਹਾਕਿਆਂ ਦੇ ਵਿਰੋਧ ਤੋਂ ਬਾਅਦ ਸੰਨ 1930 ਵਿੱਚ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਬਿਜਲੀ ਚਲੀ ਗਈ ਅਤੇ ਬਿਜਲੀ ਬਲਬ ਜਗਣ ਲੱਗ ਪਏ। ਓਦੋਂ ਤੋਂ ਲੈ ਕੇ ਬਿਜਲੀ ਨਾਲ ਜਗਣ ਵਾਲੇ ਵੱਖ-ਵੱਖ ਤਰਾਂ ਦੇ ਬਲਬ ਸ੍ਰੀ ਹਰਿਮੰਦਰ ਸਾਹਿਬ ਦੇ ਅੰਦਰ ਅਤੇ ਬਾਹਰ ਜਗਮਗਾ ਰਹੇ ਹਨ। ਰੌਸ਼ਨੀਆਂ ਵਿੱਚ ਚਮਕਦੇ ਸ੍ਰੀ ਹਰਿਮੰਦਰ ਸਾਹਿਬ ਦੀ ਸੁੰਦਰਤਾ ਹੋਰ ਵੀ ਉੱਘੜ ਕੇ ਸਾਹਮਣੇ ਆਈ ਹੈ। ਇਸਦੇ ਨਾਲ ਹੀ ਸ੍ਰੀ ਹਰਿਮੰਦਰ ਸਾਹਿਬ ਨੂੰ ਰੁਸ਼ਨਾਉਣ ਵਾਲੇ ਮਹਾਰਾਜਾ ਫਰੀਦਕੋਟ ਬਿਕਰਮ ਸਿੰਘ ਦੀ ਸੇਵਾ ਨੂੰ ਵੀ ਸਲਾਮ ਹੈ।

# ਸਿਲੈਕਟ ਹੋਏ ਅਸਿਸਟੈਂਟ ਪ੍ਰੋਫੈਸਰਾਂ ਦਾ ਉਲਝਿਆ ਮਸਲਾ ਸਰਕਾਰ ਹੱਲ ਕਰੇ

**ਮੇਜਰ ਸਿੰਘ ਨਾਭਾ**
ਮੋਬ. 9463553962





ਉਚੇਰੀ ਸਿੱਖਿਆ ਦੇ ਗਿਰ ਚੁੱਕੇ ਮਿਆਰ ਨੇ ਸਰਕਾਰ ਲਈ ਚੁਣੌਤੀ ਵਾਲਾ ਮਾਹੌਲ ਪੈਦਾ ਕੀਤਾ ਹੋਇਆ ਹੈ ਜੋ ਕਿ ਨਵੀਂ ਸਰਕਾਰ ਦਾ ਪ੍ਰਾਥਮਿਕ ਅਹਿਮ ਸੁਧਾਰ ਦਾ ਮੁੱਦਾ ਸੀ।ਪਰ ਇਸ ਵੱਲ ਕੋਈ ਅਜੇ ਤੱਕ ਸਰਕਾਰ ਨੇ ਗੰਭੀਰਤਾ ਨਹੀਂ ਦਿਖਾਈ। ਪੰਜਾਬ ਦੇ ਸਰਕਾਰੀ ਕਾਲਜਾਂ ਅੰਦਰ ਦੋ ਦਹਾਕੇ ਤੋਂ ਵੱਧ ਸਮੇਂ ਤੋਂ ਪ੍ਰੋਫੈਸਰਾਂ ਦੀ ਰੈਗੂਲਰ ਭਰਤੀ ਨਹੀਂ ਹੋਈ, ਜੋ ਕਿ ਉਚੇਰੀ ਸਿੱਖਿਆ ਦੇ ਮਿਆਰ ਨੂੰ ਜਰੂਰ ਢਾਹ ਲਾ ਰਹੀ ਹੈ। ਮੌਜੂਦਾ ਸਮੇਂ ਦੌਰਾਨ ਕਰੀਬ 63 ਸ਼ਰਕਾਰੀ ਕਾਲਜ ਸੂਬੇ ਅੰਦਰ ਚਲ ਰਹੇ ਹਨ। ਇੱਕ ਖਬਰ ਮੁਤਾਬਕ ਇਨ੍ਹਾਂ ਕਾਲਜਾਂ ਵਿੱਚ 1990 ਵਿੱਚ ਪ੍ਰੋਫੈਸਰਾਂ ਦੀਆਂ 1873 ਰੈਗੂਲਰ ਆਸਾਮੀਆਂ ਮਨਜੂਰ ਸਨ। ਸਮੇਂ ਦੀਆਂ ਸਰਕਾਰਾਂ ਨੇ ਨਵੇਂ ਕਾਲਜ ਤਾਂ ਹੋਰ ਕਈ ਵਾਰ ਖੋਲ੍ਹ ਦਿੱਤੇ ਪਰ ਪੋਸਟਾਂ ਨਵੀਆਂ ਨਹੀਂ ਦਿੱਤੀਆਂ। ਪਿਛਲੇ ਲੰਬੇ ਸਮੇਂ ਤੋਂ 1500 ਦੇ ਕਰੀਬ ਆਸਾਮੀਆਂ ਖਾਲੀ ਪਈਆਂ ਹਨ।ਅਗਲੇ ਕੁਝ ਸਾਲਾਂ ਦੌਰਾਨ ਜੋ ਪੱਕੇ ਪ੍ਰੋਫੈਸਰ ਹਨ ਉਹ ਵੀ ਸੇਵਾ ਮੁਕਤ ਹੋਣ ਜਾ ਰਹੇ ਹਨ। ਇਨ੍ਹਾਂ ਕਾਲਜਾਂ ਵਿੱਚ ਬਹੁਤੇ ਗੈਸਟ ਫੈਕਲਟੀ, ਪਾਰਟ ਟਾਈਮ ਅਤੇ ਠੇਕੇ ਉੱਪਰ ਰੱਖੇ ਅਧਿਆਪਕ ਹੀ ਹੁਣ ਕਾਲਜਾਂ ਨੂੰ ਚਲਾ ਰਹੇ ਹਨ। ਇਨ੍ਹਾਂ ਵਿੱਚੋਂ ਬਹੁਤੇ ਯੂ.ਜੀ.ਸੀ. ਵਲੋਂ ਨਿਰਧਾਰਤ ਯੋਗਤਾ ਵੀ ਪੂਰੀ ਨਹੀਂ ਕਰਦੇ। ਠੇਕੇ ‘ਤੇ ਕੰਮ ਕਰਨ ਵਾਲੇ ਅਧਿਆਪਕਾਂ ਦੀ ਗਿਣਤੀ ਵਿਦਿਆਰਥੀਆਂ ਦੀ ਗਿਣਤੀ ਉੱਪਰ ਨਿਰਭਰ ਕਰਦੀ ਹੈ, ਉਨ੍ਹਾਂ ਦੀ ਤਨਖਾਹ ਵਿਦਿਆਰਥੀਆਂ ਕੋਲੋਂ ਵਸ਼ੂਲੀ ਜਾਂਦੀ ਫੀਸ / ਫੰਡਾਂ ਉੱਪਰ ਨਿਰਭਰ ਕਰਦੀ ਹੈ। ਕਈ ਕਾਲਜਾਂ ਵਿੱਚ ਤਾਂ ਤਕਰੀਬਨ ਨਾਮਾਤਰ ਹੀ ਰੈਗੂਲਰ ਅਧਿਆਪਕ ਹਨ। ਹੁਣ ਉਚੇਰੀ ਸਿੱਖਿਆ ਵਿਭਾਗ ਨੇ ਸਰਕਾਰੀ ਕਾਲਜਾਂ ਦੇ ਕਲੱਸਟਰ ਬਣਾ ਦਿੱਤੇ ਹਨ ਜਿਨ੍ਹਾਂ ‘ਚ ਦੂਜੇ ਜਿਲ੍ਹਿਆਂ ਦੇ ਕਾਲਜ ਵੀ ਸ਼ਾਮਲ ਕੀਤੇ ਗਏ ਹਨ। ਅਧਿਆਪਕ ਹਫਤੇ ਦੇ ਅੱਧੇ ਦਿਨ ਆਪਣੇ ਕਾਲਜ ਵਿੱਚ ਅਤੇ ਬਾਕੀ ਦੂਜੇ ਕਾਲਜਾਂ ਵਿੱਚ ਪੜ੍ਹਾਉਣ ਜਾਣ ਕਰਕੇ ਖਜ਼ਲਖੁਆਰ ਹੋ ਰਹੇ ਹਨ। ਦੋਹਾਂ ਪਾਸੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਤਾਂ ਹੋ ਹੀ ਰਿਹਾ ਹੈ।

ਸਰਕਾਰੀ ਕਾਲਜਾਂ ਵਿੱਚ ਲੰਬੇ ਸਮੇਂ ਤੋਂ ਰੈਗੂਲਰ ਅਸਿਸਟੈਂਟ ਪ੍ਰੋਫੈਸਰਾਂ / ਪ੍ਰੋਫੈਸਰਾਂ ਦੀ ਭਰਤੀ ਨਾ ਹੋਣ ਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਉੱਚਾ ਚੁੱਕਣ ਲਈ ਪਿਛਲੀ ਸਰਕਾਰ ਵਲੋਂ 19 ਅਕਤੂਬਰ 2021 ਨੂੰ ਖਾਲੀ ਆਸਾਮੀਆਂ ਭਰਨ ਦੇ ਐਲਾਨ ਨੂੰ ਅਮਲੀ ਰੂਪ ਦਿੰਦੇ ਹੋਏ 1158 ਅਸਾਮੀਆਂ ਜਿੰਨ੍ਹਾਂ ਵਿੱਚ 1091 ਅਸਿਸਟੈਂਟ ਪ੍ਰੋਫੈਸਰਾਂ ਅਤੇ ਬਾਕੀ ਦੀਆਂ ਲਾਇਬਰੇਰੀਅਨ ਭਰਨ ਦਾ ਇਸ਼ਤਿਹਾਰ ਨਾਲੋ-ਨਾਲ ਜਾਰੀ ਕਰ ਦਿੱਤਾ ਸੀ ਜੋ ਕਿ ਇਨ੍ਹਾਂ ਆਸਾਮੀਆਂ ਨੂੰ ਉਡੀਕ ਰਹੇ ਯੋਗ ਉਮੀਦਵਾਰਾਂ ਲਈ ਖੁਸ਼ੀ ਵਾਲੀ ਗੱਲ ਸੀ। ਇਹ ਭਰਤੀ ਯੂ.ਜੀ.ਸੀ. ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰਾਂ ਦੀ ਅਗਵਾਈ ਵਿੱਚ ਕਮੇਟੀਆਂ ਬਣਾ ਕੇ ਭਰਤੀ ਨਿਰੋਲ ਲਿਖਤੀ ਟੈਸਟ ਦੇ ਆਧਾਰ ਤੇ ਤੇਜ਼ੀ ਨਾਲ 45 ਦਿਨਾਂ ‘ਚ ਮੁਕੰਮਲ ਕਰਨ ਦੀ ਵਧੀਆ ਗੱਲ ਕੀਤੀ ਸੀ। ਇਸ਼ਤਿਹਾਰ ਦੀ ਚੋਣ ਪ੍ਰਕ੍ਰਿਆ ਮੁਤਾਬਿਕ ਸਰਕਾਰੀ ਕਾਲਜਾਂ ਦੇ ਗੈਸਟ ਫੈਕਲਟੀ, ਪਾਰਟ ਟਾਈਮ, ਠੇਕਾ ਆਧਾਰਤ ਕਾਲਜ ਅਧਿਆਪਕਾਂ ਨੂੰ ਇੱਕ ਸ਼ੈਸ਼ਨ ਦੇ ਤਜਰਬੇ ਦਾ ਇੱਕ ਨੰਬਰ ਅਤੇ ਵੱਧ ਤੋਂ ਵੱਧ ਪੰਜ ਅੰਕ ਲਿਖਤੀ ਟੈਸਟ ਦੇ ਅੰਕਾਂ ‘ਚ ਵਾਧਾ ਲੈ ਸਕਣਗੇ। ਇਸ ਲਈ ਇਹ ਟੀਚਿੰਗ ਤਜ਼ਰਬੇ ਨੂੰ ਦੋ ਦਹਾਕਿਆਂ ਤੋਂ ਕੰਮ ਕਰ ਰਹੇ ਗੈਸਟ ਫੈਕਲਟੀ/ਪਾਰਟ ਟਾਈਮ ਅਧਿਆਪਕਾਂ ਆਦਿ ਨੂੰ ਹਮਦਰਦੀ ਵਜੋਂ ਦੇਣ ਦੇ ਸਰਕਾਰ ਦੇ ਫੈਸਲੇ ਨੂੰ ਕਾਨੂੰਨੀ ਪੱਖਾਂ ਤੋਂ ਚੰਗੀ ਤਰ੍ਹਾਂ ਨਾ ਵਿਚਾਰੇ ਜਾਣ ਕਾਰਨ ਸਾਰੀ ਭਰਤੀ ਪ੍ਰਕ੍ਰਿਆ ਮੁਕੰਮਲ ਹੋਣ ਉਪਰੰਤ ਇਸਤਿਹਾਰ ‘ਚ ਇਕੱਲੇ ‘ਸਰਕਾਰੀ ਕਾਲਜ ਦੇ ਤਜ਼ਰਬੇ’ ਦੀ ਸਬਦਾਵਲੀ ਨੇ ਬਾਅਦ ‘ਚ ਕਈ ਉਲਝਨਾਂ ਪੈਦਾ ਕਰ ਦਿੱਤੀਆਂ ਸਨ।ਪੰਜਾਬੀ ਯੂਨੀਵਰਸਿਟੀ ਅਧੀਨ ਚਲ ਰਹੇ ਕਾਲਜਾਂ ‘ਚ ਪੜ੍ਹਾ ਰਹੇ ਅਧਿਆਪਕਾਂ ਵਲੋਂ ਉਨ੍ਹਾਂ ਦੇ ਤਜ਼ਰਬੇ ਨੂੰ ਸਕਰੂਟਿੰਗ ਸਮੇਂ ਨਾ ਮੰਨਣ ਕਾਰਨ ਉਨ੍ਹਾਂ ਨੇ ਮਾਣਯੋਗ ਹਾਈ ਕੋਰਟ ਵਿੱਚ ਪਟੀਸ਼ਨਰ ਵਜੋਂ ਰਿੱਟ ਪਾ ਕੇ ਭਰਤੀ ਪ੍ਰਕ੍ਰਿਆ ‘ਚ ਰੋਕ ਲਗਵਾ ਦਿੱਤੀ ਸੀ। ਇਸੇ ਤਰ੍ਹਾਂ ਕਈ ਅਸਫਲ ਉਮੀਦਵਾਰਾਂ ਨੇ ਹੋਰ ਕਈ ਤਰ੍ਹਾਂ ਦੀਆਂ ਰਿੱਟਾਂ ਪਾ ਕੇ ਇਸ ਪ੍ਰਕ੍ਰਿਆ ਨੂੰ ਰੋਕਣ ਦਾ ਯਤਨ ਕੀਤਾ।

ਸਰਕਾਰ ਨੇ ਬਾਅਦ ‘ਚ ਸਾਰੀ ਪ੍ਰਕ੍ਰਿਆ ਮੁਕੰਮਲ ਹੋਣ ਤੇ ਪੰਜ ਅੰਕਾਂ ਵਾਲੇ ਫੈਸਲੇ ਨੂੰ ਵਾਪਿਸ ਲੈਣ ਦਾ ਪਬਲਿਕ ਨੋਟਿਸ ਰਾਹੀਂ ਸ਼ੋਧ-ਪੱਤਰ ਜਾਰੀ ਕਰਕੇ ਮਸਲੇ ਨੂੰ ਹੱਲ ਕਰਨ ਦੀ ਕੋਸ਼ਿਸ਼ ਕੀਤੀ ਸੀ।ਪਰ ਮਾਣਯੋਗ ਹਾਈ ਕੋਰਟ ਨੇ ਨੌ ਮਹੀਨਿਆਂ ਬਾਅਦ 8 ਅਗਸਤ 2022 ਨੂੰ ਇਸ ਭਰਤੀ ਨੂੰ ਰੱਦ ਕਰਨ ਦਾ ਫੈਸ਼ਲਾ ਸੁਣਾ ਕੇ 1158 ਪਰਿਵਾਰਾਂ ਦੀਆਂ ਆਸਾਂ ਤੇ ਪਾਣੀ ਫੇਰ ਦਿੱਤਾ।ਜਿਨ੍ਹਾਂ ਨੂੰ ਆਸ ਸੀ ਕਿ ਉੱਚ ਅਦਾਲਤ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣ ਲਈ ਸਫਲ ਉਮੀਦਵਾਰਾਂ ਦੇ ਹੱਕ ‘ਚ ਫੈਸਲਾ ਦੇਵੇਗੀ। ਪਿਛਲੀ ਸਰਕਾਰ ਸਮੇਂ 1158 ਅਸਿਸਟੈਂਟ ਪ੍ਰੋਫੈਸਰਾਂ ਅਤੇ ਲਾਇਬ੍ਰੇਰੀਅਨ ਦੀ ਭਰਤੀ ਸਮੇਂ ਬਹੁਤ ਸਾਰੇ ਸਫਲ ਉਮੀਦਵਾਰ ਆਪਣੀਆਂ ਪਿਛਲੀਆਂ ਨੌਕਰੀਆਂ ਤੋਂ ਵਿਭਾਗ ਦੇ ਕਹਿਣ ਤੇ ਅਸਤੀਫੇ ਦੇ ਕੇ ਚਾਅ ਨਾਲ ਨਵੀਂ ਨਿਯੁਕਤੀ ਹੋਣ ਕਾਰਨ ਨਵੀਂ ਨੌਕਰੀ ਹਾਸਲ ਕਰਕੇ ਨਵੀਂ ਜ਼ਿੰਦਗੀ ਦੀ ਸ਼ੁਰੂਆਤ ਕਰਨ ਦੀ ਸੋਚ ਰਹੇ ਸਨ ਪਰ ਇਹ ਕੰਮ ਉੱਚ- ਅਦਾਲਤ ਦੇ ਆਦੇਸ਼ਾਂ ਅਨੁਸਾਰ ਐਨ ਮੌਕੇ ਤੇ ਰੋਕ ਦਿੱਤਾ ਗਿਆ। ਦੂਜੇ ਪਾਸੇ ਦੋ ਤਿੰਨ ਵਿਸ਼ਿਆਂ ਦੀਆਂ ਦੀਆਂ ਲਿਸਟਾਂ ਮਹਿਕਮੇ ਦੀ ਵੈਬਸਾਈਟ ਤੇ ਪਾ ਕੇ ਸਾਈਟ ਤੋਂ ਹਟਾ ਦਿੱਤੀਆਂ ਗਈਆਂ ਸਨ ਜੋ ਕਿ ਭਾਵੇਂ ਡਾਊਨਲੋਡ ਹੋ ਕੇ ਆਊਟ ਹੋ ਚੁੱਕੀਆਂ ਸਨ ਪਰ ਇਨ੍ਹਾਂ ਲਿਸਟਾਂ ਦੇ ਸਫਲ ਉਮੀਦਵਾਰਾਂ ਦੀ ਚਿੰਤਾ ਹੋਰ ਵੀ ਵਧੇਰੇ ਹੈ। ਸਮੇਂ ਸਿਰ ਇਹ ਲਿਸਟਾਂ ਜਾਰੀ ਨਾ ਹੋਣ ਕਾਰਨ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਨਹੀਂ ਕਰ ਸਕੇ ਜਦੋਂ ਕਿ ਹੋਰ ਵਿਸ਼ਿਆਂ ਦੇ ਬਹੁਤੇ ਸਫਲ ਉਮੀਦਵਾਰ ਨਿਯੁਕਤੀ ਪੱਤਰ ਪ੍ਰਾਪਤ ਕਰ ਚੁੱਕੇ ਹਨ, ਜਿਨ੍ਹਾਂ ‘ਚੋਂ ਬਹੁਤੇ ਸਕੂਲਾਂ / ਕਾਲਜਾਂ ਜਾਂ ਹੋਰ ਅਦਾਰਿਆਂ ਵਿੱਚ ਰੈਗੂਲਰ ਜਾਂ ਐਡਹਾਕ ਤੌਰ ਤੇ ਡਿਊਟੀ ਨਿਭਾ ਰਹੇ ਸੀ, ਉਨ੍ਹਾਂ ਨੂੰ ਪਿਛਲੀ ਨੌਕਰੀ ਤੋਂ ਅਸਤੀਫਾ ਦੇ ਕੇ ਹੀ ਜੁਆਇਨ ਕਰਨ ਲਈ ਕਹਿਆ ਗਿਆ ਸੀ, ਜਿਸ ਨਾਲ ਉਹ ਹੁਣ ਬੇਰੁਜ਼ਗਾਰ ਹੋਏ ਬੈਠੇ ਹਨ। ਕਈ ਵਿਸ਼ਿਆਂ ਦੇ ਸੌ ਤੋਂ ਉੱਪਰ ਸਿਲੈਕਟ ਹੋਏ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਅਤੇ ਸਟੇਸ਼ਨ ਸਟੇਅ ਤੋਂ ਪਹਿਲਾਂ ਅਲਾਟ ਹੋ ਚੁੱਕੇ ਸਨ ਜੋ ਕਿ ਕਾਲਜਾਂ ‘ਚ ਹਾਜ਼ਰੀ ਦੇ ਕੇ ਸੇਵਾ ਨਿਭਾ ਰਹੇ ਹਨ ਅਤੇ ਆਪਣੀ ਤਨਖਾਹ ਲੈ ਰਹੇ ਹਨ। ਬਾਅਦ ‘ਚ ਵਿਭਾਗ ਵਲੋਂ ਇੱਕ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਸਨ ਪਰ ਉਹ ਕਾਲਜਾਂ ‘ਚ ਜੁਆਇਨ ਨਹੀਂ ਕਰ ਸਕੇ ਉਨ੍ਹਾਂ ਕੁਲ 462 ਸਹਾਇਕ ਪ੍ਰੋਫੇਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ। ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ ‘ਚੋਂ ਲੰਘ ਰਹੇ ਹਨ। ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਉਹ ਕਿਵੇਂ ਭਰਨਗੇ। ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ, ਹੁਣ ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਹਨ।ਇਹ ਪੀੜ੍ਹਤ ਸਿਲੈਕਟਿਡ ਅਧਿਆਪਕ ਪਿਛਲੇ ਲੰਬੇ ਸਮੇਂ ਤੋਂ ਸਿੱਖਿਆ ਮੰਤਰੀ ਦੇ ਪਿੰਡ ਪੱਕਾ ਮੋਰਚਾ ਲਾਈ ਬੈਠੇ ਹਨ।ਪਰ ਪਰਨਾਲਾ ਉਥੇ ਦਾ ਉਥੇ ਹੀ ਹੈ।

ਪੰਜਾਬ ਅੰਦਰ ਨਵੀਂ ਬਣੀ ਸਰਕਾਰ ਵਲੋਂ ਸਿਹਤ ਅਤੇ ਸਿੱਖਿਆ ਦੇ ਸੁਧਾਰ ਦੇ ਮਹੱਤਵਪੂਰਣ ਮੁੱਦੇ ਪਹਿਲ ਦੇ ਆਧਾਰ ਤੇ ਹੱਲ ਕਰਨ ਲਈ ਰੱਖੇ ਗਏ ਸਨ। ਜਿਨ੍ਹਾਂ ‘ਚੋਂ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਉਣਾ ਵੀ ਅਹਿਮ ਮੁੱਦਾ ਹੈ ਜੋ ਨੌਜਵਾਨਾਂ ਅਤੇ ਰੁਜ਼ਗਾਰ ਨਾਲ ਜੁੜਿਆ ਹੋਇਆ ਹੈ। ਇਸ ਵਿਭਾਗ ਦੇ ਸਿੱਖਿਆ ਮੰਤਰੀ ਵੀ ਨੌਜਵਾਨ ਅਤੇ ਚੰਗੇ ਪੜ੍ਹੇ ਲਿਖੇ ਹਨ ਜਿਨ੍ਹਾਂ ਤੋਂ ਇਸ ਮਸਲੇ ਦੇ ਹੱਲ ਦੀ ਆਸ ਕੀਤੀ ਜਾ ਰਹੀ ਹੈ ਕਿਉਂ ਕਿ ਉਹ ਜਰੂਰ ਬੇਰੁਜ਼ਗਾਰਾਂ ਦੇ ਦਰਦ ਨੂੰ ਭਲੀਭਾਂਤ ਜਾਣਦੇ ਹੋਣਗੇ। ਪਿਛਲੇ ਦਿਨਾਂ ਤੋਂ ਵੱਖ-ਵੱਖ ਸਹਿਰਾਂ ਵਿਖੇ ਪੀੜ੍ਹਤ ਸਫਲ ਉਮੀਦਵਾਰਾਂ ਵਲੋਂ ਸਥਾਨਕ ਪੱਧਰੀ ਇਕੱਤਰਤਾ ਕਰਕੇ ਆਪਣਾ ਸਾਂਤਮਈ ਰੋਸ਼ ਪ੍ਰਗਟ ਕੀਤਾ ਹੈ। ਪਿਛਲੇ ਸਮੇਂ ਸੰਗਰੂਰ ਵਿਖੇ ਮੁੱਖ ਮੰਤਰੀ ਦੀ ਕੋਠੀ ਅੱਗੇ ਰੋਸ ਰੈਲੀ ਕੱਢ ਕੇ ਵੱਡਾ ਇਕੱਠ ਕਰਕੇ ਆਪਣੀਆਂ ਮੰਗਾਂ ਦੇ ਸਬੰਧ ਵਿਚ ਤਹਿਸੀਲਦਾਰ ਨੂੰ ਮੰਗ ਪੱਤਰ ਦੇਣ ਉਪਰੰਤ ਮੁੱਖ ਮੰਤਰੀ ਨਾਲ ਮੀਟਿੰਗ ਦੀ ਤਾਰੀਖ ਲਈ ਹਾਂ ਹੋਈ ਸੀ ਪਰ ਇਹ ਮੀਟਿੰਗ ਨਹੀਂ ਮਿਲੀ। ਮਾਣਯੋਗ ਹਾਈ ਕੋਰਟ ਵਲੋਂ 16 ਸਤੰਬਰ 2022 ਨੂੰ ਫੈਸ਼ਲੇ ਦੀ ਕਾਪੀ ਜਾਰੀ ਕੀਤੀ ਗਈ ਜਿਸ ਵਿੱਚ ਸਰਕਾਰ ਵਲੋਂ ਭਰਤੀ ਪ੍ਰਕ੍ਰਿਆ ਨੂੰ ਕਰਦੇ ਸਮੇਂ ਜੋ ਊਣਤਾਈਆਂ ਪਾਈਆਂ ਗਈਆਂ

**ਬਾਕੀ ਹਿਸਾ ਸਫਾ 60 ਤੇ ਪੜ੍ਹੋ**

59 ਸਫੇ ਦੀ ਬਾਕੀ

ਜੋ ਕਿ ਸਰਕਾਰ ਦੀ ਅਣਗਹਿਲੀ ਸਦਕਾ ਹੋਇਆ। ਇਸ ਲਈ 1158 ਸਫਲ ਉਮੀਦਵਾਰਾਂ ਦਾ ਇਸ 'ਚ ਕੋਈ ਕਸੂਰ ਨਹੀਂ। ਜਿਨ੍ਹਾਂ ਸਬੰਧਤ ਅਧਿਕਾਰੀਆਂ ਨੇ ਅਣਗਹਿਲੀ ਕੀਤੀ ਹੈ ਉਨ੍ਹਾਂ ਨੂੰ ਸ਼ਜਾ ਮਿਲਣੀ ਚਾਹੀਦੀ ਹੈ ਨਾ ਕਿ ਉਮੀਦਵਾਰਾਂ ਨੂੰ। ਇਸ ਕੋਰਟ ਕੇਸ ਨਾਲ ਨਾ ਤਾਂ ਰਿੱਟਾਂ ਕਰਨ ਵਾਲਿਆ ਨੂੰ ਕੋਈ ਰਾਹਤ ਮਿਲੀ, ਨਾ ਕੋਈ ਸਰਕਾਰ ਦੀ ਅਗਲੀ ਰਣਨੀਤੀ ਇਸ ਮਸਲੇ ਨੂੰ ਹੱਲ ਕਰਨ ਲਈ ਸਾਹਮਣੇ ਆਈ ਹੈ, ਜਦੋਂ ਕਿ ਲੱਖਾਂ ਰੁਪਏ ਇਸ ਪ੍ਰਕ੍ਰਿਆ ਉੱਪਰ ਖਰਚੇ ਗਏ ਹਨ। ਪਹਿਲਾਂ ਹੀ ਸਥਿਤੀ ਬੜੀ ਚਿੰਤਾਜਨਕ ਬਣੀ ਹੋਈ ਸੀ ਜੋ ਕਿ ਮਾਣਯੋਗ ਹਾਈ ਕੋਰਟ ਦੇ ਆਏ ਫੈਸਲੇ ਨਾਲ ਹੁਣ ਹੋ ਵੀ ਵਧੇਰੇ ਚਿੰਤਾਜਨਕ ਬਣ ਗਈ ਹੈ। ਇਸ ਭਰਤੀ ਪ੍ਰਕ੍ਰਿਆ ਵਿੱਚ ਰਾਜਨੀਤਕ ਲੋਕਾਂ ਦੀ ਸਮੂਲੀਅਤ ਦੀ ਦੂਰ ਦੀ ਗੱਲ ਸੀ ਕਿਉਂ ਕਿ ਕੋਈ ਇੰਟਰਵਿਊ ਕਮੇਟੀ ਦੇ ਅੰਕ ਬਗੈਰਾ ਨਹੀਂ ਰੱਖੇ ਗਏ, ਜਿਥੇ ਕਿ ਪਹੁੰਚ ਵਾਲੇ ਲੋਕਾਂ ਲਈ ਲਾਹੇਵੰਦ ਹੋਣਾ ਸੀ, ਜੋ ਨਹੀਂ ਹੋਇਆ। ਇਸੇ ਕਰਕੇ ਇਹ ਭਰਤੀ ਦਾ ਪਾਰਦਰਸ਼ੀ ਕੰਮ ਤੇਜ਼ੀ ਨਾਲ ਹੋਇਆ। ਉਚੇਰੀ ਸਿੱਖਿਆ ਦੇ ਸਕੱਤਰ ਨੂੰ ਇਸ ਗੰਭੀਰ ਮਸਲੇ ਨੂੰ ਬਾਰੀਕੀ ਨਾਲ ਘੋਖ ਕਰਕੇ ਸਰਕਾਰ ਦਾ ਪੱਖ ਉੱਚ ਅਦਾਲਤ ਵਿੱਚ ਪੇਸ਼ੀ 'ਤੇ ਰੱਖ ਕੇ ਸਟੇਅ ਖਾਲੀ ਕਰਵਾਉਣ ਦਾ ਹੋਣਾ ਚਾਹੀਦਾ ਸੀ, ਜੋ ਨਹੀਂ ਹੋਇਆ।

ਪੰਜਾਬ ਸਰਕਾਰ ਵਲੋਂ ਵਾਰ-ਵਾਰ ਐਡਵੋਕੇਟ ਜਨਰਲ ਨੂੰ ਬਦਲਣ ਦੇ ਚੱਕਰ ਵਿੱਚ ਹੀ ਸਮਾਂ ਲੰਘਦਾ ਜਾ ਰਿਹਾ ਹੈ ਜਿਸ ਸਦਕਾ ਇਸ ਕੇਸ ਦੀ ਸਰਕਾਰ ਤਰਫੋਂ ਕੋਈ ਲੋਕ ਹਿਤ ਲਈ ਠੋਸ ਪੈਰਵਾਈ ਹੁਣ ਤੱਕ ਨਹੀਂ ਹੋ ਸਕੀ। ਮਾਣਯੋਗ ਹਾਈ ਕੋਰਟ ਵਲੋਂ ਕਿੰਨੀ ਵਾਰ ਤਾਂ ਸਰਕਾਰ ਵਲੋਂ ਜਵਾਬਦਾਵਾ ਪੇਸ਼ ਨਾ ਕਰਨ ਕਾਰਨ ਸੁਣਵਾਈ ਵਾਰ-ਵਾਰ ਅੱਗੇ ਪਾਈ ਗਈ ਹੈ।

ਕੁਝ ਸਿਲੈਕਟ ਹੋਏ ਉਮੀਦਵਾਰਾਂ ਨੂੰ ਸਟੇਸ਼ਨ ਅਲਾਟ ਹੋ ਚੁੱਕੇ ਹਨ ਜੋ ਕਿ ਕਾਲਜਾਂ 'ਚ ਹਾਜ਼ਰੀ ਦੇ ਚੁੱਕੇ ਹਨ, ਉਨ੍ਹਾਂ ਦੀ ਤਨਖਾਹ ਕਢਵਾਉਣ ਦੇ ਮਹਿਕਮੇ ਵਲੋਂ ਪ੍ਰਿੰਸੀਪਲਾਂ ਨੂੰ ਪੱਤਰ ਜਾਰੀ ਕੀਤਾ ਗਿਆ। ਬਾਅਦ 'ਚ ਨਵਾਂ ਪੱਤਰ ਜਾਰੀ ਕਰਕੇ ਜਿਨ੍ਹਾਂ ਨੂੰ ਨਿਯੁਕਤੀ ਪੱਤਰ ਮਿਲ ਚੁੱਕੇ ਹਨ ਉਨ੍ਹਾਂ ਕੁਲ 462 ਸਹਾਇਕ ਪ੍ਰੋਫੈਸਰਾਂ ਦੀ ਹਾਜ਼ਰੀ ਡਾਇਰੈਕਟੋਰੇਟ ਦਫਤਰ ਵਿਖੇ ਮੰਨ ਕੇ ਉਨ੍ਹਾਂ ਦੀ ਵੀ ਹਾਜ਼ਰ ਹੋ ਚੁੱਕੇ ਅਸਿਸਟੈਂਟ ਪ੍ਰੋਫੈਸਰਾਂ ਦੇ ਨਾਲ ਹੀ ਤਨਖਾਹ ਵੱਖ-ਵੱਖ ਕਾਲਜਾਂ ਵਿੱਚ ਪਈਆਂ ਖਾਲੀ ਪੋਸਟਾਂ ਵਿਰੁੱਧ ਕਢਵਾਉਣ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲਾਂ ਨੂੰ ਆਦੇਸ਼ ਦਿੱਤੇ ਗਏ ਸਨ ਪਰ ਅਜੇ ਤੱਕ ਉਨ੍ਹਾਂ ਨੂੰ ਤਨਖਾਹ ਨਹੀਂ ਮਿਲੀ।ਇਥੇ ਇਹ ਵੀ ਵਰਣਨਯੋਗ ਹੈ ਕਿ ਨਿਯੁਕਤੀ ਪੱਤਰ ਪ੍ਰਾਪਤ ਕਰਨ ਵਾਲੇ ਉਮੀਦਵਾਰਾਂ ਤੋਂ ਪਿਛਲੀਆਂ ਨੌਕਰੀਆਂ ਤੋਂ ਅਸਤੀਫੇ ਲਏ ਗਏ ਹਨ ਜਿਸ ਨਾਲ ਹੁਣ ਉਹ ਸਾਰੇ ਹੀ ਬੇਰੁਜ਼ਗਾਰ ਹੋ ਕੇ ਆਰਥਿਕ ਤੰਗੀ 'ਚੋਂ ਲੰਘ ਰਹੇ ਹਨ।ਕਈਆਂ ਨੇ ਕਈ ਕਿਸਮ ਦੇ ਲੋਨ ਵਗੈਰਾ ਲਏ ਹੋਣਗੇ, ਉਨ੍ਹਾਂ ਦੀਆਂ ਕਿਸ਼ਤਾਂ ਕਿਵੇਂ ਭਰਨਗੇ। ਇਹ ਇੱਕ ਗੰਭੀਰ ਮੁੱਦਾ ਬਣ ਗਿਆ ਹੈ। ਤਕਰੀਬਨ ਅੱਧੇ ਸਫਲ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਹੀਂ ਮਿਲ ਸਕੇ ਉਹ ਅਜੇ ਆਪਣੇ ਭਵਿੱਖ ਲਈ ਚਿੰਤਾਗ੍ਰਸ਼ਤ ਹਨ ਜਦੋਂ ਕਿ ਕੁਝ ਵਿਸ਼ਿਆਂ ਦੇ ਸਿਲੈਕਟ ਉਮੀਦਵਾਰ ਕਾਲਜਾਂ ਵਿੱਚ ਸਟੇਅ ਤੋਂ ਪਹਿਲਾਂ ਜੁਆਇਨ ਕਰ ਚੁੱਕੇ ਹਨ ਜੋ ਆਪਣੀ ਡਿਊਟੀ ਨਿਭਾ ਰਹੇ ਹਨ ਅਤੇ ਤਨਖਾਹ ਲੈ ਰਹੇ ਹਨ।ਇਸ ਤਰ੍ਹਾਂ ਇਹ ਤਾਣਾ ਬਾਣਾ ਉਲਝਿਆ ਪਿਆ ਹੈ।

ਜੇ ਨਵੀਂ ਸਰਕਾਰ ਇਨ੍ਹਾਂ ਸਫਲ਼ ਉਮੀਦਵਾਰਾਂ ਲਈ ਜੁਆਇਨਿੰਗ ਕਰਵਾਉਣ ਲਈ ਕਾਨੂੰਨੀ ਰਾਇ ਲੈ ਕੇ ਸਪੈਸ਼ਲ ਆਰਡੀਨੈਂਸ ਜਾਰੀ ਕਰਕੇ ਇਸ ਮਸਲੇ ਦਾ ਹੱਲ ਕੱਢ ਸਕਦੀ ਹੈ ਤਾਂ ਜਰੂਰ ਕੱਢਣਾ ਚਾਹੀਦਾ ਹੈ।

ਆਸ ਸੀ ਕਿ ਨਵੀਂ ਸਰਕਾਰ ਆਪਣਾ ਪੱਖ ਮਜਬੂਤੀ ਨਾਲ ਰੱਖ ਕੇ ਸਟੇਅ ਨੂੰ ਤੜਵਾਉਣ ਲਈ ਹਰ ਸੰਭਵ ਯਤਨ ਕਰੇਗੀ ਤਾਂ ਕਿ ਇਹ ਭਰਤੀ ਜਲਦੀ ਸਿਰੇ ਚੜ੍ਹ ਜਾਵੇ ਜਿਸ ਨਾਲ ਰਹਿੰਦੇ ਸਫਲ ਉਮੀਦਵਾਰਾਂ ਨੂੰ ਰੁਜ਼ਗਾਰ ਮਿਲ ਸਕੇ ਅਤੇ ਉਚੇਰੀ ਸਿੱਖਿਆ ਦੇ ਡਿੱਗ ਰਹੇ ਮਿਆਰ ਨੂੰ ਬਚਾਇਆ ਜਾ ਸਕੇ ਕਿਉਂ ਕਿ ਲੋਕਾਂ ਲਈ ਸਿੱਖਿਆ ਅਤੇ ਸਿਹਤ 'ਚ ਸੁਧਾਰ ਕਰਨਾ ਆਮ ਆਦਮੀ ਪਾਰਟੀ ਦੇ ਮੁੱਖ ਮੁੱਦੇ ਸੀ। ਪਰ ਅਜੇ ਤੱਕ ਸਰਕਾਰ ਦਾ ਹੁੰਗਾਰਾ ਕੋਈ ਵਧੀਆ ਨਹੀਂ ਦਿੱਸ ਰਿਹਾ ਜੋ ਕਿ 'ਆਪ' ਸਰਕਾਰ ਦੀਆਂ ਨੀਤੀਆਂ ਉੱਪਰ ਸਵਾਲੀਆਂ ਚਿੰਨ੍ਹ ਖੜ੍ਹਾ ਕਰਦਾ ਹੈ।ਸਰਕਾਰ ਵਲੋਂ ਇਸ ਸਬੰਧ ਵਿੱਚ ਕੋਈ ਹੱਲ ਕੱਢਣ ਦਾ ਕੋਈ ਬਿਆਨ ਨਾ ਜਾਰੀ ਕਰਨਾ, ਕੋਈ ਸੁਹਿਰਦਤਾ ਨਾਲ ਮੀਟਿੰਗ ਨਾ ਦੇਣਾ ਵੀ ਲੋਕ ਵਿਰੋਧੀ ਜਾਪਦਾ ਹੈ।ਵੋਟਾਂ ਤੋਂ ਲੈਣ ਤੋਂ ਪਹਿਲਾਂ ਜੋ ਕੁਰਸੀਆਂ ਪ੍ਰਾਪਤ ਕਰਨ ਵਾਲੇ ਕਹਿੰਦੇ ਸੀ ਉਹ ਲਾਰੇ ਹੀ ਸਾਬਤ ਹੋਏ।

ਆਸ ਹੈ ਕਿ ਉੱਚ ਅਦਾਲਤ ਇਨ੍ਹਾਂ ਸਫਲ ਉਮੀਦਵਾਰਾਂ ਨੂੰ ਜਰੂਰ ਰਾਹਤ ਦੇਵੇਗੀ, ਜਿਨ੍ਹਾਂ ਖਿਲਾਫ ਕੋਈ ਸ਼ਿਕਾਇਤ ਨਹੀਂ।ਅਗਰ ਰਿੱਟਾਂ ਕਰਨ ਵਾਲੇ ਉਮੀਦਵਾਰਾਂ ਲਈ ਕੋਈ ਰਾਹਤ ਦੀ ਗੱਲ ਹੈ, ਉਹ ਕੋਰਟ ਦੇ ਫੈਸ਼ਲੇ ਤੇ ਛੱਡ ਦੇਣੀ ਚਾਹੀਦੀ ਹੈ। ਐਡੀ ਵੱਡੀ ਪ੍ਰਕ੍ਰਿਆ ਨੂੰ ਬਹੁਤ ਸਾਲਾਂ ਬਾਅਦ ਬਹੁਤ ਘੱਟ ਸੀਮਤ ਸਮੇਂ ਵਿੱਚ ਨੇਪਰੇ ਚਾੜ੍ਹਨਾ ਮਹਿਕਮੇ ਦੀ ਵੱਡੀ ਪ੍ਰਾਪਤੀ ਜਰੂਰ ਹੈ।ਇਸ ਵਿੱਚ ਕੋਈ ਸ਼ੱਕ ਨਹੀਂ ਕਿ ਭਰਤੀ ਨਿਰੋਲ ਪਾਰਦਰਸ਼ੀ ਢੰਗ ਨਾਲ ਹੋਈ ਹੈ। ਸਿਫਾਰਸ਼ ਦੀ ਗੁੰਜਾਇਸ਼ ਨਾ ਹੋਣ ਕਰਕੇ ਵੀ ਕਈਆਂ ਨੂੰ ਐਨੀ ਜਲਦੀ ਭਰਤੀ ਕਰਨ ਕਰਕੇ ਵੀ ਇਹ ਗੱਲ਼ ਹਜ਼ਮ ਨਹੀਂ ਆ ਰਹੀ। ਅਜੇ ਵੀ ਇਨ੍ਹਾਂ ਸਿਲੈਕਟ ਹੋਏ ਉਮੀਦਵਾਰਾਂ ਨੂੰ ਆਸ ਹੈ ਕਿ ਸਿੱਖਿਆ ਮੰਤਰੀ ਅਤੇ ਸਿੱਖਿਆ ਸਕੱਤਰ ਰਾਜ ਸਰਕਾਰ ਵਲੋਂ ਦਿਆਨਤਦਾਰੀ ਨਾਲ ਇਸ ਕੇਸ ਦੀ ਪੈਰਵੀ ਕਰਵਾ ਕੇ ਮਸਲਾ ਹੱਲ ਕਰਵਾ ਲੈਣਗੇ।


## ਪੰਜਾਬ ਟਾਈਮਜ਼ ਨੂੰ ਸਹਿਯੋਗ ਦਿਓ

ਪਾਠਕਾਂ ਨੂੰ ਬੇਨਤੀ ਹੈ ਕਿ ਪੰਜਾਬ ਟਾਈਮਜ਼ ਨੂੰ ਸਹਿਯੋਗ ਦੇਣ ਲਈ ਆਪਣੇ ਨੇੜੇ ਦੀ ਦੁਕਾਨ ਤੋਂ ਪੂਰਾ ਅਖ਼ਬਾਰ ਖਰੀਦ ਕੇ ਪੜ੍ਹੋ ਜੀ। ਜੇ ਤੁਹਾਡੇ ਨੇੜੇ ਅਖ਼ਬਾਰ ਨਹੀਂ ਮਿਲਦਾ ਤਾਂ ਹੇਠਾਂ ਦਿੱਤੇ ਨੰਬਰ ਤੇ ਸੰਪਰਕ ਕਰਕੇ ਜਾਣਕਾਰੀ ਲੈ ਸਕਦੇ ਹੋ।

ਫ਼ੋਨ ਨੰਬਰ: 01332 372851


# ਬੁਢਾਪਾ ਆਉਂਦਾ ਹੈ ਜਾਂਦਾ ਨਹੀਂ


ਸੁਖਪਾਲ ਸਿੰਘ ਗਿੱਲ
ਅਬਿਆਣਾ ਕਲਾਂ
9878111445


ਬੁਢਾਪਾ ਜੀਵਨ ਦਾ ਹਿੱਸਾ ਹੈ। ਇਹ ਤਜ਼ਰਬਿਆਂ ਅਤੇ ਗੁਣਾਂ ਦੀ ਗੁਥਲੀ ਹੁੰਦਾ ਹੈ। ਅਫਸੋਸ ਅੱਜ ਇਸ ਦਾ ਫਾਇਦਾ ਲੈਣ ਨਾਲੋਂ ਇਸ ਨੂੰ ਨਕਾਰ ਕੇ ''ਆਪਣੀ ਅਕਲ ਬੇਗਾਨੀ ਮਾਇਆ ਵੱਡੀ'' ਦਾ ਬੇਹੂਦਾ ਸਬੂਤ ਦਿੱਤਾ ਜਾਂਦਾ ਹੈ। ਪਹਿਲੀ ਕਿਲਕਾਰੀ ਤੋਂ ਮਰਨ ਤੱਕ ਮਨੁੱਖ ਤਰ੍ਹਾਂ ਤਰ੍ਹਾਂ ਦੇ ਉਤਰਾਅ ਚੜ੍ਹਾਅ ਦੇਖਦਾ ਹੈ। ਜੀਵਨ ਦੇ ਤਿੰਨ ਪੜਾਅ ਬਚਪਨ, ਜਵਾਨੀ ਅਤੇ ਬੁਢਾਪੇ ਵਿੱਚ ਮਨੁੱਖ ਕਈ ਤਰ੍ਹਾਂ ਦੇ ਸਿਰਨਾਵੇਂ ਲਿਖਦਾ ਹੈ। ਸਾਡੀ ਪਵਿੱਤਰ ਗੁਰਬਾਣੀ ਨੇ ਵੀ ਜ਼ਿਕਰ ਕੀਤਾ ਹੈ:-

ਬਾਲ ਜੁਵਾਨੀ ਅਰੁ ਬਿਰਧਿ ਫੁਨਿ
ਤੀਨਿ ਅਵਸਥਾ ਜਾਨਿ

ਇਹਨਾਂ ਤਿੰਨਾਂ ਅਵਸਥਾਵਾਂ ਵਿੱਚੋਂ ਬੁਢਾਪੇ ਦੀ ਖ਼ਾਸ ਗੱਲ ਇਹ ਹੈ ਕਿ ਇਹ ਆਉਂਦਾ ਹੈ ਪਰ ਜਾਂਦਾ ਨਹੀਂ। ਜਦੋਂ ਕਿ ਬਾਲਪਨ ਅਤੇ ਜਵਾਨੀ ਆ ਕੇ ਚਲੇ ਜਾਂਦੇ ਹਨ। ਬੁਢਾਪਾ ਜੀਵਨ ਦਾ ਅੰਤਲਾ ਪੜਾਅ ਹੁੰਦਾ ਹੈ ਜਿਸ ਸਮੇਂ ਤੱਕ ਸਰੀਰਕ ਕਿਰਿਆਵਾਂ ਮੱਧਮ ਤੋਂ ਅਸਥ ਹੋਣ ਤੱਕ ਚਲੇ ਜਾਂਦੀਆਂ ਹਨ। ਮਾਨਸਿਕ, ਸਰੀਰਕ ਅਤੇ ਸਮਾਜਿਕ ਗੁਲਾਮੀ ਬੁਢਾਪੇ ਨੂੰ ਬੁੱਕਲ ਵਿੱਚ ਕਰ ਲੈਂਦੇ ਹਨ। ਇਸ ਕਰਕੇ ਇਸ ਨੂੰ ਸ਼ਰਾਪ ਵੀ ਮੰਨਿਆ ਜਾਂਦਾ ਹੈ।

ਪਹਿਲੇ ਜ਼ਮਾਨੇ ਸੰਤੁਲਿਤ ਖੁਰਾਕ ਨਾਲ ਬੁਢਾਪਾ ਦੇਰ ਨਾਲ ਆਉਂਦਾ ਸੀ। ਅੱਜਕਲ੍ਹ ਬੁਢਾਪੇ ਦੀ ਕੋਈ ਉਮਰ ਨਹੀਂ ਹੈ।



ਘਰ ਪਰਿਵਾਰ ਵਿੱਚ ਜਦੋਂ ਚੱਲਦੀਆਂ ਹੁੰਦੀਆਂ ਹਨ ਤਾਂ ਬੰਦਾ ਪ੍ਰਵਾਹ ਕੀਤੇ ਬਿਨਾਂ ਰੱਜ ਕੇ ਜੀਵਨ ਦਾ ਆਨੰਦ ਮਾਣਦਾ ਹੈ। ਸਭ ਕੁੱਝ ਧੀਆਂ ਪੁੱਤਰਾਂ ਲਈ ਇਕੱਠਾ ਕਰਦਾ ਹੈ। ਭਾਗਾਂ ਵਾਲੇ ਹੁੰਦੇ ਹਨ ਉਹ ਜਿਹਨਾਂ ਦਾ ਬੁਢਾਪਾ ਸੌਖਾ ਅਤੇ ਖੁਸ਼ੀ ਨਾਲ ਆਪਣੀ ਫੁੱਲਵਾੜੀ ਵਿੱਚ ਬੈਠਦਾ ਹੈ। ਜਵਾਨੀ ਵਿੱਚ ਤੰਗੀਆਂ ਤੁਰਸ਼ੀਆਂ ਕੱਟੀਆਂ ਜਾਂਦੀਆਂ ਹਨ ਪਰ ਬੁਢਾਪੇ ਵਿੱਚ ਇਹ ਸਹਾਰਨਯੋਗ ਨਹੀਂ ਹੁੰਦੀਆਂ।

ਇਹ ਇਕੱਲਤਾ ਹੰਢਾਉਂਦਾ ਹੈ, ਪਰ ਇਸ ਅਵਸਥਾ ਵਿੱਚ ਸਹਿਣਯੋਗ ਨਹੀਂ ਹੁੰਦਾ। ਇਸੇ ਕਰਕੇ ਬੁਢਾਪੇ ਵਿੱਚ ਮਾਨਸਿਕ ਸਮੱਸਿਆਵਾਂ ਬੂਹੇ ਉੱਤੇ ਆ ਜਾਂਦੀਆਂ ਹਨ। ਇਹ ਕਈ ਵਾਰ ਸਮਾਜਿਕ ਸੰਕਟ ਪੈਦਾ ਕਰ ਦਿੰਦੀਆਂ ਹਨ। ਬੁਢਾਪਾ ਰੋਟੀ, ਚਾਹ, ਪਾਣੀ ਅਤੇ ਦਵਾਈਆਂ ਲਈ ਦੂਜੇ ਤੇ ਨਿਰਭਰ ਹੋਣ ਕਰਕੇ ਉਦਾਸੀ ਅਤੇ ਲਾਚਾਰੀ ਭੋਗਦਾ ਹੈ। ਬੁਢਾਪਾ ਆਪਣੇ ਆਪ ਵਿੱਚ ਮਿਲਾ ਲੈਂਦਾ ਹੈ, ਦੂਜੇ ਪਾਸੇ ਇਸ ਅਵਸਥਾ ਵਿੱਚ ਕੀਤੀਆਂ ਚੇਤੇ ਆਉਂਦੀਆਂ ਹਨ, ਹੋ ਕੁੱਝ ਵੀ ਨਹੀਂ ਸਕਦਾ। ਜੋ ਭੁੱਲਣਾ ਚਾਹੁੰਦਾ ਹੈ ਉਹ ਭੁੱਲ ਨਹੀਂ ਹੁੰਦਾ, ਵਾਰ ਵਾਰ ਗਰਾਰੀ ਉੱਥੇ ਹੀ ਖੜ੍ਹ ਜਾਂਦੀ ਹੈ।

ਅਕਸਰ ਕਿਹਾ ਜਾਂਦਾ ਹੈ ਕਿ ਬੁਢਾਪੇ ਵਿੱਚ ਪਛਤਾਵਾ ਮਹਿਸੂਸ ਹੋਣ ਲੱਗਦਾ ਹੈ ਕਿਉਂਕਿ ਬਚਪਨ ਜਵਾਨੀ ਵਿੱਚ ਮਨ ਸ਼ਕਤੀਸ਼ਾਲੀ ਹੋਣ ਕਰਕੇ ਪ੍ਰਵਾਹ ਨਹੀਂ ਕਰਦਾ। ਬੁਢਾਪੇ ਵਿੱਚ ਮਨ ਕਮਜ਼ੋਰ ਹੋਣ ਕਰਕੇ ਅੱਗੇ ਆ ਜਾਂਦੀਆਂ ਹਨ। ਆਖਿਰ ਬੁਢਾਪੇ ਵਿੱਚ ਰੱਬ ਯਾਦ ਆਉਂਣ ਲੱਗਦਾ ਹੈ। ਇਸ ਦੀ ਉਦਾਹਰਨ ਜੱਲ੍ਹਣ ਨੇ ਇਉਂ ਦਿੱਤੀ ਹੈ:-

ਨਿੱਕੇ ਹੁੰਦੇ ਢੱਗੇ ਚਾਰੇ,
ਵੱਡੇ ਹੋਏ ਹਲ ਵਾਹਿਆ,
ਬੁੱਢੇ ਹੋ ਕੇ ਮਾਲਾ ਫੇਰੀ,
ਰੱਬ ਦਾ ਉਲਾਂਭਾ ਲਾਹਿਆ

ਪੁਰਾਤਨ ਸਮੇਂ ਬੁਢਾਪੇ ਦਾ ਸਤਿਕਾਰ ਹੁੰਦਾ ਸੀ। ਘਰ ਦੀ ਵਾਂਗਡੋਰ ਵੀ ਸਾਂਭਿਆ ਕਰਦੇ ਸਨ। ਅੱਜ ਬੁਢਾਪਾ ਰੁਲਦਾ ਤਾਂ ਆਮ ਵੇਖਿਆ ਪਰ ਸਤਿਕਾਰਯੋਗ ਬੁਢਾਪਾ ਲੱਭਣਾ ਪੈਂਦਾ ਹੈ। ਸੰਯੁਕਤ ਰਾਸ਼ਟਰ ਨੇ 1ਅਕਤੂਬਰ 1991ਨੂੰ ਬੁਢਾਪਾ ਦਿਵਸ ਮਨਾਉਣ ਲਈ ਮਤਾ ਪਾਸ ਕੀਤਾ ਸੀ। ਹੁਣ ਹਾਰਵਰਡ ਦੇ ਵਿਗਿਆਨਕ ਬੁਢਾਪੇ ਨੂੰ ਬਿਮਾਰੀ ਮੰਨਣ ਲੱਗ ਪਏ ਹਨ। ਭਾਰਤ ਬਲਵਾਨ ਸੰਸਕ੍ਰਿਤੀ ਵਾਲਾ ਮੁਲਕ ਹੋਣ ਕਰਕੇ ਇੱਥੇ ਬੁਢਾਪੇ ਦੀ ਵੰਨ ਸੁਵੰਨਤਾ ਹੈ। ਬਿਰਧ ਆਸ਼ਰਮ ਮੂੰਹ ਚਿੜਾਉਂਦੇ ਹਨ।

ਬੁਢਾਪਾ ਅਤੇ ਸਮਾਜਿਕ ਕਦਰਾਂ ਵਿੱਚ ਆਈਆਂ ਤਬਦੀਲੀਆਂ, ਬੁਢਾਪੇ ਦੀ ਪ੍ਰੀਵਾਰ ਸਮਾਜ ਵਿੱਚ ਥਾਂ ਅਤੇ ਸਾਕੇਦਾਰੀ ਪ੍ਰਣਾਲੀ ਵਿੱਚ ਬੁਢਾਪੇ ਦਾ ਰੁੱਤਬਾ ਸਮਾਜ ਵਿਗਿਆਨ ਦੀ ਵਿਸ਼ੇਸ਼ ਖੋਜ ਮੰਗਦਾ ਹੈ। ਇਸ ਨਾਲ ਬੁਢਾਪੇ ਦੀਆਂ ਤ੍ਰਾਸਦੀਆਂ ਦਾ ਸੂਰਜ ਡੁੱਬ ਜਾਵੇਗਾ।

# Ascent from Humility to Nobility: A Story of Guru Ram Das Ji

**Kirpal Singh**
**Wellington, New Zealand**

In Sikhi, Guru's Nadr (Grace) is a paramount blessing in moving on the Spiritual Path. Life of Guru Ram Das Ji is a solid example and product of blessings of Guru Amar Das Ji. Is this not a miraculous that Bhai Jetha an ordinary poor young boy who used to sell boiled black chick-peas eventually became the 4th Sikh Guru? He not only left behind spiritual wealth but also financial/economic wealth as well? How can we explain this feat otherwise?

Guru Ram Das Ji's spiritual transformation leading to a rise from a blue collar worker to Gurudom in Sikhi provides an insight in to his selfless unflinching Guru-Seva, obeying his Guru's commands and trust and faith in Naam (Waheguru) to attract Budh-bibek/ Sohjee/ Gurmat with the help of Divine grace/ nadr/ kirpa/ gurparsad.

Guru Ram Das Ji's story fulfils the guiding truths given in the following Gurbani tuks:-

ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ ॥ ਗੁਰ ਕੀ ਆਗਿਆ ਮਨ ਮਹਿ ਸਹੈ ॥ (Raag Gauhri M. 5, GGS. 286-17).

That selfless servant, who lives in the Guru's household, Is to obey the Guru's Commands with all his mind

ਆਪਸ ਕਉ ਕਰਿ ਕਛੁ ਨ ਜਨਾਵੈ ॥
ਹਰਿ ਹਰਿ ਨਾਮੁ ਰਿਦੈ ਸਦ ਧਿਆਵੈ ॥

He is not to call attention to himself in any way. He is to meditate constantly within his heart on the Name of the Lord.

ਮਨੁ ਬੇਚੈ ਸਤਿਗੁਰ ਕੈ ਪਾਸਿ ॥
ਤਿਸੁ ਸੇਵਕ ਕੇ ਕਾਰਜ ਰਾਸਿ ॥

One who sells his mind to the True Guru - that humble servant's affairs are resolved.

ਸੇਵਾ ਕਰਤ ਹੋਇ ਨਿਹਕਾਮੀ ॥
ਤਿਸ ਕਉ ਹੋਤ ਪਰਾਪਤਿ ਸੁਆਮੀ ॥

One who performs selfless service, without thought of reward, Shall attain his Lord and Master.

ਅਪਨੀ ਕ੍ਰਿਪਾ ਜਿਸੁ ਆਪਿ ਕਰੇਇ ॥
ਨਾਨਕ ਸੋ ਸੇਵਕੁ ਗੁਰ ਕੀ ਮਤਿ ਲੇਇ ॥੨ ॥

He Himself grants His Grace. O Nanak, that selfless servant lives the Guru's Teachings. ||2||

The Grace of Guru and Waheguru did wonders on the personality of Bhai Jaitha Ji in his spiritual transformation. On the literary side, Guru Ram Das Ji's composition Lavaan alone is par excellence - a story of his own Spiritual experience enumerated in four steps:- gathering of spiritual knowledge of Waheguru; seeing Him around; going into vairag on missing Him and finally staying in liv (Divine connectivity) with Waheguru. Lavaan reinforces the Spiritual Steps (Khands) prescribed by Guru Nanak Sahib in Jap Ji as well. Altogether, Guru Ram Das Ji has contributed in all 638 sbads, saloks and chandds in the Guru Granth Sahib.

It is wondrous as how Guru Ji without any formal education became an extraordinary visionary and full of management skills to do many things for the development of the Sikh Community. Today the hustling bustling city of Amritsar is known for 'Ram Das Sarovar' and Darbar Sahib (Golden Temple). Amritsar today houses Khalsa College, Guru Nanak Dev University and many other Colleges and Higher Educational Institutions that have produced so many scholarly professors, lecturers and researchers and numerous literary works since hundreds of years after Guru Ram Das Ji's spiritual legacy.

The apex body, SGPC, looking after the affairs of Gurduaras in Punjab runs from the premises of Golden Temple complex with an exponentially growing annual budget rising to appox. Rs. 1200+ crores; a huge real estate and employing a large task force at different levels. What a remarkable vision for human resource management that Guru Ji left for us!.

Guru Arjan Dev Ji (a blessed son of Guru Ram Das Ji) has been a great gift to Sikhi who was instrumental in contributing the major portion of Gurbani and at the same time in compiling Adi Granth Sahib by incorporating spiritual writings of five Gurus and that of Bhagats and Mahapurakhs to create an interfaith stage for spiritual growth.

A lot of individuals or heterogeneous groups of people have been/are interested in interpreting/translating Gurbani with their inherent fundamental differences as wide as these: some accept the name 'Waheguru" others do not; some believe in Naam Japna others consider it superfluous; some believe in divine/guru's grace others do not believe in nadr/grace. However, there is very little done in experimenting to explore the validity of various steps of Lavaan (or Khands ) using the knowledge and wisdom gained to ascend further into the successive climbing steps. The unfortunate part is that Lavaan Bani has been sidelined into an occasional/casual reading as part of Anand Karaj whereas its message is worth digesting on daily or at least weekly basis. I wish journey through Lavaan is considered seriously by Gursikhs as a sure path in climbing the Gurmat Spiritual Marg.

Bhatt Keerat acknowledges the Spiritual Wealth of Guru Ram Das Ji and pays a glowing tribute in the following pankti:-

ਇਕ ਅਰਦਾਸਿ ਭਾਟ ਕੀਰਤਿ ਕੀ ਗੁਰ ਰਾਮਦਾਸ ਰਾਖਹੁ ਸਰਣਾਈ ॥੪ ॥੫੮ ॥ (GGS. 1406-10)

Eik Aradhaas Bhaatt Keerath Kee Gur Raamadhaas Raakhahu Saranaaee ||4||58||

Keerat the poet offers this one prayer: O Guru Raam Daas, save me! Take me into Your Sanctuary! ||4||58||

Yogi Harbhajan Singh (USA) named his ashram after Guru Ram Das Ji and lately the Punjab and Indian Governments befittingly re-named 'Guru Ram Das International Airport, Amritsar. Among the notable Gursikhs and by judging their contribution, Bhai Sahib Bhai Vir Singh Ji and Baba Iqbal Singh Ji (Baru Sahib) give ample demonstration of moving on the ladder of Lavaan in practical terms. I wish and hope there are many more in the footsteps of Guru Ram Das Ji.

I would urge the researchers in Sikhi (especially those holding Chairs on Sikhism in various universities in India and abroad) if they could include in their curriculum to explore deeply in areas such as Divine Nadr/Grace and Naam, which help transform an individual from an ordinary person in to a devta.

Personally, I find the following message of Guru Ram Dass Ji torch bearing and very assuring in life:-

ਜਿਨ ਅੰਤਰਿ ਹਰਿ ਹਰਿ ਪ੍ਰੀਤਿ ਹੈ ਤੇ ਜਨ ਸੁਘੜ ਸਿਆਣੇ ਰਾਮ ਰਾਜੇ ॥ (Raag Asa M. 4, GGS. 450-15).

Those whose hearts are filled with the love of the Lord, Har, Har, are the wisest and most clever people, O Lord King.

ਜੇ ਬਾਹਰਹੁ ਭੁਲਿ ਚੁਕਿ ਬੋਲਦੇ
ਭੀ ਖਰੇ ਹਰਿ ਭਾਣੇ ॥

Even if they misspeak outwardly, they are still very pleasing to the Lord.

ਹਰਿ ਸੰਤਾ ਨੋ ਹੋਰੁ ਥਾਉ ਨਾਹੀ
ਹਰਿ ਮਾਣੁ ਨਿਮਾਣੇ ॥

The Lord's Saints have no other place. The Lord is the honour of the dishonoured.

ਜਨ ਨਾਨਕ ਨਾਮੁ ਦੀਬਾਣੁ ਹੈ
ਹਰਿ ਤਾਣੁ ਸਤਾਣੇ ॥੧ ॥

The Naam, the Name of the Lord, is the Royal Court for servant Nanak; the Lord's power is his only power. ||1|

The spirit of Humility of Guru Ram Das is an eye opener for us and is captured in his following verses:-

– ਹਉ ਮੂਰਖੁ ਕਾਰੈ ਲਾਈਆ ਨਾਨਕ ਹਰਿ ਕੰਮੇ ॥੩ ॥ (Raag Asa M. 4, GGS. 449-13).

Ho Moorakh Kaarai Laaeeaa Naanak Har Kanmae ||3||

I am just a fool, O Nanak, but the Lord has appointed me to perform His service. ||3||

- ਹਮ ਅੰਧੁਲੇ ਕਉ ਗੁਰ ਅੰਚਲੁ ਦੀਜੈ ਜਨ ਨਾਨਕ ਚਲਹ ਮਿਲੰਥਾ ॥੪ ॥੧ ॥ (Raag Jaitsiri M. 4, GGS. 696-8).

Ham Andhhulae Ko Gur Anchal Dheejai Jan Naanak Chaleh Milanthhaa ||4||1||

I am blind - O Guru, please let me grasp the hem of Your robe, so that servant Nanak may walk in harmony with You. ||4||1||

- ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥੪ ॥੨ ॥ (Raag Jaitsiri M. 4, GGS. 696-14).

Jan Naanak Har Kirapaa Dhhaaree Paakhaan Ddubath Har Raakhaa ||4||2||

The Lord has bestowed His Mercy on servant Nanak; He has saved the sinking stone. ||4||2||

# ਇਨਸਾਨਾਂ ਅਤੇ ਪਸ਼ੂਆਂ ਦੀ ਖੁਰਾਕ ਵਿੱਚ ਰਸਾਇਣਾਂ ਲਈ ਜਿੰਮੇਵਾਰ ਕੌਣ

ਡਾ. ਅਮਨਪ੍ਰੀਤ ਸਿੰਘ ਬਰਾੜ
ਮੋ: 9653790000





ਪੰਜਾਬ ਦੀ ਖੇਤੀ ਸੰਬੰਧੀ ਅੱਜ ਇਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦਾ ਕਿਸਾਨ ਵੱਧ ਪੈਦਾਵਾਰ ਲੈਣ ਦੇ ਚੱਕਰ ਵਿੱਚ ਲੋੜ ਤੋਂ ਵੱਧ ਰਸਾਇਣ (ਫਰਟੀਲਾਈਜ਼ਰ) ਅਤੇ ਕੀੜੇ ਮਾਰ ਜ਼ਹਿਰਾਂ ਵਰਤਦਾ ਹੈ ਜਦ ਕ ਇਹ ਸਚਾਈ ਨਹੀਂ ਕਿਉਂਕਿ ਏਥੇ ਕਿਸਾਨ ਪੈਦਾਵਾਰ ਜ਼ਿਆਦਾ ਲੈਂਦਾ ਹੈ ਜਿਆਦਾ ਪੈਦਾਵਾਰ ਲਈ ਫਸਲ ਨੂੰ ਖੁਰਾਕ ਵੀ ਜ਼ਿਆਦਾ ਚਾਹੀਦੀ ਹੈ। ਜਿਹੜੇ ਲੋਕ ਖੇਤੀ ਨਾਲ ਸੰਬੰਧ ਨਹੀਂ ਰੱਖਦੇ ਉਹ ਮੁਕਾਬਲਾ ਕਰਦੇ ਹਨ ਪੰਜਾਬ ਅਤੇ ਭਾਰਤ ਦਾ। ਕਹਿੰਦੇ ਹਨ ਰਸਾਇਣਕ ਖਾਦਾਂ ਦੀ ਔਸਤ ਭਾਰਤ ਵਿੱਚ 90 ਕਿਲੋ ਪ੍ਰਤੀ ਹੈਕਟੇਅਰ ਹੈ ਜਦ ਕਿ ਪੰਜਾਬ ਵਿੱਚ 223 ਕਿਲੋ ਪ੍ਰਤੀ ਹੈਕਟੇਅਰ ਹੈ। ਪਰ ਉਹਨਾਂ ਨੂੰ ਇਹ ਨਹੀਂ ਪਤਾ ਕਿ ਪੰਜਾਬ ਦਾ 99 ਫੀ ਸਦੀ ਰਕਬਾ ਸੇਂਜੂ ਹੈ ਅਤੇ ਭਾਰਤ ਦਾ ਸਿਰਫ 40 ਫੀ ਸਦੀ। ਭਾਰਤ ਦੇ 60 ਫੀ ਸਦੀ ਰਕਬੇ ਵਿੱਚ ਖਾਦ ਦੀ ਵਰਤੋਂ ਬਹੁਤ ਘੱਟ ਹੁੰਦੀ ਹੈ ਕਿਉਂਕਿ ਉੱਥੇ ਖੇਤੀ ਬਾਰਿਸ਼ ਤੇ ਨਿਰਭਰ ਹੈ। ਬਾਰਿਸ਼ ਦਾ ਪਤਾ ਨਹੀਂ ਕਦੋਂ ਪੈਣੀ ਹੈ ਕਿ ਨਹੀਂ ਜਿਵੇਂ ਇਸ ਸਾਲ ਪੰਜਾਬ ਵਿੱਚ ਬਾਰਿਸ਼ ਔਸਤ ਨਾਲੋਂ ਬਹੁਤ ਘੱਟ ਹੈ ਦੂਜੇ ਪਾਸੇ ਪੰਜਾਬ ਦੀ ਪੈਦਾਵਾਰ ਤਕਰੀਬਨ ਭਾਰਤ ਦੀ ਔਸਤ ਨਾਲੋਂ ਡੇਢ ਗੁਣਾਂ ਜ਼ਿਆਦਾ ਹੈ। ਮਿਸਾਲ ਦੇ ਤੌਰ ਤੇ ਭਾਰਤ ਵਿੱਚ ਕਣਕ ਦੀ ਔਸਤ ਪੈਦਾਵਾਰ 35 ਕੁਇੰਟਲ ਪਰਤੀ ਹੈਕਟੇਅਰ ਹੈ ਜਦ ਕਿ ਪੰਜਾਬ ਵਿੱਚ ਇਹ ਔਸਤ ਇਸ ਸਾਲ 52 ਕੁਇੰਟਲ ਸੀ। ਜਿੱਥੋਂ ਤੱਕ ਕੀੜੇ ਮਾਰ ਦਵਾਈਆਂ/ਜ਼ਹਿਰਾਂ ਦੀ ਗੱਲ ਹੈ ਪੰਜਾਬ ਵਿੱਚ ਇਨ੍ਹਾਂ ਦੀ ਵਰਤੋਂ ਸਿਰਫ 700 ਗ੍ਰਾਮ ਪ੍ਰਤੀ ਹੈਕਟੇਅਰ ਹੈ ਜਦ ਕਿ ਜਪਾਨ ਵਰਗੇ ਵਿਕਸਿਤ ਦੇਸ਼ਾਂ ਵਿੱਚ ਇਹਨਾਂ ਦੀ ਵਰਤੋਂ 12 ਕਿਲੋ ਪ੍ਰਤੀ ਹੈਕਟੇਅਰ ਤੋਂ ਵੱਧ ਹੈ। ਇਹਨਾਂ ਹੀ ਨਹੀਂ ਇਹ ਸਾਰੇ ਰਸਾਇਣ ਬਾਇਓਡੀਗਰੇਡੇਬਲ ਹੈ ਭਾਵ ਸਮੇਂ ਨਾਲ ਇਹਨਾਂ ਵਿਚਲਾ ਜ਼ਹਿਰੀਲਾ ਮਾਦਾ ਅਸਰ ਰਹਿਤ ਹੋ ਜਾਂਦਾ ਹੈ।

ਉਪਰੋਕਤ ਤੋਂ ਇਹ ਸਿੱਧ ਹੁੰਦਾ ਹੈ ਕਿ ਖੁਰਾਕ ਵਿੱਚ ਜੇ ਕੋਈ ਗਲਤ ਰਸਾਇਣ ਆਉਂਦਾ ਹੈ ਤਾਂ ਇਸ ਦਾ ਸਰੋਤ ਕਿਸਾਨ ਵੱਲੋਂ ਵਰਤੇ ਗਏ ਰਸਾਇਣ ਨਹੀਂ ਬਲਕਿ ਦਰਿਆਵਾਂ ਵਿੱਚ ਸਿੱਟਿਆ ਜਾਂਦਾ ਸੀਵਰੇਜ ਅਤੇ ਫੈਕਟਰੀਆਂ ਦਾ ਗੰਦਾ ਪਾਣੀ ਜੋ ਅੱਗੇ ਜਾ ਕੇ ਖੇਤਾਂ ਨੂੰ ਲੱਗਦਾ ਹੈ ਜਿਹੜਾ ਗੰਦਾ ਪਾਣੀ ਬੋਰ ਕਰਕੇ ਧਰਤੀ ਵਿੱਚ ਪਾਇਆ ਜਾਂਦਾ ਹੈ ਉਹ ਇਸ ਤੋਂ ਵੀ ਘਾਤਕ ਹੈ।

ਬਾਹਰਲੇ ਖਾਣੇ:-ਅੱਜ ਇਕ ਨਵੀਂ ਸਮੱਸਿਆ ਜੋ ਸਾਡੇ ਬਦਲਦੇ ਰਹਿਣ-ਸਹਿਣ ਨਾਲ ਆਈ ਹੈ ਉਹ ਬਾਹਰ ਦੇ ਖਾਣੇ ਦੀ ਵੱਧਦੀ ਵਰਤੋਂ। ਇਸ ਵੇਲੇ ਮੈਂ ਗੱਲ ਕਰਦਾ ਹਾਂ ਪ੍ਰੋਸੈਸਡ ਫੂਡ ਜਿਸ ਵਿੱਚ ਬੇਕਰੀ, ਜੰਕ ਫੂਡ, ਸੈਮੀ ਕੁਕਡ ਫੂਡ (ਅੱਧ ਪੱਕਿਆ ਖਾਣਾ), ਰੈਡੀ ਟੂ ਈਟ ਫੂਡ (ਪੱਕਿਆ ਪਕਾਇਆ) ਇਹ ਆਉਂਦੇ ਹਨ। ਕਹਿਣ ਦਾ ਭਾਵ ਕਿ ਜੂਸ ਤੋਂ ਲੈ ਕੇ ਸਟੋਰ ਤੇ ਪਈ ਬਰੈਂਡ ਤੱਕ ਇਹਨਾਂ ਨੂੰ ਖਾਣ ਨਾਲ ਸਾਡੀ ਸਿਹਤ ਉੱਤੇ ਕਈ ਤਰ੍ਹਾਂ ਦੇ ਅਸਰ ਪੈਂਦੇ ਹਨ। ਜਿਨ੍ਹਾਂ ਵਿੱਚ ਪ੍ਰਮੁੱਖ ਹਨ ਕੈਂਸਰ, ਮੋਟਾਪਾ, ਸ਼ੂਗਰ ਅਤੇ ਦਿਲ ਦੀ ਬੀਮਾਰੀ ਜਿਸ ਕਰਕੇ ਛੋਟੀ ਉਮਰ ਵਿੱਚ ਹੀ ਮੌਤ ਹੋ ਜਾਂਦੀ ਹੈ। ਪਿਛਲੇ ਸਾਲ ਦੋ ਪ੍ਰਮੁੱਖ ਖੋਜਾਂ ਹੋਈਆਂ ਹਨ ਇਕ ਅਮਰੀਕਾ ਵਿੱਚ ਤੇ ਦੂਜੀ ਇਟਲੀ ਵਿੱਚ। ਅਮਰੀਕਨ ਕੈਂਸਰ ਸੁਸਾਇਟੀ ਦੀ ਰੀਸਰਚ 31 ਅਗਸਤ 2022 ਨੂੰ ਬ੍ਰਿਟਿਸ਼ ਮੈਡੀਕਲ ਜਰਨਲ ਵਿੱਚ ਛਪੀ ਹੈ ਜਿਸ ਮੁਤਾਬਕ ਅਲਟਰਾ ਪ੍ਰੋਸੈਸਡ ਖਾਣਾ, ਜਿਵੇਂ ਹਾਟ-ਡਾਗ, ਬਰਗਰ, ਪੀਜ਼ਾ, ਚਿਪਸ ਆਦਿ ਆਦਮੀਆਂ ਦੇ ਵਿੱਚ ਕੋਲਨ ਅਤੇ ਰੇਕਟਲ ਕੈਂਸਰ ਦਾ ਰਿਸਕ ਵਧਾ ਦਿੰਦੇ ਹਨ। ਇਹਨਾਂ ਕਰਕੇ ਦੋਨਾਂ ਆਦਮੀਆਂ ਅਤੇ ਔਰਤਾਂ ਵਿੱਚ ਦਿਲ ਦੇ ਰੋਗ ਵੱਧਣ ਕਰਕੇ ਛੇਤੀ ਮੌਤ ਹੋ ਜਾਂਦੀ ਹੈ। ਇਸ ਵਿੱਚ ਇਟਲੀ ਦੀ ਟੀਮ ਨੇ ਲੱਭਿਆ ਕਿ ਫੂਡਪ੍ਰੋਸੈਸਿੰਗ ਨਾਲ ਖਾਣੇ ਦੀ ਪੌਸ਼ਟਿਕਤਾ ਤੇ ਮਾੜਾ ਅਸਰ ਪੈਂਦਾ ਹੈ ਅਤੇ ਮੌਤ ਦਰ ਵੱਧਦੀ ਹੈ। ਇਹ ਸਟੱਡੀ ਉਨ੍ਹਾਂ ਨੇ 22000 ਮਨੁੱਖਾਂ ਤੇ ਕੀਤੀ। ਕੁੱਲ ਮਿਲਾ ਕਿ ਇਹ ਕਿਹਾ ਕਿ ਪ੍ਰੋਸੈਸਡ ਫੂਡ ਨੂੰ ਲਗਾਤਾਰ ਖਾ ਕੇ ਕੋਲੇਟਰਲ ਕੈਂਸਰ ਹੋਣ ਦੀਆਂ ਸੰਭਵਨਾਵਾਂ 29 ਫੀਸਦੀ ਵੱਧ ਜਾਂਦੀਆਂ ਹਨ।ਇਸੇ ਤਰ੍ਹਾਂ ਦੀਆਂ ਅਨੇਕਾਂ ਰਿਪੋਰਟਾਂ ਤੁਹਾਨੂੰ ਨੈਸ਼ਨਲ ਇੰਸਟੀਚਿਊਟ ਆਫ ਹੈਲਥ ਤੋਂ ਮਿਲ ਜਾਂਦੀਆਂ ਹਨ ਜੋ ਪ੍ਰੋਸੈਸਡ ਫੂਡ ਨੂੰ ਖਤਰੇ ਦੀ ਘੰਟੀ ਦੱਸਦੀਆਂ ਹਨ।

ਪ੍ਰੇਜ਼ਰਵੇਟਿਵ:-ਤੁਸੀਂ ਕੋਈ ਵੀ ਚੀਜ਼ ਲੈ ਲਉ ਉਸ ਦੀ ਸ਼ੈਲਫ ਲਾਈਫ ਵਧਾਉਣ ਲਈ ਉਸ ਵਿੱਚ ਪ੍ਰੇਜ਼ਰਵੇਟਿਵ ਪਾਏ ਜਾਂਦੇ ਹਨ। ਅੱਡ-ਅੱਡ ਪਦਾਰਥਾਂ ਵਿੱਚ ਅਲੱਗ-ਅਲੱਗ ਪ੍ਰੇਜ਼ਰਵੇਟਿਵ ਪੈਂਦੇ ਹਨ। ਕੁੱਝ ਤਾਂ ਸਾਧਾਰਣ ਹੀ ਹਨ ਜਿਸ ਤਰ੍ਹਾਂ ਨਮਕ, ਆਰਟੀਫੀਸ਼ਲ ਖੰਡ, ਦੀ ਮਾਤਰਾ ਵਧਾ ਕਿ ਪਾਉਣਾ। ਨਮਕ ਨਾਲ ਸੋਡੀਅਮ ਪੋਟਾਸ਼ੀਅਮ ਵੱਧ ਗਿਆ ਇਸ ਤੋਂ ਬ੍ਰੈਡ ਦੇ ਨਾਲ-ਨਾਲ ਜੋ ਚੀਜ਼ ਵਿੱਚ ਲਗਾਈ ਉਸਦਾ ਸੋਡੀਅਮ ਵੀ ਨਾਲ ਜਮ੍ਹਾ ਹੋ ਗਿਆ। ਜਿਆਦਾ ਨਕਮ ਬੀ ਪੀ ਅਤੇ ਹਾਰਟ ਵਾਸਤੇ ਠੀਕ ਨਹੀਂ। ਇਸੇ ਤਰ੍ਹਾਂ ਵਧੀ ਹੋਈ ਸ਼ੂਗਰ ਨਾਲ ਡਾਈਬਟੀਜ਼ ਹੋਣ ਦਾ ਖਤਰਾ ਹੈ। ਲਗਾਤਾਰ ਕਾਰਬੋਨੇਟਿਡ ਠੰਡੇ ਪੀਣ ਨਾਲ ਕੈਂਸਰ ਤੇ ਟਿਊਮਰ ਹੋਣ ਦਾ ਵੀ ਖਤਰਾ ਹੋ ਜਾਂਦਾ ਹੈ।

ਬੇਕਰੀ:-ਬੇਕਰੀ ਵਿੱਚ ਬ੍ਰੈਡ, ਬਰਗਰ, ਪੀਜ਼ਾ, ਕੁਲਚੇ, ਹਾਟ-ਡਾਗ ਆਦਿ ਤੋਂ ਇਲਾਵਾ ਬਿਸਕੁਟ, ਨਮਕੀਨ, ਚਿਪਸ, ਚਾਕਲੇਟ ਆਉਂਦੇ ਹਨ। ਇਹਨਾਂ ਵਿੱਚ ਅੱਡ-ਅੱਡ ਤਰ੍ਹਾਂ ਦੇ ਪ੍ਰੇਜ਼ਰਵੇਟਿਵ ਦੇ ਨਾਲ-ਨਾਲ ਹੋਰ ਇਮਲਸੀਫਾਈਅਰ, ਸਟੇਬਲਾਈਜ਼ਰ, ਆਰਟੀਫੀਸ਼ਲ ਫਲੇਵਰ (ਨਕਲੀ ਸੁਗੰਧ ਅਤੇ ਸਵਾਦ) ਵਰਗੇ ਪਦਾਰਥ ਆ ਜਾਂਦੇ ਹਨ। ਇਹਨਾਂ ਦੀ ਗੱਲ ਕਰਨੀ ਜ਼ਿਆਦਾ ਜ਼ਰੂਰੀ ਹੈ ਕਿਉਂਕਿ ਇਹ ਸ਼ਹਿਰ ਹੋਵੇ ਜਾਂ ਪਿੰਡ ਹਰ ਘਰ ਵਿੱਚ ਰੋਜ਼ ਮਰਤਬਾ ਤੇ ਵਰਤੇ ਜਾਣ ਵਾਲੇ ਪ੍ਰੋਡਕਟ ਹਨ। ਇਸ ਵਿੱਚ ਬ੍ਰੈਡ ਦੀ ਹੀ ਗੱਲ ਕਰ ਲਈਏ ਤਾਂ ਅੱਜ ਬਹੁਤੇ ਲੋਕ ਚਿੱਟੀ ਬ੍ਰੈਡ ਲੈਂਦੇ ਹਨ। ਇਸ ਵਿੱਚ ਆਟਾ ਨਹੀਂ ਮੈਦਾ ਹੁੰਦਾ ਹੈ। ਇਸ ਤੋਂ ਬਾਅਦ ਬਰਾਊਨ ਬ੍ਰੈਡ ਆਉਂਦੀ ਜਿਸ ਨੂੰ ਲੋਕ ਸਮਝਦੇ ਹਨ ਕਿ ਉਹ ਆਟਾ ਬ੍ਰੈਡ ਹੈ ਜਦਕਿ ਉਸ ਵਿੱਚ ਰੰਗ ਵੀ ਹੁੰਦਾ ਹੈ। ਇਸ ਤੋਂ ਇਲਾਵਾ ਆਟਾ ਬ੍ਰੈਡ ਹੈ ਇਸ ਵਿੱਚ ਵੀ ਆਟਾ ਸਿਰਫ 53 ਫੀਸਦੀ ਅਤੇ ਇਹਨਾਂ ਸਭ ਵਿੱਚ ਉਪਰੋਂ ਕਣਕ ਵਾਲੇ ਗਲੂਟਿਨ ਤੋਂ ਇਲਾਵਾ ਗਲੂਟਿਨ ਹੋਰ ਪਾਇਆ ਜਾਂਦਾ ਹੈ। ਇਸ ਦੇ ਨਾਲ ਇਸ ਵੇਲੇ ਮਿਲਟ ਦੀ ਖੇਤੀ ਨੂੰ ਤਰਜ਼ੀਹ ਦਿੱਤੀ ਜਾ ਰਹੀ ਹੈ ਕਣਕ ਨੂੰ ਮਾੜੀ ਦੱਸ ਕੇ। ਪਰ ਪਹਿਲ ਦੇ ਅਧਾਰ ਤੇ ਮਿਲਟ ਨੂੰ ਵਰਤ ਕਿ ਜਿਹੜੀ ਬ੍ਰੈਡ ਬਣਾਈ ਗਈ ਅਤੇ ਨਾਮ ਦਿੱਤਾ ਮਿਲਟ ਬ੍ਰੈਡ ਦਾ ਉਸ ਵਿੱਚ ਕਣਕ ਦਾ ਆਟਾ 44 ਫੀਸਦੀ, ਰਾਗੀ ਆਟਾ 8.8 ਫੀਸਦੀ, ਬਾਜਰੇ ਦਾ ਆਟਾ 3.9 ਫੀਸਦੀ ਅਤੇ ਜਵਾਰ ਦਾ ਆਟਾ 1 ਫੀਸਦੀ ਹੈ। ਮਿਲਟ ਪੀਜ਼ਾ ਬੇਸ ਵਿੱਚ ਆਟਾ 45.5 ਫੀਸਦੀ ਹੈ। ਰਾਗੀ ਆਟਾ (ਫਿੰਗਰ ਮਿਲਟ) 10.1 ਫੀਸਦੀ, ਬਾਜਰਾ (ਪਰਲ ਮਿਲਟ) 2.5 ਫੀਸਦੀ ਅਤੇ ਜਵਾਰ 1 ਫੀਸਦੀ। ਇਸ ਵਿੱਚ ਸੋਚਣ ਵਾਲੀ ਗੱਲ ਹੈ ਕਣਕ ਨੂੰ ਗਲੂਟਿਨ ਕਰਕੇ ਮਾੜਾ ਕਿਹਾ ਜਾਂਦਾ ਹੈ। ਮਿਲਟ ਦੇ ਪਦਾਰਥ ਬਣਾਉਣ ਵੇਲੇ ਕਣਕ ਦੇ ਆਟੇ ਤੋਂ ਇਲਾਵਾ ਗਲੂਟਿਨ ਫੇਰ ਪਾਈ ਜਾਂਦੀ ਹੈ।

ਸਾਫਟ ਡਰਿੰਕ (ਠੰਡਾ):-ਅੱਜ ਮਲਟੀਨੈਸ਼ਨਲ ਕੰਪਨੀਆਂ ਦੇ ਬਣਾਏ ਹੋਏ ਠੰਡਿਆਂ ਨੇ ਲੋਕਾਂ ਦੇ ਘਰਾਂ ਵਿੱਚੋਂ ਪੁਰਾਤਨ ਠੰਡੇ ਜਿਵੇਂ ਸਕੰਜਵੀ, ਸੱਤੂ, ਕੱਚੀ ਲੱਸੀ (ਦੁੱਧ ਦੀ ਲੱਸੀ) ਵਰਗੇ ਠੰਡੇ ਖਤਮ ਕਰ ਦਿੱਤੇ ਹਨ। ਇਸ ਦੇ ਨਾਲ ਰੂਹਅਫਜ਼ਾ, ਰਸਨਾ, ਸੁਕੇਸ਼ ਬਜ਼ਾਰ ਵਿੱਚ ਆਏ ਜਿੰਨ੍ਹਾਂ ਦਾ 10 ਤੋਂ 20 ਐਮ ਐਲ ਪਾਓ ਬਾਕੀ ਪਾਣੀ ਪਾਓ ਅਤੇ ਪੀ ਲਓ। ਇਸ ਵੇਲੇ ਠੰਡਿਆਂ ਵਿੱਚ ਸਭ ਤੋਂ ਵੱਧ ਖਪਤ ਕੋਲਾਜ਼ ਦੀ ਹੈ। ਇਹਨਾਂ ਦੇ ਅਲੱਗ-ਅਲੱਗ ਸਵਾਦ ਹਨ। ਇਸੇ ਵੇਲੇ ਤਾਂ ਚਾਟੀ ਦੀ ਲੱਸੀ, ਨਿੰਬੂਪਾਣੀ, ਜਲਜ਼ੀਰਾ ਵੀ ਬੋਤਲਾਂ ਜਾਂ ਟੈਟਰਾ ਪੈਕ ਵਿੱਚ ਬੰਦ ਹੋ ਕੇ ਬਰੈਂਡਿਡ ਮਿਲਦੀ ਹੈ। ਇਹਨਾਂ ਵਿੱਚ ਪਰੈਜਰਵੇਟਿਵ ਤੋਂ ਬਿਨਾਂ ਸ਼ੈਲਫ ਲਾਈਫ ਨਹੀਂ ਬਣਦੀ।

ਵਿਸ਼ਵ ਸਿਹਤ ਸੰਗਠਨ (WHO)ਨੇ ਕਿਹਾ ਹੈ ਕਿ ਇਹਨਾਂ ਕਾਰਬੋਨੇਟਿਡ ਠੰਡਿਆਂ (Diet, Zero) ਵਿੱਚ ਆਰਟੀਫੀਸ਼ਲ ਮਿੱਠਾ ਪਾਇਆ ਜਾਂਦਾ ਹੈ। ਇਸ ਦਾ ਨਾਮ ਹੈ ਅਸਪਾਰਟਐਮ ਇਹਦੇ ਵਪਾਰਕ ਨਾਮ ਹਨ ਇਕੂਅਲ ਨਿਊਟਰਸਵੇਟ ਕੈਂਡਰਲ ਅਤੇ ਸ਼ੂਗਰ ਟਵਿਨ ਏਸ ਦਾ ਐਡਿਟਿਵ ਨੰਬਰ ਹੈ 951, ਇਹ ਆਮ ਖੰਡ ਨਾਲੋਂ 200 ਗੁਣਾ ਮਿੱਠਾ ਹੈ। WHO ਦੇ ਅਨੁਸਾਰ ਇਸ ਦਾ ਸਿੱਧਾ ਅਸਰ ਦੇਖਣ ਨੂੰ ਮਿਲਿਆ ਹੈ ਲਿਵਰ ਤੇ, ਯਾਨੀ ਜਿਗਰ ਦਾ ਕੈਂਸਰ ਹੋਣ ਦੀ ਕਸ਼ਮਤਾ ਵਧਾ ਦਿੰਦਾ ਹੈ। ਇਸ ਵੇਲੇ ਇਹ ਸਮਝਣ ਦੀ ਲੋੜ ਹੈ ਕਈਆਂ ਤੇ ਤਾਂ ਇਸ ਦਾ ਨੰਬਰ ਲਿਖਿਆ ਹੈ, ਪਰ ਕਈ ਐਸੇ ਪ੍ਰੋਡਕਟ ਹਨ ਜਿੰਨ੍ਹਾਂ ਤੇ ਸਵੀਟਨਰ ਹੀ ਲਿਖਿਆ ਹੈ। ਹਾਲਾਂਕਿ ਇਸ ਨੂੰ ਬਣਾਉਣ ਵਾਲੇ ਇਹ ਕਹਿੰਦੇ ਨੇ ਜੇ 70 ਕਿਲੋ ਦਾ ਮਨੁੱਖ 5 ਲਿਟਰ ਇਕ ਦਿਨ ਵਿੱਚ ਪੀਊ, ਤਾਂ ਇਹ ਹਾਨੀਕਾਰਕ ਹੈ।

ਬਾਕੀ ਹਿਸਾ ਸਫਾ ਤੇ ਪੜ੍ਹੋ
→

## ਸਫ਼ੇ ਦੀ ਬਾਕੀ

ਇਸਦੇ ਇਵਜ਼ ਵਿੱਚ WHO ਨੇ ਕਿਹਾ ਹੈ ਕਿ ਇਹ ਹੋਰ ਖਾਣੇ ਦੇ ਪਦਾਰਥਾਂ ਵਿੱਚ ਵੀ ਮੌਜੂਦ ਹੈ ਜਿਸ ਦਾ ਸੇਵਨ ਲੋਕ ਆਮ ਤੌਰ ਤੇ ਕਰਦੇ ਹਨ। ਇਸ ਲਈ ਇਹ ਮਾਤਰਾ ਤੋਂ ਉੱਪਰ ਸਰੀਰ ਵਿਚ ਜਾਣ ਦੀ ਪੂਰੀ ਸੰਭਾਵਨਾ ਹੈ। ਜਿਹੜੀ ਚੀਜ਼ ਦਾ ਅਸਰ ਸਿਹਤ ਤੇ ਮਾੜਾ ਹੈ ਘੱਟ ਪੀਣ ਨਾਲ ਦੇਰ ਨਾਲ ਅਸਰ ਕਰ ਜਾਵੇਗਾ। ਇਸ ਤਰ੍ਹਾਂ ਇਕ ਬਲੈਕ ਪਾਣੀ ਚੱਲਿਆ ਹੈ। ਇਹ ਪਹਾੜੀ ਜੰਗਲਾਂ ਵਿੱਚ ਡਿੱਗੇ ਹੋਏ ਪੱਤਿਆਂ ਦਾ ਅਰਕ(ਰਸ) ਇਕੱਠਾ ਕੀਤਾ ਜਾਂਦਾ ਹ ਜਿਸਨੂੰ ਸਿਹਤ ਲਈ ਬਹੁਤ ਵਧੀਆ ਗਿਣਿਆ ਗਿਆ ਹੈ। ਇਸ ਪਾਣੀ ਵਿੱਚ ਵੀ ਸਵੀਟਨਰ ਪਾਇਆ ਗਿਆ ਹੈ ਪਰ ਲੇਬਲ ਤੇ ਕੁੱਝ ਨਹੀਂ ਲਿਖਿਆ ਕਿ ਉਸ ਦਾ ਨੰਬਰ ਕੀ ਹੈ। ਇਸ ਦੀ 750 ਐਮ ਐਲ ਦੀ ਬੋਤਲ 55 ਰੁਪਏ ਵਿੱਚ ਮਿਲਦੀ। ਇਸ ਵੇਲੇ ਕਾਪਰ ਵਾਲਾ ਪਾਣੀ ਵੀ ਮਾਰਕਿਟ ਵਿਚ ਮਿਲਣ ਲੱਗ ਪਿਆ ਹੈ ਜਿਸ ਵਿੱਚ ਕਾਪਰ ਸਲਫੇਟ (ਨੀਲਾ ਥੋਥਾ) (0.00041%) ਹੈ।

ਜੂਸ ਵਿੱਚ ਕੁਦਰਤੀ ਸ਼ੂਗਰ (fructose) ਹੁੰਦੀ ਹੈ। ਉਹ ਵੀ ਜਦੋਂ ਇਕ ਦਮ ਸਰੀਰ ਵਿੱਚ ਜਾਂਦੀ ਹੈ ਤਾਂ ਕਈ ਵਾਰ ਵਾਧੂ ਹੋਣ ਕਰਕੇ ਵਰਤੀ ਨਹੀਂ ਜਾਂਦੀ ਅਤੇ ਫੈਟ ਦੇ ਰੂਪ ਵਿੱਚ ਸਰੀਰ ਵਿੱਚ ਜਮ੍ਹਾ ਹੋ ਜਾਂਦੀ ਹੈ। ਇਸ ਵੇਲੇ ਜਿਹੜੇ ਪੈਕਡ ਜੂਸ ਆ ਰਹੇ ਹਨ ਇਹਨਾਂ ਵਿੱਚਕੁਦਰਤੀ ਸ਼ੂਗਰ ਦੇ ਨਾਲ ਅਸਪਾਰਟਮ ਪਾਈ ਜਾਂਦੀ ਇਸ ਨੂੰ ਮਿੱਠਾ ਕਰਕੇ ਇਸ ਦਾ ਸਵਾਦ ਅਤੇ ਤਾਜ਼ਾ ਰੱਖਣ (Shelf-life ਵਧਾਉਣ) ਲਈ ਇਸ ਵਿੱਚ ਸੋਡੀਅਮ ਬੈਨਜ਼ੋਓਏਟ (Sodium Benzoate (211) ਬੈਨਜ਼ੋਇਕ ਏਸਿਡ, ਸਲਫਰ ਡਾਇਅਕਸਾਈਡ, ਸੋਰਬਿਕ ਏਸਿਡ, ਸੋਡੀਅਮ ਕਾਰਬੋਕਸੀਮੀਥਾਈਲ ਸੇਲੂਲੋਸ (Benzoic acid, Sulpher dioxide, Sorbic acid, Sodium Carboxymethhylcelulose (CMC) ਵਰਗੇ ਰਸਾਇਣ ਪਾਏ ਜਾਂਦੇ ਹਨ। ਇਸ ਵਿੱਚ ਘੋਖਣ ਵਾਲੀ ਗੱਲ ਹੈ ਕਿ ਸੋਡੀਅਮ ਬੈਨਜ਼ੋਓਏਟ ਬਦਲ ਜਾਂਦਾ ਹੈ ਬੈਨਜ਼ੀਨ ਵਿੱਚ, ਜੋ ਕੈਂਸਰ ਕਰ ਸਕਦਾ (Carocinogen) ਹੈ, ਯਾਨੀ ਇਹ ਵੀ ਕੈਂਸਰ ਵੱਲ ਇਸ਼ਾਰਾ ਕਰਦਾ ਹੈ।

ਮਿਉਨੀਜ਼ ਅਤੇ ਐਮ ਐਸ ਜੀ (ਮੋਨੋਸੋਡੀਅਮ ਗਲੂਟਾਮੇਟ) :- ਇਹ ਤਕਰੀਬਨ ਸਾਰੇ ਜੰਕ ਫੂਡ ਜਿਵੇਂ, ਬਰਗਰ, ਪੀਜ਼ੇ, ਪਾਸਤਾ, ਸੈਂਡਵਿਚ ਆਦਿ ਦੇ ਨਾਲ-ਨਾਲ ਚਿਪਸ, ਸੂਪ ਫਾਸਟ-ਕੈਨਡ ਫੂਡ ਆਦਿ ਵਿੱਚ ਪੈਂਦੇ ਹਨ। ਮਿਉਨੀਜ਼ ਤਾਂ ਤਕਰੀਬਨ ਘਰਾਂ ਦੇ ਵਿੱਚ ਵੀ ਸੈਂਡਵਿਚ ਜਾਂ ਫਿਰ ਪਾਸਤਾ, ਪੀਜ਼ਾ ਆਦਿ ਬਣਾਉਣ ਲਈ ਵਰਤੇ ਜਾਂਦੇ ਹਨ, ਸਵਾਦ ਵਧਾਉਣ ਲਈ। ਇਸਵਿੱਚ ਸੈਚੁਰੇਟਡ ਫੈਟ ਹੋਣ ਕਾਰਨ ਇਹ ਕੋਲੈਸਟ੍ਰੋਲ ਵਧਾਉਂਦੀ ਹੈ ਜਿਸ ਨਾਲ ਦਿਲ ਦੀਆਂ ਬੀਮਾਰੀਆਂ ਲੱਗਣ ਦੀ ਸੰਭਾਵਨਾ ਵੱਧਦੀ ਹੈ। ਐਮ ਐਸ ਜੀ ਜਾਂ ਅਜੀਨੋ ਮੋਟੋ ਇਹ ਇਕ ਚੀਨੀ ਮਾਲਟ ਹੈ ਜੋ ਸਵਾਦ ਵਧਾਉਂਦਾ ਹੈ ਅੱਜ ਇਹ ਇਕੱਲਾ ਬਾਹਰਲੇ ਖਾਣੇ ਵਿੱਚ ਹੀ ਨਹੀਂ ਸਗੋਂ ਘਰ ਦੀ ਰਸੋਈ ਵਿੱਚ ਵੀ ਵੜ ਚੁੱਕਾ ਹੈ। ਇਸ ਦਾ ਸੇਵਨ ਦਿਮਾਗ ਦੇ ਖੁਸ਼ੀ ਵਾਲੇ ਹਿੱਸੇ (PleasureCentre) ਨੂੰ ਉਤੇਜਿਤ ਕਰ ਦਿੰਦਾ ਜਿਸ ਕਾਰਨ ਲੋਕਾਂ ਨੂੰ ਇਸ ਦੀ ਆਦਤ ਪੈ ਜਾਂਦੀ ਹੈ।

ਕੜਿਆ ਤੇਲ:-ਪੁਰਾਣੇ ਜੰਕ ਫੂਡ ਯਾਨੀ ਸਮੋਸੇ, ਟਿੱਕੀ, ਭਟੂਰੇ, ਪੂਰੀ ਛੋਲੇ ਇਹ ਸਭ ਦੀ ਵੀ ਸ਼ਹਿਰਾਂ ਵਿੱਚ ਵਿਕਰੀ ਕਈ ਗੁਣਾ ਵੱਧ ਚੁੱਕੀ ਹੈ। ਇਸ ਵਿੱਚ ਕਦੇ ਨੋਟ ਕਰਕੇ ਦੇਖੋ ਕਿ ਜਿਸ ਤੇਲ ਵਿੱਚ ਤਲੇ ਜਾਂਦੇ ਹਨ ਉਹ ਕਾਲਾ ਹੋਇਆ ਹੁੰਦਾ ਹੈ। ਇਸ ਦਾ ਮਤਲਬ ਹੈ ਕਿ ਉਹ ਤੇਲ ਵਾਰੀ-ਵਾਰੀ ਗਰਮ ਹੋ ਕਿ ਕੜ੍ਹੀ ਜਾਂਦਾ ਹੈ। ਇਸ ਨਾਲ ਕਈ ਤਰ੍ਹਾਂ ਦੇ ਖਤਰਨਾਕ ਕੈਮੀਕਲ ਬਣਦੇ ਹਨ ਜਿਵੇਂ ਕਿ ਪਾਲੀਸਾਈਕਲਿਕ ਐਰੋਮੈਟਿਕ ਹਾਈਡਰੋਕਾਰਬਨ (Polycyclic aromatic hydrocarbons, PAH), ਜਿੰਨ੍ਹਾਂ ਵਿੱਚ ਕਈਆਂ ਨੂੰ Carcinogenic (ਕੈਨਸਰ ਕਰਨ ਵਾਲਾ) ਪਾਇਆ ਗਿਆ ਹੈ। ਇਸ ਦਾ ਮਤਲਬ ਕਿ ਇਹ ਕੈਂਸਰ ਪੈਦਾ ਕਰਦੇ ਹਨ। ਇਥੋਂ ਤੱਕ ਇਹਨਾਂ ਦੇ ਸੇਵਨ ਜਾਂ ਇਸ ਨੂੰ ਲਗਾਤਾਰ ਸੁੰਘਣ ਨਾਲ ਵੀ ਜੀਨੋਟਾਕਸਿਕ, ਮੁਟਾਜੀਨਿਕ ਅਤੇ ਰਸੋਲੀ ਜੀਨੋਟਾਕਸਿਕ, (Genotoxic, mutagenic, tumorogenic) ਆਦਿ ਕਈ ਤਰ੍ਹਾਂ ਦੇ ਕੈਂਸਰ ਬਣਦੇ ਹਨ।

ਬਨਾਵਟੀ ਖਰਾਕ:ਇਸ ਤੋਂ ਵੱਧ ਕੀ ਦੇਖੀਏ ਕਿ ਚੌਲਾਂ ਨੂੰ ਜਦੋਂ ਪ੍ਰਸੈਸ ਭਾਵ ਪਾਲਿਸ਼ ਕੀਤਾ ਜਾਂਦਾ ਹੈ ਤਾਂ ਉਸ ਤੋਂ ਤਕਰੀਬਨ ਸਾਰੇ ਵਿਟਾਮਿਨ ਉਤਾਰ ਦਿੱਤੇ ਜਾਂਦੇ ਹਨ। ਫਿਰ ਆਰਟੀਫੀਸ਼ਲ ਵਿਟਾਮਿਨ ਉਸ ਵਿੱਚ ਪਾਏ ਜਾਂਦੇ ਹਨ। ਇਸ ਨੂੰ ਫੋਰਟੀਫਾਈਡ ਚੌਲ ਕਹਿੰਦੇ ਹਨ। ਇਸੇ ਤਰ੍ਹਾਂ ਹੁਣ ਕਾਫੀ ਅਤੇ ਚਾਹ ਜੋ ਪਹਿਲਾਂ ਚਾਹ ਦੇ ਬਾਗਾਂ ਵਿੱਚੋਂ ਆਉਂਦੀ ਸੀ ਹੁਣ ਉਹ ਲੈਬ ਵਿੱਚ ਤਿਆਰ ਹੋਊਗੀ। ਅਮਰੀਕੀ ਕੰਪਨੀ ਅਟੋਮਾ ਮੋਲੀਕੂਲਰ (Atomo Moleculer) ਨੇ ਸਿੰਥੇਟਿਕ (Synthetic) ਕੌਫੀ ਬਣਾਈ ਹੈ ਜਿਸ ਵਿੱਚ ਕੋਈ ਆਰਗੈਨਿਕ ਤਾਂ ਛੱਡੋ ਕੌਫ਼ੀ ਬੀਨਜ਼ ਵੀ ਨਹੀਂ ਵਰਤੇ ਜਾਣਗੇ। ਇਹ ਸਿਨਥੈਟਿਕ ਕੌਫ਼ੀ ਕੀ ਰੰਗ ਲਿਆਏਗੀ ਇਸ ਬਾਰੇ ਤਾਂ ਅਜੇ ਕੁਝ ਨਹੀਂ ਕਿਹਾ ਜਾ ਸਕਦਾ। ਪਹਿਲਾਂ ਹੀ ਸਿੰਥੇਟਿਕ ਦੁੱਧ ਨੇ ਡੇਅਰੀ ਦਾ ਧੰਦਾ ਖਤਮ ਕਰ ਦਿੱਤਾ ਹੈ ਹੁਣ ਖੇਤੀ ਨੂੰ ਵੀ ਸਿਨਥੈਟਿਕ ਲੈਬ ਗਰੋਨ ਚੀਜ਼ਾਂ ਖਤਮ ਕਰਨਗੀਆਂ।

ਨਿਚੋੜ:-ਇਸ ਗੱਲ ਦੀ ਘੋਖ ਕਰਨੀ ਬਣਦੀ ਹੈ ਕਿ ਵੱਧ ਰਹੀਆਂ ਬੀਮਾਰੀਆਂ ਲਈ ਕੌਣ ਜਿੰਮੇਵਾਰ ਹਨ। ਕਿਸਾਨ,ਪ੍ਰੋਸੈਸਡ ਫੂਡ ਇੰਡਸਟਰੀ, ਸਾਡੇ ਡਾਕਟਰ ਜੋ ਐਂਟੀਬਾਉਟਿਕ ਅਤੇ ਕਈ ਕਈ ਦਵਾਈਆਂ ਦੇ ਮਿਸ਼ਰਣਾਂ ਦੀ ਸਿਫਾਰਿਸ਼ ਕਰਦੇ ਹਨ। ਮਿਉਨਸੀਪਲ ਕਮੇਟੀਆਂ ਜਾਂ ਕਾਰਪੋਰੇਸ਼ਨਾਂ ਜੋ ਗੰਦਾ ਪਾਣੀ ਦਰਿਆਵਾਂ ਵਿੱਚ ਪਾਈ ਜਾਂਦੇ ਹਨ। ਜੋ ਅੱਗੇ ਪੀਣ ਲਈ ਵਰਤਿਆ ਜਾਂਦਾ ਹੈ। ਜਾਂ ਉਹ ਇੰਡਸਟਰੀ ਜੋ ਗੰਦਾ ਪਾਣੀ ਧਰਤੀ ਹੇਠਲੇ ਪਾਣੀ ਵਿੱਚ ਪਾ ਕੇ ਪਲੀਤ ਕਰੀ ਜਾਂਦੇ ਹਨ ਜਾਂ ਸਮੇਂ ਦੀਆਂ ਸਰਕਾਰਾਂ ਜਿੰਨਾਂ ਦੀ ਜਿੰਮੇਵਾਰੀ ਇਹਨਾਂ ਨੂੰ ਚੈਕ ਕਰਨ ਦੀ ਜਾਂ ਲੋਕ ਆਪ ਜਿਹੜੇ ਆਵਦੇ ਨਿੱਜੀ ਫਾਇਦੇ ਖਾਤਰ ਉਪਰੋਕਤ ਸਭ ਕੁਝ ਕਰਨ ਅਤੇ ਜਰਨ ਵਿੱਚ ਸਹਾਈ ਹੁੰਦੇ ਹਨ।

********

# "ਸਾਰਾਗੜ੍ਹੀ ਦੀ ਜੰਗ, ਸਿੰਘਾਂ ਦੀ ਦਹਾੜ, ਦਿੱਤੇ ਵੈਰੀ ਰਾੜ੍ਹ, ਕੌਮ ਦੇ ਸਿੰਘ ਬੈਠੇ ਵਿੱਚ ਤਿਹਾੜ" ਬੰਦੀ ਸਿੰਘਾਂ ਤੇ ਗਾਇਆ ਗੀਤ—ਗੋਗੀ ਘੁਮਾਣ



ਗਾਣੇ ਕਾਫ਼ੀ ਆਏ ਨੇ ਗਾਇਕ ਗੋਗੀ ਘੁਮਾਣ ਦੇ ਪਰ ਹੁਣ ਆਏ ਇਸਦੇ ਗੀਤ ਜਿਸ ਦਾ ਫਿਲਹਾਲ ਟਾਈਟਲ "ਪਿੰਡਾਂ ਵਾਲੇ ਜੱਟ" ਹੈ ਨੇ ਓਸ ਨੂੰ ਪੰਜਾਬ ਹਿਤੈਸ਼ੀ ਗਾਇਕ ਵੱਜੋਂ ਉੱਭਾਰ ਦਿੱਤਾ ਹੈ। ਇਸ ਗੀਤ ਵਿੱਚ ਗੋਗੀ ਘੁਮਾਣ ਨੇ ਗਾਇਆ ਹੈ ਕਿ "ਸਾਡੀ ਕੌਮ ਦੇ ਓਹ ਸਰਦਾਰ ਜਿਹੜੇ ਬੈਠੇ ਵਿੱਚ ਤਿਹਾੜ" ਤੇ ਇਸ ਅੰਤਰੇ ਨਾਲ ਓਹ ਬੰਦੀ ਸਿੰਘਾਂ ਦੀ ਗੱਲ ਕਰਦਾ ਹੈ ਤੇ ਨਾਲ ਹੀ ਯਾਦ ਕਰਵਾ ਰਿਹਾ ਹੈ ਕਿ ਸਾਰਾਗੜ੍ਹੀ ਦੀ ਜੰਗ ਕਿਵੇਂ ਇੱਕੀ ਸਿੰਘਾਂ ਨੇ ਜਿੱਤ ਕਿ ਦਹਾੜ ਪਾਈ ਸੀ ਤੇ ਸਰਲ ਪੰਜਾਬੀ ਵਿੱਚ ਓਸ ਗਾਇਆ ਹੈ ਕਿ ਸਿੰਘਾਂ ਨੇ ਵੈਰੀ ਰਾੜ੍ਹ ਦਿੱਤੇ ਸਨ।ਲੁਧਿਆਣਾ ਲਾਗੇ ਪੈਂਦੇ ਸਮਰਾਲਾ ਕੋਲ ਓਸ ਦਾ ਪਿੰਡ ਕਕਰਾਲਾ ਹੈ ਤੇ ਅੱਜ ਕਲ ਓਹ ਸੈਕਰਾਮੈਂਟੋ ਯੂ ਐਸ ਏ ਰਹਿ ਰਿਹਾ ਹੈ।ਗੋਗੀ ਘੁਮਾਣ ਨੇ ਇਹ ਗੀਤ ਖੁਦ ਲਿਖਿਆ ਹੈ ਤੇ ਓਹ ਦੱਸਦਾ ਹੈ ਕਿ ਅੱਜ ਜਦ ਸਾਰੇ ਪੰਜਾਬ ਤੇ ਪੰਜਾਬੀਆਂ ਖਾਸ ਕਰ ਸਰਦਾਰਾ ਬਾਬਤ ਭੰਡ ਪ੍ਰਚਾਰ ਹੋ ਰਿਹਾ ਹੈ ਓਸ ਤੇ ਓਸ ਇਹ ਗੀਤ ਆਪ ਲਿਖਿਆ ਹੈ।ਗੋਗੀ ਇਸ ਗੀਤ ਵਿੱਚ ਨਸ਼ੇ ਨਾਲ ਮਰ ਰਹੇ ਜਵਾਨਾਂ ਨੂੰ ਇਹ ਛੱਡਣ ਲਈ ਆਖਦਾ ਹੈ ਤੇ ਦਸਦਾ ਏ ਕਿ ਚਿੱਟਾ ਵੀ ਇਹਨਾਂ ਹਾਕਮਾਂ ਦੀ ਦੇਣ ਹੈ। ਗੋਗੀ ਦੇ ਇਸ ਗੀਤ ਦਾ ਸੰਗੀਤ ਇਸਕੇਪ ਮਿਊਜ਼ਿਕ ਨੇ ਦਿੱਤਾ ਹੈ। ਗੋਗੀ ਅੱਜ ਦਾ ਨਹੀਂ ਪੰਜਾਬ ਤੋ ਹੀ ਜਵਾਨੀ ਆਓਣ ਤੋਂ ਪਹਿਲਾਂ ਦਾ ਗਾ ਰਿਹਾ ਹੈ ਤੇ ਓਸ ਦੇ ਬਹੁਤ ਸਾਰੇ ਟਰੈਕ ਆਏ ਹਨ ਜਿਹਨਾਂ ਵਿੱਚ "ਬੋਤਲਾਂ" ਵੀ ਸ਼ਾਮਿਲ ਹੈ। ਪੰਜਾਬ ਕਿੰਗਸ ਮਿਊਜ਼ਿਕ ਨੇ ਗੋਗੀ ਦਾ ਇਹ ਗੀਤ ਜ਼ਾਰੀ ਕੀਤਾ ਹੈ ਤੇ ਬਹੁਤ ਸਾਰੇ ਸੰਗੀਤ ਪ੍ਰੇਮੀਆਂ ਨੇ ਆਪਣੇ ਹਿਸਾਬ ਨਾਲ ਗੋਗੀ ਘੁਮਾਣ ਨੂੰ ਗਾਇਕ ਕੁਲਦੀਪ ਪਾਰਸ ਨਾਲ ਗਾਉਂਦੇ ਹੋਏ ਦੇਖਿਆ ਹੈ। "ਜੁਗਨੀ" ਗੀਤ ਨਾਲ ਪਹਿਲੀ ਵਾਰ ਚਰਚਿਤ ਹੋਏ ਇਸ ਗਾਇਕ ਨੇ



ਆਪਣੀ ਆਵਾਜ਼ ਵਿੱਚ "ਜਪਜੀ ਸਾਹਿਬ" ਦਾ ਗਾਇਨ ਵੀ ਕੀਤਾ ਹੈ। ਇਸ ਤੋਂ ਇਲਾਵਾ 25ਦੇ ਕਰੀਬ ਓਸ ਦੇ ਟਰੈਕ ਆ ਚੁੱਕੇ ਹਨ। ਆਪਣੇ ਗੀਤ "ਸਾਰਾਗੜ੍ਹੀ ਦੀ ਜੰਗ" ਵਿੱਚ ਓਹ ਕਿਸਾਨ ਅੰਦੋਲਨ ਦੀ ਗੱਲ ਵੀ ਅਪ੍ਰਤੱਖ ਰੂਪ ਵਿੱਚ ਆਖ ਲੋਕਾਂ ਦੀ ਖ਼ਾਸੀ ਹਮਦਰਦੀ ਪ੍ਰਾਪਤ ਕਰ ਰਿਹਾ ਹੈ। ਮਨਜਿੰਦਰ ਕੌਰ ਦੇ ਸਾਥ ਤੇ ਬੌਬੀ ਉੱਤਮ ਦੇ ਸਹਿਯੋਗ ਸਦਕਾ ਬੰਦੀ ਸਿੰਘਾਂ ਵਾਲੇ ਗੀਤ ਨਾਲ ਪ੍ਰਵਾਸੀ ਪੰਜਾਬੀ ਗਾਇਕ ਗੋਗੀ ਘੁਮਾਣ ਪੰਜਾਬ ਦਾ ਹਰਮਨ ਪਿਆਰਾ ਗਾਇਕ ਬਣ ਜਾਣ ਦੇ ਰਾਹ ਤੇ ਤੁਰ ਪਿਆ ਹੈ। "ਟਰੈਂਨਡਿੰਗ ਸਟੋਰੀ" ਤੇ "ਵੀਕ ਐਂਡ" ਓਸ ਦੇ ਗੀਤ ਜਿੱਥੇ ਨੌਜਵਾਨਾਂ ਨੇ ਖ਼ੂਬ ਪਸੰਦ ਕੀਤੇ ਨੇ ਓਥੇ "ਹੁਸਨਾਂ ਦਾ ਵੈਰ" ਵੀ ਖ਼ੂਬ ਕਾਮਯਾਬ ਰਿਹਾ ਹੈ। ਗੱਲ ਨਵੇਂ ਗੀਤ ਦੀ ਤਾਂ ਦੁੱਖ ਨਾਲ ਓਸ ਗੀਤ ਵਿੱਚ ਇਹ ਵੀ ਗਾਇਆ ਹੈ ਕਿ ਮਜੂਦਾ ਹਲਾਤਾਂ ਵਿੱਚ ਆਪਣੇ ਹੀ ਦੇਸ਼ ਸਰਦਾਰਾਂ ਨੂੰ ਮਜ਼ਬੂਰੀ ਵੱਸ ਕੇਸ ਕਤਲ ਕਰਵਾਉਣੇ ਪੈ ਰਹੇ ਹਨ। ਕਹਿ ਸਕਦੇ ਹਾਂ ਕਿ ਕੌਮ ਤੇ ਸੰਕਟ ਤੇ ਤਰਸਯੋਗ ਹਾਲਤ ਤੇ ਗਾਇਕ ਗੋਗੀ ਘੁਮਾਣ ਦਾ ਗਾਇਆ ਇਹ ਗੀਤ ਇੱਕ ਇਤਿਹਾਸਕ ਦਸਤਾਵੇਜ਼ ਦੀ ਤਰਾਂ ਇਤਿਹਾਸਕ ਗੀਤ ਬਣ ਜਾਏਗਾ। ਇਹ ਉਹੀ ਗੋਗੀ ਘੁਮਾਣ ਹੈ ਜਿਸ ਨੂੰ ਹੀਰੋ ਲੈ ਕਿ ਚਰਨਜੀਤ ਚਹਿਲ ਤੇ ਕੁਲਦੀਪ ਪਾਰਸ ਨੇ ਪੰਜਾਬੀ ਫ਼ਿਲਮ ਸ਼ੁਰੂ ਕੀਤੀ ਸੀ ਪਰ ਅਚਨਚੇਤ ਪਾਰਸ ਦੀ ਮੌਤ ਕਾਰਨ ਸਭ ਬਦਲ ਗਿਆ ਤੇ ਓਹ ਵੀ ਭਾਰਤ ਤੋਂ ਯੂ ਐਸ ਏ ਆ ਗਿਆ। ਆ ਰਹੇ ਵਕਤ ਵਿੱਚ ਅਧੂਰੇ ਗਾਇਕੀ ਕੰਮ ਤੇ ਫ਼ਿਲਮਾਂ ਓਸ ਦਾ ਨਿਸ਼ਾਨਾ ਹੈ। ਬੰਦੀ ਸਿੰਘਾਂ ਦਾ ਜ਼ਿਕਰ ਕਰਦਾ ਓਸ ਦਾ ਨਵਾਂ ਗਾਣਾ ਆਲੀਸ਼ਾਨ ਵੀਡਿਓ ਨਾਲ ਫਿਰ ਰਲੀਜ਼ ਹੁਣ ਹੋਣ ਵਾਲਾ ਹੈ।

ਪੇਸ਼ਕਸ਼ : ਅੰਮ੍ਰਿਤ ਪਵਾਰ

# ਵੱਧ ਰਹੇ ਕੈਂਸ਼ਰ ਤੋਂ ਬਚਾਅ ਲਈ ਸਰਕਾਰ ਗੰਭੀਰ ਕਿਉਂ ਨਹੀਂ



**ਮੇਜਰ ਸਿੰਘ ਨਾਭਾ**
ਮੋ. 9463553962



ਪੰਜਾਬ ਅੰਦਰ ਕੈਂਸ਼ਰ ਮਰੀਜ਼ਾਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਜਿਸਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ। ਸੰਸਦ ਵਿੱਚ ਇੰਡੀਅਨ ਕੌਂਸਿਲ ਆਫ ਮੈਡੀਕਲ ਰਿਸਰਚ - ਨੈਸ਼ਨਲ ਕੈਂਸ਼ਰ ਰਜ਼ਿਸਟਰੀ ਪ੍ਰੋਗਰਾਮ ਦਾ ਡਾਟਾ ਜੋ ਸ਼ੇਅਰ ਕੀਤਾ ਗਿਆ ਉਸ ਅਨੁਸਾਰ ਪੰਜਾਬ ਵਿੱਚ 2021 ਵਿੱਚ 39521 ਅਤੇ 2024 ਵਿੱਚ 42288 ਮੌਤਾਂ ਕੈਂਸ਼ਰ ਨਾਲ ਹੋਈਆਂ ਹਨ ਇਸ ਤਰ੍ਹਾਂ 7 ਪ੍ਰਤੀਸ਼ਤ ਵਾਧਾ ਹੋਇਆ ਹੈ। ਇਸੇ ਤਰ੍ਹਾਂ ਮਰੀਜ਼ਾਂ ਦੀ ਗਿਣਤੀ 2021 ਵਿੱਚ 78514 ਤੋਂ ਵੱਧ ਕੇ 2024 ਵਿੱਚ 84367 ਹੋ ਗਈ, ਇਹ ਵਾਧਾ 7.45 ਪ੍ਰਤੀਸ਼ਤ ਹੋ ਗਿਆ। ਗੁਆਢੀ ਰਾਜਾਂ ਵਿੱਚ ਇਹ ਵਾਧੇ ਪੰਜਾਬ ਨਾਲੋਂ ਘੱਟ ਹਨ। ਕੇਂਦਰ ਸਰਕਾਰ ਨੇ 'ਸਟਰੈਂਥਨਿੰਗ ਆਫ ਟੇਰਟਰੀ ਕੇਅਰ ਸੈਂਟਰ ਫੇਸਿਲਟੀਅਜ਼ ਸਕੀਮ' ਅਧੀਨ 19 ਸਟੇਟ ਕੈਂਸ਼ਰ ਇੰਸਟੀਚਿਊਟ (SCIs) ਅਤੇ 20 ਟੇਰਟਰੀ ਕੇਅਰ ਕੈਂਸ਼ਰ ਸੈਂਟਰਜ਼ ( TCCCs) ਮਨਜ਼ੂਰ ਕੀਤੇ। ਉੱਤਰੀ ਖਿੱਤੇ ਲਈ ਪੰਜ ਹਸਪਤਾਲ ਇਸ ਸਕੀਮ ਅਧੀਨ ਲਿਆਂਦੇ। ਪੰਜਾਬ ਵਿੱਚ ਸਰਕਾਰੀ ਮੈਡੀਕਲ ਕਾਲਜ ਅੰਮ੍ਰਿਤਸਰ, ਸਿਵਲ ਹਸਪਤਾਲ ਫਾਜ਼ਿਲਕਾ ਇਸੇ ਤਰ੍ਹਾਂ ਹਿਮਾਚਲ ਪ੍ਰਦੇਸ਼ ਲਈ ਇੰਦਰਾ ਗਾਂਧੀ ਮੈਡੀਕਲ ਕਾਲਜ ਸ਼ਿਮਲਾ, ਸ੍ਰੀ ਲਾਲ ਬਹਾਦਰ ਸਾਸ਼ਤਰੀ ਮੈਡੀਕਲ ਕਾਲਜ ਮੰਡੀ ਅਤੇ ਹਰਿਆਣਾ ਵਿੱਚ ਸਿਵਲ ਹਸਪਤਾਲ ਅੰਬਾਲਾ ਕੈਂਟ ਹਨ।ਭਾਵੇਂ ਸਰਕਾਰ ਨੈਸ਼ਨਲ ਹੈਲਥ ਮਿਸ਼ਨ ਸਕੀਮ ਅਧੀਨ ਪਹਿਲੀ ਸਟੇਜ ਤੇ ਕੈਂਸ਼ਰ ਨੂੰ ਰੋਕਣ ਦਾ ਯਤਨ ਕਰ ਰਹੀ ਹੈ। ਪਰ ਪੰਜਾਬ ਵਿੱਚ ਮੁਕਤਸਰ, ਮਾਨਸਾ, ਬਠਿੰਡਾ ਅਤੇ ਫਿਰੋਜ਼ਪੁਰ ਜਿਲ੍ਹਿਆਂ ਵਿੱਚ ਤਾਂ ਕੈਂਸ਼ਰ ਫੈਲਿਆ ਹੋਇਆ ਹੋਣ ਕਰਕੇ ਇਸ ਖੇਤਰ ਨੂੰ ਮਾਲਵਾ 'ਕੈਂਸ਼ਰ ਬੈਲਟ ਏਰੀਆ' ਕਿਹਾ ਜਾਂਦਾ ਹੈ ਪਰ ਹੁਣ ਇਹ ਤੇਜ਼ੀ ਨਾਲ ਹੋਰਾਂ ਜਿਲ੍ਹਿਆਂ 'ਚ ਵੀ ਫੈਲ ਰਿਹਾ ਹੈ ਜਿਸਦੇ ਅੰਕੜੇ ਅਸਲ 'ਚ ਸਾਹਮਣੇ ਨਹੀਂ ਆ ਰਹੇ ਕਿਉਂ ਕਿ ਮਰੀਜ਼ ਬਾਹਰਲੇ ਰਾਜਾਂ, ਦੇਸ਼ੀ ਦਵਾਈਆਂ ਨਾਲ ਇਲਾਜ਼, ਹੋਰ ਕਈ ਤਰ੍ਹਾਂ ਦੇ ਇਲਾਜ਼ ਕਰਾਉਂਦੇ ਹਨ ਜਿਨ੍ਹਾਂ ਦੀ ਗਿਣਤੀ ਸਰਕਾਰੀ ਅੰਕੜਿਆਂ 'ਚ ਕਿਸੇ ਤਰ੍ਹਾਂ ਵੀ ਸਾਮਲ ਨਹੀਂ। ਇਸ ਕਰਕੇ ਸਰਕਾਰੀ ਅੰਕੜਿਆਂ ਤੋਂ ਤਾਂ ਗਿਣਤੀ ਕਿਤੇ ਜ਼ਿਆਦਾ ਹੈ।

ਭਾਵੇਂ ਕੈਂਸ਼ਰ ਦੇ ਵੱਧਣ ਦੇ ਬਹੁਤ ਸਾਰੇ ਕਾਰਨ ਹਨ ਜਿਨ੍ਹਾਂ 'ਚੋਂ ਇੱਕ ਵੱਡਾ ਕਾਰਨ ਪਾਣੀ ਦਾ ਪ੍ਰਦੂਸ਼ਿਤ ਹੋਣਾ ਹੈ। ਪਿਛਲੇ ਦਿਨੀਂ ਮਾਲਵਾ ਪੱਟੀ ਦੇ ਲੋਕਾਂ ਨੂੰ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਕਾਰਨ ਕੈਂਸ਼ਰ ਹੋਣ ਤੋਂ ਬਚਾਉਣ ਲਈ ਚੁੱਕੇ ਕਦਮਾਂ ਦੀ ਰਿਪੋਰਟ ਨਾ ਦੇਣ ਕਾਰਨ ਪੰਜਾਬ ਸਰਕਾਰ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਜੰਮ ਕੇ ਫਿਟਕਾਰ ਲਾਈ ਹੈ।ਸਾਲ 2010 ਵਿੱਚ ਜਨਹਿਤ ਪਟੀਸ਼ਨ ਸ੍ਰ. ਬਲਜਿੰਦਰ ਸਿੰਘ ਲੂੰਬਾ ਵਿਾਸੀ ਮੋਹਾਲੀ ਨੇ ਹਾਈ ਕੋਰਟ ਵਿੱਚ ਪਾਈ ਗਈ ਸੀ।ਹਾਈ ਕੋਰਟ ਨੇ ਭਾਰਤ ਸਰਕਾਰ, ਪੰਜਾਬ ਸਰਕਾਰ, ਬੀ.ਏ.ਆਰ.ਸੀ. ਅਤੇ ਆਈ ਆਈ ਟੀ ਮਦਰਾਸ ਨਾਲ ਬੈਠਕ ਤੋਂ ਬਾਅਦ ਉਠਾਏ ਗਏ ਕਦਮਾਂ ਦੀ ਜਾਣਕਾਰੀ ਅਗਲੀ ਸੁਣਵਾਈ 'ਤੇ ਦੇਣ ਲਈ ਕਿਹਾ ਸੀ। ਅਦਾਲਤ ਦੇ ਹੁਕਮਾਂ ਤਹਿਤ ਮਾਲਵਾ ਖੇਤਰ ਵਿੱਚ ਪਾਣੀ 'ਚ ਯੂਰੇਨੀਅਮ ਦੀ ਪਰਖ ਕਰਨ ਲਈ ਭਾਭਾ ਐਟੋਮਿਕ ਖੋਜ ਕੇਂਦਰ (ਬੀ.ਏ.ਆਰ .ਸੀ.) ਨੇ ਇਸ ਖੇਤਰ ਦੇ ਪ੍ਰਮੁੱਖ ਸ਼ਹਿਰਾਂ ਦੇ 1500 ਸੈਂਪਲ ਪਾਣੀ ਦੇ ਲਏ, ਜਿਨ੍ਹਾਂ 'ਚੋਂ 35 ਫੀਸਦੀ ਨਮੂਨਿਆਂ 'ਚੋਂ ਨਿਰਧਾਰਿਤ ਮਾਪਦੰਡਾਂ ਤੋਂ ਵੱਧ ਯੂਰੇਨੀਅਮ ਪਾਇਆ ਗਿਆ।ਅਦਾਲਤ ਨੇ ਅਗਲੀ ਪੇਸ਼ੀ ਤੇ ਯੂਰੇਨੀਅਮ ਨੂੰ ਡੀ-ਐਕਟੀਵੇਟ ਕਰਨ ਲਈ ਚੁੱਕੇ ਕਦਮਾਂ ਦੀ ਜਾਣਕਾਰੀ ਦੇਣ ਲਈ ਕਿਹਾ ਹੈ। ਪੰਜਾਬ ਸਰਕਾਰ ਦੀ ਰਿਪੋਰਟ ਨੂੰ ਮੰਗਲਵਾਰ 20 ਅਗਸਤ 2024 ਨੂੰ ਹਾਈ ਕੋਰਟ ਨੇ ਨਾਮਨਜ਼ੂਰ ਕਰਦੇ ਹੋਏ ਸਾਰੇ ਜਿਲ੍ਹਿਆਂ ਦੇ ਪਾਣੀ ਦੀ ਜਾਂਚ ਦੇ ਨਵੇਂ ਸਿਰੇ ਤੋਂ ਸਰਕਾਰ ਨੂੰ ਆਦੇਸ਼ ਦਿੱਤੇ ਹਨ। ਸਰਕਾਰ ਇਸ ਮਾਮਲੇ 'ਚ ਅਵੇਸਲੀ ਕਿਉਂ ਹੈ ਜਦੋਂ ਕਿ ਇਹ ਮਾਮਲਾ ਲੋਕਾਂ ਦੀ ਸਿਹਤ ਨਾਲ ਜੁੜਿਆ ਹੋਇਆ ਹੈ।ਆਪ ਸਰਕਾਰ ਨੇ ਸਿਹਤ ਸੇਵਾਵਾਂ ਦੇ ਸੁਧਾਰ ਨੂੰ ਪਹਿਲ ਦੇਣ ਦੀ ਗੱਲ ਕੀਤੀ ਸੀ ਪਰ ਇਹ ਪੂਰ ਨਹੀਂ ਚੜ੍ਹੀ।

ਮਾਲਵਾ ਕੈਂਸ਼ਰ ਬੈਲਟ 'ਚ ਡਿਪਾਰਟਮੈਂਟ ਆਫ ਕਮਿਊਨਿਟੀ ਮੈਡੀਸੀਨ, ਪੀ. ਜੀ. ਆਈ. ਚੰਡੀਗੜ੍ਹ ਦੇ ਡਾ. ਜੇ. ਐਸ. ਠਾਕਰ ਨੇ ਸਰਵੇਖਣ ਕਰਕੇ ਕੈਂਸ਼ਰ ਦੇ ਫੈਲਣ ਦੇ ਕਾਰਨਾਂ ਦਾ ਖੁਲਾਸਾ ਕੀਤਾ ਹੈ। ਉਨ੍ਹਾਂ ਨੇ ਬਹੁਤ ਸਾਰੇ ਕਾਰਨਾਂ ਦਾ ਜ਼ਿਕਰ ਕੀਤਾ ਹੈ, ਜਿਵੇਂ ਜਾਗਰੂਕਤਾ ਦੀ ਘਾਟ, ਪਹਿਚਾਣ ਕਰਨੀ ਔਖੀ ਪ੍ਰਕ੍ਰਿਆ, ਕੈਮੀਕਲ ਲੋਕਸੀਸਿਟੀ ਦਾ ਵਧੇਰੇ ਹੋਣਾ, ਯੂਰੇਨੀਅਮ ਦਾ ਜ਼ਿਆਦਾ ਹੋਣਾ, ਫਸਲਾਂ ਉੱਪਰ ਪੈਸਟੀਸਾਈਡਜ਼ ਦੀ ਬਹੁਤ ਜ਼ਿਆਦਾ ਵਰਤੋਂ, ਸਰਾਬ ਅਤੇ ਤੰਬਾਕੂ ਦੀ ਵਰਤੋਂ ਅਤੇ ਪ੍ਰਵਾਸੀ ਮਜਦੂਰਾਂ ਦੀ ਆਮਦ ਆਦਿ ਇਸ ਬੈਲਟ 'ਚ ਕੈਂਸ਼ਰ ਮਰੀਜ਼ਾਂ 'ਚ ਵਾਧਾ ਕਰਦੇ ਹਨ।ਪਾਣੀ ਦਾ ਪ੍ਰਦੂਸ਼ਨ ਵੀ ਇੱਕ ਕਾਰਨ ਹੈ। ਸਰਕਾਰ ਨੂੰ ਸਾਫ-ਸੁੱਥਰੇ ਪੀਣ ਵਾਲੇ ਪਾਣੀ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਯੋਗ ਪ੍ਰਬੰਧ ਕਰਨੇ ਚਾਹੀਦੇ ਹਨ। ਖਾਣ-ਪੀਣ ਵਾਲੀਆਂ ਵਸ਼ਤਾਂ ਮਿਆਰੀ ਹੀ ਵੇਚਣ ਲਈ ਮਾਰਕੀਟ 'ਚ ਹੋਣ। ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰਨ ਵਾਲਿਆਂ ਵਿਰੁੱਧ ਸਖਤ ਕਾਰਵਾਈ ਹੋਵੇ ਤਾਂ ਜੋ ਅੱਗੇ ਤੋਂ ਕੋਈ ਵੀ ਗੈਰ-ਮਿਆਰੀ ਵਸਤਾਂ ਨਾ ਵੇਚੇ।ਸਟੀਲ, ਸਿਲਵਟ, ਪਲਾਸਿਟਕ ਦੀਆਂ ਵਸਤਾਂ 'ਚ ਖਾਣਾ ਪੀਣਾ ਵੀ ਕੈਂਸ਼ਰ ਦਾ ਕਾਰਨ ਦੱਸਿਆ ਜਾਂਦਾ ਹੈ। ਇਸੇ ਤਰ੍ਹਾਂ ਮੋਬਾਇਲ ਟਾਵਰ ਆਬਾਦੀ ਵਾਲੇ ਖੇਤਰਾਂ 'ਚ ਲੱਗੇ ਹੋਣ ਕਾਰਨ ਵੀ ਇਸ ਦੀਆਂ ਤੇਜ਼ ਤਰੰਗਾਂ ਵੀ ਉਥੋਂ ਦੇ ਵਸਨੀਕਾਂ ਦੀ ਸਿਹਤ ਲਈ ਹਾਨੀਕਾਰਕ ਦੱਸਿਆ ਜਾਂਦਾ ਹੈ।ਨਵੇਂ ਟਾਵਰ ਲੱਗਣ ਸਬੰਧੀ ਸਰਕਾਰ ਦਾ ਇਸ ਸਬੰਧ 'ਚ ਕੋਈ ਠੋਸ ਨਿਯਮ ਨਹੀਂ, ਇਹ ਵੀ ਉਥੋਂ ਦੇ ਲੋਕਾਂ ਦੇ ਵਿਰੋਧ ਉੱਪਰ ਨਿਰਭਰ ਕਰਦਾ ਹੈ । ਆਮ ਦੇਖਣ 'ਚ ਆਉਂਦਾ ਕੁਝ ਲੋਕਾਂ ਨੇ ਪੈਸੇ ਦੇ ਲਾਲਚ ਕਰਕੇ ਆਪਣੇ ਘਰਾਂ, ਦੁਕਾਨਾਂ, ਕਮਰਸ਼ੀਅਲ ਇਮਾਰਤਾਂ ਆਦਿ ਉੱਪਰ ਖੁਦ ਹੀ ਸ਼ੰਘਣੀ ਆਬਾਦੀ 'ਚ ਟਾਵਰ ਲਗਵਾਏ ਹੋਏ ਹਨ। ਬਹੁਤ ਸਾਰੀਆਂ ਗੱਲਾਂ ਲਈ ਅਸੀਂ ਖੁਦ ਹੀ ਲਾਲਚ ਕਰਕੇ ਜ਼ਿੰਮੇਵਾਰ ਹਾਂ। ਸਾਰਾ ਮਿਲਾਵਟੀ ਖਾਣ-ਪੀਣ ਹੀ ਮਿਲ ਰਿਹਾ ਹੈ।ਪੇਂਡੂ ਲੋਕ ਪਹਿਲਾਂ ਆਪਣੀਆਂ ਖਾਣ-ਪੀਣ ਦੀਆਂ ਵਸ਼ਤਾਂ ਆਂਪ ਹੀ ਤਿਆਰ ਕਰਦੇ ਸੀ ਪਰ ਹੁਣ ਉਹ ਵੀ ਸ਼ਹਿਰੀ ਜੀਵਨ 'ਚ ਵਿਚਰ ਰਹੇ ਹਨ।

ਆਮ ਤੌਰ ਤੇ ਕਿਹਾ ਜਾਂਦਾ ਕਿ ਬਾਹਰਲਾ ਖਾਣੇ ਦੀ ਆਦਤ ਵੀ ਕੈਂਸ਼ਰ ਨੂੰ ਸੱਦਾ ਦਿੰਦਾ ਹੈ। ਖਾਣਪੀਣ ਦੀਆਂ ਵਸ਼ਤਾਂ ਖੁਲ੍ਹੇ ਅਸਮਾਨ ਹੇਠ ਆਮ ਤਿਆਰ ਕਰਕੇ ਲੋਕਾਂ ਨੂੰ ਪਰੋਸੀਆਂ ਜਾਂਦੀਆਂ ਹਨ। ਗੈਰ-ਮਿਆਰੀ ਵਸਤਾਂ ਉੱਪਰ ਸਖਤਾਈ ਨਾਲ ਕਾਰਵਾਈ ਹੋਵੇ। ਫਲਾਂ ਨੂੰ ਖਾਣ ਦੇ ਯੋਗ ਹੀ ਵੇਚਣ ਦੀ ਇਜ਼ਾਜ਼ਤ ਹੋਵੇ। ਚੰਡੀਗੜ੍ਹ ਨੂੰ ਭਾਵੇਂ ਸਾਫ-ਸੁੱਥਰਾ, ਅਨੁਸ਼ਾਸ਼ਿਤ, ਕਾਨੂੰਨ ਦਾ ਲਾਗੂ ਹੋਣ ਵਾਲਾ ਭਾਰਤ ਦਾ ਸ਼ਹਿਰ ਮੰਨਿਆ ਜਾਂਦਾ ਹੈ। ਪਰ ਇਥੇ ਵੀ ਸਿਹਤ ਮਹਿਕਮਾ ਕਿਉਂ ਅੱਖਾਂ ਮੀਚ ਕੇ ਖੁੱਲ੍ਹੇ ਥਾਵਾਂ ਉੱਪਰ ਖਾਣਪੀਣ ਦੇ ਠਿਕਾਣੇ ਵਿਕਸਤ ਹੋਣ ਦਿੰਦੇ ਹਨ। ਚੰਡੀਗੜ੍ਹ ਦੇ ਦਿਲ ਸਤਾਰ੍ਹਾਂ ਸੈਕਟਰ ਵਿੱਚ ਚਾਹ ਬਣਾਉਣ ਵਾਲੇ ਪਿਲਰਾਂ ਦੇ ਦੁਆਲੇ ਫੜ੍ਹੀਆਂ ਲਾਈਂ ਬੈਠੇ ਹਨ।ਉਨ੍ਹਾਂ ਆਲੇ ਦੁਆਲੇ ਕਈ ਕਿਸਮ ਦਾ ਖਿਲਾਰਾ, ਮੱਖੀਆਂ, ਮੱਛਰ ਦਾ ਹੋਣਾ ਆਦਿ ਅਕਸਰ ਦਿਖਾਈ ਦੇਂਦੇ ਹਨ।

ਸੰਗਰੂਰ ਵਿਖੇ ਟਾਟਾ ਮੈਮੋਰੀਅਲ ਕੈਂਸ਼ਰ ਹਸਪਤਾਲ ਦੂਰੋਂ ਦੂਰੋਂ ਆਏ ਮਰੀਜ਼ਾਂ ਦਾ ਇਲਾਜ਼ ਕਰ ਰਿਹਾ ਹੈ ਜਿਸ ਦੇ ਚੰਗੇ ਸਿੱਟੇ ਨਿਕਲ ਰਹੇ ਹਨ।ਇਥੇ ਮਰੀਜ਼ਾਂ ਦੀ ਬਹੁਤਾਤ ਗਿਣਤੀ ਕਾਰਨ ਸਾਰਾ ਸਾਰਾ ਦਿਨ ਵਾਰੀ ਦੀ ਉਡੀਕ ਕਰਨ ਕਾਰਨ ਖਜ਼ਲਖੁਆਰੀ ਹੁੰਦੀ ਹੈ। ਇਨ੍ਹਾਂ ਦੀ ਹੀ ਇੱਕ ਆਧੁਨਿਕ ਬ੍ਰਾਂਚ ਚੰਡੀਗੜ੍ਹ ਨੇੜੇ ਮੁੱਲਾਂਪੁਰ ਵਿਖੇ ਖੂੱਲ੍ਹ ਗਈ ਹੈ। ਇਹ ਵੀ ਪੰਜਾਬ ਅਤੇ ਆਲੇ ਦੁਆਲੇ ਦੇ ਮਰੀਜ਼ਾਂ ਲਈ ਵਧੀਆ ਹੋਇਆ ਹੈ।ਸਰਕਾਰ ਨੂੰ ਸਾਰੇ ਸਿਵਲ ਹਸਪਤਾਲਾਂ 'ਚ ਇਸ ਦਾ ਇਲਾਜ਼ ਕਰਨ ਲਈ ਡਾਕਟਰ ਭਰਤੀ ਕਰਨੇ ਚਾਹੀਦੇ ਹਨ ਤਾਂ ਕਿ ਮਰੀਜ਼ਾਂ ਨੂੰ ਦੂਰ ਦੁਰਾਡੇ ਨਾ ਜਾਣਾ ਪਵੇ।

ਪਟਿਆਲਾ ਜਿਲ੍ਹੇ ਦੀ ਜੇ ਗੱਲ ਕਰੀਏ ਇਥੇ ਵੀ ਕੈਂਸ਼ਰ ਮਰੀਜ਼ਾਂ ਦੀ ਗਿਣਤੀ ਵੱਧ ਰਹੀ। ਮੈਂ ਖੁਦ ਕੈਂਸ਼ਰ ਨਾਲ ਪਿਛਲੇ ਚਾਰ ਸਾਲਾਂ ਦੇ ਸਮੇਂ ਤੋਂ ਜੂਝ ਰਿਹਾਂ ਹਾਂ। ਮੇਰਾ ਇਲਾਜ਼ ਪੀ. ਜੀ. ਆਈ. ਚੰਡੀਗੜ੍ਹ ਤੋਂ ਨਿਊਕੀਲ਼ੀਅਰ ਮੈਡੀਸ਼ੀਨ ਵਿਭਾਗ 'ਚ ਚਲ ਰਿਹਾ ਹੈ। ਮੈਂ ਵਾਹਿਗੁਰੂ ਦੀ ਕਿਰਪਾ ਨਾਲ ਵਧੀਆ ਤੰਦਰੁਸਤੀ ਵੱਲ ਜਾ ਰਿਹਾ ਹਾਂ। ਮੇਰੇ ਕਈ ਦੋਸਤ, ਜਾਣਕਾਰ ਇਸ ਬਿਮਾਰੀ ਤੋਂ ਪੀੜ੍ਹਤ ਹਨ। ਪਰ ਕਈ ਬੜੀ ਚੜ੍ਹਦੀ ਕਲਾ 'ਚ ਹਨ, ਉਨ੍ਹਾਂ ਨਾਲ ਗੱਲਬਾਤ ਕਰਕੇ ਵਧੀਆ ਲੱਗਦਾ ਹੈ। ਕੈਂਸ਼ਰ ਸੱਚਮੁੱਚ ਇਲਾਜ਼ਯੋਗ ਬਿਮਾਰੀ ਹੈ। ਇਸ ਨੂੰ ਹਊਆ ਨਹੀਂ ਬਣਾਉਣਾ ਚਾਹੀਦਾ ਸਗੋਂ ਮਰੀਜ਼ਾਂ ਨੂੰ ਜ਼ਿੰਦਗੀ ਨੂੰ ਆਨੰਦ ਨਾਲ ਜਿਊਣ ਲਈ ਉਤਸ਼ਾਹਿਤ ਕਰਨਾ ਚਾਹੀਦਾ ਨਾ ਕਿ ਢਹਿੰਦੀਆਂ ਕਲਾ ਵਾਲੀਆਂ ਗੱਲਾਂ ਕਰਕੇ ਮਰੀਜ਼ਾਂ ਦਾ ਮਨੋਬਲ ਨੀਵਾਂ ਕਰਨਾ ਚਾਹੀਦਾ। ਸੋ ਸਰਕਾਰ ਨੂੰ ਇਸ ਨਾਲੋਂ ਹੋਰ ਜ਼ਿਆਦਾ ਖਤਰਨਾਕ ਬਿਮਾਰੀਆਂ ਤੋਂ ਵੀ ਲੋਕਾਂ ਨੂੰ ਜਾਗਰੂਕ ਕਰਨਾ ਚਾਹੀਦਾ ਹੈ ਜੋ ਕਿ ਇਲਾਜਯੋਗ ਹਨ ਜਿਨ੍ਹਾਂ ਦੀ ਸਮੇਂ ਸਿਰ ਜਾਂਚ ਕਰਾ ਲੈਣੀ ਚਾਹੀਦੀ ਹੈ।

* * * * * * *